
Reo-Bankowned Properties
From Sanjose to Sacramento
Call Master of Winners in Multiple Offers
510-304-9292
JASSI GILL
Broker/Owner
GOLDEN STATE REALTY

Hardeep S.Rai Attorney-at-Law
ਇੰਮੀਗਰੇਸ਼ਨ ਵਕੀਲ
➡ਨੌਵੀਂ ਸਰਕਟ ਕੋਰਟ ➡ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ ➡ਇਮੀਗ੍ਰੇਸ਼ਨ ਕੋਰਟ ਦੇ ਕੇਸ
➡ਡਿਪੋਰਟੇਸ਼ਨ ਦੇ ਕੇਸ ➡ਫੈਮਿਲੀ ਪਟੀਸ਼ਨਾਂ ➡ਲੇਬਰ ਦੇ ਕੇਸ ➡ਅਮੈਰਿਕਨ ਅੰਬੈਸੀ ਦੇ ਕੇਸ
SAN FRANCISCO
TEL: 415.693.9131
FAX: 415.693.9135
rai@hsrai.com
www.hsrai.com
SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192

ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Tenth Year in Publication

ਕੈਲੇਫੋਰਨੀਆ ਐਡੀਸ਼ਨ Price 50¢

Email:punjabtimes1@sbcglobal.net
www.punjabtimesusa.com

ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 10, Issue 42, October 17, 2009 20451 N Plum Grove Rd. Palatine, IL 60074 Ph:847-359-0746, Fax:847-705-9388



ਫੋਟੋ:ਸਤਵਿੰਦਰ ਬਸਰਾ

## ਪਾਠਕਾਂ ਨੂੰ ਬੰਦੀਛੋੜ ਦਿਵਸ ਅਤੇ ਦੀਵਾਲੀ ਮੁਬਾਰਕ

# ਪਾਕਿਸਤਾਨ ਡੂੰਘੇ ਸੰਕਟ ਹਵਾਲੇ

**ਬਿੰਦਰ ਬਸਰਾ**

**ਜਲੰਧਰ:**ਪਾਕਿਸਤਾਨ ਦੀ ਅਤਿਵਾਦ ਵਿਰੁਧ ਕਾਰਵਾਈ ਖਤਰਨਾਕ ਰੁਖ ਅਖਤਿਆਰ ਕਰਦੀ ਜਾ ਰਹੀ ਹੈ ਅਤੇ ਪਾਕਿਸਤਾਨ ਇਸ ਸਮੇਂ ਕਸੂਤੀ ਸਥਿਤੀ ਵਿਚ ਫਸਿਆ ਹੋਇਆ ਹੈ। ਇਕ ਪਾਸੇ ਉਸਨੂੰ ਅਤਿਵਾਦ ਨੂੰ ਨੱਥ ਪਾਉਣ ਲਈ ਕੌਮਾਂਤਰੀ ਦਬਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਦੂਜੇ ਪਾਸੇ ਤਾਲਿਬਾਨ ਵਲੋਂ ਕੀਤੇ ਜਾ ਰਹੇ ਲਗਾਤਾਰ ਹਮਲਿਆਂ ਨੇ ਉਸਦੀ ਸੁਰਤੀ ਹਿਲਾਈ ਹੋਈ ਹੈ। ਇਸੇ ਦੌਰਾਨ ਅਫਗਾਨਿਸਤਾਨ ਵਿਚ ਭਾਰਤੀ ਦੂਤ ਘਰ 'ਤੇ ਹੋਏ ਹਮਲੇ ਪਿਛੋਂ ਜਿਥੇ ਭਾਰਤ ਨੇ ਪਾਕਿਸਾਤਨੀ ਖੁਫੀਆ ਏਜੰਸੀ ਆਈ.ਐਸ.ਆਈ. ਦਾ ਹੱਥ ਹੋਣ ਦਾ ਦੋਸ਼ ਲਾਇਆ ਹੈ ਉਥੇ ਪਾਕਿਸਤਾਨ ਨੇ ਆਪਣੇ ਅੰਦਰਲੀ ਗੜਬੜ ਕਰਨ ਲਈ ਭਾਰਤ ਦੇ ਸਿਰ 'ਤੇ ਭਾਂਡਾ ਭੰਨਿਆ ਹੈ। ਪਾਕਿਸਤਾਨ ਨੇ ਕਾਬੁਲ ਵਿਚ ਭਾਰਤੀ ਦੂਤ ਘਰ 'ਤੇ ਹੋਏ ਆਤਮਘਾਤੀ ਹਮਲੇ ਲਈ ਉਸ (ਪਾਕਿ) ਵਲ ਉਂਗਲ ਕਰਨ ਦੀ ਥਾਂ ਅਤਿਵਾਦ ਦੇ ਖਾਤਮੇ ਲਈ ਪਾਕਿਸਤਾਨ ਸਰਕਾਰ ਨੂੰ ਸਹਿਯੋਗ ਦੇਣ ਲਈ ਆਖਿਆ ਹੈ। ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਪਾਕਿਸਤਾਨ ਦੇ ਦੋਸ਼ਾਂ ਦਾ ਖੰਡਨ ਕਰਦਿਆਂ ਕਿਹਾ ਹੈ ਕਿ ਸਾਡਾ ਦੇਸ਼ ਅਤਿਵਾਦ ਨੂੰ ਬਰਾਮਦ ਕਰਨ ਦਾ ਕੰਮ ਨਹੀਂ ਕਰਦਾ।

ਪਾਕਿਸਤਾਨ ਵਿਚ ਚੱਲ ਰਹੇ ਹਿੰਸਾ ਦੇ ਦੌਰ ਦੌਰਾਨ 9 ਅਕਤੂਬਰ ਨੂੰ ਦੇਸ਼ ਦੇ ਉੱਤਰ ਪਛਮੀ ਸ਼ਹਿਰ ਪੇਸ਼ਾਵਰ ਦੇ ਭੀੜ ਭੜਕੇ ਵਾਲੇ ਬਜ਼ਾਰ ਵਿਚ ਇਕ ਅਤਿਵਾਦੀ ਕਾਰ ਬੰਬ ਧਮਾਕੇ ਵਿਚ 49 ਲੋਕ ਮਾਰੇ ਗਏ ਸਨ ਅਤੇ 100 ਤੋਂ ਵੱਧ ਜ਼ਖਮੀ ਹੋਏ ਸਨ। ਮਰਨ ਵਾਲਿਆਂ ਵਿਚ ਔਰਤਾਂ ਤੇ ਬੱਚੇ ਵੀ ਸ਼ਾਮਲ ਸਨ। ਪਿਛਲੇ ਕੁਝ ਮਹੀਨਿਆਂ ਤੋਂ ਪੇਸ਼ਾਵਰ ਵਿਚ ਹੋਏ ਬੰਬ ਧਮਾਕਿਆਂ ਵਿਚ ਇਹ ਸਭ ਤੋਂ ਘਾਤਕ ਹਮਲਾ ਸੀ। ਪਿਛਲੇ ਦੋ ਹਫਤਿਆਂ ਵਿਚ ਸ਼ਹਿਰ ਵਿਚ ਇਹ ਦੂਜਾ ਧਮਾਕਾ ਹੋਇਆ। 26 ਸਤੰਬਰ ਨੂੰ ਇਥੇ ਇਕ ਕਾਰ ਬੰਬ ਧਮਾਕੇ ਵਿਚ ਘੱਟੋ ਘੱਟ 8 ਵਿਅਕਤੀ ਮਾਰੇ ਗਏ ਸਨ।

ਇਸ ਧਮਾਕੇ ਪਿਛੋਂ ਉੱਤਰ ਪੱਛਮੀ ਸਰਹੱਦੀ ਸੂਬੇ ਦੇ ਸੂਚਨਾ ਮੰਤਰੀ ਮੀਆਂ ਇਫਤਿਖਾਰ ਹੁਸੈਨ ਨੇ ਕਿਹਾ ਕਿ ਅਸੀਂ ਦਹਿਸ਼ਤਪਸੰਦਾਂ ਸਾਹਮਣੇ ਨਹੀਂ ਝੁਕਾਂਗੇ। ਉਨ੍ਹਾਂ ਕਿਹਾ ਕਿ ਸੂਬਾਈ ਸਰਕਾਰ ਨੇ ਦਹਿਸ਼ਤਗਰਦਾਂ ਦਾ ਲੱਕ ਤੋੜ ਦਿੱਤਾ ਹੈ ਤੇ ਉਹ ਹੁਣ ਬੇਕਸੂਰ ਸ਼ਹਿਰੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ। ਇਸ ਹਮਲੇ ਤੋਂ ਇਕ ਦਿਨ ਪਹਿਲਾਂ ਦਹਿਸ਼ਤਗਰਦਾਂ ਨੇ ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਵਿਚ ਭਾਰਤੀ ਦੂਤਘਰ ਨੂੰ ਆਪਣਾ ਨਿਸ਼ਾਨਾ ਬਣਾਇਆ ਜਿਸ ਵਿਚ 12 ਲੋਕਾਂ ਦੀ

*(ਬਾਕੀ ਸਫਾ 8 ਉਤੇ)*

# ਪੰਜਾਬ ਕਾਂਗਰਸ:ਕੇਪੀ ਦੇ ਵਿਰੋਧੀਆਂ ਖਿਲਾਫ ਕਾਰਵਾਈ ਦੇ ਸੰਕੇਤ

**ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਕੋਟਕਪੂਰਾ:** ਪੰਜਾਬ ਕਾਂਗਰਸ ਵਿਚ ਫੁੱਟ ਦਾ ਸਿਲਸਲਾ ਜਾਰੀ ਹੈ। ਜਲੰਧਰ ਧਰਨੇ ਤੋਂ ਕੈਪਟਨ ਅਮਰਿੰਦਰ ਸਿੰਘ ਵਲੋਂ ਪਾਸਾ ਵੱਟੇ ਜਾਣ ਬਾਅਦ ਲੰਘੀ 12 ਅਕਤੂਬਰ ਨੂੰ ਕੋਟਕਪੂਰਾ ਵਿਖੇ ਰੱਖੇ ਗਏ ਧਰਨੇ 'ਚ ਕੈਪਟਨ ਗਰੁੱਪ ਦਾ ਕੋਈ ਵੀ ਵਿਧਾਇਕ ਨਾ ਪੁੱਜਿਆ। ਸਰਕਾਰ ਦੀਆਂ ਅਸਫਲਤਾਵਾਂ ਖਿਲਾਫ ਕੀਤੀ ਗਈ ਇਸ ਰੈਲੀ ਨੂੰ ਇਲਾਕੇ ਦੇ ਲੋਕਾਂ ਨੇ ਤਾਂ ਹੁੰਗਾਰਾ ਦਿੱਤਾ, ਪਰ ਕੋਟਕਪੂਰਾ ਦੇ ਵਿਧਾਇਕ ਰਿਪਜੀਤ ਸਿੰਘ ਬਰਾੜ ਨੂੰ ਛੱਡ ਕੇ ਬਾਕੀ ਇਲਾਕਾਈ ਵਿਧਾਇਕ ਇਸ ਰੈਲੀ ਤੋਂ ਦੂਰ ਹੀ ਰਹੇ। ਪ੍ਰਦੇਸ਼ ਕਾਂਗਰਸ ਦੇ ਕਾਰਜਵਾਹਕ ਪ੍ਰਧਾਨ ਮਹਿੰਦਰ ਸਿੰਘ ਕੇਪੀ ਨੇ ਪਾਰਟੀ ਪ੍ਰੋਗਰਾਮਾਂ ਤੋਂ ਪਾਸਾ ਵੱਟਣ ਵਾਲੇ ਵਿਧਾਇਕਾਂ ਤੇ ਆਗੂਆਂ ਦੀ ਜੁਆਬ-ਤਲਬੀ ਕਰਨ ਦਾ ਐਲਾਨ ਕਰ ਦਿੱਤਾ ਹੈ। ਇਸ ਐਲਾਨ ਦਾ ਪਾਰਟੀ ਏਕੇ 'ਤੇ ਕੀ ਅਸਰ ਪੈਂਦਾ ਹੈ, ਇਹ ਤਾਂ ਦੂਰ ਦੀ ਗੱਲ ਹੈ ਪਰ ਕੈਪਟਨ ਅਮਰਿੰਦਰ ਸਿੰਘ ਧੜਾ ਇਸਨੂੰ ਆਪਣੇ ਖਿਲਾਫ ਫੈਸਲਾ ਹੀ ਸਮਝ ਰਿਹਾ ਹੈ।

ਮੰਡੀਆਂ 'ਚ ਕਿਸਾਨਾਂ ਦੀ ਲੁੱਟ, ਪੈਨਸ਼ਨਾਂ ਵੰਡਣ 'ਚ ਕੀਤੀ ਜਾ ਰਹੀ ਦੇਰੀ, ਆਟਾ-ਦਾਲ ਦੇ ਕੋਟੇ 'ਚ ਕੀਤੀ ਕਟੌਤੀ, ਬਿਜਲੀ ਸਪਲਾਈ 'ਤੇ ਸਨਅਤੀ ਅਦਾਰਿਆਂ ਦੀ ਮਾੜੀ ਹਾਲਤ ਅਤੇ ਕਾਂਗਰਸੀ ਵਰਕਰਾਂ ਨਾਲ ਹੋ ਰਹੇ ਧੱਕੇ ਖਿਲਾਫ ਆਵਾਜ਼ ਬੁਲੰਦ ਕਰਨ ਲਈ ਕੀਤੀ ਗਈ ਇਸ ਰੈਲੀ 'ਚ ਜਗਮੀਤ ਸਿੰਘ ਬਰਾੜ ਨੂੰ ਛੱਡ ਕੇ ਬਾਕੀ ਸਾਰੇ ਆਗੂਆਂ ਨੇ ਅਮਰਿੰਦਰ ਸਿੰਘ ਦੀ ਅਲੋਚਨਾ ਕੀਤੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਪੁੱਤਰ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਆਲੋਚਨਾ ਨਾਲ ਸ਼ੁਰੂ ਹੋਇਆ ਸੀਨੀਅਰ ਆਗੂਆਂ-ਅਸ਼ਵਨੀ ਸੇਖੜੀ, ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ, ਮਹਿੰਦਰ ਸਿੰਘ ਕੇਪੀ ਅਤੇ ਵਿਰੋਧੀ ਧਿਰ ਦੀ ਆਗੂ ਬੀਬੀ ਰਾਜਿੰਦਰ ਕੌਰ ਭੱਠਲ ਦਾ ਭਾਸ਼ਣ ਸਾਬਕਾ ਮੁੱਖ ਮੰਤਰੀ ਦੀ ਅਸਿੱਧੀ ਆਲੋਚਨਾ ਨਾਲ ਹੀ ਖਤਮ ਹੁੰਦਾ ਰਿਹਾ।

ਸ੍ਰੀ ਪ੍ਰਤਾਪ ਸਿੰਘ ਬਾਜਵਾ ਨੇ ਆਖਿਆ ਕਿ ਪੰਜਾਬ ਦੀ ਬਦਕਿਸਮਤੀ ਹੈ ਕਿ ਸ੍ਰੀ ਬਾਦਲ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦਾ ਪੰਜਾਬ ਦੀ ਵਜ਼ਾਰਤ 'ਤੇ ਕਬਜ਼ਾ ਹੈ। ਪੰਜਾਬ 'ਚ ਰੇਤ, ਬਜਰੀ ਤੇ ਸ਼ਰਾਬ ਦਾ ਕਾਰੋਬਾਰ ਬਾਦਲ ਪਰਿਵਾਰ 'ਚ ਹੀ ਸੀਮਤ ਹੋਣ 'ਤੇ ਇਸ ਨੂੰ ਮਾਫੀਆ ਰਾਜ ਆਖਦਿਆਂ ਸ੍ਰੀ ਬਾਜਵਾ ਨੇ ਕਿਹਾ ਕਿ ਜਾਨ-ਮਾਲ ਦੀ ਰਾਖੀ ਲਈ ਤਾਂ ਪੁਲਿਸ

*(ਬਾਕੀ ਸਫਾ 8 ਉਤੇ)*


Bank Owned/Foreclosed Homes
Central Valley Specialist

Your Dream House @ Right Price.
ਤੁਹਾਡੇ ਸੁਪਨਿਆਂ ਦਾ ਘਰ
ਸਹੀ ਕੀਮਤ ਉਤੇ
Loan approvals with-in minutes.
Free List of homes available.
Manjit Gill
Real Estate/Loans
Dre#01524555
American Realty & Business Corp
2937 Veneman Ave, Suite B-150 Modesto CA
510-415-2368
209-524-4008
www.gillfinancial.com

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Wholesale and Retail
Raja Indian Cuisine & Bar
Ph: 510-264-9300
1275 W Winton Ave
Hayward, CA 94545
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of Manpreet S. Gahra

Manpreet S.Gahra
Attorney At Law
*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਘੁਮਾਣ ਅਕਾਲੀ ਦਲ (ਬ) ਦੇ ਸਕੱਤਰ ਜਨਰਲ ਬਣੇ

ਇੰਡੀਅਨਐਪੋਲਿਸ(ਪੰਜਾਬ ਟਾਈਮਜ਼ ਬਿਊਰੋ): ਅਕਾਲੀ ਦਲ (ਬਾਦਲ) ਵਲੋਂ ਸ. ਹਰਸ਼ਰਨ ਸਿੰਘ ਘੁਮਾਣ ਨੂੰ ਆਪਣੀ ਅਮਰੀਕਾ ਇਕਾਈ ਦਾ ਸਕੱਤਰ ਜਨਰਲ ਨਿਯੁਕਤ ਕੀਤਾ ਗਿਆ ਹੈ। ਪਾਰਟੀ ਦੇ ਐਨ.ਆਰ.ਆਈ. ਵਿੰਗ ਦੇ ਪ੍ਰਧਾਨ ਸ. ਸੁਰਜੀਤ ਸਿੰਘ ਰੱਖੜਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਸ. ਘੁਮਾਣ ਉਪਰ ਇਹ ਜ਼ਿੰਮੇਵਾਰੀ ਉਨ੍ਹਾਂ ਵਲੋਂ ਪਾਰਟੀ ਲਈ ਕੀਤੀਆਂ ਗਈਆਂ ਸੇਵਾਵਾਂ ਬਦਲੇ ਪਾਈ ਗਈ ਹੈ। ਸ. ਰੱਖੜਾ ਵਲੋਂ ਜਾਰੀ ਇਕ ਹੋਰ ਬਿਆਨ ਅਨੁਸਾਰ ਸ. ਜਸਵੀਰ ਸਿੰਘ ਲਾਲੀ ਨੂੰ ਪਾਰਟੀ ਦੀ ਅਮਰੀਕਾ ਇਕਾਈ ਦਾ ਜਨਰਲ ਸਕੱਤਰ ਬਣਾਇਆ ਗਿਆ ਹੈ। ਜਾਰੀ ਕੀਤੇ ਬਿਆਨ ਵਿਚ ਸ. ਰੱਖੜਾ ਨੇ ਆਸ ਪ੍ਰਗਟਾਈ ਹੈ ਕਿ ਇਨ੍ਹਾਂ ਦੋਹਾਂ ਨਿਯੁਕਤੀਆਂ ਨਾਲ ਅਮਰੀਕਾ ਵਿਚ ਪਾਰਟੀ ਹੋਰ ਮਜ਼ਬੂਤ ਹੋਵੇਗੀ।


ਹਰਸ਼ਰਨ ਸਿੰਘ ਘੁਮਾਣ


ਜਸਵੀਰ ਸਿੰਘ ਲਾਲੀ

ਇੰਡੀਅਨਐਪੋਲਿਸ ਵੱਸਦੇ ਸ. ਹਰਸ਼ਰਨ ਸਿੰਘ ਘੁਮਾਣ ਸਵਰਗੀ ਸ. ਹਰਭਜਨ ਸਿੰਘ ਘੁਮਾਣ ਅਤੇ ਮਨਜੀਤ ਕੌਰ ਘੁਮਾਣ ਦੇ ਸਪੁੱਤਰ ਹਨ ਜੋ ਕਿ ਪੰਜਾਬ ਦੇ ਜ਼ਿਲਾ ਗੁਰਦਾਸਪੁਰ ਦੇ ਪਿੰਡ ਘੁਮਾਣ ਤੋਂ 1991 ਵਿਚ ਆਪਣੇ ਭਰਾ ਅਮਰਬੀਰ ਸਿੰਘ ਘੁਮਾਣ ਨਾਲ ਕੈਨੇਡਾ ਪਹੁੰਚੇ। 1999 ਵਿਚ ਸ. ਹਰਸ਼ਰਨ ਸਿੰਘ ਹੋਟਲ ਅਤੇ ਪੈਟਰੋਲੀਅਮ ਸਨਅਤ ਵਿਚ ਆਪਣੀ ਕਿਸਮਤ ਅਜਮਾਈ ਲਈ ਅਮਰੀਕਾ ਆ ਗਏ। ਇਸ ਸਮੇਂ ਚਾਰ ਸਟੇਟਾਂ ਵਿਚ ਉਨ੍ਹਾਂ ਦੇ ਕਈ ਹੋਟਲ ਅਤੇ ਗੈਸ ਸਟੇਸ਼ਨ ਹਨ। ਇਸ ਤੋਂ ਇਲਾਵਾ ਅਮਰੀਕਾ, ਕੈਨੇਡਾ ਅਤੇ ਭਾਰਤ ਵਿਚ ਉਨ੍ਹਾਂ ਦੇ ਕਈ ਪ੍ਰਾਜੈਕਟਾਂ ਉਤੇ ਕੰਮ ਚੱਲ ਰਿਹਾ ਹੈ। ਘੁਮਾਣ ਪਰਿਵਾਰ ਦਾ ਅਕਾਲੀ ਦਲ ਨਾਲ ਪਿਛਲੇ ਪੰਜਾਹ ਸਾਲ ਦਾ ਰਿਸ਼ਤਾ ਹੈ। ਉਨ੍ਹਾਂ ਦੇ ਦਾਦਾ ਜੀ ਸ. ਤੇਜਾ ਸਿੰਘ ਘੁਮਾਣ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਮੈਂਬਰ ਰਹੇ ਹਨ ਅਤੇ ਜ਼ਿਲਾ ਗੁਰਦਾਸਪੁਰ ਇਕਾਈ ਦੇ ਪ੍ਰਧਾਨ ਵੀ। ਸ. ਹਰਸ਼ਰਨ ਸਿੰਘ ਘੁਮਾਣ ਇੰਡੀਅਨਐਪੋਲਿਸ ਵਿਚ ਗੁਰਦੁਆਰਾ ਸਿੱਖ ਸਤਿਸੰਗ ਦੇ ਟਰਸਟੀ ਵੀ ਹਨ।

ਇਸ ਸਮੇਂ ਜਸਵੀਰ ਸਿੰਘ ਲਾਲੀ ਗੁਰਦੁਆਰਾ ਸਿੱਖ ਸੰਗਤ, ਇੰਡੀਅਨਐਪੋਲਿਸ ਦੇ ਪ੍ਰਧਾਨ ਹਨ। ਸ. ਦਰਸ਼ਨ ਸਿੰਘ ਅਤੇ ਕਰਤਾਰ ਕੌਰ ਲਾਲੀ ਦੇ ਸਪੁਤਰ ਸ. ਜਸਵੀਰ ਸਿੰਘ 1979 ਵਿਚ ਜਲੰਧਰ ਜ਼ਿਲੇ ਦੇ ਪਿੰਡ ਨੰਗਲ ਸ਼ਾਮਾਂ ਤੋਂ ਅਮਰੀਕਾ ਪਹੁੰਚੇ। ਸ. ਲਾਲੀ ਪੇਸ਼ੇ ਵਜੋਂ ਵੈਬ ਇੰਡਸਟਰੀ ਵਿਚ ਕੋਈ 25 ਸਾਲ ਕੰਮ ਕਰਨ ਤੋਂ ਬਾਅਦ ਰਿਟਾਇਰ ਹੋ ਕੇ ਰਿਐਲਟਰ ਦਾ ਕੰਮ ਕਰਦੇ ਹਨ ਅਤੇ ਉਹ ਕਈ ਬਿਜਨਸਾਂ ਦੇ ਮਾਲਕ ਵੀ ਹਨ।

ਦੋਹਾਂ ਆਗੂਆਂ ਨੇ ਆਪਣੀ ਨਿਯੁਕਤੀ ਲਈ ਪਾਰਟੀ ਸੁਪਰੀਮੋ ਸ. ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਅਤੇ ਐਨ.ਆਰ.ਆਈ. ਵਿੰਗ ਦੇ ਮੁਖੀ ਸ. ਸੁਰਜੀਤ ਸਿੰਘ ਰੱਖੜਾ ਦਾ ਧੰਨਵਾਦ ਕਰਦਿਆਂ ਆਖਿਆ ਹੈ ਕਿ ਉਹ ਪਾਰਟੀ ਵਲੋਂ ਸੌਂਪੀ ਗਈ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਉਣਗੇ। ਸ. ਘੁਮਾਣ ਅਤੇ ਸ. ਲਾਲੀ ਦੀ ਨਿਯੁਕਤੀ ਉਤੇ ਪਾਰਟੀ ਇਕਾਈ ਦੇ ਵੱਖ ਵੱਖ ਆਗੂਆਂ ਬਲਦੇਵ ਸਿੰਘ ਸੱਲਾਂ, ਕਿਰਨਜੀਤ ਸਿੰਘ ਬਾਵਾ, ਨਰਿੰਦਰ ਸਿੰਘ ਮੁੰਦਰ, ਪਾਲ ਖਲੀਲ ਅਤੇ ਸੁਖਦੇਵ ਸਿੰਘ ਖਾਲਸਾ ਨੇ ਵਧਾਈ ਦਿੱਤੀ ਹੈ।

# ਅੰਤਿਮ ਅਰਦਾਸ

## ਘਲਹਿ ਆਵਹਿ ਨਾਨਕਾ ਸਦੇ ਉਠਿ ਜਾਏ

ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਪੂਜਨੀਕ ਮਾਤਾ ਜੀ ਸਰਦਾਰਨੀ ਮਨਜੀਤ ਕੌਰ ਢਿੱਲੋਂ ਸੁਪਤਨੀ ਸ. ਗੁਰਨਾਮ ਸਿੰਘ ਢਿੱਲੋਂ (ਪਿੰਡ ਖਲਚੀਆਂ, ਅੰਮ੍ਰਿਤਸਰ) ਮਾਡੈਸਟੋ, ਕੈਲੀਫੋਰਨੀਆ ਵਿਚ 10 ਅਕਤੂਬਰ, 2009 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦੀ ਪਵਿੱਤਰ ਦੇਹ ਦਾ ਸਸਕਾਰ ਦਿਨ ਸਨਿਚਰਵਾਰ 17 ਅਕਤੂਬਰ, 2009 ਨੂੰ Lakewood Park and Funeral Home, 900 E. Santa Fe Ave. Hughson, CA 95326 ਵਿਖੇ ਬਾਅਦ ਦੁਪਹਿਰ 1:00 ਵਜੇ ਤੋਂ 2:30 ਵਜੇ ਤੱਕ ਹੋਵੇਗਾ। ਉਪਰੰਤ ਉਨ੍ਹਾਂ ਨਮਿੱਤ ਸਹਿਜ ਪਾਠ ਦਾ ਭੋਗ ਗੁਰਦੁਆਰਾ ਸਾਹਿਬ, ਮਾਡੈਸਟੋ/ਸੈਰੀਜ਼ ਵਿਖੇ ਉਸੇ ਦਿਨ ਬਾਅਦ ਦੁਪਹਿਰ 2 ਵਜੇ ਤੋਂ 4 ਵਜੇ ਤੱਕ ਪਵੇਗਾ। ਸਮੂਹ ਸੱਜਣਾਂ-ਸਬੰਧੀਆਂ ਨੂੰ ਬੇਨਤੀ ਹੈ ਕਿ ਇਸ ਮੌਕੇ ਹਾਜ਼ਰੀ ਭਰ ਕੇ ਧੰਨਵਾਦੀ ਬਣਾਓ ਜੀ।


ਸਰਦਾਰਨੀ ਮਨਜੀਤ ਕੌਰ ਢਿੱਲੋਂ

**ਹੋਰ ਜਾਣਕਾਰੀ ਲਈ ਫੋਨ 209-402-4626 ਜਾਂ 318-235-8126 'ਤੇ ਸੰਪਰਕ ਕੀਤਾ ਜਾ ਸਕਦਾ ਹੈ।**

## ਦੁਖੀ ਹਿਰਦੇ

**ਬਲਰਾਜ ਸਿੰਘ ਢਿੱਲੋਂ, ਰੁਪਿੰਦਰ ਸਿੰਘ ਢਿੱਲੋਂ,**
**ਗੁਰਿੰਦਰਪਾਲ ਸਿੰਘ ਢਿੱਲੋਂ, ਗੁਰਸ਼ਰਨ ਕੌਰ ਰੰਧਾਵਾ**


SIKHS FOR JUSTICE
A HUMAN RIGHTS ADVOCACY GROUP

ਸਿੱਖਸ ਫਾਰ ਜਸਟਿਸ
ਵੱਲੋਂ ਸਮੂਹ ਸਿੱਖ ਕੌਮ ਦੀ ਹਮਾਇਤ ਨਾਲ

OCTOBER 25, 2009
RAJA SWEETS & INDIAN CUISINE




ਨਵੰਬਰ 1984 ਸਿੱਖ ਨਸਲਕੁਸ਼ੀ - ਇਨਸਾਫ਼ ਲਹਿਰ
NOVEMBER 1984 SIKH GENOCIDE - JUSTICE CAMPAIGN
JUSTICE DELAYED JUSTICE DENIED

ਫੰਡ ਰੇਜ਼ਿੰਗ ਡਿਨਰ ਅਤੇ ਇਨਸਾਫ਼ ਕਾਨਫਰੰਸ
FUND RAISING DINNER & JUSTICE CONFERENCE

ਜਗਦੀਸ਼ ਟਾਈਟਲਰ ਦੇ ਖਿਲਾਫ
ਮੁੱਖ ਗਵਾਹ ਸ੍ਰ. ਜਸਬੀਰ ਸਿੰਘ
ਵੀ ਇਸ ਕਾਨਫਰੰਸ ਵਿਚ ਹਾਜ਼ਰੀ ਭਰਨਗੇ।

❒ ਨਵੰਬਰ 1984 ਵਿਚ 30,000 ਤੋਂ ਵੱਧ ਕੀਤੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜਾਵਾਂ ਦਿਵਾਉਣ ਲਈ ਅਤੇ
❒ ਸਿੱਖ ਕਤਲੇਆਮ ਨੂੰ "ਨਸਲਕੁਸ਼ੀ" ਪ੍ਰਮਾਣਿਤ ਕਰਾਉਣ ਲਈ

TIME:
5 :00 PM - 10:00 PM

RAJA SWEETS & INDIAN CUISINES
31853 ALVALARDO BLVD.
UNION CITY, CA 94587

WWW.SIKHSFORJUSTICE.ORG
"SIKHS FOR JUSTICE" IS A US BASED NON-PROFIT TAX EXEMPT HUMAN RIGHTS ADVOCACY GROUP .

TICKETS
$125
$250
$500

FOR TICKETS PLEASE CONTACT: AMARDEEP SINGH
TEL : 510.489.9100
FAX : 510.489.9111

# ਗੁਰਦੁਆਰਾ ਸਾਹਿਬ ਸੈਨਹੋਜ਼ੇ (ਕੈਲੇਫੋਰਨੀਆ)

ੴ ਸਤਿਗੁਰ ਪ੍ਰਸਾਦਿ

ਦੇਗ ਤੇਗ ਫਤਹਿ

ਪੰਥ ਕੀ ਜੀਤ

## ਸਿੱਖ ਗੁਰਦੁਆਰਾ ਸੈਨ ਹੋਜ਼ੇ ਵਲੋਂ ਸੰਗਤ ਨੂੰ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਿੰਘ ਬੰਦੀ ਛੋੜ ਅਤੇ ਦੀਵਾਲੀ ਪੁਰਬ ਦੀ

# ਲੱਖ-ਲੱਖ ਵਧਾਈ ਹੋਵੇ

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।
ਆਪ ਸਮੂਹ ਸੰਗਤਾਂ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਸੈਨ ਹੋਜ਼ੇ ਗੁਰਦੁਆਰਾ ਸਾਹਿਬ ਵਿਚ 17 ਅਕਤੂਬਰ, 2009 ਨੂੰ ਸਵੇਰੇ 10 ਵਜੇ ਤੋਂ ਰਾਤ ਦੇ 11 ਵਜੇ ਤੱਕ ਸਾਰਾ ਦਿਨ ਕੀਰਤਨ ਦਰਬਾਰ ਹੋਵੇਗਾ ਜਿਸ ਵਿਚ ਮੰਨੇ-ਪ੍ਰਮੰਨੇ ਕੀਰਤਨੀ ਜਥੇ, ਕਵੀਸ਼ਰੀ ਜਥੇ, ਢਾਡੀ ਜਥੇ ਅਤੇ ਕਥਾਵਾਚਕ ਸੰਗਤਾਂ ਨੂੰ ਗੁਰਬਾਣੀ / ਕਥਾ ਨਾਲ ਨਿਹਾਲ ਕਰਨਗੇ।

*ਦੀਵੇ ਅਤੇ ਮੋਮਬੱਤੀਆਂ ਜਗਾਉਣ ਲਈ ਵੀ ਖਾਸ ਪ੍ਰਬੰਧ ਕੀਤਾ ਜਾਵੇਗਾ।
*ਸੰਗਤਾਂ ਨੂੰ ਬੇਨਤੀ ਹੈ ਕਿ ਹੁਮ-ਹੁਮਾ ਕੇ ਗੁਰਦੁਆਰਾ ਸਾਹਿਬ ਆਉ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
*ਇਸ ਸੁਭ ਖੁਸ਼ੀ ਦੇ ਮੌਕੇ ਅਮੋਲਕ ਸਿੰਘ ਗਾਖਲ ਭਰਾਵਾਂ ਤੇ ਗਾਖਲ ਨਿਵਾਸੀਆਂ ਅਤੇ ਅਵਤਾਰ ਸਿੰਘ ਬੈਂਸ ਪਰਿਵਾਰ ਵਲੋਂ ਛੋਲੇ ਪੂਰੀਆਂ ਅਤੇ ਤਾਜ਼ਾ ਜਲੇਬੀਆਂ ਦਾ ਲੰਗਰ ਲਾਇਆ ਜਾਵੇਗਾ।
*ਸੁਖਜਿੰਦਰ ਸਿੰਘ ਟੋਨੀ ਅਤੇ ਸਮੂਹ ਪਰਿਵਾਰ ਵਲੋਂ ਪਕੌੜਿਆਂ ਦਾ ਲੰਗਰ ਅਤੁੱਟ ਵਰਤੇਗਾ।
*ਬਹਾਦਰ ਸਿੰਘ, ਮਨਜਿੰਦਰਪਾਲ ਸਿੰਘ ਅਤੇ ਹੋਰ ਸੇਵਾਦਾਰਾਂ ਵਲੋਂ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਪਾਰਕਿੰਗ ਦਾ ਖਾਸ ਪ੍ਰਬੰਧ ਕੀਤਾ ਜਾਵੇਗਾ।




## ਗੁਰੂ ਘਰ ਦੀ ਇਮਾਰਤ

ਆਪ ਜੀ ਨੂੰ ਪਤਾ ਹੀ ਹੈ ਕਿ ਗੁਰੂ ਘਰ ਦੀ ਖੂਬਸੂਰਤ ਇਮਾਰਤ, ਜਿਸ ਵਿਚ ਦੀਵਾਨ ਹਾਲ, ਗੁਰੂ ਕੇ ਲੰਗਰ, ਖਾਲਸਾ ਸਕੂਲ ਦੇ ਕਮਰੇ ਅਤੇ ਲਇਬਰੇਰੀ ਦੀ ਉਸਾਰੀ ਹੋ ਰਹੀ ਹੈ ਅਤੇ ਇਹ ਉਸਾਰੀ ਆਪ ਸਮੂਹ ਸੰਗਤ ਦੇ ਸਹਿਯੋਗ ਨਾਲ ਮਿੱਥੇ ਸਮੇਂ ਅਨੁਸਾਰ ਪੂਰੀ ਹੋਣ ਦੀ ਪੂਰੀ ਸੰਭਾਵਨਾ ਹੈ। ਕੁੱਝ ਕਮਰਿਆਂ ਦੀ ਸੇਵਾ ਗੁਰ ਸਿੱਖ ਪਰਿਵਾਰਾਂ ਵਲੋਂ ਲਈ ਗਈ ਹੈ। ਸਮੂਹ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਦੀ ਹੋ ਰਹੀ ਉਸਾਰੀ ਵਿਚ ਵਿੱਤ ਅਨੁਸਾਰ ਵੱਧ-ਚੜ੍ਹ ਕੇ ਮਾਇਆ ਦਾਨ ਕਰਕੇ ਜਰੂਰ ਹਿੱਸਾ ਪਾਉ ਜੀ। ਗੁਰੂ ਘਰ ਵਲੋਂ ਇਸ ਸਾਲ ਸੰਗਤਾਂ ਨੂੰ ਇੱਕ ਖਾਸ ਬੇਨਤੀ ਹੈ ਗੁਰੂ ਘਰ ਦੀ ਬਣ ਰਹੀ ਨਵੀਂ ਖੂਬਸੂਰਤ ਬਿਲਡਿੰਗ ਲਈ ਵੱਧ ਤੋਂ ਵੱਧ ਮਾਇਆ ਚੜਾਉ ਤਾਂ ਕਿ ਦਿਵਾਲੀ ਵਾਲੇ ਦਿਨ ਇੱਕ ਲੱਖ ਡਾਲਰ ਇਕੱਠਾ ਕਰਨ ਦਾ ਮਿਥਿਆ ਟੀਚਾ ਪੂਰਾ ਕੀਤਾ ਜਾ ਸਕੇ। ਇਮਾਰਤ ਬਾਰੇ ਜਾਣਕਾਰੀ ਹਾਸਲ ਕਰਨ ਲਈ ਭੁਪਿੰਦਰ ਸਿੰਘ ਢਿੱਲੋਂ 408-568-0034 ਅਤੇ ਪ੍ਰੀਤਮ ਸਿੰਘ ਗਰੇਵਾਲ 408-406-0703 ਦੇ ਫੋਨ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਗੁਰੂ ਪੰਥ ਦੇ ਦਾਸ

ਪ੍ਰਧਾਨ ਹਰਦੇਵ ਸਿੰਘ ਤੱਖਰ ਅਤੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ

## Gurdwara Sahib San Jose, California

3636 Murillo Ave. San Jose 95148, Ph: 408-274-9373

# ਬੇ-ਏਰੀਆ ਸਪੋਰਟਸ ਕਲੱਬ ਨੇ ਡੈਲਸ 'ਚ ਵੀ ਗੱਡੇ ਜਿੱਤ ਦੇ ਝੰਡੇ

**ਡੈਲਸ, ਟੈਕਸਸ (ਰਾਣਾ ਇਕਬਾਲ):** ਬੇ-ਏਰੀਆ ਸਪੋਰਟਸ ਕਲੱਬ, ਕੈਲੀਫੋਰਨੀਆ ਦੀ ਸ਼ਕਤੀਸ਼ਾਲੀ ਕਬੱਡੀ ਟੀਮ ਨੇ ਆਪਣੀ ਵਧੀਆ ਖੇਡ ਦੇ ਉਸ ਸਮੇਂ ਇਕ ਵਾਰ ਫਿਰ ਝੰਡੇ ਗੱਡੇ ਜਦੋਂ ਇਸ ਨੇ ਡੀ.ਐਫ.ਡਬਲਯੂ ਇੰਟਰਨੈਸ਼ਨਲ ਸਪੋਰਟਸ ਕਲੱਬ ਵਲੋਂ ਇਥੇ 10 ਅਕਤੂਬਰ ਨੂੰ ਕਰਵਾਏ ਗਏ ਖੇਡ ਮੇਲੇ ਵਿਚ ਮਾਡੈਸਟੋ-ਸੈਨ ਹੋਜ਼ੇ ਕਲੱਬ ਨੂੰ ਹਰਾ ਕੇ 3100 ਡਾਲਰ ਨਕਦ ਅਤੇ ਟਰਾਫੀ ਉਤੇ ਆਪਣਾ ਕਬਜ਼ਾ ਜਮਾਇਆ। 2100 ਡਾਲਰ ਦਾ ਦੂਜਾ ਇਨਾਮ ਮਾਡੈਸਟੋ-ਸੈਨ ਹੋਜ਼ੇ ਦੇ ਹਿੱਸੇ ਆਇਆ। ਜਿੱਤ ਹਾਰ ਦਾ ਫੈਸਲਾ 48/25 ਦੇ ਫਰਕ ਨਾਲ ਹੋਇਆ।

ਇਸ ਟੂਰਨਾਮੈਂਟ ਵਿਚ ਕਬੱਡੀ ਦੀਆਂ ਕੁੱਲ ਸੱਤ ਟੀਮਾਂ ਸ਼ਾਮਲ ਹੋਈਆਂ ਜਿਨ੍ਹਾਂ ਵਿਚ ਉਪਰੋਕਤ ਦੋਹਾਂ ਟੀਮਾਂ ਤੋਂ ਇਲਾਵਾ ਦੋਆਬਾ ਸਪੋਰਟਸ ਕਲੱਬ-ਸ਼ਿਕਾਗੋ, ਮੀਰੀ ਪੀਰੀ ਸਪੋਰਟਸ ਕਲੱਬ-ਇੰਡੀਅਨਐਪੋਲਿਸ, ਹਿਊਸਟਨ ਸਪੋਰਟਸ ਕਲੱਬ, ਹੇਜ਼ਲੈਟ ਸਪੋਰਟਸ ਕਲੱਬ ਅਤੇ ਖੁਦ ਡੀ.ਐਫ.ਡਬਲਯੂ ਇੰਟਰਨੈਸ਼ਨਲ ਸਪੋਰਟਸ ਕਲੱਬ ਸ਼ਾਮਲ ਸਨ।





ਕਬੱਡੀ ਦੇ ਨਾਮੀ ਖਿਡਾਰੀ ਸ. ਪ੍ਰੀਤਮ ਸਿੰਘ ਨਿਡਾਲਾ ਜੋ ਕਿ ਪ੍ਰੀਤਾ ਦੇ ਨਾਂ ਨਾਲ ਮਸ਼ਹੂਰ ਹਨ, ਕਬੱਡੀ ਖਿਡਾਰੀਆਂ ਨੂੰ ਹੱਲਾਸ਼ੇਰੀ ਦੇਣ ਲਈ ਉਚੇਚਾ ਪਹੁੰਚੇ ਹੋਏ ਸਨ। ਕਲੱਬ ਵਲੋਂ ਉਨ੍ਹਾਂ ਦਾ ਭਰਪੂਰ ਮਾਣ ਸਨਮਾਨ ਕੀਤਾ ਗਿਆ।

ਇਸ ਮੌਕੇ ਵੇਟਲਿਫਟਰ ਗੋਵਿੰਦ ਰਾਏ ਧੀਮਾਨ, ਜਿਨ੍ਹਾਂ ਨੇ ਕਈ ਵਾਰ ਵਿਸ਼ਵ ਖੇਡਾਂ ਵਿਚ ਭਾਰਤ ਦੀ ਨੁਮਾਇੰਦਗੀ ਕੀਤੀ ਹੈ, ਤੋਂ ਇਲਾਵਾ ਹਿਊਸਟਨ ਤੋਂ ਆਏ ਡਾ. ਹਰਦਮ ਸਿੰਘ ਆਜ਼ਾਦ ਦਾ ਵੀ ਮਾਣ ਸਨਮਾਨ ਕੀਤਾ ਗਿਆ।

ਇਹ ਖੇਡ ਮੇਲਾ ਪਹਿਲਾਂ ਮਿਥੇ ਅਨੁਸਾਰ ਐਲਨ ਸ਼ਹਿਰ ਦੇ ਫੋਰਡ ਪਾਰਕ ਵਿਚ ਹੋਣਾ ਸੀ ਪਰ ਲਗਾਤਾਰ ਤਿੰਨ ਦਿਨ ਮੀਂਹ ਪੈਣ ਕਾਰਨ ਪਾਰਕ ਦੀ ਹਾਲਤ ਅਜਿਹੀ ਸੀ ਕਿ ਸਿਟੀ ਵਾਲਿਆਂ ਨੇ ਉਥੇ ਕਿਸੇ ਵੀ ਸਰਗਰਮੀ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ। ਬਦਲਵੇਂ ਪ੍ਰਬੰਧ ਵਜੋਂ ਇਹ ਮੇਲਾ ਗੁਰਦੁਆਰਾ ਗਾਰਲੈਂਡ ਦੇ ਖੁੱਲ੍ਹੇ ਮੈਦਾਨ ਵਿਚ ਹੋਇਆ। ਖੇਡ ਮੇਲੇ ਵਿਚ ਕਬੱਡੀ ਤੋਂ ਇਲਾਵਾ ਬੱਚਿਆਂ ਤੇ ਬਜ਼ੁਰਗਾਂ ਦੀਆਂ ਦੌੜਾਂ, ਵਾਲੀਬਾਲ, ਗੋਲਾ ਅਤੇ ਔਰਤਾਂ ਦੀ ਰੱਸਾਕਸ਼ੀ ਹੋਈ। ਗੋਲਾ ਸੁੱਟਣ ਵਿਚ ਪੰਜਾਹ ਸਾਲ ਦੀ ਉਮਰ ਤੋਂ ਥੱਲੇ ਦੇ ਵਰਗ ਵਿਚ ਲਖਬੀਰ ਸਿੰਘ ਜੌਹਲ ਨੇ 39.7 ਫੁੱਟ ਗੋਲਾ ਸੁੱਟ ਕੇ ਬਾਜ਼ੀ ਮਾਰੀ ਜਦੋਂਕਿ ਪੰਜਾਹ ਸਾਲ ਤੋਂ ਉਪਰ ਦੇ ਉਮਰ ਵਰਗ ਵਿਚ ਮਨੋਹਰ ਸਿੰਘ ਮਾਨ ਨੇ 31.9 ਫੁੱਟ ਗੋਲਾ ਸੁੱਟ ਕੇ ਪਹਿਲਾ ਨੰਬਰ ਮਾਰਿਆ।

16-25 ਸਾਲ ਦੇ ਵਰਗ ਵਿਚ ਅਮਨਦੀਪ ਅੱਵਲ, ਨਵਦੀਪ ਦੋਇਮ ਅਤੇ ਬੌਬੀ ਤੀਜੇ ਥਾਂ ਰਹੇ। ਗੋਲਾ ਸੁੱਟਣ ਦੇ 25 ਸਾਲ ਤੱਕ ਦੇ ਵਰਗ ਵਿਚ ਮੂਲਾ ਫਸਟ, ਅਮਰਦੀਪ ਸੈਕਿੰਡ ਅਤੇ ਹਰਮੀਤ ਸਿੰਘ ਤੇ ਨਵਦੀਪ ਸਿੰਘ ਥਰਡ ਰਹੇ। ਗੋਲਾ ਸੁੱਟਣ ਦੇ 25 ਤੋਂ 50 ਸਾਲ ਦੇ ਵਰਗ ਵਿਚ ਲਖਵੀਰ ਸਿੰਘ ਜੌਹਲ ਪਹਿਲੇ, ਹਰਦੀਪ ਸਿੰਘ ਗੁਰਨਾ ਦੂਜੇ ਅਤੇ ਹਰਦੀਪ ਭੁੱਲਰ ਤੀਜੇ ਥਾਂ ਰਿਹਾ। ਗੋਲਾ ਸੁੱਟਣ ਦੇ ਪੰਜਾਹ ਸਾਲ ਤੋਂ ਉਪਰ ਦੇ ਵਰਗ ਵਿਚ ਮਨੋਹਰ ਸਿੰਘ ਮਾਨ ਪਹਿਲੇ, ਪ੍ਰਿਤਪਾਲ ਦੂਜੇ ਅਤੇ ਮਨਮੋਹਨ ਸਿੰਘ ਤੀਜੇ ਥਾਂ ਰਹੇ।

ਔਰਤਾਂ ਦੀ ਰੱਸਾਕਸ਼ੀ ਵਿਚ ਰਿਚਰਡਸਨ ਪਹਿਲੇ ਅਤੇ ਗਾਰਲੈਂਡ ਦੂਜੇ ਥਾਂ ਰਿਹਾ। ਮੁੰਡਿਆਂ ਦੀ ਰੱਸਾਕਸ਼ੀ ਵਿਚ ਰਿਚਰਡਸਨ ਤੇ ਗਾਰਲੈਂਡ ਕ੍ਰਮਵਾਰ ਪਹਿਲੇ ਤੇ ਦੂਜੇ ਥਾਂ ਰਹੇ।

ਭਾਵੇਂ ਵੱਖ ਵੱਖ ਖੇਡਾਂ ਦਾ ਅਨੰਦ ਵੀ ਦਰਸ਼ਕਾਂ ਨੇ ਨਿੱਠ ਕੇ ਮਾਣਿਆ ਪਰ ਅਸਲ ਝੁਰਮਟ ਕਬੱਡੀ ਦੁਆਲੇ ਹੀ ਰਿਹਾ। ਇਕੱਲੇ ਇਕੱਲੇ ਕਬੱਡੀ ਮੈਚ ਨੂੰ ਦਰਸ਼ਕਾਂ ਨੇ ਸਾਹ ਰੋਕ ਕੇ ਵੇਖਿਆ। ਮੁੰਡਿਆਂ ਦੇ ਗੁੰਦੇ ਹੋਏ ਸਰੀਰ ਤੇ ਚੌੜੀਆਂ ਛਾਤੀਆਂ ਵੇਖ ਕੇ ਕਈ ਬਜ਼ੁਰਗ ਕਹਿ ਰਹੇ ਸਨ, 'ਆਹ ਤੇ ਹੋਈ ਨਾ ਭਾਈ ਪੰਜਾਬੀ ਗੱਭਰੂਆਂ ਵਾਲੀ ਗੱਲ। ਜਾਪਦਾ ਇਨ੍ਹਾਂ ਮੱਖਣ ਖਾਧੇ ਆ ਮੈਕਡਾਨਲਡ ਨਹੀਂ।' ਡੀ.ਐਫ.ਡਬਲਯੂ ਦੇ ਇਕ ਸਤਾਰਾਂ ਸਾਲਾ ਖਿਡਾਰੀ ਜਸਕਰਨ ਦਾ ਨਾਂ ਸਭ ਦੀ ਜ਼ੁਬਾਨ 'ਤੇ ਸੀ ਜਿਸ ਨੇ ਆਪਣੀ ਖੇਡ ਨਾਲ ਸਭ ਦਾ ਮਨ ਮੋਹ ਲਿਆ। ਹੈਰੀ ਗੁਰਨਾ ਵੀ ਕਿਸੇ ਗੱਲੋਂ ਘੱਟ ਨਹੀਂ ਸੀ। ਇਸ ਟੀਮ ਨੂੰ ਕੋਚਿੰਗ ਜਸਵੀਰ ਸਿੰਘ ਤੱਖਰ ਨੇ ਦਿੱਤੀ ਹੈ।

ਜਦੋਂ ਕੋਈ ਖਿਡਾਰੀ ਵਧੀਆ ਪੁਆਇੰਟ ਲੈਂਦਾ ਜਾਂ ਕੋਈ ਸਟਾਪਰ ਵਧੀਆ ਜੱਫਾ ਲਾਉਂਦਾ ਤਾਂ ਡਾਲਰ ਆਪ ਮੁਹਾਰੇ ਹੀ ਲੋਕਾਂ ਦੀਆਂ ਜੇਬਾਂ ਵਿਚੋਂ ਨਿਕਲਦੇ। ਇਉਂ ਜਾਪਦਾ ਸੀ ਕਿ ਜਿਵੇਂ ਕਬੱਡੀ ਪ੍ਰੇਮੀਆਂ ਨੇ ਨੋਟਾਂ ਦੀਆਂ ਬੋਰੀਆਂ ਦੇ ਮੂੰਹ ਖੋਲ੍ਹੇ ਹੋਏ ਹੋਣ। ਜੇ ਕੋਈ ਕਸਰ ਬਾਕੀ ਸੀ ਤਾਂ ਉਹ ਕਬੱਡੀ ਕੁਮੈਂਟੇਟਰ ਰਾਜਵਿੰਦਰ ਸਿੰਘ ਰੰਡਿਆਲਾ ਨੇ ਪੂਰੀ ਕਰ ਦਿੱਤੀ ਜਿਸ ਨੇ ਸ਼ਿਅਰਾਂ ਅਤੇ ਲੋਕ ਗੀਤਾਂ ਦੇ ਟੋਟਕਿਆਂ ਨਾਲ ਕਬੱਡੀ ਵੇਖਣ ਦਾ ਮਜ਼ਾ ਕਈ ਗੁਣਾ ਵਧਾ ਦਿਤਾ। ਰੰਡਿਆਲਾ ਦੀ ਕੁਮੈਂਟਰੀ ਦਾ ਮੁੱਲ ਪਾਉਂਦਿਆਂ ਕੁਲਵੰਤ ਸਿੰਘ ਸਿੱਧੂ ਨੇ ਹਜ਼ਾਰ ਡਾਲਰ ਦਾ ਇਨਾਮ ਦਿੱਤਾ। ਕਬੱਡੀ ਵਿਚ ਜੱਸੇ ਨੂੰ ਵਧੀਆ ਸਟਾਪਰ ਅਤੇ ਬੱਲੀ ਨੂੰ ਵਧੀਆ ਰੇਡਰ ਐਲਾਨਿਆ ਗਿਆ। ਹਿਊਸਟਨ ਤੋਂ ਆਏ ਗੁਰਨਾਮ ਸਿੰਘ ਸੰਧਰ ਨੇ ਸਾਰੇ ਇਨਾਮ ਸਪਾਂਸਰ ਕੀਤੇ।

ਮੇਲਾ ਵੇਖਣ ਲਈ ਦੂਰੋਂ ਨੇੜਿਓਂ ਆਏ ਸੱਜਣਾਂ ਵਿਚ ਹਿਊਸਟਨ ਤੋਂ ਡਾ. ਹਰਦਮ ਸਿੰਘ ਆਜ਼ਾਦ, ਗੁਰਮਿੰਦਰ ਸਿੰਘ, ਧਿਆਨ ਸਿੰਘ, ਸੰਪੂਰਨ ਸਿੰਘ, ਹੀਰਾ ਸਿੰਘ ਚਮਦਲ, ਰਾਣਾ ਸਿੰਘ ਅਤੇ ਮਨੋਹਰ ਸਿੰਘ ਮਾਨ ਪਹੁੰਚੇ ਹੋਏ ਸਨ। ਇਸ ਮੇਲੇ ਨੂੰ ਨੇਪਰੇ ਚਾੜ੍ਹਨ ਵਿਚ ਸੁਖਵਿੰਦਰ ਸਿੰਘ ਬਾਜਵਾ, ਗੁਰਸ਼ਰਨ ਬਗਲੀ, ਬੱਲੂ ਬੈਨੀਪਾਲ, ਰਘਬੀਰ ਸਿੰਘ ਗਰਚਾ, ਗੋਬਿੰਦ ਰਾਏ ਧੀਮਾਨ, ਗੁਰਮੇਲ ਢੇਸੀ, ਹਰਦੀਪ ਸਿੰਘ ਗੁਰਨਾ, ਮਨਜੀਤ ਸਹੋਤਾ ਅਤੇ ਮੁਖਤਿਆਰ ਸਿੰਘ ਨੇ ਉਚੇਚੀ ਮਿਹਨਤ ਕੀਤੀ। ਕਲੱਬ ਨੇ ਮੇਲਾ ਕਰਾਉਣ ਲਈ ਆਪਣਾ ਗਰਾਊਂਡ ਵਰਤਣ ਦੀ ਇਜਾਜ਼ਤ ਦੇਣ ਲਈ ਗੁਰਦੁਆਰਾ ਸਿੱਖ ਟੈਂਪਲ, ਗਾਰਲੈਂਡ ਦੀ ਪ੍ਰਬੰਧਕ ਕਮੇਟੀ ਦਾ ਵਿਸ਼ੇਸ਼ ਧੰਨਵਾਦ ਕੀਤਾ ਹੈ।

# ਹਰਿਆਣਾ, ਮਹਾਰਾਸ਼ਟਰ ਅਤੇ ਅਰੁਣਾਚਲ ਪ੍ਰਦੇਸ਼ 'ਚ ਵੋਟਾਂ ਪੈਣ ਦਾ ਕੰਮ ਮੁਕੰਮਲ, ਕੁਝ ਥਾਵਾਂ 'ਤੇ ਹਿੰਸਾ

**ਚੰਡੀਗੜ੍ਹ:** ਹਰਿਆਣਾ, ਮਹਾਰਾਸ਼ਟਰ ਅਤੇ ਅਰੁਣਾਚਲ ਪ੍ਰਦੇਸ਼ ਵਿਧਾਨ ਸਭਾ ਚੋਣਾਂ ਲਈ ਵੋਟਾਂ ਪੈਣ ਦਾ ਕੰਮ ਲੰਘੀ 13 ਅਕਤੂਬਰ ਨੂੰ ਇਕਾ-ਦੁੱਕਾ ਹਿੰਸਾ ਦੀਆਂ ਘਟਨਾਵਾਂ ਨੂੰ ਛੱਡ ਕੇ ਅਮਨ-ਅਮਾਨ ਨਾਲ ਨੇਪਰੇ ਚੜ੍ਹ ਗਿਆ। ਮੁੱਖ ਚੋਣ ਕਮਿਸ਼ਨਰ ਨਵੀਨ ਚਾਵਲਾ ਨੇ ਨਵੀਂ ਦਿੱਲੀ ਵਿਖੇ ਦਸਿਆ ਕਿ ਤਿੰਨਾਂ ਸੂਬਿਆਂ 'ਚ ਔਸਤਨ 66 ਫ਼ੀ ਸਦੀ ਵੋਟਾਂ ਪਈਆਂ। ਹਰਿਆਣਾ 'ਚ 68 ਫ਼ੀ ਸਦੀ, ਮਹਾਰਾਸ਼ਟਰ 'ਚ 60 ਫ਼ੀ ਸਦੀ ਅਤੇ ਅਰੁਣਾਚਲ ਪ੍ਰਦੇਸ਼ 'ਚ 72 ਫ਼ੀ ਸਦੀ ਵੋਟਾਂ ਪਈਆਂ ਹਨ। ਹਰਿਆਣਾ ਦੇ ਗੂਹਲਾ ਕਸਬੇ 'ਚ ਹੋਏ ਹਿੰਸਕ ਟਕਰਾਅ ਦੌਰਾਨ ਇਕ ਪੋਲਿੰਗ ਏਜੰਟ ਦੀ ਮੌਤ ਹੋ ਗਈ ਜਦਕਿ ਮਹਾਰਾਸ਼ਟਰ ਵਿਚ ਨਕਸਲੀਆਂ ਨੇ ਇਕ ਪੋਲਿੰਗ ਬੂਥ ਉਤੇ ਗਸ਼ਤ ਕਰ ਰਹੀ ਪੁਲਿਸ ਪਾਰਟੀ 'ਤੇ ਫ਼ਾਇਰਿੰਗ ਕੀਤੀ। ਮਹਾਰਾਸ਼ਟਰ ਦੀਆਂ 288, ਹਰਿਆਣਾ ਦੀਆਂ 90 ਅਤੇ ਅਰੁਣਾਚਲ ਪ੍ਰਦੇਸ਼ ਦੀਆਂ 57 ਵਿਧਾਨ ਸਭਾ ਸੀਟਾਂ ਲਈ ਪਈਆਂ ਵੋਟਾਂ ਦੀ ਗਿਣਤੀ 22 ਅਕਤੂਬਰ ਨੂੰ ਹੋਵੇਗੀ ਅਤੇ ਸਰਕਾਰ ਬਣਾਉਣ ਦਾ ਕੰਮ 25 ਅਕਤੂਬਰ ਤਕ ਪੂਰਾ ਹੋਵੇਗਾ। ਤਿੰਨਾਂ ਸੂਬਿਆਂ ਦੇ 4,935 ਉਮੀਦਵਾਰਾਂ ਦੀ ਕਿਸਮਤ ਦਾ ਫ਼ੈਸਲਾ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਵਿਚ ਬੰਦ ਹੋ ਗਿਆ ਹੈ।

ਹਰਿਆਣਾ 'ਚ 68 ਫ਼ੀ ਸਦੀ ਵੋਟਾਂ ਪਈਆਂ। ਚੋਣ ਪ੍ਰਕਿਰਿਆ ਦੌਰਾਨ ਸੂਬੇ ਦੇ ਕੈਥਲ ਜ਼ਿਲ੍ਹੇ 'ਚ ਪੈਂਦੇ ਗੂਹਲਾ ਵਿਧਾਨ ਸਭਾ ਹਲਕੇ ਵਿਚ ਕਾਂਗਰਸ ਦੇ ਉਮੀਦਵਾਰ ਦਿਲੂ ਰਾਮ ਅਤੇ ਆਜ਼ਾਦ ਉਮੀਦਵਾਰ ਕੁਲਵੰਤ ਬਾਜ਼ੀਗਰ ਦੇ ਸਮਰਥਕਾਂ ਦਰਮਿਆਨ ਪਿੰਡ ਹੇਮੂਮਾਜਰਾ ਵਿਖੇ ਹੋਈ ਹਿੰਸਕ ਝੜਪ ਦੌਰਾਨ ਜੋਤੀ ਰਾਮ ਨਾਂ ਦੇ ਵਿਅਕਤੀ ਦੀ ਮੌਤ ਹੋ ਗਈ। ਜੋਤੀ ਰਾਮ, ਕੁਲਵੰਤ ਬਾਜ਼ੀਗਰ ਦਾ ਪੋਲਿੰਗ ਏਜੰਟ ਸੀ। ਘਟਨਾ ਤੋਂ ਬਾਅਦ ਕੁਲਵੰਤ ਬਾਜ਼ੀਗਰ ਦੇ ਸਮਰਥਕਾਂ ਨੇ ਸਿਵਲ ਹਸਪਤਾਲ ਦੇ ਬਾਹਰ ਮੁਜ਼ਾਹਰਾ ਕਰਦਿਆਂ ਦਿਲੂ ਰਾਮ ਵਿਰੁਧ ਕਾਰਵਾਈ ਦੀ ਮੰਗ ਕੀਤੀ। ਕੈਥਲ ਦੇ ਡਿਪਟੀ ਕਮਿਸ਼ਨਰ ਅਮਿਤ ਪੀ. ਕੁਮਾਰ ਅਤੇ ਐਸ.ਪੀ. ਸੰਦੀਪ ਖਿਰਵਾਰ ਨੇ ਦਸਿਆ ਕਿ ਪੋਸਟਮਾਰਟਮ ਦੀ ਰੀਪੋਰਟ ਆਉਣ ਤੋਂ ਬਾਅਦ ਹੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ। ਇਕ ਹੋਰ ਘਟਨਾ 'ਚ ਅੰਬਾਲਾ ਸ਼ਹਿਰ ਵਿਧਾਨ ਸਭਾ ਖੇਤਰ 'ਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਅਤੇ ਆਜ਼ਾਦ ਉਮੀਦਵਾਰ ਦੇ ਸਮਰਥਕਾਂ ਦਰਮਿਆਨ ਹੋਈ ਝੜਪ ਵਿਚ ਇਕ ਵਿਅਕਤੀ ਜ਼ਖ਼ਮੀ ਹੋ ਗਿਆ। ਵਰਿੰਦਰ ਸਿੰਘ ਆਜ਼ਾਦ ਨਾਂ ਦੇ ਵਿਅਕਤੀ ਨੂੰ ਤੁਰਤ ਅੰਬਾਲਾ ਦੇ ਸਿਵਲ ਹਸਪਤਾਲ ਲਿਜਾਇਆ ਗਿਆ। ਜਸਬੀਰ ਸਿੰਘ ਸਾਬਕਾ ਵਿਧਾਇਕ ਇੰਡੀਅਨ ਨੈਸ਼ਨਲ ਲੋਕ ਦਲ, ਜਿਸ ਦੀ ਪਤਨੀ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਅੰਬਾਲਾ ਸ਼ਹਿਰ ਤੋਂ ਅਪਣਾ ਉਮੀਦਵਾਰ ਬਣਾਇਆ ਸੀ, ਦੀ ਅਗਵਾਈ ਵਿਚ ਅਕਾਲੀ ਸਮਰਥਕਾਂ ਦੀ ਆਜ਼ਾਦ ਉਮੀਦਵਾਰ ਦੇ ਸਮਰਥਕਾਂ ਨਾਲ ਝੜਪ ਹੋਈ। ਮੁੱਖ ਚੋਣ ਅਫ਼ਸਰ ਸੱਜਣ ਸਿੰਘ ਨੇ ਦਸਿਆ ਕਿ ਇਕ ਹੋਰ ਹਾਦਸੇ 'ਚ ਮੇਵਾਤ ਜ਼ਿਲ੍ਹੇ ਦੇ ਨੇਮਖੇੜਾ ਪਿੰਡ ਵਿਚ ਗੋਲੀ ਚੱਲਣ ਦੀ ਘਟਨਾ ਵਾਪਰੀ ਜਦਕਿ ਕੁਲ 20 ਵਿਅਕਤੀ ਸੂਬੇ ਵਿਚ ਵਾਪਰੀਆਂ ਵੱਖ-ਵੱਖ ਘਟਨਾਵਾਂ ਦੌਰਾਨ ਜ਼ਖ਼ਮੀ ਹੋਏ।

ਸੂਬੇ ਵਿਚ 2005 ਵਿਚ 71.96 ਫ਼ੀ ਸਦੀ ਵੋਟਾਂ ਪਈਆਂ ਸਨ। ਸੂਬੇ 'ਚ ਸਭ ਤੋਂ ਜ਼ਿਆਦਾ 72.65 ਫ਼ੀ ਸਦੀ ਵੋਟਾਂ 1967 ਵਿਚ ਪਈਆਂ ਸਨ। ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਅਤੇ ਮੰਤਰੀਆਂ ਵਰਿੰਦਰ ਸਿੰਘ, ਕਿਰਨ ਚੌਧਰੀ, ਰਣਦੀਪ ਸੁਰਜੇਵਾਲਾ, ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ, ਇਨੈਲੋ ਦੇ ਸਕੱਤਰ ਜਨਰਲ ਅਜੇ ਚੌਟਾਲਾ, ਜਨ ਹਿਤ ਕਾਂਗਰਸ ਦੇ ਮੁਖੀ ਕੁਲਦੀਪ ਬਿਸ਼ਨੋਈ ਸਣੇ ਭਾਜਪਾ ਅਤੇ ਬਸਪਾ ਉਮੀਦਵਾਰਾਂ ਦੀ ਕਿਸਮਤ ਦਾ ਫ਼ੈਸਲਾ 22 ਅਕਤੂਬਰ ਨੂੰ ਹੋਵੇਗਾ।

ਮਹਾਰਾਸ਼ਟਰ ਵਿਚ 60 ਫ਼ੀ ਸਦੀ ਵੋਟਾਂ ਪਈਆਂ। ਸੂਬੇ ਦੇ ਨਾਂਦੇੜ ਕਸਬੇ 'ਚ ਕਾਂਗਰਸੀ ਵਰਕਰਾਂ 'ਤੇ ਹਮਲਾ ਹੋਇਆ ਜਿਨ੍ਹਾਂ ਵਿਚੋਂ 6 ਜ਼ਖ਼ਮੀ ਹੋ ਗਏ। ਗੜ੍ਹਚਿਰੌਲੀ ਵਿਚ ਵੀ ਨਕਸਲੀਆਂ ਨੇ ਫ਼ਾਇਰਿੰਗ ਕੀਤੀ। ਰਾਸ਼ਟਰਪਤੀ ਪ੍ਰਤਿਭਾ ਪਾਟਿਲ ਦੇ ਬੇਟੇ ਰਜਿੰਦਰ ਸ਼ੇਖ਼ਾਵਤ ਅਤੇ ਉਨ੍ਹਾਂ ਵਿਰੁਧ ਬਾਗ਼ੀ ਉਮੀਦਵਾਰ ਵਜੋਂ ਚੋਣ ਲੜ ਰਹੇ ਸੁਨੀਲ ਦੇਸ਼ਮੁਖ ਸਣੇ 3559 ਉਮੀਦਵਾਰਾਂ ਦਾ ਭਵਿੱਖ ਦਾਅ 'ਤੇ ਲੱਗਾ ਹੋਇਆ ਹੈ। ਇਨ੍ਹਾਂ ਵਿਚੋਂ 211 ਔਰਤਾਂ ਅਤੇ 1820 ਆਜ਼ਾਦ ਉਮੀਦਵਾਰ ਸ਼ਾਮਲ ਹਨ। ਨਕਸਲੀ ਹਿੰਸਾ ਦੇ ਮੱਦੇਨਜ਼ਰ ਸੂਬੇ 'ਚ ਸੁਰੱਖਿਆ ਦੇ ਸਖ਼ਤ ਬੰਦੋਬਸਤ ਕੀਤੇ ਗਏ ਸਨ। 40,000 ਪੁਲਿਸ ਮੁਲਾਜ਼ਮਾਂ ਤੋਂ ਇਲਾਵਾ ਕੇਂਦਰੀ ਬਲਾਂ ਦੀਆਂ 20 ਕੰਪਨੀਆਂ ਵੀ ਤੈਨਾਤ ਕੀਤੀਆਂ ਗਈਆਂ ਸਨ।

ਅਰੁਣਾਚਲ ਪ੍ਰਦੇਸ਼ ਵਿਚ 72 ਫ਼ੀ ਸਦੀ ਵੋਟਾਂ ਪਈਆਂ। ਸੂਬੇ ਦੇ ਮੁੱਖ ਚੋਣ ਅਧਿਕਾਰੀ ਨੇ ਦਸਿਆ ਕਿ 2004 ਵਿਚ ਪਈਆਂ 67.83 ਫ਼ੀ ਸਦੀ ਵੋਟਾਂ ਦੇ ਮੁਕਾਬਲੇ ਇਸ ਵਾਰ ਲੋਕਾਂ ਵਿਚ ਜ਼ਿਆਦਾ ਉਤਸ਼ਾਹ ਵੇਖਣ ਨੂੰ ਮਿਲਿਆ। ਸੂਬੇ ਦੇ ਮੁੱਖ ਮੰਤਰੀ ਦੋਰਜੀ ਖਾਂਡੂ ਅਤੇ ਕਾਂਗਰਸ ਦੇ ਦੋ ਉਮੀਦਵਾਰ ਬਿਨਾਂ ਮੁਕਾਬਲਾ ਚੁਣੇ ਜਾ ਚੁਕੇ ਹਨ। ਹੋਰਨਾਂ ਅਹਿਮ ਉਮੀਦਵਾਰਾਂ ਵਿਚ ਸਾਬਕਾ ਮੁੱਖ ਮੰਤਰੀ ਜੀ. ਅਪਾਂਗ, ਤਾਮੇਂਗ ਦੋਲੋ ਅਤੇ ਓਮਕ ਅਪਾਂਗ ਸ਼ਾਮਲ ਹਨ। ਕਾਂਗਰਸ ਨੇ ਸਾਰੀਆਂ ਸੀਟਾਂ ਤੋਂ ਚੋਣ ਲੜੀ ਜਦਕਿ ਐਨ.ਸੀ.ਪੀ. ਅਤੇ ਤ੍ਰਿਣਮੂਲ ਕਾਂਗਰਸ ਨੇ ਕ੍ਰਮਵਾਰ 36 ਅਤੇ 26 ਸੀਟਾਂ ਤੋਂ ਉਮੀਦਵਾਰ ਖੜੇ ਕੀਤੇ।

## ਸਦਮੇ

### ਸੁਰਿੰਦਰ ਬਿੰਦਰਾ ਦੇ ਪਿਤਾ ਸੁਰਗਵਾਸ

**ਸੈਕਰਾਮੈਂਟੋ:** ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜ਼ੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਨੂੰ ਉਸ ਸਮੇਂ ਭਾਰੀ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੇ ਪਿਤਾ ਸ. ਮੋਹਨ ਸਿੰਘ ਬਿੰਦਰਾ ਪਿੰਡ ਨੰਗਲ, ਗੜ੍ਹਸ਼ੰਕਰ ਦਿਲ ਦਾ ਦੌਰਾ ਪੈਣ ਕਾਰਨ ਸਵਰਗਵਾਸ ਹੋ ਗਏ। ਉਹ 85 ਵਰ੍ਹਿਆਂ ਦੇ ਸਨ ਅਤੇ ਆਪਣੇ ਪਿਛੇ ਤਿੰਨ ਬੇਟੇ ਸਤਨਾਮ ਸਿੰਘ ਬਿੰਦਰਾ (ਇੰਡੀਆ), ਕਸ਼ਮੀਰ ਸਿੰਘ ਬਿੰਦਰਾ, ਸੁਰਿੰਦਰ ਸਿੰਘ ਬਿੰਦਰਾ ਅਤੇ ਇਕ ਧੀ ਸੁਰਿੰਦਰ ਕੌਰ ਗਿੱਲ (ਸਾਰੇ ਸੈਕਰਾਮੈਂਟੋ) ਤੋਂ ਇਲਾਵਾ ਭਰਿਆ ਪਰਿਵਾਰ ਛੱਡ ਗਏ ਹਨ।

ਪਰਿਵਾਰ ਨਾਲ ਸੰਪਰਕ ਫੋਨ 916-534-3766 ਜਾਂ 916-686-6428 ਉਤੇ ਹੋ ਸਕਦਾ ਹੈ।

### ਮਨਜੀਤ ਕੌਰ ਢਿੱਲੋਂ ਸੁਰਗਵਾਸ

**ਮਾਡੈਸਟੋ:** ਸਰਦਾਰਨੀ ਮਨਜੀਤ ਕੌਰ ਢਿੱਲੋਂ ਸੁਪਤਨੀ ਸ. ਗੁਰਨਾਮ ਸਿੰਘ ਢਿੱਲੋਂ ਪਿਛਲੇ ਦਿਨੀਂ ਚਲਾਣਾ ਕਰ ਗਏ। ਉਨ੍ਹਾਂ ਦਾ ਸਸਕਾਰ 17 ਅਕਤੂਬਰ ਨੂੰ ਦੁਪਹਿਰ 1 ਤੋਂ 2 ਵਜੇ ਤੱਕ ਲੇਕਵੁੱਡ ਪਾਰਕ ਫਿਊਨਰਲ ਹੋਮ ਵਿਚ ਹੋਵੇਗਾ ਅਤੇ ਭੋਗ ਉਸੇ ਦਿਨ ਗੁਰਦੁਆਰਾ ਸਾਹਿਬ ਮਾਡੈਸਟੋ ਵਿਖੇ ਬਾਅਦ ਦੁਪਹਿਰ 2 ਤੋਂ 4 ਵਜੇ ਤੱਕ ਪਵੇਗਾ।

## ਕਿਰਪਾਨ ਬਾਰੇ ਬਿਲ ਗਵਰਨਰ ਸ਼ੈਵਰਨਾਦਜ਼ੇ ਵਲੋਂ ਵੀਟੋ

**ਸੈਕਰਾਮੈਂਟੋ (ਪੰਜਾਬ ਟਾਈਮਜ਼ ਬਿਊਰੋ):** ਕੈਲੀਫੋਰਨੀਆ ਦੇ ਗਵਰਨਰ ਸ੍ਰੀ ਆਰਨੋਲਡ ਸ਼ੈਵਰਨਾਦਜ਼ੇ ਨੇ ਉਸ ਬਿਲ ਨੂੰ 'ਗੈਰ ਜ਼ਰੂਰੀ' ਕਰਾਰ ਦੇ ਕੇ ਵੀਟੋ ਕਰ ਦਿਤਾ ਹੈ ਜਿਸ ਦੇ ਜ਼ਰੀਏ ਕੈਲੀਫੋਰਨੀਆ ਵਿਚ ਪੁਲਿਸ ਮੁਲਾਜ਼ਮਾਂ ਨੂੰ ਸਿੱਖਾਂ ਬਾਰੇ ਖਾਸ ਕਰਕੇ ਕਿਰਪਾਨ ਦੀ ਅਹਿਮੀਅਤ ਬਾਰੇ ਜਾਣਕਾਰੀ ਦਿੱਤੀ ਜਾਣੀ ਸੀ। ਇਸ ਕਾਨੂੰਨ ਦੇ ਪਾਸ ਹੋਣ ਨਾਲ ਸਿੱਖਾਂ ਬਾਰੇ ਜਾਣਕਾਰੀ ਪੁਲਿਸ ਅਫਸਰਾਂ ਦੇ ਟਰੇਨਿੰਗ ਕੋਰਸ ਦੇ ਪਾਠਕ੍ਰਮ ਵਿਚ ਸ਼ਾਮਲ ਹੋ ਜਾਣੀ ਸੀ।

ਅਸੈਂਬਲੀ ਬਿਲ 504 ਦੇ ਪਾਸ ਹੋ ਜਾਣ ਨਾਲ ਪੀਸ ਆਫਿਸਰ ਸਟੈਂਡਰਸ ਐਂਡ ਟਰੇਨਿੰਗ (ਪੋਸਟ) ਕਮਿਸ਼ਨ ਲਈ ਸਭਿਆਚਾਰਕ ਵੰਨਗੀ ਅਤੇ ਹਥਿਆਰਾਂ ਦੀ ਉਲੰਘਣਾ ਸਬੰਧੀ ਸਿਖਲਾਈ ਸਮੱਗਰੀ ਵਜੋਂ ਕਿਰਪਾਨ ਅਤੇ ਸਿੱਖਾਂ ਬਾਰੇ ਜਾਣਕਾਰੀ ਤਿਆਰ ਕਰਨਾ ਲਾਜ਼ਮੀ ਹੋ ਜਾਣਾ ਸੀ। ਸਦਨ ਵਿਚ ਦੋਹਾਂ ਪਾਰਟੀਆਂ ਵਲੋਂ ਸਰਬਸੰਮਤੀ ਨਾਲ ਪਾਸ ਕੀਤੇ ਗਏ ਇਸ ਬਿਲ ਤੋਂ ਸਿੱਖਾਂ ਨੂੰ ਆਸ ਬੱਝੀ ਸੀ ਕਿ ਇਸ ਦੇ ਕਾਨੂੰਨ ਬਣਨ ਨਾਲ ਕੈਲੀਫੋਰਨੀਆ ਵਿਚ ਕਿਰਪਾਨ ਨੂੰ ਪ੍ਰਵਾਨਗੀ ਮਿਲਣ ਲਈ ਰਾਹ ਪੱਧਰਾ ਹੋ ਜਾਵੇਗਾ। ਸਿੱਖ ਜਥੇਬੰਦੀ ਸਿੱਖ ਕੋਲੀਸ਼ਨ ਨੇ ਗਵਰਨਰ ਦੇ ਫੈਸਲੇ ਨੂੰ ਮੰਦਭਾਗਾ ਕਰਾਰ ਦਿੱਤਾ ਹੈ।

# ਪਾਕਿਸਤਾਨ ਘਿਰਿਆ ਹੋਰ ਡੂੰਘੇ ਸੰਕਟਾਂ ਵਿਚ

ਮੌਤ ਹੋ ਗਈ ਅਤੇ 8 ਤੋਂ ਵੱਧ ਜ਼ਖਮੀ ਹੋ ਗਏ ਸਨ। ਹਮਲੇ ਵਿਚ ਭਾਰਤੀ ਦੂਤਘਰ ਦੀ ਇਮਾਰਤ ਨੂੰ ਮਾਮੂਲੀ ਨੁਕਸਾਨ ਪੁੱਜਾ ਜਦਕਿ ਸਾਰੇ ਭਾਰਤੀ ਸੁਰੱਖਿਅਤ ਹਨ।

ਜ਼ਿਕਰਯੋਗ ਹੈ ਕਿ ਅਫਗਾਨਿਸਤਾਨ ਵਿਚ ਭਾਰਤੀ ਸ਼ਫਾਰਤਖਾਨੇ 'ਤੇ ਇਹ ਦੂਜੀ ਵਾਰ ਆਤਮਘਾਤੀ ਹਮਲਾ ਹੋਇਆ ਹੈ। ਬੀਤੇ ਜੁਲਾਈ ਮਹੀਨੇ ਵਿਚ ਹਮਲੇ ਪਿਛੋਂ ਨਾਟੋ ਫੌਜਾਂ ਨੇ ਸਪਸ਼ਟ ਕਿਹਾ ਸੀ ਕਿ ਤਾਲਿਬਾਨ ਅਤੇ ਖੁਫੀਆ ਏਜੰਸੀ ਆਈ.ਐਸ.ਆਈ. ਨੇ ਮਿਲ ਕੇ ਇਹ ਕਾਰਾ ਕੀਤਾ ਹੈ। ਇਸ ਵਾਰ ਵੀ ਭਾਰਤ ਨੇ ਆਈ.ਐਸ.ਆਈ. ਦਾ ਹੱਥ ਹੋਣ ਦਾ ਦੋਸ਼ ਲਾਇਆ ਹੈ। ਭਾਰਤ ਦੀ ਵਿਸ਼ੇਸ਼ ਸਕੱਤਰ ਨਿਰੁਪਮਾ ਰਾਓ ਨੇ ਕਿਹਾ ਕਿ ਭਾਰਤੀ ਦੂਤਘਰ ਉਤੇ ਹਮਲਾ ਉਨ੍ਹਾਂ ਨੇ ਕੀਤਾ ਹੈ ਜੋ ਭਾਰਤ-ਅਫਗਾਨਿਸਤਾਨ ਦੋਸਤੀ ਨੂੰ ਬਰਦਾਸ਼ਤ ਨਹੀਂ ਕਰ ਸਕਦੇ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਭਾਰਤ ਨੇ ਅਫ਼ਗਾਨਿਸਤਾਨ ਵਿਚ ਨਾਟੋ ਦੇ ਹਮਲੇ ਤੋਂ ਬਾਅਦ ਮੁੜ ਉਸਾਰੀ ਦੇ ਕੰਮਾਂ ਵਿਚ ਆਪਣਾ ਹਿੱਸਾ ਪਾਇਆ ਹੈ।

ਪਾਕਿਸਤਾਨੀ ਖੁਫੀਆ ਏਜੰਸੀ ਆਈ.ਐਸ.ਆਈ. ਅਫਗਾਨਿਸਤਾਨ ਵਿਚ ਭਾਰਤ ਦੇ ਪ੍ਰਭਾਵ ਨੂੰ ਘੱਟ ਕਰਨਾ ਚਾਹੁੰਦੀ ਹੈ। ਪਾਕਿਸਤਾਨ ਵਿਚ ਤਾਲਿਬਾਨ ਅਤਿਵਾਦੀਆਂ ਨੇ ਆਪਣੇ ਹਮਲੇ ਤੇਜ਼ ਕਰਦਿਆਂ 10 ਅਕਤੂਬਰ ਨੂੰ ਰਾਵਲਪਿੰਡੀ ਵਿਚ ਪਾਕਿਸਤਾਨੀ ਥਲ ਸੈਨਾ ਦੇ ਹੈਡਕੁਆਰਟਰ 'ਤੇ ਹਮਲਾ ਕਰਕੇ ਨੇੜਲੀ ਇਮਾਰਤ ਵਿਚ 40-45 ਵਿਅਕਤੀਆਂ ਨੂੰ ਬੰਦੀ ਬਣਾ ਲਿਆ ਜਿਨ੍ਹਾਂ ਵਿਚ ਕੁਝ ਸੁਰਖਿਆ ਮੁਲਾਜ਼ਮ ਵੀ ਸਨ। ਪਹਿਲਾਂ ਦੁਵੱਲੀ ਗਹਿਗਚ ਲੜਾਈ ਵਿਚ ਬ੍ਰਿਗੇਡੀਅਰ ਤੇ ਪੰਜ ਸੈਨਿਕ ਮਾਰੇ ਗਏ ਸਨ ਅਤੇ ਨਾਲ ਹੀ ਚਾਰ ਹਮਲਾਵਰ ਢੇਰ ਹੋ ਗਏ ਸਨ ਪਰ ਚਾਰ ਹੋਰ ਬੱਚ ਗਏ। ਇਹ ਬੇਖੌਫ ਹਮਲਾ ਉਦੋਂ ਹੋਇਆ ਜਦੋਂ ਗ੍ਰਹਿ ਮੰਤਰੀ ਰਹਿਮਾਨ ਮਲਿਕ ਨੇ ਐਲਾਨ ਕੀਤਾ ਸੀ ਕਿ ਫੌਜ ਅਗਲੇ ਕੁਝ ਦਿਨਾਂ ਵਿਚ ਦੱਖਣੀ ਵਜ਼ੀਰਸਤਾਨ ਵਿਚ ਤਾਲਿਬਾਨ ਦੇ ਗੜ 'ਤੇ ਵੱਡਾ ਹੱਲਾ ਬੋਲਣ ਜਾ ਰਹੀ ਹੈ। ਪਾਬੰਦੀਸ਼ੁਦਾ ਤਹਿਰੀਕੇ-ਤਾਲਿਬਾਨ-ਪਾਕਿਸਤਾਨ ਨੇ ਫੌਜੀ ਹੈਡਕੁਆਰਟਰ 'ਤੇ ਕੀਤੇ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਇਕ ਸਖਸ਼ ਨੇ ਖੁਦ ਨੂੰ ਤਹਿਰੀਕੇ-ਤਾਲਿਬਾਨ-ਪਾਕਿਸਤਾਨ ਦੇ ਅਮਜ਼ਦ ਫਾਰੂਕੀ ਧੜੇ ਦਾ ਨੁਮਾਇੰਦਾ ਕਰਾਰ ਦਿੰਦੇ ਹੋਏ ਤੇ ਹਮਲੇ ਦੀ ਜ਼ਿੰਮੇਵਾਰੀ ਲੈਂਦਿਆਂ ਮੰਗ ਕੀਤੀ ਕਿ ਸਰਕਾਰ ਅਤਿਵਾਦੀਆਂ ਖਿਲਾਫ ਫੌਜੀ ਕਾਰਵਾਈ ਬੰਦ ਕਰੇ ਅਤੇ ਸਾਬਕਾ ਰਾਸ਼ਟਰਪਤੀ ਪ੍ਰਵੇਜ਼ ਮੁਸ਼ੱਰਫ ਖਿਲਾਫ ਕਾਰਵਾਈ ਕੀਤੀ ਜਾਵੇ। ਉਸਨੇ ਪਾਕਿਸਤਾਨ ਵਿਚ ਪ੍ਰਾਈਵੇਟ ਸੁਰਖਿਆ ਫਰਮ ਬਲੈਕ ਵਾਟਰ ਦੀਆਂ ਸਰਗਰਮੀਆਂ ਬੰਦ ਕਰਨ ਅਤੇ ਪੱਛਮੀ ਦੇਸ਼ਾਂ ਦੀਆਂ ਸਾਰੀਆਂ ਗੈਰ ਸਰਕਾਰੀ ਜਥੇਬੰਦੀਆਂ ਦਾ ਕੰਮਕਾਜ ਠੱਪ ਕਰਨ ਦੀ ਵੀ ਮੰਗ ਕੀਤੀ।

ਜ਼ਿਕਰਯੋਗ ਹੈ ਕਿ ਅਮਜ਼ਦ ਫਾਰੂਕੀ ਅਮਰੀਕਾ ਉਤੇ 9-11 ਹਮਲਿਆਂ ਤੋਂ ਬਾਅਦ ਅਤਿਵਾਦੀ ਸਫਾਂ ਵਿਚ ਉਭਰਿਆ ਹੈ। ਪਾਕਿਸਤਾਨੀ ਫੌਜ ਦੇ ਕਮਾਂਡੋਆਂ ਨੇ ਫੈਸਲਾਕੁਨ ਕਾਰਵਾਈ ਕਰਦਿਆਂ ਰਾਵਲਪਿੰਡੀ ਵਿਖੇ ਪਾਕਿਸਤਾਨੀ ਫੌਜ ਦੇ ਹੈਡਕੁਆਰਟਰ ਨੇੜੇ ਇਕ ਇਮਾਰਤ ਤੋਂ ਤਾਲਿਬਾਨ ਅਤਿਵਾਦੀਆਂ ਵਲੋਂ ਵੀਹ ਘੰਟੇ ਬਾਅਦ ਕਬਜ਼ਾ ਛੁਡਵਾ ਲਿਆ ਅਤੇ ਫੌਜ ਦੇ ਅਧਿਕਾਰੀਆਂ ਸਮੇਤ 42 ਬੰਦੀਆਂ ਨੂੰ ਅਤਿਵਾਦੀਆਂ ਦੇ ਕਬਜ਼ੇ ਤੋਂ ਮੁਕਤ ਕਰਵਾ ਲਿਆ। ਇਸ ਦੇ ਨਾਲ ਹੀ ਚਾਰ ਅਤਿਵਾਦੀਆਂ ਨੂੰ ਵੀ ਮਾਰ ਦਿੱਤਾ ਗਿਆ।

ਪਾਕਿਸਤਾਨੀ ਫੌਜ ਦੇ ਮੁੱਖ ਬੁਲਾਰੇ ਮੇਜਰ ਜਨਰਲ ਅੱਥਰ ਅੱਬਾਸ ਨੇ ਕਿਹਾ ਕਿ ਅਤਿਵਾਦੀਆਂ ਵਲੋਂ ਕੀਤੀ ਗਈ ਫਾਇਰਿੰਗ 'ਚ ਤਿੰਨ ਬੰਦੀ ਕਤਲ ਕਰ ਦਿੱਤੇ ਗਏ ਅਤੇ ਉਨ੍ਹਾਂ ਵਲੋਂ ਕੀਤੀ ਗਈ ਗੋਲੀਬਾਰੀ ਵਿਚ ਇਲੀਟ ਸਪੈਸ਼ਲ ਸਰਵਿਸ ਗਰੁੱਪ ਦੇ ਦੋ ਕਮਾਂਡੋ ਵੀ ਮਾਰੇ ਗਏ ਹਨ। ਉਨ੍ਹਾਂ ਦੱਸਿਆ ਕਿ ਕਾਰਵਾਈ ਦੌਰਾਨ ਚਾਰ ਸੁਰਖਿਆ ਜਵਾਨ ਜਖਮੀ ਹੋਏ ਹਨ। ਫੌਜ ਦੇ ਬੁਲਾਰੇ ਨੇ ਦੱਸਿਆ ਕਿ ਹਮਲੇ ਦੇ ਸਰਗਣੇ ਅਕੀਲ ਉਰਫ ਡਾ. ਉਸਮਾਨ ਨੂੰ ਜਖ਼ਮੀ ਹਾਲਤ ਵਿਚ ਕਾਬੂ ਕਰ ਲਿਆ ਗਿਆ ਹੈ ਜਿਸਦਾ ਸ੍ਰੀਲੰਕਾ ਦੀ ਕ੍ਰਿਕਟ ਟੀਮ ਉਤੇ ਲਾਹੌਰ 'ਚ ਕੀਤੇ ਗਏ ਹਮਲੇ ਪਿਛੇ ਵੀ ਹੱਥ ਮੰਨਿਆ ਜਾਂਦਾ ਹੈ।

ਇਸੇ ਦੌਰਾਨ ਪਾਕਿਸਤਾਨ ਦੇ ਸੂਚਨਾ ਮੰਤਰੀ ਕਮਰਜ਼ਮਾਂ ਕੈਰਾ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਦੋਹਾਂ ਦੇਸ਼ਾਂ ਨੂੰ ਆਪਸੀ ਦੁਸ਼ਣਬਾਜ਼ੀ ਦੀ ਖੇਡ ਬੰਦ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਅਤਿਵਾਦ ਨੂੰ ਉਤਸ਼ਾਹਿਤ ਨਹੀਂ ਕਰ ਰਿਹਾ। ਅਸੀਂ ਆਪਣੇ ਦੇਸ਼ 'ਚ ਹੋ ਰਹੇ ਅਤਿਵਾਦੀ ਹਮਲਿਆਂ ਲਈ ਕਿਸ ਨੂੰ ਦੋਸ਼ੀ ਠਹਿਰਾਈਏ? ਕੀ ਅਸੀਂ ਵੀ ਗੁਆਂਢੀਆਂ ਉਤੇ ਵੀ ਦੋਸ਼ ਲਾਉਣ ਲਗ ਪਈਏ? ਉਨ੍ਹਾਂ ਕਿਹਾ ਕਿ ਇਸ ਉਪ-ਮਹਾਂਦੀਪ 'ਚ ਅਮਨ ਦੀ ਖਾਤਿਰ ਦੋਹਾਂ ਦੇਸ਼ਾਂ ਨੂੰ ਦੁਸ਼ਣਬਾਜ਼ੀ ਦੀ ਖੇਡ ਬੰਦ ਕਰਨੀ ਚਾਹੀਦੀ ਹੈ। ਅਮਰੀਕਾ ਉਤੇ 9-11 ਦੇ ਹਮਲਿਆਂ ਪਿਛੋਂ ਸਾਰਾ ਸੰਸਾਰ ਅਤਿਵਾਦ ਦਾ ਸੇਕ ਝੱਲ ਰਿਹਾ ਹੈ। ਪਾਕਿਸਤਾਨ ਵੀ ਇਸ ਵਿਚ ਸ਼ਾਮਿਲ ਹੈ ਜੋ ਅੱਜ ਕੱਲ੍ਹ ਅਤਿਵਾਦ ਤੋਂ ਸਭ ਤੋਂ ਵੱਧ ਪੀੜਤ ਹੈ। ਜਿਥੋਂ ਤੱਕ ਕਾਬੁਲ 'ਚ ਹੋਏ ਭਾਰਤੀ ਦੂਤਘਰ 'ਚ ਹਮਲੇ ਦਾ ਸਬੰਧ ਹੈ, ਇਸਦੀ ਸੁਰਖਿਆ ਦੀ ਜ਼ਿੰਮੇਵਾਰੀ ਨਾਟੋ ਫੌਜਾਂ ਦੇ ਜਿੰਮੇ ਹੈ। ਇਹ ਹਮਲਾ ਨਾਟੋ ਫੌਜਾਂ ਦੀ ਨਾਕਾਮਯਾਬੀ ਦਾ ਸਿੱਟਾ ਹੈ।

ਅਫਗਾਨਿਸਤਾਨ ਨੂੰ ਸਦੀਵੀ ਆਜ਼ਾਦੀ ਦਿਵਾਉਣ ਦੇ ਮਕਸਦ ਨਾਲ 2001 'ਚ ਅਮਰੀਕਾ ਵਲੋਂ ਸ਼ੁਰੂ ਕੀਤੀ ਗਈ ਕਾਰਵਾਈ ਤੋਂ ਬਾਅਦ 8 ਸਾਲ ਬਾਅਦ ਵੀ ਅਲਕਾਇਦਾ ਅਤੇ ਤਾਲਿਬਾਨ ਖਤਮ ਨਹੀਂ ਹੋਏ, ਤਾਲਿਬਾਨ ਹੁਣ ਪਾਕਿਸਤਾਨ ਲਈ ਵੱਡੀ ਸਿਰਦਰਦੀ ਬਣੇ ਹੋਏ ਹਨ। ਪਾਕਿਸਤਾਨ ਆਪਣੇ ਪੱਧਰ 'ਤੇ ਉਨ੍ਹਾਂ ਨਾਲ ਨਜਿੱਠ ਰਿਹਾ ਹੈ ਭਾਵੇਂ ਇਹ ਸਭ ਕੁਝ ਪਾਕਿਸਤਾਨ ਕੌਮਾਂਤਰੀ ਦਬਾਅ ਹੇਠ ਕਰ ਰਿਹਾ ਹੈ ਪਰ ਉਸਦੀ ਨੀਅਤ ਉੱਪਰ ਵਾਰ-ਵਾਰ ਸ਼ੱਕ ਕੀਤਾ ਜਾਂਦਾ ਹੈ। ਕੌਮਾਂਤਰੀ ਪੱਧਰ ਉੱਤੇ ਅਤਿਵਾਦ ਖ਼ਿਲਾਫ ਜੰਗ ਦੀ ਸਮੁੱਚੀ ਸਮਝ ਅਤੇ ਰਣਨੀਤੀ ਉੱਤੇ ਨਜ਼ਰਸਾਨੀ ਕੀਤੇ ਜਾਣ ਦੀ ਲੋੜ ਹੈ ਤਾਂਕਿ ਅਤਿਵਾਦ ਦੇ ਘੇਰੇ ਵਿਚ ਸੰਨ ਲਾ ਕੇ ਅਤਿਵਾਦੀਆਂ ਦੀ ਗਿਣਤੀ ਘਟਾਈ ਜਾ ਸਕੇ।

## ਹਸਨਪੁਰੀ ਦੇ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

**ਸੈਕਰਾਮੈਂਟੋ:** ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਨੇ ਉਘੇ ਗੀਤਕਾਰ ਅਤੇ ਫਿਲਮਸਾਜ਼ ਇੰਦਰਜੀਤ ਸਿੰਘ ਹਸਨਪੁਰੀ ਦੇ ਅਚਾਨਕ ਚਲਾਣੇ ਉਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸੰਸਥਾ ਵਲੋਂ ਜਾਰੀ ਇਕ ਬਿਆਨ ਵਿਚ ਸ੍ਰੀ ਰਛਪਾਲ ਸਿੰਘ ਫਰਵਾਲਾ ਨੇ ਆਖਿਆ ਕਿ ਹਸਨਪੁਰੀ ਦੀ ਮੌਤ ਨਾਲ ਸਾਫ-ਸੁਥਰੀ ਪੰਜਾਬੀ ਗੀਤਕਾਰੀ ਦੇ ਇਕ ਯੁੱਗ ਦਾ ਅੰਤ ਹੋ ਗਿਆ ਹੈ। ਪੰਜਾਬੀ ਸਭਿਆਚਾਰ ਉਨ੍ਹਾਂ ਦੀ ਹਮੇਸ਼ਾ ਘਾਟ ਮਹਿਸੂਸ ਕਰਦਾ ਰਹੇਗਾ।

## ਸਿਟੀ ਸੈਂਟਰ ਘੁਟਾਲੇ ਦੀ ਅਗਲੀ ਪੇਸ਼ੀ 7 ਨਵੰਬਰ ਨੂੰ

**ਲੁਧਿਆਣਾ:** ਸਿਟੀ ਸੈਂਟਰ ਘੁਟਾਲੇ ਮਾਮਲੇ 'ਚ ਮਾਣਯੋਗ ਅਦਾਲਤ ਨੇ 7 ਨਵੰਬਰ ਲਈ ਅਗਲੀ ਪੇਸ਼ੀ ਨਿਸ਼ਚਤ ਕਰਦਿਆਂ ਕਥਿਤ ਦੋਸ਼ੀਆਂ ਨੂੰ ਪੇਸ਼ ਹੋਣ ਦੇ ਹੁਕਮ ਜਾਰੀ ਕੀਤੇ ਹਨ। ਜ਼ਿਲ੍ਹਾ ਸੈਸ਼ਨ ਜੱਜ ਦੀ ਅਦਾਲਤ 'ਚ ਕੈਪਟਨ ਅਮਰਿੰਦਰ ਸਿੰਘ ਬੀਤੇ ਦਿਨੀਂ ਪੇਸ਼ ਨਹੀਂ ਹੋਏ ਕਿਉਂਕਿ ਹਰਿਆਣਾ ਚੋਣਾਂ ਕਾਰਨ ਅਦਾਲਤ ਤੋਂ ਨਿੱਜੀ ਪੇਸ਼ੀ ਤੋਂ ਛੋਟ ਲਈ ਹੋਈ ਸੀ।


**Homeopathic Systems for Health Treatment**

**When you are tired of all treatments for any disease at any age**

**Try homeopathic, systems of treatment**

**ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ**

You can get all Homeopathic, Ayurvedic, Biochemic medicines at economical prices.

www.homeomedicine.net

Consultant /Practitioner

**GURDIP SINGH SANDHU**

**DHMS, Hons, BAMS, MDEH, 30 Years experience**

Working as per ACT.SB-577 State of CA.

**CALL: TOLL FREE: 877-OK-HOMEO**

**(877-654-6636)OFFICE: 408-729-6691**

E-mail: Homeomedicine@yahoo.com



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ



# Real Estate and Loans Under One Roof

**Call: Sam Chahal Tel: 916-612-5773**

**Multi-Million Dollars Producer-2007-08**

**Reo-Bankowned Properties**

**Serving from Bay Area to Sacramento**

***For Buying and Selling Residential, Commercial property and for Loans in Sacramento area***



**Sam (Sohanpreet)Chahal**

**CA Lic. 01504071**

**Realtor/Notary Public**

e-mail:sam@jassigill.com

We Help You Buy/Sell Business & Homes

## Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।

*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।

*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

**Call Master of Winners in Multiple Offers**

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਪੂਰੀ ਜਾਣਕਾਰੀ ਲਈ ਕਾਲ ਕਰੋ।

# Golden State Realty

**Sacramento Office: 8695 Territorial Way, Elk Grove CA 95624**

**Tel: 916-612-5773 Fax: 916-689-5707**

# ਮਨੁੱਖੀ ਅਧਿਕਾਰ ਕਮਿਸ਼ਨ ਵਲੋਂ ਪੁਲਿਸ ਦੀ ਜਵਾਬ-ਤਲਬੀ

**ਚੰਡੀਗੜ੍ਹ:** ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਪੁਲੀਸ ਦੇ ਅਸਿਸਟੈਂਟ ਇੰਸਪੈਕਟਰ ਜਨਰਲ (ਏ.ਆਈ.ਜੀ.) ਅਤੇ ਮੁਹਾਲੀ ਦੇ ਸਾਬਕਾ ਐਸ.ਐਸ.ਪੀ. ਉਤੇ ਗਲਤ ਰਿਪੋਰਟ ਦੇਣ ਦੇ ਲਗਦੇ ਦੋਸ਼ਾਂ ਲਈ ਜਵਾਬਤਲਬੀ ਕੀਤੀ ਹੈ। ਕਮਿਸ਼ਨ ਨੇ ਦੁਬਾਰਾ ਤੋਂ ਇਸ ਪੁਲੀਸ ਅਧਿਕਾਰੀ ਨੂੰ ਆਪਣਾ ਪੱਖ 22 ਦਸੰਬਰ ਤਕ ਪੇਸ਼ ਕਰਨ ਲਈ ਕਿਹਾ ਹੈ। ਇਸ ਤੋਂ ਪਹਿਲਾਂ ਕਮਿਸ਼ਨ ਨੇ ਇਕ ਅਕਤੂਬਰ ਤਕ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਸੀ।

ਪ੍ਰਾਪਤ ਜਾਣਕਾਰੀ ਅਨੁਸਾਰ ਕਮਿਸ਼ਨ ਕੋਲ ਦਾਇਰ ਇਕ ਪਟੀਸ਼ਨ 'ਚ ਪੰਜਾਬ ਪੁਲੀਸ ਦੇ ਕਈ ਉੱਚ ਅਫਸਰਾਂ ਉਤੇ ਹਵਾਲੇ ਦੇ ਪੈਸੇ ਨਾਲ ਜ਼ਮੀਨਾਂ ਖਰੀਦਣ ਦੇ ਦੋਸ਼ ਲੱਗੇ ਸਨ। ਪਟੀਸ਼ਨ ਵਿਚ ਕਿਹਾ ਗਿਆ ਸੀ ਕਿ ਇਨ੍ਹਾਂ ਉੱਚ ਪੁਲੀਸ ਅਫਸਰਾਂ, ਜਿਨ੍ਹਾਂ ਵਿਚ ਇਕ ਆਈ.ਜੀ. ਰੈਂਕ ਦਾ ਅਧਿਕਾਰੀ ਵੀ ਸ਼ਾਮਲ ਹੈ, ਨੇ ਮੁਹਾਲੀ ਨੇੜੇ ਮਹਿੰਗੇ ਭਾਅ ਦੀਆਂ ਜ਼ਮੀਨਾ ਖਰੀਦੀਆਂ ਹਨ। ਇਹ ਪਟੀਸ਼ਨ ਗਲੋਬਲ ਹਿਊਮਨ ਰਾਈਟਸ ਕੌਂਸਲ ਵਲੋਂ ਦਾਇਰ ਕੀਤੀ ਗਈ ਸੀ। ਕਮਿਸ਼ਨ ਦੇ ਮੈਂਬਰ ਐਲ.ਆਰ.ਰੂਜਮ ਅਤੇ ਜਸਟਿਸ ਬਲਦੇਵ ਸਿੰਘ ਨੇ ਪਟੀਸ਼ਨ ਤੇ ਸੁਣਵਾਈ ਕਰਨ ਪਿਛੋਂ 17 ਫਰਵਰੀ ਨੂੰ ਮੁਹਾਲੀ ਦੇ ਉਸ ਸਮੇਂ ਦੇ ਐਸ.ਐਸ.ਪੀ. ਨੂੰ ਮਾਮਲੇ ਦੀ ਤਫਤੀਸ਼ ਕਰਨ ਲਈ ਕਹਿ ਦਿੱਤਾ ਸੀ।

ਪਟੀਸ਼ਨ ਵਿਚ ਇਨ੍ਹਾਂ ਉੱਚ ਪੁਲੀਸ ਅਫਸਰਾਂ ਉੱਤੇ ਆਪਣੀ ਤਾਕਤ ਰਾਹੀਂ ਅਪਰਾਧੀਆਂ ਨੂੰ ਸ਼ਹਿ ਦੇਣ ਦੇ ਦੋਸ਼ ਵੀ ਲਾਏ ਗਏ ਹਨ। ਪਟੀਸ਼ਨਰ ਨੇ ਕਮਿਸ਼ਨ ਤੋਂ ਮਾਮਲੇ ਦੀ ਉੱਚ ਪੱਧਰੀ ਜਾਂਚ ਦੀ ਮੰਗ ਵੀ ਕੀਤੀ। ਪਟੀਸ਼ਨ ਵਿਚ ਦੋ ਅਜਿਹੇ ਪ੍ਰਾਈਵੇਟ ਕਾਰੋਬਾਰੀਆਂ ਦੇ ਨਾਂ ਵੀ ਦਿੱਤੇ ਗਏ ਸਨ ਜਿਨ੍ਹਾਂ ਰਾਹੀਂ ਪੁਲੀਸ ਅਫਸਰ ਆਪਣੇ ਹਵਾਲੇ ਦੀ ਰਕਮ ਦਾ ਆਦਾਨ ਪ੍ਰਦਾਨ ਕਰਦੇ ਸਨ। ਪਟੀਸ਼ਨਰ ਦੀ ਸ਼ਿਕਾਇਤ 'ਤੇ ਹੀ ਆਮਦਨ ਕਰ ਵਿਭਾਗ ਨੇ ਕਾਰੋਬਾਰੀਆਂ ਦੇ ਠਿਕਾਣਿਆਂ 'ਤੇ ਛਾਪਾ ਮਾਰ ਕੇ 20 ਕਰੋੜ ਰੁਪਏ ਨਕਦ ਪਕੜਣ ਦਾ ਵੀ ਦਾਅਵਾ ਕੀਤਾ ਹੈ।

ਕਮਿਸ਼ਨ ਦੇ ਹੁਕਮਾਂ 'ਤੇ ਮੁਹਾਲੀ ਦੇ ਉਸ ਸਮੇਂ ਦੇ ਐਸ.ਐਸ.ਪੀ. ਨੇ ਮਾਮਲੇ ਦੀ ਜਾਂਚ ਕਰਕੇ ਇਹ ਰਿਪੋਰਟ 10 ਅਗਸਤ ਨੂੰ ਪੇਸ਼ ਕਰ ਦਿੱਤੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਦਰਖਾਸਤ ਦੀ ਪੜਤਾਲ ਕਪਤਾਨ ਪੁਲੀਸ (ਡੀ) ਰਾਹੀਂ ਕਰਵਾਈ ਗਈ ਸੀ ਜਿਸ ਵਿਚ ਪਾਇਆ ਗਿਆ ਕਿ ਸ਼ਿਕਾਇਤਕਰਤਾ ਅਤੇ ਦੂਜੀ ਧਿਰ ਨੂੰ ਸੁਣਿਆ ਗਿਆ। ਪੜਤਾਲ ਦੌਰਾਨ ਦਰਖਾਸਤ ਵਿਚ ਕੋਈ ਸਚਾਈ ਸਾਹਮਣੇ ਨਹੀਂ ਆਈ। ਇਸ ਦਰਖਾਸਤ ਉਪਰ ਕਿਸੇ ਕਾਰਵਾਈ ਦੀ ਲੋੜ ਨਹੀਂ ਹੈ। ਇਹ ਦਰਖਾਸਤ ਦਾਖਲ ਦਫਤਰ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਇਸਦੇ ਉਲਟ ਰਿਪੋਰਟ ਦੇ ਸਬੰਧ ਵਿਚ ਪਟੀਸ਼ਨਰ ਵਲੋਂ ਦਿੱਤੇ ਜਵਾਬ ਨੂੰ ਚੁਣੌਤੀ ਦਿੰਦਿਆਂ ਕਿਹਾ ਗਿਆ ਹੈ ਕਿ ਪੁਲੀਸ ਵਲੋਂ ਉਨ੍ਹਾਂ ਦੇ ਬਿਆਨ ਕਲਮਬੰਦ ਨਹੀਂ ਕੀਤੇ ਗਏ ਅਤੇ ਨਾ ਹੀ ਉਹ ਕਿਸੇ ਪੁਲੀਸ ਅਫਸਰ ਅੱਗੇ ਪੇਸ਼ ਹੋਏ ਹਨ। ਪਟੀਸ਼ਨਰ ਨੇ ਕਮਿਸ਼ਨ ਨੂੰ ਭੇਜੇ ਪੱਤਰ ਵਿਚ ਰਿਪੋਰਟ ਨੂੰ 'ਝੂਠ ਦਾ ਪੁਲੰਦਾ' ਕਰਾਰ ਦਿੱਤਾ ਹੈ। ਉਸਨੇ ਇਹ ਵੀ ਕਿਹਾ ਹੈ ਕਿ ਡੀ.ਐਸ.ਪੀ. ਵਲੋਂ ਪੱਖ ਪੇਸ਼ ਕਰਨ ਲਈ ਬੁਲਾਇਆ ਗਿਆ ਸੀ, ਪਰ ਉਹ ਇਹ ਕਹਿ ਕੇ ਪੇਸ਼ ਨਹੀਂ ਹੋਏ ਕਿ ਇਕ ਆਈ.ਪੀ.ਐਸ.ਅਫਸਰ ਵਿਰੁਧ ਹੇਠਲੇ ਪੱਧਰ ਦੀ ਪੜਤਾਲ ਨੂੰ ਜਾਇਜ਼ ਨਹੀਂ ਮੰਨਦੇ।

ਪਟੀਸ਼ਨਰ ਨੇ ਕਮਿਸ਼ਨ ਨੂੰ ਮੁਹਾਲੀ ਦੇ ਉਸ ਸਮੇਂ ਦੇ ਐਸ.ਐਸ.ਪੀ. ਤੇ ਅਰਵਿੰਦ ਠਾਕੁਰ ਦੇ ਬਿਆਨ ਕਲਮਬੰਦ ਕਰਨ ਜਾਂ ਹਲਫੀਆ ਬਿਆਨ ਮੰਗਣ ਦੀ ਬੇਨਤੀ ਕੀਤੀ ਹੈ। ਉਸਨੇ ਮਾਮਲੇ ਦੀ ਜਾਂਚ ਮੁਹਾਲੀ ਪੁਲੀਸ ਦੀ ਥਾਂ ਕਿਸੇ ਹੋਰ ਏਜੰਸੀ ਤੋਂ ਕਰਾਉਣ ਦੀ ਮੰਗ ਵੀ ਕੀਤੀ ਹੈ। ਕਮਿਸ਼ਨ ਨੇ ਪਟੀਸ਼ਨਰ ਦੀ ਦੂਜੀ ਅਰਜ਼ੀ ਦੀ ਮੰਗ 'ਤੇ ਸਬੰਧਤ ਉੱਚ ਪੁਲੀਸ ਅਫਸਰ ਤੋਂ ਸਪਸ਼ਟੀਕਰਨ ਮੰਗ ਲਿਆ ਹੈ। ਕਮਿਸ਼ਨ ਨੇ ਜੁਆਬਨਾਮਾ ਦਾਇਰ ਕਰਨ ਲਈ 22 ਦਸੰਬਰ ਦੀ ਤਰੀਕ ਦਿੱਤੀ ਹੈ ਜਦੋਂਕਿ ਕਮਿਸ਼ਨ ਵਲੋਂ ਪਹਿਲਾਂ ਦਿੱਤੀ ਇਕ ਅਕਤੂਬਰ ਦੀ ਤਰੀਕ ਤਕ ਕੋਈ ਜੁਆਬਨਾਮਾ ਪ੍ਰਾਪਤ ਨਹੀਂ ਹੋਇਆ।

# ਪਰਵਾਸੀ ਪੰਜਾਬੀ ਹੁਣ ਪੰਜਾਬ ਪੁਲਿਸ ਦੇ ਨਿਸ਼ਾਨੇ 'ਤੇ

**ਚੰਡੀਗੜ੍ਹ:** ਪੰਜਾਬ ਵਿਚ ਸਰਗਰਮ ਖਾਲਿਸਤਾਨ ਪੱਖੀ ਅਤਿਵਾਦੀ ਜਥੇਬੰਦੀਆਂ ਨੂੰ ਮਾਲੀ ਮਦਦ ਦੇਣ ਵਾਲੇ ਪਰਵਾਸੀ ਪੰਜਾਬੀ ਹੁਣ ਪੰਜਾਬ ਪੁਲੀਸ ਦੇ ਨਿਸ਼ਾਨੇ 'ਤੇ ਆ ਗਏ ਹਨ। ਪੁਲੀਸ ਦੇ ਆਲ੍ਹਾ ਮਿਆਰੀ ਸੂਤਰਾਂ ਨੇ ਦਸਿਆ ਕਿ ਅਜਿਹੇ ਪਰਵਾਸੀਆਂ ਵਿਰੁਧ ਪੰਜਾਬ ਪੁਲੀਸ ਵਲੋਂ ਗੈਰਕਾਨੂੰਨੀ ਕਾਰਵਾਈਆਂ ਰੋਕੂ ਐਕਟ ਦੇ ਤਹਿਤ ਕੇਸ ਦਰਜ ਕੀਤੇ ਜਾ ਰਹੇ ਹਨ। ਪੁਲੀਸ ਦੀ ਇਹ ਕਾਰਵਾਈ ਅਜਿਹੇ ਪਰਵਾਸੀਆਂ ਦੇ ਬੈਂਕ ਖਾਤੇ ਸੀਲ ਕਰਨ ਅਤੇ ਉਨ੍ਹਾਂ ਦੀ ਜਾਇਦਾਦ ਜ਼ਬਤ ਕਰਨ ਦਾ ਰਾਹ ਵੀ ਪੱਧਰਾ ਕਰ ਸਕਦੀ ਹੈ ਕਿਉਂਕਿ ਅਜਿਹਾ ਉਪਬੰਧ ਇਸ ਕਾਨੂੰਨ 'ਚ ਸ਼ਾਮਲ ਹੈ। ਪੁਲੀਸ ਵਲੋਂ 15 ਦੇ ਕਰੀਬ ਅਜਿਹੇ ਪਰਵਾਸੀ ਪੰਜਾਬੀਆਂ ਦੀ ਸ਼ਨਾਖ਼ਤ ਕੀਤੀ ਗਈ ਹੈ, ਜਿਨ੍ਹਾਂ ਨੇ ਹਾਲ ਹੀ 'ਚ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਮੁਖੀ ਦਲਜੀਤ ਸਿੰਘ ਬਿੱਟੂ ਅਤੇ ਹੋਰਨਾਂ ਕਈ ਅਜਿਹੇ ਵਿਅਕਤੀਆਂ ਨੂੰ ਵਿਦੇਸ਼ਾਂ ਤੋਂ ਪੈਸੇ ਭੇਜੇ, ਜਿਨ੍ਹਾਂ ਦੀਆ ਗਤੀਵਿਧੀਆਂ ਨੂੰ ਪੁਲੀਸ ਸ਼ੱਕੀ ਮੰਨਦੀ ਹੈ।

ਇੰਗਲੈਂਡ 'ਚ ਰਹਿ ਰਹੇ ਪਰਮਜੀਤ ਸਿੰਘ ਪੰਮਾ ਨੂੰ ਵੀ ਪੰਜਾਬ ਪੁਲੀਸ ਅਜਿਹੇ ਵਿਅਕਤੀਆਂ ਦੀ ਸੂਚੀ 'ਚ ਸ਼ਾਮਿਲ ਕਰ ਰਹੀ ਹੈ। ਏ.ਡੀ.ਜੀ.ਪੀ. ਰੈਂਕ ਦੇ ਇੱਕ ਪੁਲੀਸ ਅਧਿਕਾਰੀ ਨੇ ਗੱਲਬਾਤ ਦੌਰਾਨ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਪੰਮਾ ਵਿਰੁਧ ਗੈਰ-ਕਾਨੂੰਨੀ ਕਾਰਵਾਈਆਂ ਰੋਕੂ ਐਕਟ ਤਹਿਤ ਕੇਸ ਜਲਦੀ ਹੀ ਦਰਜ ਕੀਤਾ ਜਾ ਰਿਹਾ ਹੈ। ਪੁਲੀਸ ਵਲੋਂ ਪੰਮਾ ਉਤੇ ਰਾਸ਼ਟਰੀ ਸਿੱਖ ਸੰਗਤ ਦੇ ਮੁਖੀ ਰੁਲਦਾ ਸਿੰਘ ਦੇ ਕਤਲ ਦੀ ਯੋਜਨਾ ਘੜਨ ਅਤੇ ਮਾਲੀ ਮਦਦ ਮੁਹੱਈਆ ਕਰਨ ਦੇ ਦੋਸ਼ ਲਾਏ ਜਾ ਰਹੇ ਹਨ। ਪੁਲੀਸ ਸੂਤਰਾਂ ਦਾ ਇਹ ਵੀ ਦੱਸਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਨੂੰ ਪਿਛਲੇ ਸਮੇਂ ਦੌਰਾਨ 15 ਦੇ ਕਰੀਬ ਵਿਅਕਤੀਆਂ ਨੇ ਵੱਖ-ਵੱਖ ਮੁਲਕਾਂ 'ਚੋਂ ਲੱਖਾਂ ਰੁਪਏ ਭੇਜੇ ਹਨ। ਇਹ ਪੈਸਾ ਭਾਵੇਂ ਬੈਂਕ ਖਾਤਿਆਂ, ਵੈਸਟਰਨ ਯੂਨੀਅਨ ਆਦਿ ਵਰਗੇ ਜਾਇਜ਼ ਸਾਧਨਾਂ ਰਾਹੀਂ ਹੀ ਭੇਜਿਆ ਗਿਆ, ਪਰ ਪੈਸੇ ਦੀ ਵਰਤੋਂ ਕਿੱਥੇ ਹੋਈ, ਇਸੇ ਆਧਾਰ 'ਤੇ ਪੁਲੀਸ ਵਲੋਂ ਪਰਵਾਸੀ ਪੰਜਾਬੀਆਂ ਵਿਰੁਧ ਨਿਸ਼ਾਨਾ ਸੇਧਿਆ ਜਾ ਰਿਹਾ ਹੈ। ਪੁਲੀਸ ਵਲੋਂ ਅਜਿਹੇ ਪਰਵਾਸੀਆਂ ਦੀ ਬਾਰੀਕੀ ਨਾਲ ਪਛਾਣ ਕੀਤੀ ਜਾ ਰਹੀ ਹੈ। ਨਾਲ ਹੀ ਦਰਜਨ ਤੋਂ ਵਧ ਪਰਵਾਸੀਆਂ ਦੇ ਭਾਰਤ 'ਚ ਰਹਿੰਦੇ ਕਰੀਬੀ ਰਿਸ਼ਤੇਦਾਰਾਂ ਦੇ ਬੈਂਕ ਖਾਤੇ ਸੀਲ ਵੀ ਕੀਤੇ ਜਾ ਚੁੱਕੇ ਹਨ। ਕਈ ਖਾਤਿਆਂ 'ਚ 30 ਲੱਖ ਰੁਪਏ ਤੱਕ ਦੀ ਪੂੰਜੀ ਜਮ੍ਹਾਂ ਹੈ। ਪੰਜਾਬ ਵਿਚ ਸਰਗਰਮ ਜਥੇਬੰਦੀਆਂ ਨੂੰ ਵਿਦੇਸ਼ਾਂ ਤੋਂ ਪੈਸਾ ਭੇਜਣ ਵਾਲੇ ਪਰਵਾਸੀਆਂ ਵਿਰੁਧ ਪੰਜਾਬ ਪੁਲੀਸ ਵਲੋਂ ਪਹਿਲੀ ਵਾਰੀ ਅਜਿਹੀ ਕਾਰਵਾਈ ਅਮਲ 'ਚ ਲਿਆਂਦੀ ਜਾ ਰਹੀ ਹੈ। ਪੁਲੀਸ ਅਧਿਕਾਰੀਆਂ ਦਾ ਇਹ ਵੀ ਦੱਸਣਾ ਹੈ ਕਿ ਵਿਦੇਸ਼ਾਂ ਤੋਂ ਅਤਿਵਾਦੀ ਗਤੀਵਿਧੀਆਂ ਲਈ ਪੈਸਾ ਭੇਜੇ ਜਾਣ ਦੇ ਦੋਸ਼ਾਂ ਤਹਿਤ ਮਾਮਲੇ ਦਰਜ ਹੋਣ ਤੋਂ ਬਾਅਦ ਸਬੰਧਤ ਵਿਅਕਤੀਆਂ ਨੂੰ ਵਿਦੇਸ਼ ਤੋਂ ਭਾਰਤ ਲਿਆ ਕੇ ਅਦਾਲਤੀ ਕੇਸ ਚਲਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। 'ਟਾਡਾ' ਦੇ ਖਤਮ ਹੋਣ ਤੋਂ ਬਾਅਦ ਪੰਜਾਬ ਪੁਲੀਸ ਵਲੋਂ ਅਤਿਵਾਦੀ ਗਤੀਵਿਧੀਆਂ 'ਚ ਸ਼ਾਮਲ ਵਿਅਕਤੀਆਂ ਵਿਰੁਧ ਪਹਿਲੀ ਵਾਰੀ ਕਿਸੇ ਸਖ਼ਤ ਕਾਨੂੰਨ ਦੀ ਵਰਤੋਂ ਕੀਤੀ ਜਾ ਰਹੀ ਹੈ। ਕੇਂਦਰ ਵਲੋਂ ਬਣਾਏ ਗਏ 'ਪੋਟਾ' ਨੂੰ ਤਾਂ ਪੰਜਾਬ 'ਚ ਲਾਗੂ ਨਹੀਂ ਸੀ ਕੀਤਾ ਗਿਆ, ਪਰ ਦਸੰਬਰ 2008 'ਚ ਗੈਰ ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ 1967 'ਚ ਕੀਤੀ ਸੋਧ ਤੋਂ ਬਾਅਦ ਪਹਿਲੀ ਵਾਰੀ ਇਹ ਕਾਨੂੰਨ ਲਾਗੂ ਕੀਤਾ ਗਿਆ ਹੈ। ਦੇਸ਼ ਦੇ ਕਈ ਸੂਬਿਆਂ 'ਚ ਇਸ ਕਾਨੂੰਨ ਤਹਿਤ ਨਕਸਲੀਆਂ ਜਾਂ ਅਤਿਵਾਦੀ ਗਤੀਵਿਧੀਆਂ 'ਚ ਸ਼ਾਮਲ ਵਿਅਕਤੀਆਂ ਵਿਰੁਧ ਕੇਸ ਦਰਜ ਕੀਤੇ ਜਾ ਚੁੱਕੇ ਹਨ। ਦਲਜੀਤ ਸਿੰਘ ਬਿੱਟੂ ਸਮੇਤ 15 ਦੇ ਕਰੀਬ ਵਿਅਕਤੀਆਂ ਵਿਰੁਧ ਇਸੇ ਕਾਨੂੰਨ ਤਹਿਤ ਕੇਸ ਦਰਜ ਕੀਤੇ ਗਏ ਹਨ।

## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ, ਸਟਾਕਟਨ**

***ਸ਼੍ਰੋਮਣੀ ਕਮੇਟੀ ਚੋਣਾਂ ਲਈ ਤਿਆਰ ਹਾਂ-ਬਾਦਲ**

-ਭੁੱਕੀ ਤੇ ਸ਼ਰਾਬ ਦੇ ਟਰੱਕ ਪਹੁੰਚ ਚੁੱਕੇ ਐ! ਸੁਖਬੀਰ ਸੈਨਾ ਦੀ ਵੰਡਣ ਲਈ ਡਿਊਟੀ ਲੱਗ ਚੁੱਕੀ ਐ। ਪੰਥਕ ਆਗੂ ਅੰਦਰ ਕਰ'ਤੇ। ਸੌਦਾ ਸਾਧ ਨਾਲ ਰਜ਼ਾਮੰਦੀ ਐ। ਚੋਣਾਂ ਲੜਨ ਲਈ ਤਿਆਰ ਹਾਂ।

***ਟੋਰਾਂਟੋ ਤੋਂ ਛਪਦੀ ਪੰਜਾਬੀ ਅਖਬਾਰ ਦੇ ਸੰਪਾਦਕ ਦਾ ਪੁੱਤ ਮੁੰਡੇ ਜੰਮਣ ਦੀ ਦਵਾਈ ਵੇਚਦਾ ਫੜ੍ਹਿਆ-ਖਬਰ**

-ਹੋ ਸਕਦੈ ਧਾਗੇ-ਤਵੀਤ ਵੀ ਕਰਦਾ ਹੋਵੇ।

***ਜਥੇਦਾਰ ਸਾਹਿਬ ਕੋਲੋਂ ਮੱਕੜ, ਬਾਦਲ ਤੇ ਸੁਖਬੀਰ ਨੂੰ ਅਕਾਲ ਤਖ਼ਤ 'ਤੇ ਤਲਬ ਕਰਨ ਦੀ ਮੰਗ**

-ਲਓ ਕਰੋ ਲੋ ਗੱਲ! ਅੱਜ ਤਾਈਂ ਕੋਈ ਨੌਕਰ ਮਾਲਕਾਂ 'ਤੇ ਹੁਕਮ ਚਲਾਉਂਦਾ ਵੇਖਿਐ?

***ਸੰਤ-ਸਿਪਾਹੀ ਦੇ ਸੰਕਲਪ ਨੂੰ ਸਮਕਾਲੀ ਅੰਦਰਭ ਵਿਚ ਸਮਝਣ ਦੀ ਲੋੜ-ਪ੍ਰੋ. ਭੋਗਲ**

-ਇਸ ਸਿਧਾਂਤ ਨੂੰ ਪਿੱਠ ਦੇਈ ਬੈਠੇ ਵਿਹਲੜ ਸੰਤ ਬਾਬੇ ਕਦੋਂ ਚਾਹੁਣਗੇ ਕਿ ਸੰਗਤ ਇਸ ਸਿਧਾਂਤ ਨੂੰ ਸਮਝੇ।

***ਟਰੱਕ 'ਚੋਂ ਕੋਕੀਨ ਫੜ੍ਹੇ ਜਾਣ 'ਤੇ ਧਾਹੀਂ ਰੋਏ ਸਨ ਬਰੈਂਪਟਨ ਦੇ ਪੰਜਾਬੀ ਡਰਾਈਵਰ**

-ਸ਼ੁਕਰ ਕਰੋ ਕਿਤੇ ਪੰਜਾਬ ਪੁਲਿਸ ਦੇ ਹੱਥ ਨਹੀਂ ਲੱਗੇ। ਉਨ੍ਹਾਂ ਨੇ ਛਿੱਲਣਾ ਵੀ ਸੀ ਤੇ ਰੋਣ ਵੀ ਨਹੀਂ ਸੀ ਦੇਣਾ।

***ਭਾਜਪਾ ਲਈ ਔਖਾ ਹੋ ਰਿਹਾ ਹੈ ਪ੍ਰਧਾਨ ਲੱਭਣਾ**

-ਖੱਡਾਂ ਵੱਲ ਨੂੰ ਰੁੜ੍ਹੀ ਜਾਂਦੀ ਬੱਸ ਦਾ ਡਰਾਈਵਰ ਕੌਣ ਬਣੇ?

***ਨਕਲੀ ਖੋਆ, ਨਕਲੀ ਦੁੱਧ ਤੇ ਮਿਲਾਵਟੀ ਗੁੜ ਦੀ ਭਰਮਾਰ**

-ਇਹੀ ਤੇ ਵਿਕਾਸ ਐ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ ਹੈ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ ਹੈ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Kashmir S. Thandi
Office: (866) 933-3038
Balhar S. Rana
Cell:916-502-7733

Call For Special Price

4585 Pell Dr. Secramento CA, 95838



HOME LOANS
Sacramento and Central Valley

ਜੈਗ ਭੰਗੂ ਜੋ ਇਕ ਹਜ਼ਾਰ ਤੋਂ ਵੱਧ ਹਰ ਕਿਸਮ ਦੇ ਲੋਨ ਕਰ ਚੁੱਕੇ ਹਨ

Attention Home Buyers & Realtors
Get qualified for loan before looking for a house.

Free Credit & Loan pre approval

ਰੀਫਾਇਨਾਂਸ ਕਰਵਾਓ ਅਤੇ ਆਪਣੀ ਵਿਆਜ ਦਰ ਤੇ ਕਿਸ਼ਤ ਘਟਾਓ

ਤੁਹਾਡੇ ਸੁਪਨਿਆਂ ਦਾ ਘਰ ਖਰੀਦਣ ਲਈ ਲੋਨ ਚੰਗੀਆਂ ਸ਼ਰਤਾਂ ਲੈਣ ਲਈ ਮੈਂ ਤੁਹਾਡੀ ਮਦਦ ਕਰ ਸਕਦਾ ਹਾਂ

Purchase home with 3.5% Down FHA

Loan can be approved even if your bank/loan officer said NO

Low credit score ...We can do the loan

Realtors get your client pre approved ...Call for details



Self Employed OK
First Time Home Buyers OK
Loan Available For Bank Owned Properties

ਘਰਾਂ ਦੀ ਖਰੀਦ ਲਈ ਬੇ-ਏਰੀਆ, ਸੈਕਰਾਮੈਂਟੋ ਅਤੇ ਸੈਂਟਰਲ ਵੈਲੀ ਲਈ ਲੋਨ ਉਪਲਬਧ ਹੈ।

ਜੈਗ ਭੰਗੂ
408-598-9605
916-759-1923
CA DRE Lic 01364174

Direct Mortgage Lender Rates Are LOW Now

DIRECT LENDERS AND MAJOR BANKS LOAN AVAILABLE



For Honest and Reliable
Real Estate Services

ਸੈਕਰਾਮੈਂਟੋ ਅਤੇ ਕੈਲੇਫੋਰਨੀਆ ਦੇ ਹੋਰਨਾਂ ਸ਼ਹਿਰਾਂ ਵਿਚ ਮਕਾਨਾਂ ਅਤੇ ਜਾਇਦਾਦ ਦੀਆਂ ਕੀਮਤਾਂ ਬਹੁਤ ਹੇਠਾਂ ਆ ਗਈਆਂ ਹਨ। ਘਰ ਦਾ ਸੌਦਾ ਜਾਂ ਇਨਵੈਸਟਮੈਂਟ ਦਾ ਸੌਦਾ ਮਾਰਨ ਦਾ ਇਹ ਢੁਕਵਾਂ ਮੌਕਾ ਹੈ। ਸਹੀ ਸਲਾਹ ਲਈ ਅੱਜ ਹੀ ਕਾਲ ਕਰੋ।

Hiring New Realtors

Nand S. Brar
Broker/Owner
DRE Lic No: 01816328



(916) 501-3974
(916) 729-5453

East to West Realty
A Real Estate & Investment Group

Email : nandsbrar@gmail.com, www.etwrealty.com

## ਨਰਮੇ ਦਾ ਗੜ੍ਹ ਮਲਕਾਣਾ ਬਣਿਆ ਕੈਂਸਰ ਦਾ ਟਿਕਾਣਾ

**ਬਠਿੰਡਾ:**ਹਲਕੇ ਦਾ ਵੱਡਾ ਪਿੰਡ ਤੇ ਨਰਮੇ ਦਾ ਗੜ੍ਹ ਹੋਣ ਦੇ ਬਾਵਜੂਦ ਇਸ ਪਿੰਡ 'ਤੇ ਪੈ ਰਹੇ ਕੈਂਸਰ ਦੇ ਪਰਛਾਵੇਂ ਨੇ ਹਰ ਬਾਸ਼ਿੰਦੇ ਨੂੰ ਚਿੰਤਾ ਵਿਚ ਪਾਇਆ ਹੋਇਆ ਹੈ। ਪਿਛਲੇ ਚਾਰ ਮਹੀਨੇ ਵਿਚ ਕੈਂਸਰ ਕਾਰਨ ਪਿੰਡ ਵਿਖੇ ਛੇ ਮੌਤਾਂ ਹੋ ਚੁੱਕੀਆਂ ਹਨ। ਪਿੰਡ ਦੇ ਆਰ.ਓ.ਪਲਾਂਟ ਨੇੜੇ ਬੈਠੇ ਵੱਡੀ ਉਮਰ ਦੇ ਲੋਕਾਂ ਨੂੰ ਜਦੋਂ ਪਿੰਡ ਵਿਚ ਕੈਂਸਰ ਦੇ ਵਧਦੇ ਪ੍ਰਭਾਵ ਬਾਰੇ ਪੁੱਛਿਆ ਗਿਆ ਤਾਂ ਬਲਬੀਰ ਸਿੰਘ ਨੇ ਬੜੀ ਉਦਾਸੀ ਨਾਲ ਜਵਾਬ ਦਿੱਤਾ ਕਿ ਮਾਲਵੇ ਦੇ ਬਾਕੀ ਪਿੰਡਾਂ ਵਿਚ ਹੁਣ ਉਨ੍ਹਾਂ ਦਾ ਪਿੰਡ ਵੀ ਗ੍ਰਹਿਣਿਆ ਗਿਆ ਹੈ। ਸੱਥ ਵਿਚ ਬੈਠੇ ਇਕ ਵਿਅਕਤੀ ਨੇ ਤਾਂ ਢਿੱਡ ਦੇ ਕੈਂਸਰ ਨਾਲ 24 ਜੁਲਾਈ ਨੂੰ ਮਰੇ ਆਪਣੇ ਹਾਣੀ ਗੁਰਚਰਨ ਸਿੰਘ (60) ਦੀ ਗੱਲ ਛੋਂਹਦਿਆਂ ਆਖਿਆ ਕਿ ਉਸ ਨੇ ਆਪਣੇ ਅੱਖੀਂ ਗੁਰਚਰਨ ਨੂੰ ਇਸ ਬਿਮਾਰੀ ਦਾ ਸ਼ਿਕਾਰ ਹੁੰਦਿਆਂ ਤੱਕਿਆ। ਸਾਰਾ ਕੁਝ ਇਕ ਮਹੀਨੇ ਵਿਚ ਹੀ ਹੋਇਆ ਤੇ ਜਦੋਂ ਤੱਕ ਸਮਝ ਆਈ, ਉਦੋਂ ਤੱਕ ਉਸ ਦੀ ਜੱਗ ਨਾਲੋਂ ਪਰੀਤ ਟੁੱਟ ਚੁੱਕੀ ਸੀ।

ਚਾਰ ਮਹੀਨੇ ਪਹਿਲਾਂ ਮੂੰਹ ਦੇ ਕੈਂਸਰ ਨਾਲ ਖਤਮ ਹੋਏ 63 ਕੁ ਸਾਲਾਂ ਦੇ ਕੌਰ ਸਿੰਘ ਨੂੰ 7 ਮਹੀਨੇ ਇਸ ਬਿਮਾਰੀ ਨਾਲ ਜੂਝਣਾ ਪਿਆ। ਕੈਂਸਰ ਕਾਰਨ ਹੋ ਰਹੀਆਂ ਇਕ ਤੋਂ ਬਾਅਦ ਇਕ ਮੌਤਾਂ ਨੇ ਪਿੰਡ ਦੇ ਧੀਆਂ-ਪੁੱਤਾਂ ਦੇ ਰਿਸ਼ਤਿਆਂ 'ਤੇ ਵੀ ਪ੍ਰਸ਼ਨ ਚਿੰਨ੍ਹ ਲਾ ਦਿੱਤਾ ਹੈ। ਬਲਦੇਵ ਸਿੰਘ ਅਨੁਸਾਰ ਇਕ ਰਿਸ਼ਤਾ ਤਾਂ ਉਸਦੇ ਦੇਖਦੇ-ਦੇਖਦੇ ਇਸ ਕਰਕੇ ਸਿਰੇ ਨਾ ਚੜ੍ਹਿਆ ਕਿ ਪਿੰਡ ਵਿਚ ਕੈਂਸਰ ਦੇ ਮਰੀਜ਼ ਹਨ। ਲੰਘੀ ਪਹਿਲੀ ਜੁਲਾਈ ਨੂੰ 40 ਸਾਲ ਦੀ ਉਮਰ ਭਰੇ ਪੂਰੇ ਪਰਿਵਾਰ ਨੂੰ ਅਲਵਿਦਾ ਆਖ ਗਈ ਗੁਰਦੀਪ ਕੌਰ ਦੀ ਜਾਨ ਦਾ ਕਾਰਨ ਗਲੇ ਦਾ ਕੈਂਸਰ ਬਣਿਆ। ਜਸਵਿੰਦਰ ਕੌਰ ਵੀ ਉਮਰ ਦੇ ਇਸ ਪੜਾਅ 'ਤੇ 5 ਅਗਸਤ ਨੂੰ ਛਾਤੀ ਦੇ ਕੈਂਸਰ ਅੱਗੇ ਹਾਰ ਗਈ। ਉਸ ਦੇ ਪਤੀ ਜਸਕਰਨ ਸਿੰਘ ਦੀ ਪੂਰੇ ਦੋ ਸਾਲ ਉਸ ਦੇ ਇਲਾਜ ਵਾਸਤੇ ਲਾਈ ਵਾਹ ਵੀ ਕੈਂਸਰ ਅੱਗੇ ਟਿਕ ਨਾ ਸਕੀ। ਗੋਲੋ ਕੌਰ ਨੂੰ ਬੱਚੇਦਾਨੀ ਦੇ ਕੈਂਸਰ ਨੇ ਉਮਰ ਦੇ 52ਵੇਂ ਵਰ੍ਹੇ ਵਿਚ 5 ਸਤੰਬਰ ਨੂੰ ਉਸ ਦੇ ਪਰਿਵਾਰ ਤੋਂ ਖੋਹ ਲਿਆ। ਪਿੰਡ 'ਤੇ ਕੈਂਸਰ ਦੇ ਪਰਛਾਵੇਂ ਦਾ ਸਿਹਤ ਵਿਭਾਗ ਨੇ ਕੁਝ ਸਮਾਂ ਪਹਿਲਾਂ ਇਕ ਸਰਵੇਖਣ ਵੀ ਕਰਵਾਇਆ ਸੀ, ਜਿਸ ਵਿਚ ਪੰਜ ਪੀੜਤ ਲੱਭੇ ਸਨ, ਪਰ ਉਸ ਤੋਂ ਬਾਅਦ ਛੇ ਮੌਤਾਂ ਇਸ ਬਿਮਾਰੀ ਨਾਲ ਹੋਣ ਤੋਂ ਸਿਹਤ ਵਿਭਾਗ ਦੇ ਮੁੜ ਤੋਂ ਸਰਵੇਖਣ ਦੀ ਤੁਰੰਤ ਲੋੜ ਬਣ ਗਈ ਹੈ।

## ਸੂਚਨਾ ਅਧਿਕਾਰ ਐਕਟ ਦੀ ਵੈਬਸਾਈਟ ਪੰਜਾਬੀ 'ਚ ਜਲਦ

**ਪਟਿਆਲਾ**:ਸ੍ਰੀਮਤੀ ਰਵੀ ਸਿੰਘ ਰਾਜ ਸੂਚਨਾ ਕਮਿਸ਼ਨਰ ਪੰਜਾਬ ਨੇ ਕਿਹਾ ਕਿ ਜਲਦ ਹੀ ਸੂਚਨਾ ਅਧਿਕਾਰ ਐਕਟ ਬਾਰੇ ਸਾਰੀ ਜਾਣਕਾਰੀ ਵੈਬਸਾਇਟ 'ਤੇ ਪੰਜਾਬੀ ਵਿਚ ਪਾਈ ਜਾ ਰਹੀ ਹੈ ਤਾਂ ਕਿ ਸੂਚਨਾ ਅਧਿਕਾਰ ਬਾਰੇ ਘੱਟ ਪੜ੍ਹਿਆ ਵਿਅਕਤੀ ਵੀ ਜਾਣ ਸਕੇ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਉਨ੍ਹਾਂ ਸਥਾਨਕ ਜਿੰਮਖਾਨਾ ਕਲੱਬ ਵਿਖੇ ਪੰਜਾਬ ਰਾਜ ਸੂਚਨਾ ਕਮਿਸ਼ਨ ਵਲੋਂ ਆਮ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਤੇ ਫਰਜ਼ਾਂ ਤੋਂ ਜਾਣੂ ਕਰਵਾਉਣ ਲਈ ਵੱਖ-ਵੱਖ ਸਕੂਲਾਂ ਦੇ ਬੱਚਿਆਂ ਦੇ ਕਰਵਾਏ ਗਏ ਚਿੱਤਰਕਾਰੀ ਮੁਕਾਬਲਿਆਂ ਦੌਰਾਨ ਵਿਦਿਆਰਥੀਆਂ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਜਾਣਕਾਰੀ ਦੇਣ ਸਮੇਂ ਕੀਤਾ।

ਰਵੀ ਸਿੰਘ ਨੇ ਕਿਹਾ ਕਿ ਲੋਕਤੰਤਰ ਵਿਚ ਸੂਚਨਾ ਆਕਸੀਜ਼ਨ ਦਾ ਕੰਮ ਕਰਦੀ ਹੈ ਅਤੇ ਇਹੋ ਲੋਕਤੰਤਰ ਦੀ ਸ਼ਕਤੀ ਹੁੰਦੀ ਹੈ, ਜਿਹੜੇ ਲੋਕਾਂ ਨੂੰ ਸਮਾਜ ਵਿਚ ਚੱਲ ਰਹੀਆਂ ਗਤੀਵਿਧੀਆਂ ਬਾਰੇ ਕੁਝ ਵੀ ਪਤਾ ਨਹੀਂ ਹੈ ਉਨ੍ਹਾਂ ਲੋਕਾਂ ਨੂੰ ਸੂਚਨਾ ਅਧਿਕਾਰ ਐਕਟ ਰਾਹੀਂ ਵਿਸ਼ੇਸ਼ ਸ਼ਕਤੀ ਮਿਲੀ ਹੈ, ਹੁਣ ਹਰੇਕ ਨਾਗਰਿਕ 10 ਰੁਪਏ ਦਾ ਡਰਾਫਟ ਲਗਾ ਕੇ ਕਿਸੇ ਵੀ ਸਰਕਾਰੀ ਵਿਭਾਗ ਤੋਂ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹਾਸਲ ਕਰ ਸਕਦਾ ਹੈ ਅਤੇ ਜੇਕਰ ਸਬੰਧਤ ਲੋਕ ਸੂਚਨਾ ਅਫਸਰ ਉਸ ਨੂੰ 30 ਦਿਨਾਂ ਦੇ ਵਿਚ-ਵਿਚ ਮੰਗੀ ਗਈ ਜਾਣਕਾਰੀ ਨਹੀਂ ਦਿੰਦਾ ਤਾਂ ਇਸ ਸਬੰਧੀ ਸਿੱਧੇ ਰਾਜ ਸੂਚਨਾ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਜਾ ਸਕਦੀ ਹੈ ਅਤੇ ਕਮਿਸ਼ਨ ਸਬੰਧਤ ਅਧਿਕਾਰੀ/ਕਰਮਚਾਰੀ ਵਿਰੁਧ ਅਨੁਸ਼ਾਸਨਿਕ ਕਾਰਵਾਈ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਸੂਚਨਾ ਅਧਿਕਾਰ ਐਕਟ ਬਾਰੇ ਹੀ ਪੰਜਾਬੀ ਭਾਸ਼ਾ ਵਿਚ ਹੀ ਇੱਕ ਕਿਤਾਬਚਾ ਦਿੱਤਾ ਜਾ ਰਿਹਾ ਹੈ ਜਿਸ ਦੀ ਕੀਮਤ 60/-ਰੁਪਏ ਹੈ। ਉਨ੍ਹਾਂ ਕਿਹਾ ਕਿ ਇਸ ਐਕਟ ਦਾ ਮੁੱਖ ਮੰਤਵ ਇਹ ਹੈ ਸਰਕਾਰੀ ਅਧਿਕਾਰੀਆਂ/ ਕਰਮਚਾਰੀਆਂ ਨੂੰ ਆਮ ਲੋਕਾਂ ਪ੍ਰਤੀ ਜਵਾਬਦੇਹ ਬਣਾਉਣਾ ਅਤੇ ਸਰਕਾਰੀ ਕੰਮ ਕਾਜ਼ ਵਿਚ ਪਾਰਦਰਸ਼ਤਾ ਲਿਆਉਣੀ ।

## ਹਾਈਕੋਰਟ ਵਲੋਂ ਜੁਰਮਾਨੇ ਵਧਾਏ ਜਾਣ ਦੀ ਵਕਾਲਤ

**ਚੰਡੀਗੜ੍ਹ:** ਪੰਜਾਬ ਹਰਿਆਣਾ ਹਾਈ ਕੋਰਟ ਮਹਿੰਗਾਈ ਦੇ ਮੱਦੇਨਜ਼ਰ ਜੁਰਮਾਨਿਆਂ ਵਿਚ ਵਾਧਾ ਕਰਨਾ ਚਾਹੁੰਦੀ ਹੈ। ਚੀਫ ਜਸਟਿਸ ਤੀਰਥ ਸਿੰਘ ਠਾਕੁਰ ਦੀ ਅਗਵਾਈ ਵਾਲੇ ਬੈਂਚ ਦਾ ਮੰਨਣਾ ਹੈ ਕਿ ਜਾਨਵਰਾਂ 'ਤੇ ਅਤਿਆਚਾਰਾਂ ਦੇ ਕੇਸਾਂ ਵਿਚ ਜੁਰਮਾਨਿਆਂ ਦੇ ਰੂਪ ਵਿਚ ਭਰੀ ਜਾਣ ਵਾਲੀ ਰਕਮ ਹੁਣ ਮਾਮੂਲੀ ਹੋ ਕੇ ਰਹਿ ਗਈ ਹੈ। ਇਸ ਲਈ ਇਹ ਆਪਣਾ ਮੰਤਵ ਗੁਆ ਚੁੱਕੀ ਹੈ। ਲਾਅ ਕਮਿਸ਼ਨ ਨੂੰ ਇਸ ਬਾਰੇ ਸੋਚਣਾ ਚਾਹੀਦਾ ਹੈ। ਸਮਾਜਸੇਵੀ ਜਥੇਬੰਦੀ ਲੋਕ ਪ੍ਰਥਮ ਤੇ ਹੋਰਨਾਂ ਵਲੋਂ ਦਾਇਰ ਜਨਹਿਤ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਚੀਫ ਜਸਟਿਸ ਤੀਰਥ ਸਿੰਘ ਠਾਕੁਰ ਅਤੇ ਜਸਟਿਸ ਕੰਵਲਜੀਤ ਸਿੰਘ ਆਹਲੂਵਾਲੀਆ ਦੇ ਬੈਂਚ ਨੇ ਜੁਰਮਾਨੇ ਦੀ ਰਕਮ ਵਧਾਉਣ ਦੀ ਆਪਣੀ ਇੱਛਾ ਜ਼ਾਹਰ ਕਰਦਿਆਂ ਕਿਹਾ ਕਿ ਇਸ ਡਰਾਵੇ ਦੇ ਪ੍ਰਤੀਕ ਵਜੋਂ ਮੁੜ ਸਥਾਪਤ ਕਰਨ ਲਈ ਅਜਿਹਾ ਕਰਨਾ ਜ਼ਰੂਰੀ ਹੈ।

ਜਸਟਿਸ ਆਹਲੂਵਾਲੀਆ ਨੇ ਬੈਂਚ ਦੀ ਤਰਫੋਂ ਆਖਿਆ, "ਅਸੀਂ ਲਾਅ ਕਮਿਸ਼ਨ ਨੂੰ ਬੇਨਤੀ ਕਰਦੇ ਹਾਂ ਕਿ ਕਾਨੂੰਨ ਦੀ ਧਾਰਾ 11 ਉਤੇ ਵਿਚਾਰ ਕੀਤੀ ਜਾਵੇ ਅਤੇ ਬਦਲੇ ਹੋਏ ਹਾਲਾਤ ਵਿਚ ਢੁੱਕਵੀਂ ਤੇ ਕਾਰਗਰ ਦੰਡ ਦੀ ਵਿਵਸਥਾ ਕੀਤੀ ਜਾਵੇ।" ਬੈਂਚ ਨੇ ਹੁਕਮ ਦੀ ਕਾਪੀ ਲਾਅ ਕਮਿਸ਼ਨ ਨੂੰ ਭੇਜਣ ਦੀ ਵੀ ਹਦਾਇਤ ਕੀਤੀ। ਬੈਂਚ ਨੇ ਵੇਰਵੇ ਦਿੰਦਿਆਂ ਕਿਹਾ ਕਿ ਅੱਤਿਆਚਾਰ ਰੋਕੂ ਕਾਨੂੰਨ 1960 ਵਿਚ ਬਣਾਇਆ ਗਿਆ ਸੀ ਅਤੇ 1982 ਵਿਚ ਇਸ ਸਬੰਧੀ ਸੋਧ ਕੀਤੀ ਗਈ ਸੀ। ਇਸ ਧਾਰਾ 11 ਵਿਚ ਵਿਵਸਥਾ ਹੈ ਕਿ ਪਹਿਲੇ ਅਪਰਾਧ ਲਈ ਜੁਰਮਾਨਾ 10 ਰੁਪਏ ਤੋਂ ਘੱਟ ਅਤੇ 50 ਰੁਪਏ ਤੋਂ ਵਧ ਨਹੀਂ ਹੋਣਾ ਚਾਹੀਦਾ। ਪਹਿਲੇ ਅਪਰਾਧ ਤੋਂ ਤਿੰਨ ਸਾਲਾਂ ਦੇ ਅੰਦਰ-ਅੰਦਰ ਦੂਜੇ ਜਾਂ ਉਸ ਤੋਂ ਬਾਅਦ ਹੋਰ ਅਪਰਾਧਾਂ ਲਈ ਘੱਟੋ-ਘੱਟ ਜੁਰਮਾਨਾ 25 ਰੁਪਏ ਅਤੇ ਵਧ ਤੋਂ ਵਧ 100 ਰੁਪਏ ਜਾਂ ਵਧ ਤੋਂ ਵਧ ਤਿੰਨ ਮਹੀਨੇ ਦੀ ਕੈਦ ਜਾਂ ਫਿਰ ਦੋਵੇਂ ਸਜਾਵਾਂ ਹੋ ਸਕਦੀਆਂ ਹਨ।

## ਬਿਜਲੀ ਬੋਰਡ ਵਲੋਂ ਲਏ ਕਰਜ਼ੇ 'ਤੇ ਕਮਿਸ਼ਨ ਦੇਣ ਦੇ ਮਾਮਲੇ ਦੀ ਜਾਂਚ

**ਚੰਡੀਗੜ੍ਹ :**ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਬੀਤੀ 9 ਅਕਤੂਬਰ ਨੂੰ ਪੰਜਾਬ ਰਾਜ ਬਿਜਲੀ ਬੋਰਡ ਵਲੋਂ ਪਟਿਆਲਾ ਦੀ ਮਾਲ ਰੋਡ ਬ੍ਰਾਂਚ ਦੇ ਪੰਜਾਬ ਨੈਸ਼ਨਲ ਬੈਂਕ ਤੋਂ ਲਏ 300 ਕਰੋੜ ਰੁਪਏ ਦੇ ਕਰਜ਼ੇ 'ਤੇ ਵਿਚੋਲਗੀ ਕਰਨ ਵਾਲੀ ਕੰਪਨੀ ਨੂੰ 1.62 ਕਰੋੜ ਦਾ ਬਤੌਰ ਫੀਸ ਭੁਗਤਾਨ ਕਰਨ ਦੀ ਸੀ ਬੀ ਆਈ ਜਾਂਚ ਦੇ ਹੁਕਮ ਦਿੱਤੇ ਹਨ। ਹਾਈਕੋਰਟ ਨੇ ਇਹ ਵੀ ਨਿਰਦੇਸ਼ ਦਿੱਤੇ ਹਨ ਕਿ ਸੀ ਬੀ ਆਈ ਇਸ ਮਾਮਲੇ ਦੀ ਜਾਂਚ ਕਰੇ ਅਤੇ ਤਫਤੀਸ਼ ਜੁਆਇੰਟ ਡਾਇਰੈਕਟਰ ਜਾਂ ਡੀ ਆਈ ਜੀ ਪੱਧਰ ਦੇ ਅਫਸਰ ਤੋਂ ਕਰਵਾਈ ਜਾਵੇ। ਹਾਈਕੋਰਟ ਨੇ ਇਹ ਵੀ ਕਿਹਾ ਹੈ ਕਿ ਜੇ ਪੰਜਾਬ ਰਾਜ ਬਿਜਲੀ ਬੋਰਡ ਅਤੇ ਪੰਜਾਬ ਨੈਸ਼ਨਲ ਬੈਂਕ ਦੇ ਅਧਿਕਾਰੀ ਚਾਰੇ ਪਾਸਿਓਂ ਭ੍ਰਿਸ਼ਟਾਚਾਰ ਰੋਕੂ ਐਕਟ ਦੇ ਅਧੀਨ ਆਉਂਦੇ ਹੋਣ ਤਾਂ ਜਾਂਚ ਕਰਕੇ ਦੋਸ਼ੀਆਂ ਖਿਲਾਫ ਮੁਕਦਮਾ ਚਲਾਇਆ ਜਾਵੇ।

ਜ਼ਿਕਰਯੋਗ ਹੈ ਕਿ ਇਹ ਕਰਜ਼ੇ ਬਿਜਲੀ ਬੋਰਡ ਨੇ 9 ਜਨਵਰੀ, 2006 ਨੂੰ ਵਿਚੋਲਗੀ ਕਰਨ ਵਾਲੀ ਕੰਪਨੀ ਏ ਕੇ ਕੈਪੀਟਲਜ਼ ਲਿਮਟਿਡ ਨੂੰ ਫੀਸ ਦੇ ਤੌਰ 'ਤੇ ਦਿੱਤੇ ਸਨ। ਕੰਪਿਊਟਰ ਆਫ ਕੰਟਰੋਲਰ ਜਨਰਲ ਯਾਨੀ ਕੈਗ ਦੀ 31 ਮਾਰਚ 2007 ਨੂੰ ਜਾਰੀ ਰਿਪੋਰਟ ਵਿਚ ਇਸ ਭੁਗਤਾਨ 'ਤੇ ਸਵਾਲ ਉਠਾਏ ਗਏ ਹਨ।ਹਾਈਕੋਰਟ ਨੇ ਸਾਫ ਕਿਹਾ ਕਿ ਇਸ ਮਾਮਲੇ ਵਿਚ ਗੜਬੜ ਵਿਖਾਈ ਦਿੰਦੀ ਹੈ।

## ਪੂਰਾ ਨਵੰਬਰ ਪੰਜਾਬੀ ਮਹੀਨੇ ਵਜੋਂ ਮਨਾਇਆ ਜਾਵੇਗਾ

**ਚੰਡੀਗੜ੍ਹ:** ਉਚੇਰੀ ਸਿੱਖਿਆ ਮੰਤਰੀ ਡਾ. ਉਪਿੰਦਰਜੀਤ ਕੌਰ ਨੇ ਦੱਸਿਆ ਕਿ ਸਰਕਾਰ ਨੇ ਨਵੰਬਰ ਨੂੰ ਪੰਜਾਬੀ ਮਹੀਨੇ ਵਜੋਂ ਮਨਾਉਣ ਦਾ ਫੈਸਲਾ ਕੀਤਾ ਹੈ ਅਤੇ ਇਸ ਸਬੰਧੀ ਵੱਖ-ਵੱਖ ਜ਼ਿਲਿਆਂ ਵਿਚ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਲਈ ਕਈ ਪ੍ਰੋਗਰਾਮ ਉਲੀਕੇ ਗਏ ਹਨ। ਇਸ ਲੜੀ ਤਹਿਤ ਪਹਿਲੀ ਨਵੰਬਰ ਨੂੰ ਉਦਘਾਟਨੀ ਸਮਾਗਮ ਕਸਬਾ ਸੁਲਤਾਨਪੁਰ ਲੋਧੀ, ਵਿਖੇ ਹੋਵੇਗਾ ਜੋ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਸਮਾਗਮ ਦੇ ਮੁੱਖ ਮਹਿਮਾਨ ਸੱਭਿਆਚਾਰਕ ਮੰਤਰੀ ਹੀਰਾ ਸਿੰਘ ਗਾਬੜੀਆ ਹੋਣਗੇ ਅਤੇ ਪ੍ਰਧਾਨਗੀ ਖੁਰਾਕ ਅਤੇ ਜਨਤਕ ਵੰਡ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਕਰਨਗੇ।

ਇਸ ਉਦਘਾਟਨੀ ਸਮਾਗਮ ਦੀ ਸ਼ੁਰੂਆਤ ਗੁਰੂ ਨਾਨਕ ਦੇਵ ਦੇ ਫਲਸਫੇ ਨਾਲ ਸਬੰਧਤ ਕੁੰਜੀਵਤ ਭਾਸ਼ਨ ਨਾਲ ਹੋਵੇਗੀ।

ਸਿੱਖਿਆ ਮੰਤਰੀ ਨੇ ਦੱਸਿਆ ਕਿ 12 ਨਵੰਬਰ ਨੂੰ ਬਠਿੰਡਾ ਵਿਚ ਸਕੂਲ ਪੱਧਰ ਦੇ ਸੂਬਾਈ ਸਾਹਿਤਕ ਕੁਇਜ਼ ਕਰਵਾਈ ਜਾਵੇਗੀ ਜਦਕਿ 14 ਨਵੰਬਰ ਨੂੰ ਲੁਧਿਆਣਾ ਵਿਚ ਰਾਜ ਪਧਰੀ ਸਾਹਿਤ ਸਿਰਜਨ/ਕਵਿਤਾ ਗਾਇਨ ਮੁਕਾਬਲੇ ਕੀਤੇ ਜਾਣਗੇ। ਅੰਮ੍ਰਿਤਸਰ ਵਿਚ 16 ਨਵੰਬਰ ਨੂੰ ਨਾਟਕਾਂ ਦੀ ਸ਼ਾਮ ਹੋਵੇਗੀ। ਡਾ. ਉਪਿੰਦਰਜੀਤ ਕੌਰ ਨੇ ਦੱਸਿਆ ਕਿ ਇਸ ਪੰਜਾਬੀ ਮਾਹ ਦਾ ਵਿਦਾਇਗੀ ਸਮਾਗਮ ਪ੍ਰਿੰਸੀਪਲ ਸੁਜਾਨ ਸਿੰਘ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ ਹੋਵੇਗਾ ਅਤੇ ਪਟਿਆਲਾ ਵਿਚ ਹੋਣ ਵਾਲੇ ਇਸ ਵਿਸ਼ੇਸ਼ ਸਮਾਗਮ ਦੌਰਾਨ 'ਪ੍ਰਿੰਸੀਪਲ ਸੁਜਾਨ ਸਿੰਘ ਦੀ ਪੰਜਾਬੀ ਕਹਾਣੀ ਨੂੰ ਦੇਣ' ਦੇ ਵਿਸ਼ੇ ਉਤੇ ਸਾਹਿਤਕ ਗੋਸ਼ਟੀ ਕਰਵਾਈ ਜਾਵੇਗੀ। ਸੱਭਿਆਚਾਰਕ ਪ੍ਰੋਗਰਾਮ ਦੌਰਾਨ ਸੂਫੀ ਗਾਇਕੀ ਦੀ ਪੇਸ਼ਕਾਰੀ ਹੋਵੇਗੀ ਅਤੇ ਸਰਵਉੱਤਮ ਸਾਹਿਤਕ ਤੇ ਵਧੀਆ ਛਪਾਈ ਲਈ ਪੁਰਸਕਾਰ ਵੀ ਤਕਸੀਮ ਕੀਤੇ ਜਾਣਗੇ।


## Matrimonials

Uncle invites correspondence for nephew 22, 5'11" jatt sikh handsome boy diploma in culinary arts & B.sc in hotel mgt currently working in Chandigarh, looking for well educated, beautiful girl preferablly from USA citizen or green card holder contact:301-653-7029
e-mail: balbirgoraya@yahoo.com

Medico Jat Sikh match for, 27, 5'0'/smart girl doing DDS in USA. Respond with place and time of birth. contact:219-878-1008
e-mail:sur_malhi@yahoo.co.in

ਰਾਮਗੜ੍ਹੀਆ ਸਿੱਖ, 27 ਸਾਲ, 6' 2", ਕਲੀਨ ਸ਼ੇਵ, ਗਰੀਨ ਕਾਰਡ ਹੋਲਡਰ ਗਰੈਜੂਏਟ ਲੜਕੇ ਲਈ ਗਰੀਨ ਕਾਰਡ ਹੋਲਡਰ ਜਾਂ ਅਮਰੀਕਨ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦਾ ਆਪਣਾ ਕਾਰੋਬਾਰ। ਅੱਛੀ ਆਮਦਨ। ਸੰਪਰਕ ਕਰੋ:ਫੋਨ 708-649-9192, 708-699-3800

Gursikh parents seeking suitable match for 26 Year old, 5' 3" daughter. Girl has done B.A. B.Ed. and is working as teacher in a reputed english medium school. Girl and Parents visiting US on tourist visa. Brother settled and working in US. Contact:408-544-0538, jaswinder_kaur_in@yahoo.com








**Punjab Times**

**Established in 2000**
**10th Year of Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu

**Astt. Editor:**
Jaspreet Kaur
Kuljeet Singh

**Graphics:**
Mandeep Singh

**California Bureau:**
Ashok Bhaura
(Bureau Chief)
925-752-8025
Tarlochan Singh Dupalpur
(408) 903-9952
Charanjit Singh Pannu
408-608-4961
Devinder Singh
(510) 750-5757
Shiara Dhindsa
661-703-6664
**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 75 ਡਾਲਰ,**
**ਪੰਜ ਸਾਲ ਲਈ: 350 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਟਕਰਾਵਾਂ ਵੱਲ ਵਧ ਰਹੀ ਹੈ ਇਹ ਦੁਨੀਆਂ

**ਜਸਵੀਰ ਸਿੰਘ ਸ਼ੀਰੀ**

**ਜਲੰਧਰ:** ਦੁਨੀਆਂ ਇਕ ਵੱਡੀ ਹਲਚਲ ਵਿਚੋਂ ਗੁਜ਼ਰ ਰਹੀ ਹੈ। ਭਾਰਤ ਅਤੇ ਪਾਕਿਸਤਾਨ ਅੰਦਰੂਨੀ ਕਲੇਸ਼ ਨਾਲ ਦੋ ਚਾਰ ਹਨ। ਅਮਰੀਕੀ ਡਾਲਰ ਦੀ ਸਰਦਾਰੀ ਖੁਸਣ ਹੀ ਵਾਲੀ ਹੈ ਅਤੇ ਰਿਪੋਰਟਾਂ ਅਨੁਸਾਰ ਅਮਰੀਕਾ ਦੇ ਸੁਪਨਸਾਜ਼ ਸੂਬੇ ਕੈਲੀਫੋਰਨੀਆ ਦੀ ਆਰਥਿਕਤਾ ਇਤਿਹਾਸ ਦੇ ਸਭ ਤੋਂ ਗੰਭੀਰ ਸੰਕਟ ਦਾ ਸ਼ਿਕਾਰ ਹੈ। ਸਾਡੇ ਗੁਆਂਢ ਵਿਚ ਹੋਣੀ ਪਾਕਿਸਤਾਨ ਦੇ ਪਾਸੇ ਭੰਨ ਰਹੀ ਹੈ। ਆਏ ਦਿਨ ਇਸ ਦੇ ਅੰਦਰੋਂ ਹੀ ਕੋਈ ਨਾ ਕੋਈ ਹਮਲਾ ਹੋ ਜਾਂਦਾ ਹੈ।

ਹਾਲੇ ਪਿਛਲੇ ਦਿਨੀਂ ਉਦੋਂ ਪਾਕਿਸਤਾਨ ਦੇ ਸਿਰ ਵਿਚ ਸੱਟ ਪਈ ਜਦੋਂ ਤਾਲਿਬਾਨ ਵਿਦਰੋਹੀਆਂ ਨੇ ਇਸ ਮੁਲਕ ਦੀ ਸਭ ਤੋਂ ਤਾਕਤਵਰ ਸੰਸਥਾ, ਮਿਲਟਰੀ ਹੈਡਕੁਆਰਟਰ ਉਪਰ ਹੀ ਹੱਲਾ ਬੋਲ ਦਿੱਤਾ ਅਤੇ ਤਕਰੀਬਨ ਅੱਧਾ ਸੈਂਕੜਾ ਲੋਕਾਂ ਨੂੰ ਪੂਰੇ ਦਿਹਾੜੇ ਲਈ ਬੰਦੀ ਬਣਾਈ ਰੱਖਿਆ। ਬੜੀ ਔਖ ਨਾਲ ਫੌਜ ਨੇ ਇਨ੍ਹਾਂ ਲੋਕਾਂ ਨੂੰ ਛੁਡਾਇਆ। ਇਸ ਨਾਲ 9 ਦੇ ਕਰੀਬ ਲੋਕ ਮਾਰੇ ਗਏ ਅਤੇ ਅਨੇਕਾਂ ਜ਼ਖਮੀ ਹੋ ਗਏ। ਚਾਰ ਹਮਲਾਵਰ ਵੀ ਇਸ ਘਟਨਾਕ੍ਰਮ ਵਿਚ ਮਾਰੇ ਗਏ ਅਤੇ ਇਕ ਦੇ ਫੜੇ ਜਾਣ ਦੀਆਂ ਖਬਰਾਂ ਵੀ ਛਪੀਆਂ ਹਨ ਪਤਾ ਨਹੀਂ ਸੱਚ ਹਨ ਜਾਂ ਝੂਠ। ਅਮਰੀਕੀ ਅਤੇ ਪਾਕਿਸਤਾਨੀ ਫੌਜ ਨੇ ਮਿਲ ਕੇ ਪਾਕਿਸਤਾਨ ਦੇ ਸਰਹੱਦੀ ਅਤੇ ਕਬਾਇਲੀ ਖੇਤਰਾਂ ਵਿਚ ਸਾਂਝੇ ਹਮਲੇ ਕਰਕੇ ਸ਼ਾਇਦ ਇਹ ਸੋਚਿਆ ਸੀ ਕਿ ਅਤਿਵਾਦ ਅਤੇ ਤਾਲਿਬਾਨ ਵਾਲੀ ਬਿਮਾਰੀ ਕਾਬੂ ਕਰ ਲਈ ਹੈ ਪਰ ਅਜਿਹਾ ਵਾਪਰਦਾ ਵਿਖਾਈ ਨਹੀਂ ਦਿੰਦਾ।

ਅਫਗਾਨਿਸਤਾਨ, ਜਿਸਨੂੰ ਸਾਮਰਾਜਾਂ ਦੀ ਕਬਰ ਆਖਿਆ ਜਾਂਦਾ ਹੈ ਅਤੇ ਜਿਹੜਾ ਵੀ ਸਾਮਰਾਜ ਇਥੇ ਫਸਿਆ ਉਸਦੀ ਮੌਤ ਉਪਰ ਦਸਤਖ਼ਤ ਆਪਣੇ ਆਪ ਹੋ ਜਾਂਦੇ ਹਨ। ਪਾਕਿਸਤਾਨ ਦਾ ਉਹ ਇਲਾਕਾ ਜਿਥੇ ਵਿਦਰੋਹੀਆਂ ਦੀ ਭਰਮਾਰ ਹੈ, ਅਫਗਾਨਿਸਤਾਨ ਦੇ ਨਾਲ ਹੀ ਲਗਦਾ ਹੈ। ਇਹ ਤਾਲਿਬਾਨ ਕਦੀ ਸਰਹੱਦ ਦੇ ਇਸ ਪਾਰ ਆ ਜਾਂਦੇ ਹਨ ਕਦੀ ਉਸ ਪਾਰ। ਇਨ੍ਹਾਂ ਦੀ ਭਾਸ਼ਾ ਵੀ ਲਗਭਗ ਸਾਂਝੀ ਹੈ ਅਤੇ ਜਿਉਣ-ਥੀਣ ਵੀ। ਇਨ੍ਹਾਂ ਨੂੰ ਜ਼ਮੀਨ ਉੱਪਰ ਹੁਣ ਪਾਕਿਸਤਾਨੀ ਫੌਜ ਘੇਰ ਰਹੀ ਸੀ ਅਤੇ ਅਸਮਾਨ ਵਿਚੋਂ ਮਨੁੱਖ ਰਹਿਤ ਅਮਰੀਕੀ ਜਹਾਜ਼, ਜਿਨ੍ਹਾਂ ਨੂੰ ਡਰੋਨ ਵੀ ਆਖਦੇ ਹਨ, ਹਮਲੇ ਕਰ ਰਹੇ ਸਨ। ਫਿਰ ਵੀ ਪਤਾ ਨਹੀਂ ਇਹ ਲੋਕ ਕਿਸ ਮਿੱਟੀ ਦੇ ਬਣੇ ਹਨ ਕਿ ਪਾਕਿਸਤਾਨ ਨੂੰ ਇਕ ਤਰ੍ਹਾਂ ਨਾਲ ਵਖ਼ਤ ਪਾ ਦਿੱਤਾ ਹੈ। ਵਰਲਡ ਟ੍ਰੇਡ ਸੈਂਟਰ ਉਪਰ ਹਮਲਿਆਂ ਵੇਲੇ ਜਦੋਂ ਤਾਲਿਬਾਨ ਹਕੂਮਤ ਵਿਚ ਸੀ ਅਤੇ ਅਲਕਾਇਦਾ ਉਸਦੀ ਸ਼ਰਣ ਵਿਚ, ਤਾਂ ਸ਼ਾਇਦ ਅਲਕਾਇਦਾ ਅਤੇ ਤਾਲਿਬਾਨ ਨੇ ਸੋਚਿਆ ਹੋਵੇਗਾ ਕਿ ਪਾਕਿਸਤਾਨ ਉਨ੍ਹਾਂ ਦੀ ਮਦਦ ਕਰੇਗਾ ਪਰ ਪਾਕਿਸਤਾਨ ਜਿਸਨੇ ਅੰਗ੍ਰੇਜ਼ਾਂ ਦੀ ਰਿਆਇਤਦਿਲੀ ਵਿਚੋਂ ਜਨਮ ਧਾਰਿਆ ਹੈ, ਅਜਿਹਾ ਕਰਨ ਦੇ ਕਤਈ ਸਮਰੱਥ ਨਹੀਂ ਹੈ।

ਭਾਵੇਂ ਆਜ਼ਾਦੀ ਤੋਂ ਪਿਛੋਂ ਭਾਰਤ ਦੀ ਆਰਥਿਕ ਅਤੇ ਸਿਆਸੀ ਵਿਕਾਸ ਪ੍ਰਕ੍ਰਿਆ ਹੋਰ ਪਾਸੇ ਤੁਰ ਪਈ ਹੈ ਪਰ ਪਾਕਿਸਤਾਨ ਹਮੇਸ਼ਾ ਆਪਣੇ ਬਚਾਓ ਲਈ ਪੱਛਮ ਵਿਚ ਅਮਰੀਕਾ ਵੱਲ ਅਤੇ ਏਸ਼ੀਆ ਵਿਚ ਚੀਨ ਵੱਲ ਝਾਕਦਾ ਰਿਹਾ ਹੈ। ਅੱਜ ਵੀ ਉਸਦੀ ਇਹੋ ਸਥਿਤੀ ਹੈ ਜਦੋਂਕਿ ਸੰਸਾਰ ਦੀ ਫੌਜੀ ਅਤੇ ਰਣਨੀਤਕ ਹਾਲਤ ਬਿਲਕੁਲ ਬਦਲ ਚੁੱਕੀ ਹੈ। ਪਾਕਿਸਤਾਨ ਅਤੇ ਅਮਰੀਕਾ ਨੇ ਰਲ ਕੇ ਜਿਹੜੇ ਤਾਲਿਬਾਨ ਸੋਵੀਅਤ ਯੂਨੀਅਨ ਦੇ ਖ਼ਿਲਾਫ ਪਾਲੇ ਸਨ ਉਨ੍ਹਾਂ ਨਾਲ ਹੀ ਇਨ੍ਹਾਂ ਮੁਲਕਾਂ ਦਾ ਸਿਰ ਵੱਢਵਾਂ ਵੈਰ ਪੈ ਗਿਆ ਹੈ।

ਅਮਰੀਕਾ ਵਿਚ ਇਕ ਪਾਸੇ ਤਾਂ ਅਫਗਾਨਿਸਤਾਨ ਦੇ ਤਾਲਿਬਾਨ ਨਾਲ ਨਿਪਟਣ ਲਈ ਹੋਰ ਫੌਜ ਭੇਜਣ ਦੀਆਂ ਗੱਲਾਂ ਚੱਲ ਰਹੀਆਂ ਹਨ ਦੂਜੇ ਪਾਸੇ ਅਮਰੀਕੀ ਪ੍ਰਸ਼ਾਸਨ ਖਾਸ ਕਰਕੇ ਬਰਾਕ ਓਬਾਮਾ ਤਾਲਿਬਾਨ ਅਤੇ ਅਲਕਾਇਦਾ ਨੂੰ ਵੱਖ-ਵੱਖ ਕਰਕੇ ਵੇਖਣ ਦੀ ਵਕਾਲਤ ਵੀ ਕਰ ਰਹੇ ਹਨ। ਕੁਝ ਅਮਰੀਕੀ ਬੁੱਧੀਜੀਵੀਆਂ ਦਾ ਖ਼ਿਆਲ ਹੈ ਕਿ ਤਾਲਿਬਾਨ ਅਸਲ ਵਿਚ ਪਸ਼ਤੂਨ ਕੌਮਵਾਦ ਦੀ ਨੁਮਾਇੰਦਾ ਧਿਰ ਹੈ ਅਤੇ ਥੋੜਾ ਜਿਹਾ ਵੀ ਪਲੋਸਿਆਂ ਇਹ ਅਲਕਾਇਦਾ ਜਿਹੀ ਪੈਨ ਇਸਲਾਮਿਕ ਧਿਰ ਨਾਲੋਂ ਆਪਣਾ ਨਿਖੇੜਾ ਕਰ ਸਕਦੀ ਹੈ। ਦੋਵਾਂ ਦਾ ਇਹ ਨਿਖੇੜਾ ਅਤੇ ਇਕ ਦੂਜੇ ਨਾਲੋਂ ਤੋੜ-ਵਿਛੋੜਾ ਅਮਰੀਕਾ ਦੇ ਕੌਮੀ ਹਿੱਤਾਂ ਦੇ ਫਿੱਟ ਬੈਠਦਾ ਹੈ। ਅਜਿਹਾ ਕਰਕੇ ਉਹ ਨਰਮ ਤਾਲਿਬਾਨ ਨਾਲ ਸੰਧੀ ਦੇ ਸਿੱਟੇ ਵਜੋਂ ਉਨ੍ਹਾਂ ਨੂੰ ਹਕੂਮਤ ਉੱਪਰ ਬਿਠਾਉਣ ਦੀ ਖੇਡ ਵੀ ਖੇਡ ਸਕਦਾ ਹੈ। ਅਜਿਹਾ ਕਰਦਿਆਂ ਹੀ ਉਹ ਅਲਕਾਇਦਾ ਜਿਹੀ ਸੰਸਾਰ ਵਿਆਪੀ ਪੈਨ ਇਸਲਾਮਿਕ ਜਥੇਬੰਦੀ ਨੂੰ ਅਲੱਗ ਅਲੱਗ ਕਰਨ ਦੀ ਪਹੁੰਚ ਅਪਨਾ ਸਕਦਾ ਹੈ।

ਪਰ ਇਤਿਹਾਸ ਉੱਪਰ ਨਿਗ੍ਹਾ ਰੱਖਣ ਵਾਲੇ ਲੋਕ ਆਖਦੇ ਹਨ ਕਿ ਅਜਿਹਾ ਕਰਨਾ ਤਾਲਿਬਾਨ ਲਈ ਉਦੋਂ ਜਿਆਦਾ ਫਾਇਦੇਮੰਦ ਸੀ ਜਦੋਂ ਅਫਗਾਨਿਸਤਾਨ ਵਿਚ ਉਨ੍ਹਾਂ ਦਾ ਆਪਣਾ ਰਾਜ ਸੀ ਅਤੇ ਅਲਕਾਇਦਾ ਦਾ ਮੁਖੀ ਬਿਨ ਲਾਦੇਨ ਉਨ੍ਹਾਂ ਦੀ ਛਤਰਛਾਇਆ ਹੇਠ ਬੈਠਾ ਸੀ। ਇਸ ਵਕਤ ਆਪਣੀ ਲੜਾਈ ਜਾਰੀ ਰੱਖਣ ਲਈ ਵੀ ਉਨ੍ਹਾਂ ਨੂੰ ਅਲਕਾਇਦਾ ਦੀ ਮਦਦ ਦੀ ਲੋੜ ਹੈ। ਤਾਲਿਬਾਨ ਦੇ ਮੁਖੀ ਮੁੱਲ੍ਹਾਂ ਉਮਰ ਨੇ ਅਲਕਾਇਦਾ ਨਾਲ ਯਾਰੀ ਪਾਲਣ ਲਈ ਤਖ਼ਤੋ-ਤਾਜ਼ ਛੱਡਣ ਨੂੰ ਤਰਜੀਹ ਦਿੱਤੀ। ਰਾਜਗੱਦੀ ਨੂੰ ਲੱਤ ਮਾਰ ਕੇ ਉਹ ਇਕ ਵਾਰ ਫਿਰ ਔਖੀ ਰੂਪੋਸ਼ ਜ਼ਿੰਦਗੀ ਜੀਣ ਲੱਗਾ। 9/11 ਦੇ ਹਮਲਿਆਂ ਤੋਂ ਬਾਅਦ ਤਾਲਿਬਾਨ ਨੇ ਹੁਣ ਆਪਣੇ ਆਪ ਨੂੰ ਫਿਰ ਮਜ਼ਬੂਤ ਰੂਪ ਵਿਚ ਜਥੇਬੰਦ ਕਰ ਲਿਆ ਹੈ ਅਤੇ ਉਹ ਅਫਗਾਨਿਸਤਾਨ ਦੀ ਕਿਸਮਤ ਨੂੰ ਮੁੜ ਪ੍ਰਭਾਵਿਤ ਕਰਨ ਲੱਗੇ ਹਨ। ਈਰਾਨ ਕਿਸੇ ਨਾ ਕਿਸੇ ਢੰਗ ਨਾਲ ਉਨ੍ਹਾਂ ਦੀ ਪਿੱਠ ਉਪਰ ਹੈ ਅਤੇ ਸੰਸਾਰ ਰਾਜਨੀਤਕ ਦੇ ਝਮੇਲਿਆਂ ਦੇ ਸਿੱਟੇ ਵਜੋਂ ਕਈ ਹੋਰ ਮੁਲਕ ਵੀ ਇਰਾਨ ਰਾਹੀਂ ਉਨ੍ਹਾਂ ਦੀ ਪਿੱਠ ਥਾਪੜਨ ਲੱਗੇ ਹਨ।

ਅਮਰੀਕਾ ਦਾ ਖ਼ਿਆਲ ਹੈ ਕਿ ਆਈ.ਐਸ.ਆਈ. ਅਤੇ ਪਾਕਿਸਤਾਨੀ ਫੌਜ ਵਿਚ ਹਾਲੇ ਵੀ ਬਹੁਤ ਸਾਰੇ ਅਫ਼ਸਰ ਅਤੇ ਅਮਲਾ ਅਜਿਹਾ ਹੈ ਜਿਹੜਾ ਤਾਲਿਬਾਨ ਅਤੇ ਅਲਕਾਇਦਾ ਦੇ ਹਮਾਇਤ ਕਰ ਰਿਹਾ ਹੈ। ਇਸੇ ਕਰਕੇ ਪਾਕਿਸਤਾਨ ਦੇ ਕਬਾਇਲੀ ਖੇਤਰਾਂ ਵਿਚੋਂ ਇਨ੍ਹਾਂ ਦੀ ਜੜ੍ਹ ਨਹੀਂ ਪੁੱਟੀ ਜਾ ਰਹੀ। ਸ਼ਾਇਦ ਇਸੇ ਕਰਕੇ ਹਾਲ ਹੀ ਵਿਚ ਡੇਢ ਅਰਬ ਦੀ ਮਦਦ ਸਬੰਧੀ ਮਦਾਂ ਪਾਸ ਕਰਨ ਵੇਲੇ ਅਮਰੀਕਾ ਨੇ ਇਹ ਸ਼ਰਤਾਂ ਵੀ ਰੱਖ ਦਿੱਤੀਆਂ ਕਿ ਪਾਕਿਸਤਾਨ ਦੀ ਫੌਜ ਅਤੇ ਆਈ.ਐਸ.ਆਈ. ਅਮਰੀਕਾ ਸਾਹਮਣੇ ਤਾਲਿਬਾਨ ਨਾਲ ਨਿਪਟਣ ਦਾ ਆਪਣਾ ਪੱਖ ਸੱਚੋ ਸੱਚ ਰੱਖਣਗੇ। ਇਸਨੇ ਪਾਕਿਸਤਾਨੀ ਜਮਹੂਰੀ ਸਿਆਸੀ ਪਾਰਟੀਆਂ ਅਤੇ ਫੌਜ ਵਿਚਾਲੇ ਬਿਖੇੜੇ ਵੀ ਉਭਾਰ ਦਿੱਤੇ ਹਨ ਅਤੇ ਇਹ ਬਿਖੇੜੇ ਅਗਾਂਹ ਕਿਸ ਤਰਫ ਤੁਰਦੇ ਹਨ। ਇਨ੍ਹਾਂ ਦੀ ਸੂਹ ਰੱਖਣੀ ਪਵੇਗੀ।

**ਅੰਦਰੂਨੀ ਕਲੇਸ਼ ਭਾਰਤ ਵਿਚ ਵੀ:** ਉਂਜ ਅਜਿਹੇ ਕਲੇਸ਼ ਸਿਰਫ ਪਾਕਿਸਤਾਨ ਵਿਚ ਹੀ ਨਹੀਂ ਹਨ। ਭਾਰਤ ਵੀ ਅੰਦਰੂਨੀ ਰੂਪ ਵਿਚ ਅਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ। ਉੱਤਰ ਪੂਰਬੀ ਰਾਜਾਂ ਅਤੇ ਜੰਮੂ-ਕਸ਼ਮੀਰ ਵਿਚ ਪਹਿਲਾਂ ਹੀ ਆਪੋ ਆਪਣੀ ਖੇਤਰੀ ਪਛਾਣ ਦੇ ਸੰਘਰਸ਼ ਜਾਰੀ ਹਨ। ਇਸ ਤੋਂ ਇਲਾਵਾ ਦੇਸ਼ ਦੇ ਝਾਰਖੰਡ, ਬਿਹਾਰ ਅਤੇ ਆਂਧਰਾ ਪ੍ਰਦੇਸ਼ ਜਿਹੇ ਕਈ ਰਾਜਾਂ ਵਿਚ ਨਕਸਲੀ ਵੱਡੀ ਸ਼ਕਤੀ ਬਣ ਕੇ ਉਭਰ ਆਏ ਹਨ ਅਤੇ ਉਨ੍ਹਾਂ ਵਲੋਂ ਸੁਰਖਿਆ ਦਸਤਿਆਂ ਦੇ ਖ਼ਿਲਾਫ ਆਪਣੀਆਂ ਕਾਰਵਾਈਆਂ ਜਾਰੀ ਹਨ। ਇਨ੍ਹਾਂ ਕਾਰਵਾਈਆਂ ਦੇ ਸਿੱਟੇ ਵਜੋਂ ਦੇਸ਼ ਦੇ ਗ੍ਰਹਿ ਮੰਤਰੀ ਅਤੇ ਪ੍ਰਧਾਨ ਮੰਤਰੀ ਨੂੰ ਇਥੋਂ ਤੱਕ ਕਹਿਣਾ ਪੈ ਰਿਹਾ ਹੈ ਕਿ ਨਕਸਲਵਾਦ ਅੱਜ ਦੇਸ਼ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ ਹੈ। ਉਂਜ ਨਕਸਲੀਆਂ ਨੂੰ ਅਤਿਵਾਦੀ ਕਹਿਣ ਜਾਂ ਨਾ ਕਹਿਣ ਉੱਪਰ ਭਾਰਤੀ ਸਿਆਸਤਦਾਨਾਂ ਵਿਚ ਹਾਲੇ ਵੀ ਮੱਤਭੇਦ ਹਨ। ਇਸ ਗੱਲ ਉੱਪਰ ਵੀ ਮਤਭੇਦ ਹਨ ਕਿ ਉਨ੍ਹਾਂ ਖ਼ਿਲਾਫ ਫੌਜ ਦੀ ਵਰਤੋਂ ਕੀਤੀ ਜਾਵੇ ਜਾਂ ਨਾ। ਉਂਜ ਕਿਹਾ ਇਹ ਜਾ ਰਿਹਾ ਹੈ ਕਿ ਅੰਦਰਖਾਤੇ ਫੌਜ ਅਤੇ ਹਵਾਈ ਸੈਨਾ ਨਕਸਲੀਆਂ ਖ਼ਿਲਾਫ ਕਾਰਵਾਈ ਲਈ ਤਿਆਰੀ ਕਰ ਰਹੀਆਂ ਹਨ ਅਤੇ ਨਕਸਲੀ ਜਥੇਬੰਦੀਆਂ ਦੇ ਆਗੂਆਂ ਨੇ ਖੁਦ ਵੀ ਅਜਿਹੇ ਖਦਸ਼ੇ ਪ੍ਰਗਟ ਕੀਤੇ ਹਨ।

**ਪੰਥਕ ਧਿਰਾਂ 'ਚ ਟਕਰਾ ਉਭਰਨ ਲੱਗਾ:** ਇਧਰ ਪੰਜਾਬ ਵਿਚ ਪੰਥਕ ਧਿਰਾਂ ਵਿਚ ਕਲੇਸ਼ ਫਿਰ ਉਭਰਨ ਲੱਗੇ ਹਨ। ਭਾਈ ਰਣਜੀਤ ਸਿੰਘ ਆ ਰਹੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਦੇ ਮੱਦੇਨਜ਼ਰ ਸਾਰੀਆਂ ਬਾਦਲ ਵਿਰੋਧੀ ਧਿਰਾਂ ਨੂੰ ਇਕ ਮੰਚ ਉੱਪਰ ਇਕੱਠੇ ਕਰਨ ਲਈ ਰੁਝੇ ਹੋਏ ਹਨ ਅਤੇ ਇਸ ਵਿਚ ਉਨ੍ਹਾਂ ਨੂੰ ਕਿਸੇ ਹੱਦ ਤੱਕ ਸਫਲਤਾ ਵੀ ਮਿਲ ਰਹੀ ਹੈ ਅਤੇ ਦੂਜੇ ਪਾਸੇ ਪੰਜਾਬੀ ਸਿਆਸਤਦਾਨਾਂ ਨੇ ਨਵੇਂ ਉਭਰੇ ਖਾੜਕੂਵਾਦ ਦੇ ਹਊਏ ਨੂੰ ਇਕ ਦੂਜੇ ਖ਼ਿਲਾਫ ਵੀ ਵਰਤਣਾ ਸ਼ੁਰੂ ਕਰ ਦਿੱਤਾ ਹੈ। ਪਿਛਲੇ ਦਿਨੀਂ ਮਹਿੰਦਰ ਸਿੰਘ ਕੇਪੀ ਸਮੇਤ ਪੰਜਾਬ ਦੇ ਤਕਰੀਬਨ 10 ਕਾਂਗਰਸੀ ਆਗੂਆਂ ਨੂੰ ਇਕ ਧਮਕੀ ਪੱਤਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਨੂੰ ਕਾਂਗਰਸ ਭਵਨ ਵਿਚ ਆਉਣਾ ਬੰਦ ਕਰਨ ਲਈ ਦੋ ਮਹੀਨੇ ਦੀ ਮੋਹਲਤ ਦਿੱਤੀ ਗਈ ਹੈ। ਇਸਤੋਂ ਇਲਾਵਾ ਬੇਅੰਤ ਸਿੰਘ ਦੇ ਪੋਤੇ ਅਤੇ ਅਨੰਦਪੁਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ ਨੇ ਵਾਹਨਾਂ ਉਪਰ ਲੱਗ ਰਹੀਆਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀਆਂ ਫੋਟੋਆਂ ਉੱਪਰ ਇਤਰਾਜ਼ ਜ਼ਾਹਿਰ ਕੀਤਾ ਹੈ ਅਤੇ ਇਸਨੂੰ ਨਾ ਰੋਕਣ ਲਈ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਇਸਦੇ ਵਿਰੋਧ ਵਿਚ ਪੰਥਕ ਆਗੂ ਭਾਈ ਮੋਹਕਮ ਸਿੰਘ ਨੇ ਰਵਨੀਤ ਸਿੰਘ ਬਿੱਟੂ ਨੂੰ ਤਾੜਨਾ ਕਰਦਿਆਂ ਕਿਹਾ ਹੈ ਕਿ ਉਹ ਆਪਣੇ ਬਾਬੇ ਦੀ ਪੈੜ 'ਚ ਪੈੜ ਨਾ ਰਖੇ ਸਗੋਂ ਪੰਜਾਬ ਅਤੇ ਸਿੱਖਾਂ ਦੀ ਗੱਲ ਕਰੇ। ਇਸੇ ਦੀ ਉਸਤੋਂ ਆਸ ਰੱਖੀ ਜਾ ਰਹੀ ਹੈ।

**ਕੈਲੀਫੋਰਨੀਆ ਦੀ ਆਰਥਕਤਾ ਸੰਕਟ ਵਿਚ:** ਅਮਰੀਕਾ ਦੀ ਡਰੀਮ ਸਟੇਟ ਕੈਲੀਫੋਰਨੀਆ ਦੀ ਆਰਥਿਕਤਾ ਗੰਭੀਰ ਸੰਕਟ ਦਾ ਸ਼ਿਕਾਰ ਹੈ। ਭਾਰਤ ਦੇ ਕੌਮੀ ਪੱਧਰ ਦੇ ਇਕ ਅੰਗਰੇਜ਼ੀ ਅਖ਼ਬਾਰ ਵਿਚ ਛਪੀ ਰਿਪੋਰਟ ਅਨੁਸਾਰ ਇਸ ਸੂਬੇ ਦੀ ਆਰਥਿਕਤਾ ਦੁਨੀਆਂ ਦੀ ਅੱਠਵੀਂ ਸਭ ਤੋਂ ਵੱਡੀ ਆਰਥਕਤਾ ਹੈ। ਇਹ ਆਸਾਨੀ ਨਾਲ ਜੀ-8 ਦਾ ਮੈਂਬਰ ਬਣ ਸਕਦਾ ਹੈ ਪਰ 2004 ਤੋਂ ਬਾਅਦ ਇਸ ਸੂਬੇ ਦੀ ਆਰਥਿਕਤਾ ਅਜਿਹੇ ਮੰਦੇ ਵਿਚ ਫਸੀ ਹੈ ਕਿ ਇਸ ਦੀ ਇਕ ਤਿਹਾਈ ਆਬਾਦੀ ਆਸੇ ਪਾਸੇ ਖਿਸਕ ਗਈ ਹੈ। 2000 ਤੋਂ 2007 ਦੇ ਸਮੇਂ ਵਿਚ 4 ਲੱਖ ਨੌਕਰੀਆਂ ਚਲੀਆਂ ਗਈਆਂ ਹਨ। ਇਸ ਦੇ ਸਕੂਲਾਂ ਕੋਲ ਫੰਡਾਂ ਦੀ ਬੁਰੀ ਤਰ੍ਹਾਂ ਘਾਟ ਹੈ। ਬੀਤੇ ਜੁਲਾਈ ਮਹੀਨੇ ਵਿਚ ਗਵਰਨਰ ਅਰਨੋਲਡ ਦੀ ਅਪਰੂਵਲ ਰੇਟ ਘਟ ਕੇ 28 ਫੀ ਸਦੀ ਰਹਿ ਗਈ ਹੈ। ਇਸ ਸਾਲ ਵਿਚ ਕੈਲੀਫੋਰਨੀਆ ਦੀ ਆਰਥਿਕਤਾ ਦੇ 1.1 ਫੀਸਦੀ ਹੋਰ ਸੁੰਗੜ ਜਾਣ ਦੇ ਖਦਸ਼ੇ ਹਨ।

# ਪੰਜਾਬ ਕਾਂਗਰਸ: ਕੇਪੀ ਦੇ ਵਿਰੋਧੀਆਂ ਖਿਲਾਫ ਕਾਰਵਾਈ ਦੇ ਸੰਕੇਤ

ਥਾਣਿਆਂ 'ਚ ਲੱਭਦੀ ਨਹੀਂ, ਪਰ ਮਾਫੀਆ ਰਾਜ ਨੂੰ ਸਰਪ੍ਰਸਤੀ ਦੇਣ ਪਲਾਂ 'ਚ ਹੀ ਪੁੱਜ ਜਾਂਦੀ ਹੈ। ਕਾਂਗਰਸ ਦੀਆਂ ਰੈਲੀਆਂ 'ਚ ''ਅੰਡੀਆਂ' ਤੇ 'ਪਿੰਜਣੀਆਂ' ਦੁਖਣ ਦਾ ਬਹਾਨਾ ਲਾ ਕੇ ਨਾ ਆਉਣ ਵਾਲੇ ਆਗੂਆਂ 'ਤੇ ਵਿਅੰਗ ਕਰਦਿਆਂ ਉਨ੍ਹਾਂ ਆਖਿਆ ਕਿ ਕਾਂਗਰਸ ਵਰਕਰ ਕਾਫਲਾ ਬੰਨ੍ਹ ਕੇ ਤੁਰ ਪੈਣ, ਅਜਿਹੇ ਆਗੂਆਂ ਦੀ ਮਾਲਿਸ਼ ਆਪੇ ਹੁੰਦੀ ਰਹੇਗੀ। ਸ੍ਰੀ ਕੇਪੀ ਨੇ ਆਖਿਆ, 'ਅੰਨਦਾਤਾ ਮੰਡੀਆਂ 'ਚ ਰੁਲ ਰਿਹਾ ਹੈ, ਸਰਕਾਰ ਕਿਸਾਨਾਂ ਦੀ ਹਿਤੈਸ਼ੀ ਹੋਣ ਦਾ ਦਿਖਾਵਾ ਕਰ ਰਹੀ ਹੈ ਪਰ ਮੰਡੀਆਂ 'ਚ ਕਿਸਾਨਾਂ ਦੀ ਲੁੱਟ ਹੋ ਰਹੀ ਹੈ।' ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਨੂੰ ਝੋਨਾ ਪਾਲਣ ਲਈ 100 ਮੈਗਾਵਾਟ ਬਿਜਲੀ ਦਾ ਪ੍ਰਬੰਧ ਕਰਕੇ ਦਿੱਤਾ। ਉਸਤੋਂ ਬਾਅਦ ਡੀਜ਼ਲ ਲਈ ਸਬਸਿਡੀ ਦੇਣ ਦੀ ਪੇਸ਼ਕਸ਼ ਕੀਤੀ ਪਰ ਪੰਜਾਬ ਸਰਕਾਰ ਇਸ 'ਚ ਆਪਣੇ ਹਿੱਸੇ ਦਾ ਅੱਧ ਪਾਉਣ ਤੋਂ ਭੱਜ ਗਈ, ਜਿਸ ਕਾਰਨ ਕਿਸਾਨਾਂ ਨੂੰ ਡੀਜ਼ਲ 'ਤੇ ਮਿਲਣ ਵਾਲੀ ਸਬਸਿਡੀ ਵਿਚਾਲੇ ਹੀ ਰਹਿ ਗਈ।

ਬੀਬੀ ਰਾਜਿੰਦਰ ਕੌਰ ਭੱਠਲ ਨੇ ਆਪਣੇ ਭਾਸ਼ਣ ਵਿਚ ਆਖਿਆ ਕਿ ਮੁੱਖ ਮੰਤਰੀ ਨੇ ਪੰਜਾਬ ਨੂੰ ਆਪਣੇ ਨੂੰਹ-ਪੁੱਤ, ਭਤੀਜੇ, ਜਵਾਈ ਅਤੇ ਪੁੱਤ ਦੇ ਸਾਲੇ ਹਵਾਲੇ ਕਰ ਦਿੱਤਾ ਹੈ। ਬੀਬੀ ਭੱਠਲ ਨੇ ਆਪਣੇ ਆਗੂ ਅਮਰਿੰਦਰ ਸਿੰਘ ਨੂੰ ਵੀ ਨਾ ਬਖਸ਼ਿਆ। ਉਨ੍ਹਾਂ ਕੈਪਟਨ ਦਾ ਨਾਂ ਲਏ ਬਿਨਾਂ ਆਖਿਆ ਕਿ ਪਹਾੜਾਂ ਦੀਆਂ ਵਾਦੀਆਂ ਦਾ ਆਨੰਦ ਮਾਣਨ ਵਾਲੇ ਵਾਲੇ ਆਗੂਆਂ ਨੂੰ ਨਾ ਤਾਂ ਲੋਕਾਂ ਨੇ ਸਾਂਭਣਾ ਹੈ ਅਤੇ ਨਾ ਹੀ ਕਾਂਗਰਸ ਪਾਰਟੀ ਨੇ।

ਇਥੇ ਜ਼ਿਕਰਯੋਗ ਹੈ ਕਿ ਜਲੰਧਰ ਵਿਚ ਲੰਘੀ 11 ਅਕਤੂਬਰ ਨੂੰ ਵੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬੀਬੀ ਭੱਠਲ ਨੇ ਕਿਹਾ ਸੀ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਮਹਿੰਦਰ ਸਿੰਘ ਕੇਪੀ ਦੀ ਅਗਵਾਈ ਹੇਠ ਬਾਦਲ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁਧ ਜਿਹੜਾ ਧਰਨਾ ਲਗਾਇਆ ਗਿਆ ਸੀ, ਉਸ 'ਚ ਜਿਹੜੇ ਆਗੂ ਨਹੀਂ ਪਹੁੰਚੇ, ਉਨ੍ਹਾਂ ਵਿਰੁਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਬੀਬੀ ਭੱਠਲ 11 ਅਕਤੂਬਰ ਨੂੰ ਸ੍ਰੀ ਕੇਪੀ ਦੇ ਪਿਤਾ ਦਰਸ਼ਨ ਸਿੰਘ ਕੇਪੀ ਦੀ ਬਰਸੀ ਸਮਾਗਮ 'ਚ ਹਿੱਸਾ ਲੈਣ ਲਈ ਆਏ ਹੋਏ ਸਨ। ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਦਾ ਨਾਂ ਲਏ ਬਿਨਾ ਕਿਹਾ ਕਿ ਜਿਹੜੇ ਲੋਕ ਪਾਰਟੀ ਅੰਦਰ ਧੜੇਬੰਦੀ ਪੈਦਾ ਕਰ ਰਹੇ ਹਨ, ਉਨ੍ਹਾਂ ਵਿਰੁਧ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ 'ਚ ਜਿਹੜੇ ਆਗੂ ਮਹਿੰਦਰ ਸਿੰਘ ਕੇਪੀ ਨੂੰ ਪ੍ਰਧਾਨ ਮੰਨਣ ਤੋਂ ਮੁਨਕਰ ਹਨ, ਅਸਲ 'ਚ ਉਹ ਸ੍ਰੀਮਤੀ ਸੋਨੀਆ ਗਾਂਧੀ ਦਾ ਵਿਰੋਧ ਕਰ ਰਹੇ ਹਨ। ਸ੍ਰੀ ਕੇਪੀ ਨੂੰ ਪ੍ਰਧਾਨ ਸੋਨੀਆ ਗਾਂਧੀ ਨੇ ਬਣਾਇਆ ਹੈ। ਉਨ੍ਹਾਂ ਸਪੱਸ਼ਟ ਕਿਹਾ ਕਿ ਪਾਰਟੀ ਹਦਾਇਤਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁਧ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਸ੍ਰੀ ਕੇਪੀ ਦੀ ਅਗਵਾਈ ਹੇਠ ਲਗਾਏ ਗਏ ਧਰਨੇ ਵਿਚ ਵਿਧਾਨ ਸਭਾ ਹਲਕਿਆਂ ਤੇ ਚੋਣ ਲੜਨ ਵਾਲੇ ਆਗੂ ਨਹੀਂ ਸੀ ਪਹੁੰਚੇ ਉਨ੍ਹਾਂ 'ਚ ਵਿਧਾਇਕ ਅਮਰਜੀਤ ਸਿੰਘ ਸਮਰਾ ਵੀ ਸ਼ਾਮਲ ਸਨ।

ਲੋਕ ਸਭਾ ਮੈਂਬਰ ਮਹਿੰਦਰ ਸਿੰਘ ਕੇਪੀ ਦੇ ਪਿਤਾ ਸਾਬਕਾ ਮੰਤਰੀ ਚੌਧਰੀ ਦਰਸ਼ਨ ਸਿੰਘ ਕੇ ਪੀ ਦੇ ਸ਼ਰਧਾਂਜਲੀ ਸਮਾਗਮ ਵਿਚ ਕੈਪਟਨ ਧੜੇ ਦੇ ਕੰਵਲਜੀਤ ਸਿੰਘ ਲਾਲੀ, ਗੁਰਕੇਵਲ ਕੌਰ ਤੇ ਹੋਰ ਆਗੂ ਸ਼ਾਮਲ ਸਨ। ਹੋਰਨਾਂ ਤੋਂ ਇਲਾਵਾ ਅਕਾਲੀ ਦਲ ਵਿਚ ਸ਼ਾਮਲ ਹੋਏ ਸੀਨੀਅਰ ਕਾਂਗਰਸੀ ਆਗੂ ਬੀਰਦਵਿੰਦਰ ਸਿੰਘ, ਅਵਤਾਰ ਚੌਧਰੀ, ਭੁਪਿੰਦਰ ਸਿੰਘ ਲਾਲੀ, ਚੌਧਰੀ ਤਰਲੋਚਨ ਸਿੰਘ, ਵਰਿੰਦਰ ਸ਼ਰਮਾ, ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋ, ਗੁਰਬਿੰਦਰ ਸਿੰਘ ਅਟਵਾਲ, ਬਾਬਾ ਰਾਜਿੰਦਰ ਸਿੰਘ ਜੌਹਲ ਤੇ ਅਰੁਣ ਵਾਲੀਆ ਦੋਵੇਂ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਅਤੇ ਦਿਹਾਤੀ ਹਾਜ਼ਰ ਸਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਜਿੰਦਾ-ਸੁੱਖਾ ਦੇ ਸ਼ਹੀਦੀ ਦਿਨ ’ਤੇ ਗਰਮਾ-ਗਰਮ ਨਾਅਰੇ

**ਅੰਮ੍ਰਿਤਸਰ:** ਗਰਮ ਖਿਆਲੀ ਜਥੇਬੰਦੀਆਂ ਵਲੋਂ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਸੁਖਦੇਵ ਸਿੰਘ ਸੁੱਖਾ ਦੇ 17ਵੇਂ ਸ਼ਹੀਦੀ ਸਮਾਗਮ ਦੌਰਾਨ ਪਿੰਡ ਗਦਲੀ ’ਚ ਜਿਥੇ ਖਾਲਿਸਤਾਨ ਅਤੇ ਭਿੰਡਰਾਂਵਾਲਿਆਂ ਦੇ ਹੱਕ ਵਿਚ ਨਾਅਰੇ ਲਗਾਏ ਗਏ, ਉਥੇ ਸਮਾਗਮ ਦੇ ਦੌਰਾਨ ਵੱਖ-ਵੱਖ ਮਤੇ ਪਾਸ ਕਰਕੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੜਨ ਅਤੇ ਗੁਰਦੁਆਰਾ ਮਸਤੂਆਣਾ ਵਿਵਾਦ ਨੂੰ ਹੱਲ ਕਰਨ ਅਤੇ ਮਿੱਥੇ ਨਿਸ਼ਾਨੇ ਨੂੰ ਪੂਰਾ ਕਰਨ ਦਾ ਸੰਕਲਪ ਲਿਆ ਗਿਆ। ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਵਿਧਾਨ ਸਭਾ ਹਲਕਾ ਵਲਟੋਹਾ ਤੋਂ ਵਿਧਾਇਕ ਵਿਰਸਾ ਸਿੰਘ ਵਲਟੋਹਾ ਦੇ ਉਚੇਚੇ ਤੌਰ ‘ਤੇ ਹਾਜ਼ਰ ਹੋਣ ਤੋਂ ਇਲਾਵਾ ਸ਼੍ਰੋਮਣੀ ਸਿੱਖ ਕੌਂਸਲ, ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ, ਸ਼੍ਰੋਮਣੀ ਅਕਾਲੀ ਦਲ ਇੰਟਰਨੈਸ਼ਨਲ, ਦਲ ਖਾਲਸਾ, ਖਾਲਸਾ ਐਕਸ਼ਨ ਕਮੇਟੀ, ਦਮਦਮੀ ਟਕਸਾਲ ਅਜਨਾਲਾ, ਮਹਿਤਾ ਅਤੇ ਸੰਗਰਾਵਾਂ, ਸਿੱਖ ਸਟੂਡੈਂਟਸ ਫੈਡਰੇਸ਼ਨ ਭੋਮਾ ਤੇ ਪੀਰ ਮੁਹੰਮਦ ਦੇ ਆਗੂਆਂ ਦੀ ਹਾਜ਼ਰੀ ਕਾਫੀ ਗਿਣਤੀ ‘ਚ ਸੀ।

ਚਰਨਜੀਤ ਸਿੰਘ ਧਾਮੀ, ਨਰਾਇਣ ਸਿੰਘ ਚੌੜਾ, ਭਾਈ ਹਰਨਾਮ ਸਿੰਘ ਖਾਲਸਾ, ਭਾਈ ਰਾਮ ਸਿੰਘ, ਸੰਤ ਬਲਜੀਤ ਸਿੰਘ ਦਾਦੂਵਾਲ, ਦਯਾ ਸਿੰਘ ਕੱਕੜ, ਬਲਵਿੰਦਰ ਸਿੰਘ ਝਬਾਲ, ਪਾਲ ਸਿੰਘ, ਭਾਈ ਮੋਹਕਮ ਸਿੰਘ, ਕੰਵਰਪਾਲ ਸਿੰਘ ਬਿੱਟੂ, ਪਰਮਜੀਤ ਸਿੰਘ ਗਾਜੀ, ਕਰਨੈਲ ਸਿੰਘ ਪੀਰ ਮੁਹੰਮਦ, ਅਤਿੰਦਰਪਾਲ ਸਿੰਘ, ਸਰਬਜੀਤ ਸਿੰਘ ਘੁੰਮਣ ਤੋਂ ਇਲਾਵਾ ਹੋਰ ਵੀ ਕਈ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ ਜਦੋਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ ਤੁਰਿਆ ਖਾਲਸਾ ਮਾਰਚ ਪਿੰਡ ਗਦਲੀ ‘ਚ ਸਮਾਗਮ ਵਾਲੇ ਸਥਾਨ ਤੱਕ ਖਾਲਿਸਤਾਨ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਹੱਕ ਵਿਚ ਨਾਅਰੇ ਲਗਾਉਂਦਾ ਉਥੋਂ ਤੱਕ ਪੁੱਜਿਆ। ਸਟੇਜ ਤੋਂ ਵੱਖ-ਵੱਖ ਬੁਲਾਰਿਆਂ ਨੇ ਪੇਸ਼ ਕੀਤੇ ਗਏ ਸੱਤ ਮਤਿਆਂ ਦੇ ਹੱਕ ਵਿਚ ਹੀ ਆਪਣੇ ਵਿਚਾਰ ਰੱਖੇ, ਜਿਨ੍ਹਾਂ ‘ਚੋਂ ਮੁੱਖ ਤੌਰ ‘ਤੇ ਮਿੱਥੇ ਗਏ ਨਿਸ਼ਾਨੇ ਨੂੰ ਪੂਰਾ ਕਰਨ, ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੜਨਾ, ਗੁਰਦੁਆਰਾ ਮਸਤੂਆਣਾ ਵਿਵਾਦ ਨੂੰ ਹੱਲ ਕਰਨ ਤੋਂ ਇਲਾਵਾ ਗ੍ਰਿਫਤਾਰ ਸਿੱਖਾਂ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਰੱਖੀ ਗਈ। ਸਮਾਗਮ ਦੇ ਆਲੇ-ਦੁਆਲੇ ਖੁਫੀਆ ਵਿਭਾਗ ਦੇ ਉੱਚ ਅਧਿਕਾਰੀਆਂ ਦੀ ਵੱਡੀ ਗਿਣਤੀ ਤੋਂ ਇਲਾਵਾ ਪੁਲਸ ਦੇ ਇਸ ਸਮੇਂ ਅਤਿ ਸੁਰੱਖਿਆ ਪ੍ਰਬੰਧ ਸਨ।

ਇਸ ਸਮੇਂ ਉਦੋਂ ਸਥਿਤੀ ਇਕ ਵੇਲੇ ਤਣਾਅ ਵਾਲੀ ਵੀ ਹੋ ਗਈ ਜਦੋਂ ਸਟੇਜ ਦੇ ਸਾਹਮਣੇ ਪੁਲਸ ਅਧਿਕਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹੀ ਕੁਰਸੀਆਂ ਡਾਹ ਕੇ ਬੈਠ ਗਏ। ਆਏ ਹੋਏ ਲੋਕਾਂ ਨੇ ਉਨ੍ਹਾਂ ਨੂੰ ਕੁਰਸੀਆਂ ਤੋਂ ਉਠਾ ਕੇ ਵੱਟਾਂ ‘ਤੇ ਬੈਠਣ ਲਈ ਮਜਬੂਰ ਕਰ ਦਿੱਤਾ। ਪੁਲਸ ਦੇ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਮਨਾਏ ਗਏ ਇਸ ਸ਼ਹੀਦੀ ਸਮਾਗਮ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਚੱਲ ਕੇ ਇਕ ਖ਼ਾਲਸਾ ਮਾਰਚ ਵੀ ਸ਼ਾਮਲ ਹੋਇਆ, ਜਿਸਦੀ ਅਗਵਾਈ ਬਲਵੰਤ ਸਿੰਘ ਗੋਪਾਲਾ ਤੇ ਸੁਖਦੇਵ ਸਿੰਘ ਕਰ ਰਹੇ ਸਨ। ਸ਼੍ਰੋਮਣੀ ਸਿੱਖ ਕੌਂਸਲ ਦੇ ਮੁਖੀ ਭਾਈ ਨਰਾਇਣ ਸਿੰਘ ਚੌੜਾ, ਭਾਈ ਕੰਵਰਪਾਲ ਸਿੰਘ, ਭਾਈ ਮੋਹਕਮ ਸਿੰਘ ਨੇ ਦੱਸਿਆ ਕਿ ਪਾਸ ਕੀਤੇ ਗਏ ਇਕ ਮਤੇ ਵਿਚ ਇਕ ਮਹੀਨੇ ਦਾ ਸਮਾਂ ਦੇ ਕੇ ਕਿਹਾ ਗਿਆ ਹੈ ਕਿ ਜੇ ਗੁਰਦੁਆਰਾ ਮਸਤੂਆਣਾ ਦੀ ਦਿੱਖ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਅਨੁਸਾਰ ਨਾ ਬਦਲੀ ਗਈ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਕ ਜੱਥਾ ਅਰਦਾਸ ਕਰਕੇ ਤੁਰੇਗਾ ਜੋ ਗੁਰਦੁਆਰੇ ਦੀ ਦਿੱਖ ਬਦਲ ਕੇ ਹੀ ਵਾਪਸ ਮੁੜੇਗਾ। ਉਨ੍ਹਾਂ ਕਿਹਾ ਕਿ ਪਾਸ ਕੀਤੇ ਗਏ ਮਤੇ ਵਿਚ ਸ਼੍ਰੋਮਣੀ ਕਮੇਟੀ ਅਤੇ ਗੁ. ਮਸਤੂਆਣਾ ਦੀਆਂ ਦੋਵਾਂ ਪ੍ਰਬੰਧਕ ਕਮੇਟੀਆਂ ਤੇ ਸ੍ਰੀ ਅਕਾਲ ਤਖ਼ਤ ਦੇ ਹੁਕਮਨਾਮੇ ਤੋਂ ਭੱਜਣ ਦਾ ਦੋਸ਼ ਲਾਇਆ ਹੈ।

## ਰੁਲਦਾ ਸਿੰਘ ਦੇ ਕਤਲ ਨਾਲ ਸੰਬੰਧ ਨਹੀਂ : ਸਿੱਖ ਕੌਂਸਲ

**ਚੰਡੀਗੜ੍ਹ:** ਬ੍ਰਿਟਿਸ਼ ਸਿੱਖ ਕੌਂਸਲ ਨੇ ਰਾਸ਼ਟਰੀ ਸਿੱਖ ਸੰਗਤ ਦੀ ਪੰਜਾਬ ਇਕਾਈ ਦੇ ਮੁਖੀ ਰੁਲਦਾ ਸਿੰਘ ਦੇ ਕਤਲ ਨਾਲ ਕੋਈ ਸਬੰਧ ਨਾ ਹੋਣ ਦਾ ਦਾਅਵਾ ਕੀਤਾ ਹੈ। ਕੌਂਸਲ ਦੇ ਮੁੱਖ ਸੇਵਾਦਾਰ ਕੁਲਵੰਤ ਸਿੰਘ ਢੇਸੀ ਅਤੇ ਜਨਰਲ ਸਕੱਤਰ ਤਰਸੇਮ ਸਿੰਘ ਦਿਓਲ ਨੇ ਇੰਗਲੈਂਡ ਤੋਂ ਭੇਜੇ ਪ੍ਰੈਸ ਬਿਆਨ ਰਾਹੀਂ ਕਿਹਾ ਕਿ ਪੰਜਾਬ ਪੁਲੀਸ ਵਲੋਂ ਲਗਾਏ ਜਾ ਰਹੇ ਦੋਸ਼ ਬਿਲਕੁਲ ਝੂਠੇ ਹਨ। ਉਨ੍ਹਾਂ ਕਿਹਾ ਕਿ ਬ੍ਰਿਟਿਸ਼ ਸਿੱਖ ਕੌਂਸਲ ਵਲੋਂ ਪੰਜਾਬ ‘ਚ ਸਿੱਖਾਂ ਨਾਲ ਹੋ ਰਹੀਆਂ ਜ਼ਿਆਦਤੀਆਂ ਨੂੰ ਅੰਤਰਾਸ਼ਟਰੀ ਪੱਧਰ ‘ਤੇ ਉਠਾਉਣ ਕਾਰਨ ਆਰ.ਐਸ.ਐਸ. ਵਰਗੀਆਂ ਜਥੇਬੰਦੀਆਂ ਆਪਣਾ ਵਿਰੋਧੀ ਸਮਝਦੀਆਂ ਹਨ। ਉਨ੍ਹਾਂ ਕਿਹਾ ਕਿ ਰੁਲਦਾ ਸਿੰਘ ਦੇ ਕਈ ਕਾਰਨਾਮੇ ਸਿੱਖ ਵਿਰੋਧੀ ਸਨ, ਜਿਸ ਕਾਰਨ ਕੌਂਸਲ ਨੇ ਉਸ (ਰੁਲਦਾ ਸਿੰਘ) ਨੂੰ ਲਲਕਾਰਿਆ ਵੀ ਸੀ। ਕੌਂਸਲ ਦੇ ਆਗੂਆਂ ਦਾ ਕਹਿਣਾ ਹੈ ਕਿ ਪੰਜਾਬ ਪੁਲੀਸ ਰੁਲਦਾ ਸਿੰਘ ਦੇ ਅਸਲ ਕਾਤਲਾਂ ਨੂੰ ਫੜਨ ‘ਚ ਨਾਕਾਮ ਰਹੀ ਹੈ। ਇਹੀ ਕਾਰਨ ਹੈ ਕਿ ਪੁਲੀਸ ਵਲੋਂ ਇਸ ਕਤਲ ਕੇਸ ‘ਚ ਨਵੇਂ ਦਾਅਵੇ ਕੀਤੇ ਜਾ ਰਹੇ ਹਨ।



# ਕਨਿਸ਼ਕ ਕਾਂਡ ਵਿਚੋਂ ਬਰੀ ਹੋਏ ਮਲਿਕ ਨੂੰ ਤਾਰਨੀ ਪਈ ਭਾਰੀ ਰਕਮ

**ਜਗਰਾਉਂ:** ਏਅਰ ਇੰਡੀਆ ਦੇ ਕਨਿਸ਼ਕ ਬੰਬ ਹਾਦਸੇ ਦੇ ਕੇਸ ਵਿਚ ਅਦਾਲਤ ਵਲੋਂ ਬਰੀ ਕੀਤੇ ਜਾ ਚੁੱਕੇ ਰਿਪੁਦਮਨ ਸਿੰਘ ਮਲਿਕ ਨੇ ਆਪਣੀਆਂ ਦੋ ਜਾਇਦਾਦਾਂ, ਜੋ ਕਿ ਸਰਕਾਰ ਵਲੋਂ ਕੇਸ ਦੀ ਸੁਣਵਾਈ ਦੌਰਾਨ ਸੀਲ ਕਰ ਦਿੱਤੀਆਂ ਗਈਆਂ ਸਨ, ਨੂੰ ਮੁਕਤ ਕਰਾਉਣ ਲਈ ਬ੍ਰਿਟਿਸ਼ ਕੋਲੰਬੀਆ ਸਰਕਾਰ ਨੂੰ 1.3 ਮਿਲੀਅਨ ਡਾਲਰ ਦੀ ਰਕਮ ਅਦਾ ਕੀਤੀ ਹੈ। ਜ਼ਿਕਰਯੋਗ ਹੈ ਕਿ ਮਲਿਕ ਦੀਆਂ ਇਨ੍ਹਾਂ ਦੋਵੇਂ ਜਾਇਦਾਦਾਂ, ਜਿਨ੍ਹਾਂ ਵਿਚ ਵੈਨਕੂਵਰ ਦੀ ਹੈਮਿਲਟਨ ਸਟਰੀਟ ‘ਤੇ ਹੈਰੀਸਨ ਹਾਟ ਸਪਰਿੰਗਜ਼ ਵਿਖੇ ਸਥਿਤ ਇਕ ਵੇਅਰਹਾਊਸ ਅਤੇ ਇਕ ਹੋਟਲ ਸ਼ਾਮਲ ਹੈ, ਨੂੰ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਨੇ ਜੁਲਾਈ 2008 ਵਿਚ ਸੀਲ ਕਰ ਦਿੱਤਾ ਸੀ। ਇਹ 1.3 ਮਿਲੀਅਨ ਡਾਲਰ ਦੀ ਰਾਸ਼ੀ ਮਲਿਕ ਅਤੇ ਉਸ ਦੇ ਪਰਵਿਾਰ ਵਲੋਂ ਸੰਚਾਲਤ ਕੰਪਨੀ ਖਾਲਸਾ ਡਿਵੈਲਪਮੈਂਟਸ ਲਿਮਟਿਡ ਵਲੋਂ ਅਦਾ ਕੀਤੀ ਗਈ। ਇਥੇ ਇਹ ਵੀ ਦੱਸਣਯੋਗ ਹੈ ਕਿ ਮਲਿਕ ਅਤੇ ਉਸ ਦੇ ਪਰਿਵਾਰ ‘ਤੇ ਅਟਾਰਨੀ ਜਨਰਲ ਮਨਿਸਟਰੀ ਵਲੋਂ ਕਥਿਤ ਫ਼ਰਾਡ ਅਤੇ ਸਾਜ਼ਿਸ਼ ਦੇ ਸਬੰਧ ‘ਚ ਵੀ ਕੇਸ ਕੀਤਾ ਗਿਆ ਹੈ। ਮਲਿਕ ਦੇ ਵਕੀਲ ਬਰੂਸ ਮੈਕਲੋਡ ਮੁਤਾਬਕ ਸਰਕਾਰ ਨਾਲ ਹੋਏ ਇਕ ਐਗਰੀਮੈਂਟ ਅਨੁਸਾਰ ਮਲਿਕ ਵਲੋਂ ਆਪਣੇ ‘ਤੇ ਚੱਲੇ ਫੌਜਦਾਰੀ ਕੇਸ ਦੌਰਾਨ ਆਪਣੇ ਲੀਗਲ ਡਿਫ਼ੈਂਸ ਲਈ ਉਧਾਰ ਲਏ ਗਏ ਲਗਭਗ 3 ਲੱਖ ਡਾਲਰ ਵਾਪਸ ਕਰਨ ਲਈ ਅਜੇ 90 ਦਿਨ ਦਾ ਹੋਰ ਸਮਾਂ ਹੈ। ਜ਼ਿਕਰਯੋਗ ਹੈ ਕਿ ਬ੍ਰਿਟਿਸ਼ ਕੋਲੰਬੀਆ ਦੇ ਰਹਿਣ ਵਾਲੇ ਸਿੱਖ ਭਾਈਚਾਰੇ ਦੇ ਲੀਡਰ ਰਿਪੁਦਮਨ ਸਿੰਘ ਮਲਿਕ ‘ਤੇ 1985 ‘ਚ ਵਾਪਰੇ ਕਨਿਸ਼ਕ ਹਵਾਈ ਜਹਾਜ਼ ਹਾਦਸੇ, ਜਿਸ ਵਿਚ ਸਵਾਰ ਸਾਰੇ 331 ਯਾਤਰੀ ਮਾਰੇ ਗਏ ਸਨ, ਦੇ ਸਾਜ਼ਿਸ਼ ਘਾੜਿਆਂ ਨੂੰ ਫੰਡ ਮੁਹੱਈਆ ਕਰਵਾਉਣ ਦੇ ਦੋਸ਼ ਲੱਗੇ ਸਨ। ਪਰ ਲੰਮੇ ਸਮੇਂ ਤੱਕ ਚੱਲੇ ਟਰਾਇਲ ਤੋਂ ਬਾਅਦ ਮਲਿਕ ਨੂੰ 2005 ‘ਚ ਬਰੀ ਕਰ ਦਿੱਤਾ ਗਿਆ ਸੀ।



## ਭਿੰਡਰਾਂਵਾਲੇ ਦੀਆਂ ਤਸਵੀਰਾਂ ਬਾਰੇ ਸਰਕਾਰ ਚੁੱਪ ਕਿਉਂ-ਬਿੱਟੂ

**ਜਲੰਧਰ :** ਕਾਂਗਰਸੀ ਨੇਤਾ ਅਤੇ ਅਨੰਦਪੁਰ ਸਾਹਿਬ ਹਲਕੇ ਤੋਂ ਐਮ.ਪੀ. ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਰਵਨੀਤ ਸਿੰਘ ਬਿੱਟੂ ਨੇ ਕਿਹਾ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੀਆਂ ਤਸਵੀਰਾਂ ਪੰਜਾਬ ਵਿਚ ਮੋਟਰ ਗੱਡੀਆਂ ‘ਤੇ ਪਿਛਲੇ ਕੁਝ ਮਹੀਨਿਆਂ ਤੋਂ ਲਗਾਤਾਰ ਲੱਗ ਰਹੀਆਂ ਹਨ ਪਰ ਪੰਜਾਬ ਸਰਕਾਰ ਚੁੱਪਚਾਪ ਬੈਠੀ ਤਮਾਸ਼ਾ ਦੇਖ ਰਹੀ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਰਵਨੀਤ ਬਿੱਟੂ ਨੇ ਕਿਹਾ ਕਿ ਉਨ੍ਹਾਂ ਗ੍ਰਹਿ ਮੰਤਰਾਲੇ ਦੀ ਸਕੈਨਿੰਗ ਕਮੇਟੀ ਕੋਲ ਇਹ ਮਾਮਲਾ ਉਠਾਇਆ ਹੈ। ਗ੍ਰਹਿ ਮੰਤਰਾਲੇ ਨੇ ਵੀ ਇਸ ਨੂੰ ਲੈ ਕੇ ਗੰਭੀਰ ਚਿੰਤਾ ਪ੍ਰਗਟਾਈ ਹੈ। ਇਸ ਦੌਰਾਨ ਖਾਲਸਾ ਐਕਸ਼ਨ ਕਮੇਟੀ ਦੇ ਆਗੂ ਭਾਈ ਮੋਹਕਮ ਸਿੰਘ ਨੇ ਕਿਹਾ ਕਿ ਬਿੱਟੂ ਨੂੰ ਇਸ ਵਿਵਾਦ ਤੋਂ ਪਾਸੇ ਰਹਿਣਾ ਚਾਹੀਦਾ ਹੈ।

## ਗੁਰਪ੍ਰੀਤ ਸਿੰਘ ਸੋਹਲ ਕਾਂਗਰਸ ਐਨ.ਆਰ. ਆਈ. ਵਿੰਗ ਬਰੇਸ਼ੀਆ ਦੇ ਪ੍ਰਧਾਨ ਬਣੇ

**ਮਿਲਾਨ (ਇਟਲੀ):** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਮਹਿੰਦਰ ਸਿੰਘ ਕੇ ਪੀ ਦੇ ਨਿਰਦੇਸ਼ ‘ਤੇ ਇਟਲੀ ਵਿਚ ਗਠਿਤ ਕੀਤੇ ਗਏ ਕਾਂਗਰਸ ਦੇ ਐਨ ਆਰ ਆਈ ਵਿੰਗ ਦਾ ਵਿਸਥਾਰ ਬਹੁਤ ਤੇਜ਼ੀ ਨਾਲ ਹੋ ਰਿਹਾ ਹੈ। ਇਸੇ ਅਧੀਨ ਕਾਂਗਰਸ ਐਨ ਆਰ ਆਈ ਵਿੰਗ ਇਟਲੀ ਦੇ ਪ੍ਰਧਾਨ ਸੰਦੀਪ ਕੁਮਾਰ ਕੈਲੇ ਨੇ ਗੁਰਪ੍ਰੀਤ ਸਿੰਘ ਸੋਹਲ ਨੂੰ ਬਰੇਸ਼ੀਆ ਇਕਾਈ ਦਾ ਪ੍ਰਧਾਨ ਨਿਯੁਕਤ ਕੀਤਾ ਹੈ। ਬਰੇਸ਼ੀਆ ਦੀ ਇਸ ਇਕਾਈ ‘ਚ ਅਨਿਲ ਕੁਮਾਰ ਨੂੰ ਸੀਨੀਅਰ ਵਾਇਸ ਪ੍ਰਧਾਨ, ਹਰਕਮਲਦੀਪ ਸਿੰਘ ਨੂੰ ਜੂਨੀਅਰ ਵਾਇਸ ਪ੍ਰਧਾਨ, ਸੁਖਦੀਪ ਸਿੰਘ ਨੂੰ ਜਨਰਲ ਸੈਕਟਰੀ, ਭੁਪਿੰਦਰ ਕੁਮਾਰ ਨੂੰ ਕੈਸ਼ੀਅਰ, ਨਵਤੇਜ ਸਿੰਘ ਨੂੰ ਸੈਕਟਰੀ, ਜਸਵੰਤ ਸਿੰਘ ਨੂੰ ਜਾਇੰਟ ਸੈਕਟਰੀ, ਸਤਨਾਮ ਸਿੰਘ ਨੂੰ ਜਾਇੰਟ ਸੈਕਟਰੀ, ਬਲਜੀਤ ਸਿੰਘ ਨੂੰ ਜਥੇਬੰਧਕ ਸੈਕਟਰੀ, ਜਗਜੀਤ ਸਿੰਘ ਨੂੰ ਮੀਡੀਆ ਇੰਚਾਰਜ ਤੇ ਅਜਮੇਰ ਸਿੰਘ ਲਾਲੀ ਨੂੰ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ।


# Real Estate and Home Loans

For buying or selling your home

Call Aman Hundal at: 209-918-6464

Selling Bank Owned/ Foreclosed homes in entire northern California- Bay Area, Tracy, Modesto, Stockton, Manteca, Lathrop, Tracy, Lodi, Ceres, Riverbank, Patterson, Turlock, Delhi, Livingston, Ripon.

ਓਬਾਮਾ ਪ੍ਰਸ਼ਾਸਨ ਵਲੋਂ ਐਲਾਨੇ ਗਏ ਲੋਨ ਮੋਡੀਫਿਕੇਸ਼ਨ ਅਤੇ ਰੀਫਾਇਨਾਂਸ ਪ੍ਰੋਗਰਾਮ ਦਾ ਲਾਭ ਉਠਾਓ

ਵੱਧ ਜਾਣਕਾਰੀ ਲਈ ਕਾਲ ਕਰੋ

ਟਰੇਸੀ, ਲੈਥਰੌਪ, ਮਾਡੈਸਟੋ, ਸੈਰੀਜ਼ ਅਤੇ ਟਰਲਕ ਏਰੀਏ ਵਿਚ ਤੁਸੀਂ 1.20 ਲੱਖ ਡਾਲਰ ਤੋਂ ਦੋ ਲੱਖ ਡਾਲਰ ਤੱਕ ਦੀ ਕੀਮਤ ਵਿਚ ਚੰਗਾ ਖਾਸਾ ਘਰ ਲੈ ਸਕਦੇ ਹੋ। ਸੈਂਕੜੇ ਘਰ ਵਿਕਾਊ ਹਨ, ਜੇ ਤੁਸੀਂ 700 ਡਾਲਰ ਕਿਰਾਇਆ ਦੇ ਰਹੇ ਹੋ ਤਾਂ ਤੁਹਾਡੇ ਲਈ ਆਪਣਾ ਘਰ ਖਰੀਦਣਾ ਵੱਡਾ ਲਾਹੇਵੰਦ ਰਹੇਗਾ। ਵੇਰਵੇ ਲਈ ਕਾਲ ਕਰੋ:



ਅਮਨਜੋਤ ਸਿੰਘ ਹੁੰਦਲ

ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਐਲਾਨੇ ਗਏ 8 ਹਜ਼ਾਰ ਡਾਲਰ ਦੇ ਕਰੈਡਿਟ ਦਾ ਜ਼ਰੂਰ ਲਾਭ ਉਠਾਓ।

Aman Hundal
Broker Associate/ Realtor
MBA Marketing
License No. : 01839828
Century 21 M&M and Associates
605 Standiford Ave Ste D
Modesto, CA 95350
Cell: 209-918-6464, Fax: 209-552-7285
ahundal@c21mm.com

Century 21
M&M and Associates

# ਫਾਰਮਰਜ਼ ਇੰਸ਼ੋਰੈਂਸ

*Auto*Home*Life*Business
*Workers Comp.

Farmers offers more discounts than anybody else.

Call me today to insure that your assets are protected.

*ਆਟੋ *ਹੋਮ
*ਬਿਜਨਸ
*ਲਾਈਫ
*ਵਰਕਰਜ਼ ਕੌਂਪ.

ਇੰਸ਼ੋਰੈਂਸ ਦੇ ਬਿਹਤਰੀਨ ਰੇਟ ਲੈਣ ਲਈ ਕਾਲ ਕਰੋ।

Kiran Hundal
(209)345-0183
khundal@farmersagent.com
CA insurance License # 0F96503

1900 Standiford Ave.
Modesto, Ca 95350





FARMERS INSURANCE GROUP
Symbol of Superior Service

FARMERS

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ ਜੋ ਦਫਤਰ ਵਲੋਂ ਮਨਜ਼ੂਰਸ਼ੁਦਾ ਹੈ।

ਟਰੱਕ ਇੰਸ਼ੋਰੈਂਸ ਬਹੁਤ ਹੀ ਸਸਤੀ

Truck Insurance at very competitive rates.

ਅਸੀ ਤੁਹਾਨੂੰ ਵਧੀਆ ਰੇਟ ਦਿਵਾਵਾਂਗੇ ਪਰ ਤੁਹਾਡੀ ਕਵਰੇਜ ਘੱਟ ਕਰਕੇ ਨਹੀਂ

# ਮਹਿੰਦਰ ਸਿੰਘ ਕੇਪੀ ਸਮੇਤ 10 ਨੂੰ ਮਿਲੇ ਧਮਕੀ ਪੱਤਰ



**'ਬੱਬਰ ਖਾਲਸਾ ਇੰਟਰਨੈਸ਼ਨਲ' ਨੇ ਧਮਕੀ ਦਿੰਦਿਆਂ ਕਾਂਗਰਸ ਨਾਲੋਂ ਨਾਤਾ ਤੋੜ ਲੈਣ ਲਈ ਕਿਹਾ**

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਮਹਿੰਦਰ ਸਿੰਘ ਕੇ.ਪੀ ਅਤੇ ਰਾਜ ਦੇ ਕਈ ਹੋਰਨਾਂ ਸੀਨੀਅਰ ਕਾਂਗਰਸੀ ਆਗੂਆਂ ਨੂੰ 'ਬੱਬਰ ਖਾਲਸਾ ਇੰਟਰਨੈਸ਼ਨਲ' ਨੇ ਧਮਕੀ ਦਿੰਦਿਆਂ ਕਾਂਗਰਸ ਨਾਲੋਂ ਨਾਤਾ ਤੋੜ ਲੈਣ ਲਈ ਕਿਹਾ ਹੈ। ਪਾਰਟੀ ਦੇ ਚੰਡੀਗੜ੍ਹ ਦਫਤਰ 'ਚ ਡਾਕ ਰਾਹੀਂ ਪਹੁੰਚੇ ਧਮਕੀ ਪੱਤਰਾਂ 'ਚ ਪ੍ਰਦੇਸ਼ ਪ੍ਰਧਾਨ ਸਮੇਤ ਹੋਰਨਾਂ ਸਭਨਾਂ ਲਈ ਇੱਕੋ ਜਿਹੀ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ। ਪਾਰਟੀ ਦੇ ਜਨਰਲ ਸਕੱਤਰ ਰਾਜਪਾਲ ਸਿੰਘ ਨੇ ਦੱਸਿਆ ਕਿ ਇਨ੍ਹਾਂ ਪੱਤਰਾਂ 'ਚ ਕਿਹਾ ਗਿਆ ਹੈ ''ਕਾਂਗਰਸ ਸਿੱਖ ਵਿਰੋਧੀ ਪਾਰਟੀ ਹੈ। ਇਸ ਲਈ ਕਾਂਗਰਸ ਭਵਨ ਆਉਣਾ ਤੁਰੰਤ ਬੰਦ ਕਰ ਦਿਓ। ਤੁਹਾਨੂੰ ਦੋ ਮਹੀਨੇ ਦਾ ਸਮਾਂ ਦਿੰਦੇ ਹਾਂ, ਆਪਣੇ ਆਪ ਨੂੰ ਕਾਂਗਰਸ ਨਾਲੋਂ ਵੱਖ ਕਰ ਲਵੋ ਨਹੀਂ ਤਾਂ ਤੁਹਾਡੀਆਂ ਕਬਰਾਂ ਕਾਂਗਰਸ ਭਵਨ 'ਚ ਹੀ ਬਣਾ ਦਿਆਂਗੇ।'' ਇਹ ਧਮਕੀ ਪੱਤਰ ਭੇਜਣ ਵਾਲੇ ਵਿਅਕਤੀ ਨੇ ਆਪਣੇ ਦਸਤਖਤ ਨਹੀਂ ਕੀਤੇ। ਅੰਤ 'ਚ ਸਿਰਫ 'ਬੱਬਰ ਖਾਲਸਾ' ਹੀ ਲਿਖਿਆ ਹੈ।

ਇਸ ਧਮਕੀ ਸਬੰਧੀ ਪ੍ਰਦੇਸ਼ ਕਾਂਗਰਸ ਨੇ ਪੰਜਾਬ ਪੁਲੀਸ ਦੇ ਮੁਖੀ, ਸੀ.ਆਈ.ਡੀ. ਦੇ ਮੁਖੀ ਅਤੇ ਏ.ਡੀ.ਜੀ.ਪੀ (ਸੁਰੱਖਿਆ) ਨੂੰ ਜਾਣੂ ਕਰਵਾ ਦਿੱਤਾ ਹੈ। ਪਾਰਟੀ ਵਲੋਂ ਜਾਰੀ ਬਿਆਨ ਰਾਹੀਂ ਇਸ ਗੱਲ 'ਤੇ ਦੁੱਖ ਵੀ ਪ੍ਰਗਟ ਕੀਤਾ ਗਿਆ ਕਿ ਕਾਂਗਰਸ ਭਵਨ ਦੀ ਸੁਰੱਖਿਆ ਪ੍ਰਤੀ ਪੁਲੀਸ ਪ੍ਰਸ਼ਾਸਨ ਗੰਭੀਰ ਨਹੀਂ ਹੈ। ਪੰਜਾਬ ਪੁਲੀਸ ਨੇ ਸਿਰਫ ਤਿੰਨ ਸਿਪਾਹੀ ਤਾਇਨਾਤ ਕੀਤੇ ਹੋਏ ਹਨ। ਮੁੱਖ ਦਰਵਾਜ਼ੇ 'ਤੇ ਸਿਰਫ ਇੱਕੋ ਸਿਪਾਹੀ ਹੁੰਦਾ ਹੈ। ਪਾਰਟੀ ਦਾ ਕਹਿਣਾ ਹੈ ਕਿ ਇਸ ਦਫ਼ਤਰ 'ਚ ਪਾਰਟੀ ਦੇ ਸੀਨੀਅਰ ਆਗੂ ਜਿਨ੍ਹਾਂ 'ਚ ਪ੍ਰਦੇਸ਼ ਪ੍ਰਧਾਨ, ਵਿਰੋਧੀ ਧਿਰ ਦੀ ਨੇਤਾ ਅਤੇ ਸਾਬਕਾ ਮੁੱਖ ਮੰਤਰੀ ਦਾ ਆਉਣਾ ਜਾਣਾ ਆਮ ਗੱਲ ਹੈ। ਇਨ੍ਹਾਂ 'ਚੋਂ ਕਈ ਵਿਅਕਤੀ ਖਾੜਕੂਆਂ ਦੇ ਨਿਸ਼ਾਨੇ 'ਤੇ ਰਹਿੰਦੇ ਹਨ। ਕਈਆਂ ਦੇ ਪਰਿਵਾਰਕ ਜੀਅ ਪਹਿਲਾਂ ਹੀ ਖਾੜਕੂਵਾਦ ਦੀ ਭੇਟ ਚੜ੍ਹ ਚੁੱਕੇ ਹਨ। ਪ੍ਰਦੇਸ਼ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. ਦੇ ਪਿਤਾ ਦਰਸ਼ਨ ਸਿੰਘ ਕੇ.ਪੀ. ਨੂੰ ਅਤਿਵਾਦੀਆਂ ਵਲੋਂ ਮਾਰੇ ਜਾਣ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ। ਪਾਰਟੀ ਨੇ ਪੰਜਾਬ ਪੁਲੀਸ ਤੋਂ ਸੁਰੱਖਿਆ ਦੀ ਮੰਗ ਕਰਦਿਆਂ ਧਮਕੀ ਪੱਤਰਾਂ ਦੀ ਜਾਂਚ ਦੀ ਮੰਗ ਵੀ ਕੀਤੀ ਹੈ। ਇਹ ਧਮਕੀ ਪੱਤਰ ਮਹਿੰਦਰ ਸਿੰਘ ਕੇ.ਪੀ. ਜਨਰਲ ਸਕੱਤਰਾਂ ਰਾਜਪਾਲ ਸਿੰਘ, ਤਰਲੋਚਨ ਸਿੰਘ, ਦਫਤਰ ਸਕੱਤਰ ਨਿਰਮਲ ਸਿੰਘ ਰਾਮਪਾਲ, ਸਾਬਕਾ ਐਮ.ਪੀ. ਮਹਿੰਦਰ ਸਿੰਘ ਕਲਿਆਣ, ਕਾਂਗਰਸ ਸੇਵਾ ਦਲ ਦੇ ਮੁਖੀ ਰਾਜਿੰਦਰ ਰਸਰੈਣਾ ਅਤੇ ਸਰਵਸ੍ਰੀ ਪ੍ਰੀਤਮ ਸਿੰਘ ਭੱਟੀ, ਜਗ ਬਹਾਦਰ ਸਿੰਘ ਅਤੇ ਰਾਜਵੰਤ ਸਿੰਘ ਸ਼ੇਰਗਿੱਲ ਆਦਿ ਨੂੰ ਆਏ ਹਨ। ਇਨ੍ਹਾਂ ਪੱਤਰਾਂ 'ਤੇ ਡਾਕਘਰ ਦੀਆਂ ਮੋਹਰਾਂ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਪੱਤਰ ਚੰਡੀਗੜ੍ਹ ਦੇ ਸੈਕਟਰ-47 ਵਿਚਲੇ ਡਾਕਖਾਨੇ ਤੋਂ ਪੋਸਟ ਕੀਤੇ ਗਏ ਸਨ। ਮਹਿੰਦਰ ਸਿੰਘ ਕੇ.ਪੀ. ਦਾ ਕਹਿਣਾ ਹੈ ਕਿ ਇਸ ਸਬੰਧੀ ਪੁਲੀਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ ਤੇ ਅਗਲੀ ਜ਼ਿੰਮੇਵਾਰੀ ਪੁਲੀਸ ਪ੍ਰਸ਼ਾਸਨ ਦੀ ਹੀ ਹੈ।

ਇਸੇ ਦੌਰਾਨ ਪੰਜਾਬ ਪੁਲਿਸ ਦੇ ਮੁਖੀ ਸ. ਪਰਮਦੀਪ ਸਿੰਘ ਗਿੱਲ ਨੇ ਕਿਹਾ ਹੈ ਕਿ ਪਾਕਿਸਤਾਨ ਆਪਣੀ ਖੁਫੀਆ ਏਜੰਸੀ ਆਈ.ਐਸ.ਆਈ ਰਾਹੀਂ ਪੰਜਾਬ 'ਚ ਮੁੜ ਬੱਬਰ ਖਾਲਸਾ ਨੂੰ ਉਭਾਰਨ ਲਈ ਯਤਨਸ਼ੀਲ ਹੈ। ਇਥੇ ਗੱਲਬਾਤ ਕਰਦਿਆਂ ਸ. ਗਿੱਲ ਨੇ ਕਿਹਾ ਕਿ ਪਾਕਿਸਤਾਨ 'ਚ ਬੈਠੇ ਅੱਤਵਾਦੀਆਂ ਦੀ ਮਦਦ ਨਾਲ ਆਈ.ਐਸ.ਆਈ. ਬੱਬਰ ਖ਼ਾਲਸਾ ਦੇ ਉਭਾਰ ਲਈ ਹਵਾਲਾ ਤੇ ਇਕ 'ਮਨੀ ਐਕਸਚੇਂਜ' ਕੰਪਨੀ ਰਾਹੀਂ ਪੰਜਾਬ 'ਚ ਬੈਠੇ ਆਪਣੇ ਸਾਥੀਆਂ ਨੂੰ ਫ਼ੰਡ ਮੁਹੱਈਆ ਕਰਵਾ ਰਹੀ ਹੈ। ਉਨ੍ਹਾਂ ਆਖਿਆ ਕਿ ਪਾਕਿਸਤਾਨ ਨੇ ਹੁਣ ਬਹੁਤੀਆਂ ਅੱਤਵਾਦੀ ਜਥੇਬੰਦੀਆਂ ਦਾ ਖਿਲਾਰਾ ਪਾਉਣ ਨਾਲੋਂ ਇਕ ਜਥੇਬੰਦੀ ਤੇ ਧਿਆਨ ਕੇਂਦਰਿਤ ਕਰਦਿਆਂ ਬੱਬਰ ਖ਼ਾਲਸਾ ਨੂੰ ਹੀ ਪੰਜਾਬ 'ਚ ਉਗਾਸਾ ਦੇਣ ਦਾ ਮਨ ਬਣਾਇਆ ਹੋਇਆ ਹੈ। ਸ. ਗਿੱਲ ਨੇ ਦਾਅਵਾ ਕੀਤਾ ਕਿ ਪਟਿਆਲਾ 'ਚ ਰਾਸ਼ਟਰੀ ਸਿੱਖ ਸੰਗਤ ਦੇ ਪ੍ਰਦੇਸ਼ ਮੁਖੀ ਸ. ਰੁਲਦਾ ਸਿੰਘ ਤੇ ਮਾਨਸਾ 'ਚ ਡੇਰਾ ਪ੍ਰੇਮੀ ਲਿੱਲੀ ਦੇ ਕਤਲ ਦੇ ਮਾਮਲਿਆਂ 'ਚ ਬੱਬਰ ਖ਼ਾਲਸਾ ਇੰਟਰਨੈਸ਼ਨਲ ਦਾ ਹੀ ਹੱਥ ਸੀ। ਉਨ੍ਹਾਂ ਕਿਹਾ ਕਿ ਇਸ ਸਭ ਦੇ ਬਾਵਜੂਦ ਪੰਜਾਬ 'ਚ ਫ਼ਿਕਰ ਵਾਲੀ ਕੋਈ ਗੱਲ ਨਹੀਂ। ਅਕਾਲੀ ਦਲ ਪੰਚ ਪ੍ਰਧਾਨੀ ਦੇ ਚੇਅਰਮੈਨ ਭਾਈ ਦਲਜੀਤ ਸਿੰਘ ਬਿੱਟੂ ਨੂੰ ਗ੍ਰਿਫ਼ਤਾਰ ਕੀਤੇ ਜਾਣ ਬਾਰੇ ਗੱਲ ਕਰਦਿਆਂ ਪੁਲਿਸ ਮੁਖੀ ਨੇ ਕਿਹਾ ਕਿ ਭਾਈ ਬਿੱਟੂ ਦੇ ਅੱਤਵਾਦੀਆਂ ਨਾਲ ਸੰਪਰਕ ਬਾਰੇ ਪੁਲਿਸ ਕੋਲ ਪੁਖ਼ਤਾ ਸਬੂਤ ਹਨ ਜਿਸ ਦੇ ਆਧਾਰ 'ਤੇ ਪੁਲਿਸ ਦਾ ਕੇਸ ਮਜ਼ਬੂਤ ਹੈ। ਉਨ੍ਹਾਂ ਦਾਅਵਾ ਕੀਤਾ ਕਿ ਭਾਈ ਬਿੱਟੂ ਨਾ ਕੇਵਲ ਅੱਤਵਾਦੀਆਂ ਨੂੰ ਪੈਸੇ ਮੁਹੱਈਆ ਕਰਵਾ ਰਹੇ ਸਨ ਸਗੋਂ ਉਹ ਉਨ੍ਹਾਂ ਨੂੰ ਜੱਥੇਬੰਦ ਕਰਨ, ਹਿੰਸਾ ਤੇ ਕਤਲਾਂ ਤਕ ਲਈ ਭੜਕਾ ਰਹੇ ਸਨ।

## ਪੰਜਾਬ 'ਚ ਚੌਕਸੀ ਦੇ ਹੁਕਮ

**ਚੰਡੀਗੜ੍ਹ :** ਤਿਉਹਾਰਾਂ ਦੇ ਮੱਦੇਨਜ਼ਰ ਕਿਸੇ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਪੁਲਿਸ ਨੂੰ ਗੜਬੜ ਫੈਲਾਉਣ ਸਬੰਧੀ ਮਿਲ ਰਹੀਆਂ ਧਮਕੀਆਂ ਨੂੰ ਦੇਖਦੇ ਹੋਏ ਪੰਜਾਬ ਭਰ 'ਚ ਸਖ਼ਤ ਚੌਕਸੀ ਤੇ ਸੁਰੱਖਿਆ ਦੇ ਹੁਕਮ ਦਿੱਤੇ ਗਏ ਹਨ। ਮਿਲੀ ਜਾਣਕਾਰੀ ਅਨੁਸਾਰ ਡੀ ਜੀ ਪੀ ਪਰਮਦੀਪ ਸਿੰਘ ਗਿੱਲ ਨੇ ਸਾਰੇ ਜ਼ਿਲ੍ਹਿਆਂ ਦੇ ਐਸ ਐਸ ਪੀਜ਼, ਆਈ ਜੀ ਅਤੇ ਡੀ ਆਈ ਜੀ ਰੈਂਕ ਦੇ ਪੁਲਿਸ ਅਧਿਕਾਰੀ ਨੂੰ ਹਦਾਇਤਾਂ ਜਾਰੀ ਕਰਕੇ ਕਿਹਾ ਹੈ ਕਿ ਤਿਉਹਾਰਾਂ ਦੇ ਮੱਦੇਨਜ਼ਰ ਉਹ ਆਪਣੇ-ਆਪਣੇ ਜ਼ਿਲ੍ਹਿਆਂ 'ਚ ਸਖ਼ਤ ਚੌਕਸੀ ਰੱਖਣ ਅਤੇ ਸੁਰੱਖਿਆ ਜਵਾਨਾਂ ਦੀ ਗ਼ਸ਼ਤ ਵਧਾ ਦਿੱਤੀ ਜਾਵੇ।ਇਸ ਦੇ ਨਾਲ ਹੀ ਉਨ੍ਹਾਂ ਸ਼ਹਿਰਾਂ ਦੇ ਪ੍ਰਮੁੱਖ ਸਥਾਨਾਂ, ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ ਅਤੇ ਧਾਰਮਿਕ ਸਥਾਨਾਂ ਦੀ ਸੁਰੱਖਿਆ ਵਧਾਉਣ ਦੇ ਹੁਕਮ ਦਿੱਤੇ ਹਨ। ਡੀਜੀਪੀ ਨੇ ਅਧਿਕਾਰੀਆਂ ਨੂੰ ਕਿਹਾ ਹੈ ਕਿ ਸ਼ੱਕੀ ਵਿਅਕਤੀ 'ਤੇ ਪੂਰੀ ਤਰ੍ਹਾਂ ਨਜ਼ਰ ਰੱਖੀ ਜਾਵੇ।

# ਰਾਮੂਵਾਲੀਆ:ਗੁਰਦਵਾਰਾ ਚੋਣ ਕਮਿਸ਼ਨ ਦਾ ਚੇਅਰਮੈਨ ਹਿੰਦੂ ਨੂੰ ਲਗਾਉਣ 'ਤੇ ਰੌਲਾ ਕਿਉਂ?

**ਜਲੰਧਰ:** ਲੋਕ ਭਲਾਈ ਪਾਰਟੀ ਦੇ ਪ੍ਰਧਾਨ ਅਤੇ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਅਤੇ ਹੋਰਨਾਂ ਨੇਤਾਵਾਂ ਨੂੰ ਕਿਹਾ ਹੈ ਕਿ ਗੁਰਦਵਾਰਾ ਚੋਣ ਕਮਿਸ਼ਨ ਦਾ ਚੇਅਰਮੈਨ ਹਿੰਦੂ ਨੂੰ ਲਗਾਉਣ 'ਤੇ ਉਨ੍ਹਾਂ ਇੰਨਾ ਰੌਲਾ ਕਿਉਂ ਪਾਇਆ ਹੋਇਆ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੇ ਗੁਰਦੁਆਰਾ ਚੋਣ ਕਮਿਸ਼ਨ ਦਾ ਚੇਅਰਮੈਨ ਜਸਟਿਸ ਵਰਮਾ ਨੂੰ ਲਾਇਆ ਹੈ। ਜਸਟਿਸ ਵਰਮਾ ਨੇ ਆਪਣੀ ਸਥਿਤੀ ਸਪੱਸ਼ਟ ਕਰਦਿਆਂ ਕਿਹਾ ਹੈ ਕਿ ਇਕ ਗ੍ਰੰਥੀ ਦੇ ਬੇਟੇ ਹਨ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਗੁਰਬਾਣੀ ਦਾ ਪਾਠ ਆਉਂਦਾ ਹੈ।



ਰਾਮੂਵਾਲੀਆਂ ਨੇ ਕਿਹਾ ਕਿ ਭਾਰਤ ਇਕ ਧਰਮ ਨਿਰਪੱਖ ਦੇਸ਼ ਹੈ ਜਿਥੇ ਸਭ ਧਰਮਾਂ ਨੂੰ ਆਜ਼ਾਦੀ ਪ੍ਰਾਪਤ ਹੈ। ਅਜਿਹੀ ਹਾਲਤ ਵਿਚ ਹਿੰਦੂ-ਸਿੱਖ ਜਾਂ ਹਿੰਦੂ-ਮੁਸਲਮਾਨ ਦਾ ਮਾਮਲਾ ਉਛਾਲਣਾ ਠੀਕ ਨਹੀਂ। ਜਦੋਂ ਉਹ ਕੇਂਦਰੀ ਮੰਤਰੀ ਬਣੇ ਸਨ ਤਾਂ ਉਨ੍ਹਾਂ ਨੂੰ ਮੁਸਲਿਮ ਭਾਈਚਾਰੇ ਨਾਲ ਸੰਬੰਧਤ ਵਿਭਾਗ ਮੁੱਖ ਮੰਤਰੀ ਵਲੋਂ ਸੌਂਪੇ ਗਏ ਸਨ। ਉਸ ਸਮੇਂ ਕਿਸੇ ਵੀ ਮੁਸਲਮਾਨ ਨੇ ਇਹ ਨਹੀਂ ਕਿਹਾ ਸੀ ਕਿ ਇਕ ਸਿੱਖ ਨੂੰ ਉਨ੍ਹਾਂ ਨਾਲ ਸੰਬੰਧਤ ਮੰਤਰਾਲਾ ਕਿਉਂ ਦਿੱਤਾ ਗਿਆ।

ਰਾਮੂਵਾਲੀਆ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਕੱਲ੍ਹ ਨੂੰ ਜੇ ਦੇਸ਼ ਦੇ 95 ਫੀਸਦੀ ਗੈਰ ਸਿੱਖ ਇਹ ਕਹਿ ਦੇਣ ਕਿ ਉਨ੍ਹਾਂ ਨੂੰ ਸਿੱਖ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਸਵੀਕਾਰ ਨਹੀਂ ਹੈ ਤਾਂ ਉਸ ਸਮੇਂ ਸਿੱਖ ਭਾਈਚਾਰੇ ਦੀ ਹਾਲਤ ਕੀ ਹੋਵੇਗੀ। ਉਨ੍ਹਾਂ ਕਿਹਾ ਕਿ ਬੀਤੇ ਸਮੇਂ ਦੌਰਾਨ ਸਿੱਖ ਭਾਈਚਾਰੇ ਨਾਲ ਸੰਬੰਧਤ ਲੋਕਾਂ ਨੂੰ ਅਹਿਮ ਅਹੁਦੇ ਦਿਤੇ ਗਏ ਹਨ, ਇਸ ਲਈ ਅਜਿਹੇ ਮਾਮਲੇ ਉਠਾਉਣੇ ਠੀਕ ਨਹੀਂ।ਇਨ੍ਹਾਂ ਨਾਲ ਸਿੱਖਾਂ ਦਾ ਨੁਕਸਾਨ ਹੀ ਹੋਵੇਗਾ।

# ਸੰਤ ਸੀਚੇਵਾਲ ਵਲੋਂ ਵੇਈਂ 'ਚ ਪਾਣੀ ਛੱਡਣ ਲਈ ਬਣਨ ਵਾਲੇ ਰੈਗੂਲੇਟਰ ਦਾ ਉਦਘਾਟਨ

**ਜਲੰਧਰ:** ਪਵਿੱਤਰ ਕਾਲੀ ਵੇਈਂ 'ਚ 350 ਕਿਊਸਕ ਪਾਣੀ ਛੱਡਣ ਲਈ ਬਣਨ ਵਾਲੇ ਰੈਗੂਲੇਟਰ ਦਾ ਉਦਘਾਟਨ ਵਾਤਾਵਰਣ ਪ੍ਰੇਮੀ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਲੰਘੀ 9 ਅਕਤੂਬਰ ਨੂੰ ਕੀਤਾ। ਹੇਰਕੀਆਣਾ (ਮੁਕੇਰੀਆਂ ਹਾਈਡਲ ਚੈਨਲ) 'ਤੇ ਇਸ ਰੈਗੂਲੇਟਰ ਦੇ ਬਣਨ ਨਾਲ 650 ਕਿਲੋਵਾਟ ਬਿਜਲੀ ਵੀ ਪੈਦਾ ਹੋਵੇਗੀ।

ਪਿਛਲੇ 9 ਸਾਲਾਂ ਤੋਂ ਪਵਿੱਤਰ ਵੇਈਂ ਦੀ ਪਵਿੱਤਰਤਾ ਬਹਾਲ ਕਰਨ ਲਈ ਕਾਰ ਸੇਵਾ ਕਰ ਰਹੇ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਦੇ ਯਤਨਾਂ ਸਦਕਾ ਵੇਈਂ ਵਿਚ 350 ਕਿਊਸਕ ਪਾਣੀ ਲਗਾਤਾਰ ਛੱਡਣ ਵਾਲੇ ਪ੍ਰੋਜੈਕਟ ਦਾ ਸ਼ੁਭ ਆਰੰਭ ਕੀਤਾ। ਚਾਰ ਪੰਜ ਮਹੀਨਿਆਂ ਦੇ ਅੰਦਰ ਉਕਤ ਮਾਤਰਾ ਵਿਚ ਪਾਣੀ ਵੇਈਂ ਵਿਚ ਛੱਡਿਆ ਜਾ ਸਕੇਗਾ। ਜਿਸ ਨਾਲ ਵੇਈਂ ਵਿਚ ਹਾਈਸਿੰਥ ਬੂਟੀ ਹੋਣ ਦੀਆਂ ਸੰਭਾਵਨਾਵਾਂ ਘੱਟ ਜਾਣਗੀਆਂ। ਪਾਣੀ ਦੇ ਲਗਾਤਾਰ ਵਹਾਅ ਕਾਰਨ ਇਸ ਦੀ ਸਫਾਈ ਵੀ ਸੌਖਿਆਂ ਹੋ ਸਕੇਗੀ। ਪਾਣੀ ਆਉਣ ਨਾਲ ਕਪੂਰਥਲਾ ਜ਼ਿਲ੍ਹੇ ਦੀ ਧਰਤੀ ਹੇਠਲੇ ਪਾਣੀ ਦਾ ਪੱਧਰ ਉਚਾ ਹੋਣ ਦੀਆਂ ਸੰਭਾਵਨਾਵਾਂ ਵਧ ਗਈਆਂ ਹਨ।

ਇਸ ਪ੍ਰੋਜੈਕਟ ਨੂੰ ਬਣਾਉਣ ਵਾਲੀ ਕੰਪਨੀ ਦੇ ਐਮ ਡੀ ਅਵਤਾਰ ਸਿੰਘ ਗਿੱਲ ਨੇ ਦੱਸਿਆ ਕਿ ਬਿਜਲੀ ਪੈਦਾ ਕਰਨ ਵਾਲਾ ਕੰਮ ਮੁਕੰਮਲ ਹੋਣ ਲਈ 22 ਮਹੀਨੇ ਦਾ ਸਮਾਂ ਮਿੱਥਿਆ ਗਿਆ ਹੈ।


*ੴ ਸਤਿਗੁਰ ਪ੍ਰਸਾਦਿ॥*

ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ॥

**Gurbani always seems so sweet; I have eradicated the sins from within.**

# ਗੁਰਬਾਣੀ ਕੰਠ ਮੁਕਾਬਲੇ

**ਸਥਾਨ:ਸਟਾਕਟਨ ਗੁਰਦੁਆਰਾ ਸਾਹਿਬ**

**1930 S. Street, Stockton CA 95206**

***17 ਅਕਤੂਬਰ, 2009 (ਐਤਵਾਰ, ਸਵੇਰੇ 8:30 ਵਜੇ ਤੋਂ ਸ਼ਾਮ 5 ਵਜੇ ਤੱਕ)***

Group# 1. Age under 4 years.
Group# 2. Age 4 to 6 years,
Group# 3. Age 6 to 8 years
Group# 4. Age 8 to 10 years
Group# 5. Age 10 to 12 years
Group# 6. Age 12 to 14 years
Group# 7. Age 14 to 16 years
Group# 8. Age 16 to 18 years

ਵਿਸ਼ੇਸ਼ Special Attraction: ਹਰ ਸ਼੍ਰੇਣੀ (Group) ਵਿਚ ਹਿੱਸਾ ਲੈਣ ਵਾਲੇ ਬੱਚੇ ਅਤੇ ਬੱਚੀਆਂ ਵਿੱਚੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ (1st, 2nd & 3rd place) ਤੇ ਆਉਣ ਵਾਲੇ ਬੱਚਿਆਂ ਨੂੰ ਵਿਸ਼ੇਸ਼ ਇਨਾਮ ਦਿੱਤੇ ਜਾਣਗੇ। ਹਿੱਸਾ ਲੈਣ ਵਾਲੇ ਹਰ ਬੱਚੇ ਨੂੰ ਸਰਟੀਫਿਕੇਟ, ਟਰਾਫੀ ਅਤੇ ਗੁਰੂਘਰ ਵਲੋਂ ਸਿਰੋਪਾਓ ਦਿੱਤਾ ਜਾਵੇਗਾ। 3 ਤੋਂ 6 ਸ਼੍ਰੇਣੀ (Groups) ਵਾਸਤੇ ਜਾਪੁ ਸਾਹਿਬ ਕੰਠ ਕਰਨ ਲਈ ਉਚੇਚਾ ਇਨਾਮ ਦਿੱਤਾ ਜਾਵੇਗਾ ਜੀ।

ਹਰ ਗਰੁਪ ਵਾਸਤੇ 12 ਪ੍ਰਸ਼ਨ ਦਿੱਤੇ ਗਏ ਹਨ। ਹਰ ਇੱਕ ਪ੍ਰਸ਼ਨ 5 ਨੰਬਰਾਂ ਦਾ ਹੋਵੇਗਾ। ਇਨ੍ਹਾਂ 12 ਵਿਚੋਂ ਕੋਈ 4 ਪ੍ਰਸ਼ਨ ਪੁੱਛੇ ਜਾਣਗੇ। ਠੀਕ ਉਤਰ ਦਿੱਤੇ ਜਾਣ ਤੇ ਸਾਰੇ 12 ਪ੍ਰਸ਼ਨਾਂ ਦੇ ਉਤਰ ਠੀਕ ਮੰਨ ਕੇ 12X5 (60) ਨੰਬਰ ਦਿੱਤੇ ਜਾਣਗੇ।

**ਮੁਕਾਬਲੇ ਵਿਚ ਹਿੱਸਾ ਲੈਣ ਲਈ ਮੁਢਲੀਆਂ ਲੋੜਾਂ**

(1) ਮੂਲ ਮੰਤਰ, 12 ਪ੍ਰਸ਼ਨਾਂ ਦੇ ਉਤਰ ਤੇ ਹੋਰ (2) ਜਪੁਜੀ ਸਾਹਿਬ ਪੰਜ ਪੌੜੀਆਂ + ਤੇ ਹੋਰ ਬਾਣੀਆਂ, ਜਿੰਨੀਆਂ ਵੀ ਬੱਚਾ ਸੁਣਾ ਸਕੇ। (3) ਜਪੁਜੀ ਸਾਹਿਬ + ਤੇ ਹੋਰ ਬਾਣੀਆਂ। (4) ਜਪੁਜੀ ਸਾਹਿਬ, ਤ੍ਵ ਪ੍ਰਸਾਦਿ ਸ੍ਵਯੇ + ਤੇ ਹੋਰ ਬਾਣੀਆਂ। (5) ਜਪੁਜੀ ਸਾਹਿਬ, ਤ੍ਵ ਪ੍ਰਸਾਦਿ ਸ੍ਵਯੇ, ਚੌਪਈ ਸਾਹਿਬ + ਤੇ ਹੋਰ ਬਾਣੀਆਂ। (6) ਜਪੁਜੀ ਸਾਹਿਬ, ਤ੍ਵ ਪ੍ਰਸਾਦਿ ਸ੍ਵਯੇ, ਚੌਪਈ ਸਾਹਿਬ, ਅਨੰਦ ਸਾਹਿਬ + ਤੇ ਹੋਰ ਬਾਣੀਆਂ। (7) ਅੰਮ੍ਰਿਤ ਵੇਲੇ ਦੀਆਂ ਨਿਤਨੇਮ ਦੀਆਂ 5 ਬਾਣੀਆਂ + ਤੇ ਹੋਰ ਬਾਣੀਆਂ। (8) ਨਿਤਨੇਮ ਦੀਆਂ 7 ਬਾਣੀਆਂ + ਤੇ ਹੋਰ ਬਾਣੀਆਂ।

*ਨੋਟ: ਸਿੱਖੀ ਪਹਿਰਾਵਾ (ਘਟ ਤੋਂ ਘਟ ਸਾਦਾ ਪਹਿਰਾਵਾ) ਹਰ ਭਾਗ ਲੈਣ ਵਾਲੇ ਲਈ ਜ਼ਰੂਰੀ ਹੋਵੇਗਾ।*

ਮੁਕਾਬਲਿਆਂ ਸੰਬੰਧੀ ਹੋਰ ਜਾਣਕਾਰੀ ਲੈਣ, ਰਜਿਸਟਰੇਸ਼ਨ ਫ਼ਾਰਮ ਪ੍ਰਾਪਤ ਕਰਨ ਜਾਂ ਭੇਜਣ ਲਈ ਸੰਪਰਕ ਕਰੋ:

**ਜੋਗਿੰਦਰ ਸਿੰਘ 209-598-6581 ਜਾਂ**
**ਜੀ. ਸਿੰਘ 209-329-7089**

ਤੁਸੀਂ ਰਜਿਸਟਰੇਸ਼ਨ ਫ਼ਾਰਮ ਭਰਕੇ ਫੈਕਸ ਨੰਬਰ (209)-983-8869 ਰਾਹੀਂ ਭੇਜੋ ਜਾਂ ਫਿਰ ਈਮੇਲ singhj1@clearwire.net ਰਾਹੀਂ ਵੀ ਭੇਜ ਸਕਦੇ ਹੋ।

**ਜਾਰੀ ਕਰਤਾ:ਧਰਮ ਪਰਚਾਰ ਅਤੇ ਪ੍ਰਬੰਧਕ ਕਮੇਟੀ, ਸਟਾਕਟਨ ਗੁਰਦੁਆਰਾ ਸਾਹਿਬ, ਸਟਾਕਟਨ (ਕੈਲੀਫੋਰਨੀਆ)**

## ਕਿਸ਼ਤੀ ਚਲਾਉਂਦਿਆਂ ਜੋੜੇ ਨੇ ਬੱਚਿਆਂ ਸਣੇ ਛਾਲ ਮਾਰੀ

**ਰੂਪਨਗਰ :** ਲੰਘੀ 11 ਅਕਤੂਬਰ ਨੂੰ ਇੱਥੇ ਸਥਾਨਕ ਬੋਟ ਕਲੱਬ ਨਜ਼ਦੀਕ ਸਤਲੁਜ ਦਰਿਆ 'ਚ ਬੋਟਿੰਗ ਕਰਨ ਲਈ ਇਕ ਜੋੜਾ ਆਪਣੇ ਦੋ ਬੱਚਿਆਂ ਨੂੰ ਨਾਲ ਲੈ ਕੇ ਪੈਡਲਾਂ ਵਾਲੀ ਕਿਸ਼ਤੀ ਲੈ ਕੇ ਗਿਆ। ਇਸੇ ਦੌਰਾਨ ਇਸ ਜੋੜੇ ਨੇ ਦਰਿਆ ਦੇ ਅੱਧ ਵਿਚ ਜਾ ਕੇ ਆਪਣੇ ਦੋਵੇਂ ਬੱਚਿਆਂ ਸਮੇਤ ਦਰਿਆ ਵਿਚ ਛਾਲ ਮਾਰ ਦਿੱਤੀ। ਨਤੀਜੇ ਵਜੋਂ ਦੋਵੇਂ ਮੀਆਂ-ਬੀਬੀ ਅਤੇ ਇਕ ਛੋਟਾ ਬੱਚਾ ਪਾਣੀ ਦੇ ਤੇਜ਼ ਵਹਾਅ 'ਚ ਹੜ੍ਹ ਗਏ ਜਦਕਿ ਇਕ ਛੋਟੀ ਬੱਚੀ ਨੂੰ ਉਥੇ ਡਿਊਟੀ 'ਤੇ ਤਾਇਨਾਤ ਬੋਟ ਮੈਨ ਦੀਦਾਰ ਸਿੰਘ ਨੇ ਬਚਾਅ ਲਿਆ।

ਜੋੜਾ ਪਿੰਡ ਰੈਲੋ ਕਲਾਂ ਦਾ ਰਹਿਣ ਵਾਲਾ ਸੀ, ਜਿਸ ਦੀ ਸਨਾਖਤ ਰਣਜੀਤ ਸਿੰਘ (30) ਪੁੱਤਰ ਲੇਟ ਰਾਮ ਸਿੰਘ, ਉਸ ਦੀ ਪਤਨੀ ਦਾ ਨਾਂ ਸੁਨੀਤਾ (28) ਅਤੇ ਉਨ੍ਹਾਂ ਨਾਲ ਮਰਨ ਵਾਲੀ (ਛੇ ਮਹੀਨੇ) ਦੀ ਲੜਕੀ ਪ੍ਰੀਤੀ ਅਤੇ ਜੋ ਲੜਕੀ ਬਚਾਈ ਗਈ ਹੈ, ਉਸ ਦਾ ਨਾਂ ਸਿਮਰਨ (3 ਸਾਲ) ਵਜੋ ਹੋਈ ਹੈ।

## ਸੜਕ ਹਾਦਸੇ 'ਚ ਪੰਜ ਮੌਤਾਂ, ਦੋ ਜ਼ਖ਼ਮੀ

**ਮਹਿਲ ਕਲਾਂ :** ਸਥਾਨਕ ਮਹਿਲ ਕਲਾਂ ਦੇ ਅਧੀਨ ਪੈਂਦੇ ਪਿੰਡ ਵਜੀਦਕੇ ਖੁਰਦ ਦੇ ਵਸਨੀਕ ਇੱਕ ਸਰਕਾਰੀ ਐਂਬੂਲੈਂਸ ਦੇ ਡਰਾਇਵਰ ਅਤੇ ਚਾਰ ਹੋਰ ਪ੍ਰਵਾਸੀ ਮਜ਼ਦੂਰਾਂ ਦੀ ਸੜਕ ਹਾਦਸੇ 'ਚ ਮੌਤ ਹੋ ਗਈ ਤੇ ਦੋ ਗੰਭੀਰ ਜ਼ਖ਼ਮੀ ਹੋ ਗਏ। ਮਿਲੀ ਜਾਣਕਾਰੀ ਅਨੁਸਾਰ ਸੁਖਵਿੰਦਰ ਸਿੰਘ ਵਾਸੀ ਵਜੀਦਕੇ ਖੁਰਦ ਜੋ ਕਿ ਸਿਵਲ ਹਸਪਤਾਲ ਬਰਨਾਲਾ ਤੋਂ ਮਰੀਜ਼ ਲੈ ਕੇ ਪੀ ਜੀ ਆਈ ਚੰਡੀਗੜ੍ਹ ਜਾ ਰਿਹਾ ਸੀ, ਦੀ ਐਂਬੂਲੈਂਸ ਰਸਤੇ 'ਚ ਪਿੰਡ ਬਹਾਦਰਪੁਰ ਨੇੜੇ ਅੱਗੋਂ ਆ ਰਹੇ ਕਿਸੇ ਵਾਹਨ ਦੀਆਂ ਤੇਜ਼ ਲਾਈਟਾਂ ਕਾਰਨ ਸੜਕ ਕਿਨਾਰੇ ਖੜ੍ਹੇ ਟਰਾਲੇ ਨਾਲ ਜਾ ਟਕਰਾਈ। ਇਸ ਹਾਦਸੇ 'ਚ ਸੁਖਵਿੰਦਰ ਸਿੰਘ ਸਮੇਤ ਚਾਰ ਹੋਰ ਪ੍ਰਵਾਸੀ ਮਜ਼ਦੂਰਾਂ ਦੀ ਮੌਤ ਹੋ ਗਈ।

# ਪੜ੍ਹਾਈ ਲਈ ਵਿਦੇਸ਼ ਭੇਜਣ ਵਾਲੀ ਕੰਪਨੀ ਨੇ ਠੱਗੇ ਲੋਕ

**ਜਲੰਧਰ:** ਇਥੋਂ ਦੀ ਇਕ ਵਿਦੇਸ਼ ਭੇਜਣ ਵਾਲੀ ਕੰਪਨੀ ਓ.ਆਈ.ਜੀ.ਸੀ. ਵਲੋਂ ਕੁਝ ਲੋਕਾਂ ਨਾਲ ਕਥਿਤ ਤੌਰ 'ਤੇ ਸਟੱਡੀ ਬੇਸ ਉਤੇ ਕੈਨੇਡਾ ਭੇਜਣ ਦੇ ਨਾਂ ਤੇ ਮਾਰੀ ਗਈ ਠੱਗੀ ਦੇ ਵਿਰੋਧ ਵਿਚ ਪੀੜਤ ਨੌਜਵਾਨ ਲੜਕੇ-ਲੜਕੀਆਂ ਨੇ ਲੋਕ ਭਲਾਈ ਪਾਰਟੀ ਦੀ ਅਗਵਾਈ ਵਿਚ ਉਕਤ ਕੰਪਨੀ ਦੇ ਦਫਤਰ ਦੇ ਬਾਹਰ ਬੀਤੇ ਦਿਨੀਂ ਧਰਨਾ ਲਗਾਇਆ। ਇਸ ਤੋਂ ਪਹਿਲਾਂ ਲੋਕ ਭਲਾਈ ਪਾਰਟੀ ਦੇ ਆਗੂਆਂ ਨੇ ਇਨ੍ਹਾਂ ਵਿਅਕਤੀਆਂ ਨੂੰ ਨਾਲ ਲੈ ਕੇ ਦੇਸ਼ ਭਗਤ ਯਾਦਗਾਰ ਤੋਂ ਕੰਪਨੀ ਦੇ ਦਫਤਰ ਤੱਕ ਰੋਸ ਮਾਰਚ ਕੀਤਾ ਅਤੇ ਬਾਅਦ ਵਿਚ ਇਹ ਧਰਨਾਕਾਰੀ ਡੀ.ਸੀ. ਦਫਤਰ ਗਏ ਅਤੇ ਕੰਪਨੀ ਵਿਰੁਧ ਕਾਨੂੰਨੀ ਕਾਰਵਾਈ ਕਰਨ ਲਈ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦਿੱਤਾ।

ਇਸ ਧਰਨੇ ਨੂੰ ਸੰਬੋਧਨ ਕਰਦਿਆਂ ਲੋਕ ਭਲਾਈ ਪਾਰਟੀ ਦੇ ਮਾਝਾ-ਦੁਆਬਾ ਜ਼ੋਨ ਦੇ ਇੰਚਾਰਜ ਅਮਰੀਕ ਸਿੰਘ ਵਰਪਾਲ ਤੇ ਮੀਡੀਆ ਇੰਚਾਰਜ ਰਮਨਦੀਪ ਸਿੰਘ ਭਰੋਵਾਲ ਨੇ ਕਿਹਾ ਕਿ ਓ.ਜੀ.ਆਈ.ਸੀ. ਕੰਪਨੀ ਨੇ ਇਨ੍ਹਾਂ ਲੋਕਾਂ ਕੋਲੋਂ 22 ਹਜ਼ਾਰ ਤੋਂ ਲੈ ਕੇ 85 ਹਜ਼ਾਰ ਰੁਪਏ ਤੱਕ ਲਏ ਹਨ ਅਤੇ ਧੋਖੇ ਨਾਲ ਇਨ੍ਹਾਂ ਕੋਲੋਂ ਹਲਫੀਆ ਬਿਆਨ ਉਤੇ ਦਸਤਖਤ ਕਰਵਾ ਲਏ ਕਿ ਉਨ੍ਹਾਂ ਵਲੋਂ ਦਿੱਤੀ ਗਈ ਰਕਮ ਵਾਪਸ ਮੋੜਨਯੋਗ ਨਹੀਂ ਹੋਵੇਗੀ। ਕੰਪਨੀ ਵਲੋਂ ਦਿੱਤਾ ਗਿਆ ਆਫਰ ਲੈਟਰ ਵੀ ਜਾਅਲੀ ਹੈ, ਕਿਉਂਕਿ ਜਿਸ ਅਕਾਦਮੀ ਦਾ ਆਫਰ ਲੈਟਰ ਵਿਚ ਜ਼ਿਕਰ ਕੀਤਾ ਗਿਆ ਹੈ, ਉਹ ਕੈਨੇਡਾ ਵਿਚ ਹੈ ਹੀ ਨਹੀਂ। ਉਨ੍ਹਾਂ ਕਿਹਾ ਕਿ ਇਸ ਕੰਪਨੀ ਕੋਲ ਕੋਈ ਲਾਇਸੰਸ ਨਹੀਂ ਹੈ ਅਤੇ ਇਹ 40 ਹਜ਼ਾਰ ਰੁਪਿਆ ਲੈ ਕੇ ਗੈਪ ਕਵਰ ਜਾਂ ਤਜ਼ਰਬਾ ਸਰਟੀਫਿਕੇਟ ਬਣਾ ਦਿੰਦੀ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਕੰਪਨੀ ਉਤੇ 420 ਦਾ ਪਰਚਾ ਦਰਜ ਕੀਤਾ ਜਾਵੇ ਅਤੇ ਇਸ ਪੰਜਾਬ ਅੰਦਰ ਚੱਲਦੇ ਸਾਰੇ ਦਫਤਰ ਬੰਦ ਕੀਤੇ ਜਾਣ।

ਇਸ ਮੌਕੇ 'ਤੇ ਪੀੜਤ ਲੜਕੇ ਤੇ ਲੜਕੀਆਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਓ.ਜੀ.ਆਈ.ਸੀ. ਨੇ ਪੜ੍ਹਾਈ ਲਈ ਕੈਨੇਡਾ ਭੇਜਣ ਦੇ ਨਾਂ ਉਨ੍ਹਾਂ ਕੋਲੋਂ ਪੈਸੇ ਲੈ ਲਏ ਪਰ ਉਨ੍ਹਾਂ ਨੂੰ ਨਾ ਤਾਂ ਬਾਹਰ ਭੇਜਿਆ ਗਿਆ ਤੇ ਨਾ ਹੀ ਉਨ੍ਹਾਂ ਦੇ ਪੈਸੇ ਵਾਪਸ ਕੀਤੇ ਗਏ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਉਨ੍ਹਾਂ ਕੰਪਨੀ ਦੇ ਮਾਲਕ ਸੰਦੀਪ ਓਹਰੀ ਨਾਲ ਕਈ ਵਾਰ ਸੰਪਰਕ ਕੀਤਾ ਪਰ ਉਸ ਨੇ ਕੋਈ ਹੱਥ ਪੱਲਾ ਨਹੀਂ ਫੜਾਇਆ। ਉਸਤੋਂ ਬਾਅਦ ਉਨ੍ਹਾਂ ਉਸਦੇ ਦਫਤਰ ਦੇ ਬਾਹਰ ਧਰਨਾ ਵੀ ਮਾਰਿਆ ਤੇ ਪੁਲੀਸ ਡਵੀਜ਼ਨ ਨੰਬਰ 6 ਵਿਚ ਸ਼ਿਕਾਇਤ ਕੀਤੀ ਪਰ ਪੁਲੀਸ ਨੇ ਵੀ 15 ਦਿਨ ਤੋਂ ਵਧ ਸਮਾਂ ਬੀਤ ਜਾਣ 'ਤੇ ਕੋਈ ਕਾਰਵਾਈ ਨਹੀਂ ਕੀਤੀ।

**ਮਾਮਲਾ ਲੁਟੇਰਿਆਂ ਵਲੋਂ ਨਵਵਿਆਹੁਤਾ ਨੂੰ ਕਤਲ ਕਰਨ ਦਾ**

# ਪਤੀ ਹੀ ਨਿਕਲਿਆ ਰਾਜਵੰਤ ਕੌਰ ਦਾ ਅਸਲੀ ਕਾਤਲ

**ਤਰਨ ਤਾਰਨ:** ਬੀਤੀ 2 ਅਕਤੂਬਰ ਨੂੰ ਸਥਾਨਕ ਮੌਲਸਰੀ ਰਿਜ਼ੌਰਟ ਦੇ ਨਜ਼ਦੀਕ ਨਵਵਿਆਹੁਤਾ ਪਤਨੀ ਨੂੰ ਅਣਪਛਾਤੇ ਲੁਟੇਰਿਆਂ ਵਲੋਂ ਕਤਲ ਕਰ ਦੇਣ ਅਤੇ ਪਤੀ ਨੂੰ ਕੁੱਟਮਾਰ ਕੇ ਗੰਭੀਰ ਜ਼ਖ਼ਮੀ ਕਰ ਦੇਣ ਦੀ ਗੁੱਥੀ ਪੁਲਿਸ ਨੇ ਸਿਰਫ਼ 72 ਘੰਟਿਆਂ ਵਿਚ ਸੁਲਝਾ ਲੈਣ ਦਾ ਦਾਅਵਾ ਕਰਦਿਆਂ ਮ੍ਰਿਤਕ ਰਜਵੰਤ ਕੌਰ ਦੇ ਪਤੀ ਨੂੰ ਕਤਲ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਉਸ ਨੇ ਆਪਣੀ ਪਤਨੀ ਨੂੰ ਕਤਲ ਕਰਨ ਦਾ ਦੋਸ਼ ਵੀ ਕਬੂਲ ਕਰ ਲਿਆ ਹੈ।

ਜਾਣਕਾਰੀ ਦਿੰਦਿਆਂ ਤਰਨ ਤਾਰਨ ਦੇ ਐਸ ਐਸ ਪੀ ਸੁਖਦੇਵ ਸਿੰਘ ਬਰਾੜ ਨੇ ਦੱਸਿਆ ਕਿ ਮ੍ਰਿਤਕ ਰਜਵੰਤ ਕੌਰ ਦਾ ਵਿਆਹ ਸਥਾਨਕ ਮੁਹੱਲਾ ਮੁਰਾਦਪੁਰਾ ਦੇ ਵਸਨੀਕ ਮਨਬੀਰ ਸਿੰਘ ਨਾਲ 8-9 ਮਹੀਨੇ ਪਹਿਲਾਂ ਹੋਇਆ ਸੀ ਅਤੇ ਰਜਵੰਤ ਕੌਰ ਦੇ ਮਾਪਿਆਂ ਨੇ ਵਿਆਹ ਸਮੇਂ ਕਾਫ਼ੀ ਦਹੇਜ ਵਗੈਰਾ ਵੀ ਦਿੱਤਾ ਸੀ ਪਰ ਮਨਬੀਰ ਸਿੰਘ ਆਪਣੀ ਪਤਨੀ ਦੇ ਚਰਿੱਤਰ 'ਤੇ ਅਕਸਰ ਸ਼ੱਕ ਕਰਦਾ ਰਹਿੰਦਾ ਸੀ। ਉਨ੍ਹਾਂ ਦੱਸਿਆ ਕਿ ਵਾਰਦਾਤ ਵਾਲੇ ਦਿਨ ਦੋਵੇਂ ਪਤੀ-ਪਤਨੀ ਪਿੰਡ ਨਾਗ ਕਲਾਂ ਤੋਂ ਵਾਇਆ ਜੰਡਿਆਲਾ ਆਪਣੇ ਘਰ ਤਰਨ ਤਾਰਨ ਆ ਰਹੇ ਸਨ ਪਰ ਉਸ ਸਮੇਂ ਹਨੇਰਾ ਨਹੀਂ ਹੋਇਆ ਸੀ, ਜਿਸ ਕਰਕੇ ਰਜਵੰਤ ਦੇ ਪਤੀ ਮਨਬੀਰ ਸਿੰਘ ਨੇ ਜਾਣਬੁੱਝ ਕਿ ਹਨੇਰਾ ਹੋਣ ਤੱਕ ਆਪਣੇ ਘਰ ਜਾਣ ਲਈ ਗਲਤ ਰਸਤਾ ਚੁਣਿਆ। ਐਸ ਐਸ ਪੀ ਨੇ ਦੱਸਿਆ ਕਿ ਉਸੇ ਦਿਨ ਤਕਰੀਬਨ 7.30 ਵਜੇ ਸ਼ਾਮ ਮਨਬੀਰ ਨੇ ਆਪਣਾ ਮੋਟਰਸਾਇਕਲ ਮੌਲਸਰੀ ਰਿਜ਼ੌਰਟ ਦੇ ਨਜ਼ਦੀਕ ਖੜ੍ਹਾ ਕਰਕੇ ਆਪਣੀ ਪਤਨੀ ਨੂੰ ਕਿਹਾ ਕਿ ਉਹ ਮੋਬਾਈਲ ਫੋਨ 'ਤੇ ਆਪਣੀ ਮਾਂ ਨੂੰ ਦੱਸ ਦੇਵੇ ਕਿ ਉਹ ਆਪਣੇ ਘਰ ਦੇ ਨਜ਼ਦੀਕ ਪੁੱਜ ਚੁੱਕੇ ਹਨ, ਜਿਵੇਂ ਹੀ ਰਜਵੰਤ ਨੇ ਆਪਣੀ ਮਾਂ ਨੂੰ ਫੋਨ ਕਰਕੇ ਫੋਨ ਬੰਦ ਕੀਤਾ ਤਾਂ ਤੁਰੰਤ ਮਨਬੀਰ ਨੇ ਆਪਣੀ ਪਤਨੀ ਦੇ ਗਲ ਵਿਚ ਪਰਨਾ ਪਾ ਕੇ ਉਸ ਨੂੰ ਮਾਰ ਦਿੱਤਾ। ਜਦੋਂ ਮਨਬੀਰ ਨੂੰ ਲਗਾ ਕਿ ਉਸਦੀ ਪਤਨੀ ਅਜੇ ਨਹੀਂ ਮਰੀ ਤਾਂ ਉਸ ਨੇ ਨਜ਼ਦੀਕ ਇਕ ਸ਼ਰਾਬ ਦੇ ਠੇਕੇ ਤੋਂ ਬੀਅਰ ਦੀ ਬੋਤਲ ਲੈ ਕੇ ਉਸ ਨੂੰ ਤੋੜਿਆ ਅਤੇ ਇਸ ਟੁੱਟੀ ਬੋਤਲ ਨਾਲ ਆਪਣੀ ਪਤਨੀ ਦੇ ਪੇਟ ਵਿਚ ਵਾਰ ਕਰਕੇ ਉਸ ਨੂੰ ਮਾਰ ਦਿੱਤਾ ਅਤੇ ਬਾਅਦ ਵਿਚ ਖ਼ੁਦ ਹੀ ਆਪਣੇ ਘਰ ਫੋਨ ਕਰ ਦਿੱਤਾ ਕਿ ਉਸਦੀ ਪਤਨੀ ਨੂੰ ਕਤਲ ਕਰ ਦਿੱਤਾ ਗਿਆ ਹੈ।

## 2 ਬੱਚਿਆਂ ਸਣੇ ਖ਼ੁਦਕੁਸ਼ੀ

**ਅੰਮ੍ਰਿਤਸਰ:** ਅੰਮ੍ਰਿਤਸਰ ਦੇ ਮੁਹੱਲਾ ਦਸਮੇਸ਼ ਨਗਰ ਤਰਨਤਾਰਨ ਰੋਡ ਦੀ ਵਸਨੀਕ ਬਲਜੀਤ ਕੌਰ ਪਤਨੀ ਰਜਿੰਦਰ ਸਿੰਘ ਦਾ ਪਿਛਲੇ ਦਿਨੀਂ ਆਪਣੇ ਦੋ ਬੱਚਿਆਂ ਸਮੇਤ ਜ਼ਹਿਰ ਖਾ ਕੇ ਖ਼ੁਦਕੁਸ਼ੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ।

ਘਟਨਾ ਦੀ ਜਾਣਕਾਰੀ ਦਿੰਦਿਆਂ ਮ੍ਰਿਤਕਾ ਦੀ ਭੂਆ ਦੇ ਲੜਕੇ ਹੈਪੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਜਦੋਂ ਬਲਜੀਤ ਦੇ ਬੱਚੇ ਰਜਵਿੰਦਰ ਸਿੰਘ (10) ਤੇ ਮਨਵਿੰਦਰ (6) ਸਕੂਲੋਂ ਆਏ ਤਾਂ ਉਸ ਨੇ ਉਨ੍ਹਾਂ ਦੋਹਾਂ ਨੂੰ ਜ਼ਹਿਰ ਦੇ ਕੇ ਖ਼ੁਦ ਵੀ ਜ਼ਹਿਰ ਪੀ ਲਿਆ।

## ਅਕਾਲੀ ਆਗੂ ਦੇ ਘਰੋਂ ਨਸ਼ੀਲੀਆਂ ਦਵਾਈਆਂ

**ਤਲਵੰਡੀ ਸਾਬੋ:** ਬੀਤੇ ਦਿਨੀਂ ਪੰਜਾਬ ਪੁਲਿਸ ਦੇ ਵਿਸ਼ੇਸ਼ 'ਨਾਰਕੋਟਿਕ ਸੈੱਲ' ਵਲੋਂ ਨੇੜਲੇ ਪਿੰਡ ਸ਼ੇਖਪੁਰਾ ਵਿਖੇ ਕੀਤੀ ਛਾਪੇਮਾਰੀ ਦੌਰਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸੀਨੀਅਰ ਆਗੂ, ਜੋ ਡਾਕਟਰੀ ਦਾ ਕੰਮ ਵੀ ਕਰਦਾ ਸੀ, ਦੇ ਘਰੋਂ ਭਾਰੀ ਮਾਤਰਾ ਵਿਚ ਨਸ਼ੀਲੀਆਂ ਦਵਾਈਆਂ ਫੜੀਆਂ ਗਈਆਂ ਹਨ। ਥਾਣਾ ਤਲਵੰਡੀ ਸਾਬੋ ਵਿਖੇ ਪੁਲਿਸ ਨੇ ਪਰਚਾ ਦਰਜ ਕਰਕੇ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਜਾਣਕਾਰੀ ਅਨੁਸਾਰ ਬੀਤੇ ਦਿਨੀਂ ਪੰਜਾਬ ਪੁਲਿਸ ਦੇ ਵਿਸ਼ੇਸ਼ ਨਾਰਕੋਟਿਕ ਸੈੱਲ ਦੀ ਟੀਮ ਨੇ ਸੈੱਲ ਦੇ ਇੰਚਾਰਜ ਦਿਨੇਸ਼ ਕੁਮਾਰ ਦੀ ਅਗਵਾਈ ਵਿਚ ਪੁਖ਼ਤਾ ਸੂਚਨਾ ਮਿਲਣ 'ਤੇ ਨੇੜਲੇ ਪਿੰਡ ਸ਼ੇਖਪੁਰਾ ਦੇ ਇੱਕ ਪਿੰਡ 'ਚ ਹੀ ਡਾਕਟਰੀ ਦਾ ਕੰਮ ਕਰਨ ਵਾਲੇ ਗੁਰਸੇਵਕ ਸਿੰਘ ਦੇ ਘਰ ਛਾਪਾ ਮਾਰਿਆ। ਛਾਪੇਮਾਰੀ ਦੌਰਾਨ ਟੀਮ ਨੇ ਉਕਤ ਡਾਕਟਰ ਦੇ ਘਰੋਂ ਕਰੀਬ 82,000 ਨਸ਼ੀਲੀਆਂ ਗੋਲੀਆਂ ਮੋਨੋਟਿਲ, ਡੈਜ਼ੀਪਾਮ, ਕੈਰੀਸੋਮਾ ਦੀਆਂ ਸ਼ੀਸ਼ੀਆਂ ਬਰਾਮਦ ਕੀਤੀਆਂ। ਦੋਸ਼ੀ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ।

## 28 ਲੱਖ ਰੁਪਏ ਦਾ ਜਾਅਲੀ ਡਰਾਈਫਰੂਟ ਫੜਿਆ

**ਪਟਿਆਲਾ :** ਦਿਵਾਲੀ ਦੇ ਦਿਨਾਂ ਵਿਚ ਜਿੱਥੇ ਮਿਲਾਵਟੀ ਖੋਆ ਆਦਿ ਮਿਲ ਰਿਹਾ ਹੈ, ਉਥੇ ਹੀ ਐਕਸਾਈਜ਼ ਵਿਭਾਗ ਪੰਜਾਬ ਨੇ ਬੀਤੀ 7 ਅਕਤੂਬਰ ਨੂੰ ਪ੍ਰਚੂਨ ਦਾ ਸਾਮਾਨ ਵੀ ਵੱਡੀ ਮਾਤਰਾ ਵਿਚ ਫੜਿਆ ਹੈ।

ਫੜੇ ਗਏ ਟਰੱਕ ਵਿਚ ਕਰੀਬ 28 ਲੱਖ ਦਾ ਮਾਲ ਆਂਕਿਆ ਗਿਆ ਹੈ, ਜਿਸ 'ਤੇ ਜਮ੍ਹਾਂਖੋਰੀ ਦਾ ਕੇਸ ਦਰਜ ਹੋਣ ਦੇ ਨਾਲ ਵੈਟ ਟੈਕਸ ਚੋਰੀ ਕਰਨ ਦਾ ਮਾਮਲਾ ਵੀ ਦਰਜ ਹੋਵੇਗਾ ਤੇ ਉਸ 'ਤੇ ਕਰੀਬ 15 ਲੱਖ ਰੁਪਏ ਜੁਰਮਾਨਾ ਹੋਣ ਦੀ ਸੰਭਾਵਨਾ ਹੈ।








**Editing & Translation**

Professional Text Editing in English and Translation Work from Punjabi to English (Academic, Technical and Creative)

Prithvi Raj
prithviraj46@yahoo.com
shaprithvi@gmail.com
Cell (India)-094173-50789






# ਸੁਖਬੀਰ ਤੇ ਕਾਲੀਆ ਵਿਚਾਲੇ ਹੋਈ ਗੰਭੀਰ ਚਰਚਾ





**ਚੰਡੀਗੜ੍ਹ :** ਸੂਬੇ ਦੀ ਵਿੱਤੀ ਹਾਲਤ 'ਚ ਸੁਧਾਰ ਲਿਆਉਣ ਅਤੇ ਬਿਜਲੀ ਦੀਆਂ ਵਧੀਆਂ ਦਰਾਂ 'ਤੇ ਸਬਸਿਡੀਆਂ ਦੇਣ ਅਤੇ ਰਾਜ 'ਚ ਚੁੰਗੀ ਮੁੜ ਤੋਂ ਲਾਗੂ ਕਰਨ ਆਦਿ ਮਾਮਲਿਆਂ ਨੂੰ ਲੈ ਕੇ ਬਣਾਈ ਗਈ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਸਥਾਨਕ ਸਰਕਾਰ ਮੰਤਰੀ ਮਨੋਰੰਜਨ ਕਾਲੀਆ 'ਤੇ ਆਧਾਰਿਤ 2 ਮੈਂਬਰੀ ਕਮੇਟੀ ਦੀ ਬੀਤੀ 8 ਅਕਤੂਬਰ ਨੂੰ ਇੱਥੇ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਬੈਠਕ ਹੋਈ, ਜਿਸ ਵਿਚ ਨਵੇਂ ਵਿੱਤੀ ਵਸੀਲੇ ਪੈਦਾ ਕਰਨ 'ਤੇ ਵਿਸਥਾਰਪੂਰਵਕ ਵਿਚਾਰ ਕੀਤਾ ਗਿਆ। ਮੀਟਿੰਗ ਵਿਚ ਵੱਖ ਵੱਖ ਵਿਭਾਗਾਂ ਦੇ ਮੁਖੀਆਂ ਵਲੋਂ ਨਵੇਂ ਵਿੱਤੀ ਸਰੋਤ ਪੈਦਾ ਕਰਨ ਬਾਰੇ ਦਿੱਤੀਆਂ ਰਿਪੋਰਟਾਂ ਤੇ ਸੁਝਾਵਾਂ 'ਤੇ ਚਰਚਾ ਕੀਤੀ ਗਈ।

ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਦੋਵੇਂ ਪਾਰਟੀਆਂ ਦੇ ਉਕਤ ਆਗੂਆਂ ਨੇ ਸੂਬੇ 'ਚ ਮੁੜ ਚੁੰਗੀ ਲਾਉਣ ਦੇ ਮੁੱਦੇ 'ਤੇ ਵੀ ਆਪਣੇ ਆਪਣੇ ਵਿਚਾਰ ਸਾਂਝੇ ਕੀਤੇ ਪ੍ਰੰਤੂ ਦੋਵਾਂ ਵਿਚਕਾਰ ਚੁੰਗੀ ਮੁੜ ਤੋਂ ਲਾਗੂ ਕਰਨ 'ਤੇ ਸਹਿਮਤੀ ਨਾ ਬਣ ਸਕੀ। ਜਿੱਥੇ ਸ੍ਰੀ ਕਾਲੀਆ ਨੇ ਉਦਯੋਗਪਤੀਆਂ ਤੇ ਵਪਾਰੀ ਵਰਗ ਦੇ ਆਪਣੇ ਵੋਟ ਬੈਂਕ ਨੂੰ ਮੁੱਖ ਰੱਖਦਿਆਂ ਕਿਹਾ ਕਿ ਇਸ ਨਾਲ ਸਰਕਾਰ ਨੂੰ ਉਨ੍ਹਾਂ ਦੀ ਵੱਡੀ ਨਰਾਜ਼ਗੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਉਥੇ ਸਬਸਿਡੀਆਂ ਦੇ ਮੁੱਦੇ 'ਤੇ ਉਪ ਮੁੱਖ ਮੰਤਰੀ ਦਾ ਕਹਿਣਾ ਸੀ ਕਿ ਜੇਕਰ ਕਿਸਾਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਬਸਿਡੀਆਂ ਸਰਕਾਰ ਬੰਦ ਕਰ ਦਿੰਦੀ ਹੈ ਤਾਂ ਅਕਾਲੀ ਦਲ ਦੇ ਵੋਟ ਬੈਂਕ ਨੂੰ ਵੀ ਖੋਰਾ ਲੱਗ ਸਕਦਾ ਹੈ। ਦੂਜੇ ਪਾਸੇ ਸਵਾਲ ਸੀ ਕਿ ਬਿਜਲੀ ਦੀਆਂ ਵਧੀਆਂ ਦਰਾਂ 'ਤੇ ਘਰੇਲੂ ਅਤੇ ਉਦਯੋਗਿਕ ਖਪਤਕਾਰਾਂ ਨੂੰ ਨਵੀਆਂ ਸਬਸਿਡੀਆਂ ਕਿੱਥੋਂ ਦਿੱਤੀਆਂ ਜਾ ਸਕਦੀਆਂ ਹਨ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਵਿੱਤੀ ਸਰੋਤ ਜੁਟਾਉਣ ਲਈ ਬਣਾਈ ਗਈ 2 ਮੈਂਬਰੀ ਕਮੇਟੀ ਨੇ ਅਜੇ ਤੱਕ 25 ਪੰਨਿਆਂ ਦੀ ਆਪਣੀ ਇੱਕ ਰਿਪੋਰਟ ਤਿਆਰ ਕੀਤੀ ਹੈ ਜਿਸ ਵਿਚ ਕਿਸਾਨਾਂ ਅਤੇ ਉਦਯੋਗਿਕ ਘਰਾਣਿਆਂ ਨੂੰ ਛੱਡ ਕੇ ਵੈਟ ਤੋਂ ਇਲਾਵਾ ਸ਼ਰਾਬ 'ਤੇ ਨਵਾਂ ਟੈਕਸ ਲਗਾਉਣ, ਆਮਦਨ ਟੈਕਸ ਦੀ ਵਸੂਲੀ ਲਈ ਮਜ਼ਬੂਤ ਪ੍ਰਣਾਲੀ ਬਣਾਉਣ, ਪ੍ਰਾਈਵੇਟ ਵਿੱਦਿਅਕ ਖੇਤਰ ਦੇ ਅਧਾਰਿਆਂ 'ਤੇ ਨਵਾਂ ਟੈਕਸ ਲਾਉਣ, ਸਰਕਾਰੀ ਖ਼ਰਚੇ 'ਚ ਕਟੌਤੀ ਕਰਨ ਤੋਂ ਇਲਾਵਾ ਕਈ ਹੋਰ ਸਰੋਤਾਂ ਤੋਂ ਵਿੱਤੀ ਸਾਧਨ ਪੈਦਾ ਕਰਨ ਵਲ ਧਿਆਨ ਕੇਂਦਰਿਤ ਹੋ ਗਿਆ ਹੈ। ਸਰਕਾਰ ਦੇ ਇੱਕ ਸੀਨੀਅਰ ਅਧਿਕਾਰੀ ਦਾ ਕਹਿਣਾ ਹੈ ਕਿ ਨਵੇਂ ਵਿੱਤੀ ਵਸੀਲੇ ਜੁਟਾਉਣ ਲਈ ਬਣਾਈ ਗਈ ਕਮੇਟੀ ਕਈ ਮੰਨੇ ਪ੍ਰਮੰਨੇ ਵਿੱਤੀ ਮਾਹਿਰਾਂ ਦੀ ਵੀ ਰਾਇ ਲੈ ਕੇ ਨਵੀਆਂ ਯੋਜਨਾਵਾਂ ਬਣਾਉਣ 'ਤੇ ਵਿਚਾਰ ਕਰ ਰਹੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਵੀ ਨਵੇਂ ਵਿੱਤੀ ਵਸੀਲੇ ਪੈਦਾ ਕਰਨ ਬਾਰੇ ਆਪਣੇ ਸੁਝਾਅ ਦੇਣ ਲਈ ਕਿਹਾ ਹੈ। ਅਧਿਕਾਰੀ ਦਾ ਕਹਿਣਾ ਹੈ ਕਿ ਸਰਕਾਰ ਕੁਝ ਅਜਿਹੀਆਂ ਵਸਤਾਂ ਅਤੇ ਖੇਤਰ 'ਚ ਨਵੇਂ ਟੈਕਸ ਲਾਉਣ 'ਤੇ ਵਿਚਾਰ ਕਰ ਰਹੀ ਹੈ ਜਿਸ ਦਾ ਅਸਰ ਸਿੱਧੇ ਤੌਰ 'ਤੇ ਆਮ ਲੋਕਾਂ ਉੱਤੇ ਨਹੀਂ ਪਵੇਗਾ।

### ਮਸਲਾ ਚੁੰਗੀ ਦਾ

ਉਧਰ ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਜਿੱਥੇ ਭਾਜਪਾ ਹੁਣ ਪਹਿਲਾਂ ਨਾਲੋਂ ਸਬਸਿਡੀਆਂ ਦੇ ਮੁੱਦੇ 'ਤੇ ਠੰਡੀ ਪਈ ਜਾਪਦੀ ਹੈ ਉਥੇ ਅਕਾਲੀ ਦਲ ਨੇ ਵੀ ਭਾਜਪਾ ਸਾਹਮਣੇ ਚੁੰਗੀ ਦੇ ਮਸਲੇ ਦੀ ਚੁਣੌਤੀ ਰੱਖ ਦਿੱਤੀ ਹੈ। ਭਾਵ ਕਿ ਜੇਕਰ ਭਾਜਪਾ ਕਿਸਾਨਾਂ ਦੀਆਂ ਸਬਸਿਡੀਆਂ ਬੰਦ ਕਰਨ ਦੀ ਗੱਲ ਕਰਦੀ ਹੈ ਤਾਂ ਦੂਜੇ ਪਾਸੇ ਅਕਾਲੀ ਦਲ ਨੇ ਵੀ ਭਾਜਪਾ ਨੂੰ ਚੁੰਗੀ ਦੇ ਮੁੱਦੇ 'ਤੇ ਘੇਰ ਲਿਆ ਹੈ। ਦੋਵੇਂ ਪਾਸੇ ਸਥਿਤੀ ਬਰਾਬਰ ਦੀ ਚੱਲ ਰਹੀ ਹੈ। ਦੋਵੇਂ ਭਾਈਵਾਲ ਪਾਰਟੀਆਂ ਨੇ ਹੁਣ ਵਿਚਾਲੇ ਦਾ ਰਸਤਾ ਲੱਭਣਾ ਸ਼ੁਰੂ ਕਰ ਦਿੱਤਾ ਹੈ। ਉਪ ਮੁੱਖ ਮੰਤਰੀ ਦੇ ਨਜ਼ਦੀਕੀਆਂ ਦਾ ਕਹਿਣਾ ਹੈ ਕਿ ਨਵੇਂ ਵਿੱਤੀ ਸਰੋਤ ਜੁਟਾਉਣ ਲਈ ਬਣਾਈ ਗਈ ਕਮੇਟੀ ਦੀ ਰਿਪੋਰਟ ਅਗਲੇ ਹਫ਼ਤੇ ਤੱਕ ਆਉਣ ਦੀ ਸੰਭਾਵਨਾ ਹੈ। ਇਸ ਦੀ ਅਗਲੀ ਮੀਟਿੰਗ ਐਤਵਾਰ ਨੂੰ ਮੁੜ ਬੁਲਾਈ ਗਈ ਹੈ।

**ਇਸੇ ਦੌਰਾਨ ਭਾਜਪਾ ਨੇ ਕਿਹਾ ਹੈ ਕਿ** ਪੰਜਾਬ ਵਿਚ ਕਿਸੇ ਵੀ ਹਾਲਤ ਵਿਚ ਚੁੰਗੀ ਨਹੀਂ ਲੱਗੇਗੀ, ਕਿਉਂਕਿ ਚੁੰਗੀ ਦੇ ਬਦਲਵੇਂ ਪ੍ਰਬੰਧ ਸੂਬੇ ਵਿਚ ਪਹਿਲਾਂ ਹੀ ਲਾਗੂ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਦੇ ਸਮਾਲਟਰੇਡਜ਼ ਬੋਰਡ ਦੇ ਵਾਇਸ ਚੇਅਰਮੈਨ ਅਤੇ ਭਾਜਪਾ ਦੇ ਜ਼ਿਲ੍ਹਾ ਸੰਗਰੂਰ ਦੇ ਮਾਮਲਿਆਂ ਦੇ ਇੰਚਾਰਜ ਡੀ ਪੀ ਚੰਦਨ ਨੇ ਇੱਥੇ ਸਥਾਨਕ ਵਿਕਰਮ ਹੋਟਲ ਵਿਖੇ ਪੱਤਰਕਾਰਾਂ ਨਾਲ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਰਾਜ ਬਿਜਲੀ ਬੋਰਡ ਵਲੋਂ ਬਿਜਲੀ ਦਰਾਂ ਵਿਚ ਕੀਤਾ ਵਾਧਾ ਖਪਤਕਾਰਾਂ 'ਤੇ ਨਹੀਂ ਪਾਇਆ ਜਾਵੇਗਾ। ਇਸ ਦੀ ਪੂਰਤੀ ਪੰਜਾਬ ਸਰਕਾਰ ਸਬਸਿਡੀ ਦੇ ਰੂਪ ਵਿਚ ਅਦਾ ਕਰੇਗੀ। ਸ੍ਰੀ ਚੰਦਨ ਨੇ ਅੱਗੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੇ ਜਥੇਬੰਦਕ ਢਾਂਚੇ ਦੀ ਮੈਂਬਰਸ਼ਿਪ ਦਾ ਕੰਮ ਆਖਰੀ ਪੜਾਅ 'ਤੇ ਪੁੱਜ ਚੁੱਕਾ ਹੈ। ਇਸ ਤਰ੍ਹਾਂ ਮਿਥਿਆ 5 ਲੱਖ ਮੈਂਬਰਸ਼ਿਪ ਦਾ ਟੀਚਾ ਪੂਰਾ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਸੰਗਰੂਰ ਵਿਚ 15 ਹਜ਼ਾਰ ਦੀ ਭਰਤੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪਾਰਟੀ ਨੌਜਵਾਨਾਂ ਨੂੰ ਭਰਤੀ ਕਰਨ ਵਿਚ ਵਿਸ਼ੇਸ਼ ਧਿਆਨ ਦੇ ਰਹੀ ਹੈ। ਇਸ ਤਰ੍ਹਾਂ ਹਰ ਬੂਥ 'ਤੇ 50 ਮੈਂਬਰ ਭਰਤੀ ਕੀਤੇ ਜਾਣਗੇ। ਉਪਰੰਤ ਮੰਡਲ ਪ੍ਰਧਾਨਾਂ ਦੀ ਚੋਣ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ।



# ਸੁਖਬੀਰ ਬਾਦਲ ਨੂੰ ਮੁੱਖ ਮੰਤਰੀ ਬਣਾਉਣ 'ਤੇ ਭਾਜਪਾ ਨੂੰ ਕੋਈ ਇਤਰਾਜ਼ ਨਹੀਂ

**ਚੰਡੀਗੜ੍ਹ:** 'ਜੇਕਰ ਸ਼੍ਰੋਮਣੀ ਅਕਾਲੀ ਦਲ ਸੁਖਬੀਰ ਸਿੰਘ ਬਾਦਲ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਉਂਦਾ ਹੈ ਤਾਂ ਇਸ ਫੈਸਲੇ ਸਬੰਧੀ ਭਾਜਪਾ ਨੂੰ ਕੋਈ ਇਤਰਾਜ਼ ਨਹੀਂ ਹੈ। ਇਹ ਅਕਾਲੀ ਦਲ ਦਾ ਆਪਸੀ ਮਾਮਲਾ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਵਲੋਂ ਹਰਿਆਣਾ 'ਚ ਇਨੈਲੋ ਨਾਲ ਮਿਲ ਕੇ ਚੋਣਾਂ ਲੜਨ 'ਤੇ ਵੀ ਭਾਜਪਾ ਨੂੰ ਕੋਈ ਇਤਰਾਜ਼ ਨਹੀਂ ਹੈ, ਕਿਉਂਕਿ ਅਕਾਲੀ ਦਲ ਨੇ ਇਸ ਸਬੰਧੀ ਭਾਜਪਾ ਨੂੰ ਪਹਿਲਾਂ ਹੀ ਸੂਚਿਤ ਕਰ ਦਿੱਤਾ ਸੀ।'' ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬੀਤੀ 7 ਅਕਤੂਬਰ ਇੱਥੇ ਹਰਿਆਣਾ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਚੋਣ ਪ੍ਰਚਾਰ ਲਈ ਆਏ ਭਾਜਪਾ ਦੇ ਕੌਮੀ ਪ੍ਰਧਾਨ ਰਾਜਨਾਥ ਸਿੰਘ ਨੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਕੀਤਾ। ਸ੍ਰੀ ਸਿੰਘ ਨੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਕਿਹਾ ਕਿ ਹਰਿਆਣਾ 'ਚ ਕਾਂਗਰਸ ਦੀ ਸਰਕਾਰ ਨਹੀਂ ਆਉਣੀ ਚਾਹੀਦੀ ਤੇ ਹੋਰ ਜਿਹੜੀ ਮਰਜ਼ੀ ਸਰਕਾਰ ਆ ਜਾਵੇ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਹਰਿਆਣਾ 'ਚ ਰਲੀ-ਮਿਲੀ ਸਰਕਾਰ ਬਣੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਨੂੰ ਹਰਾਉਣ ਲਈ ਉਹ ਕਿਸੇ ਵੀ ਪਾਰਟੀ ਨਾਲ ਮਿਲ ਕੇ ਸਰਕਾਰ ਬਣਾਉਣ ਲਈ ਤਿਆਰ ਹਨ, ਜਿਸ ਦੀ ਚਾਬੀ ਭਾਜਪਾ ਦੇ ਹੱਥ ਹੋਵੇ। ਉਨ੍ਹਾਂ ਮੰਗ ਕੀਤੀ ਕਿ ਮਹਿੰਗਾਈ ਨਾਲ ਨਜਿੱਠਣ ਲਈ ਇਕ ਸਮੁੱਚੀ ਯੋਜਨਾ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਅਸੀਂ ਦੇਸ਼ ਦੇ ਹਰ ਮੁੱਦੇ ਭਾਵੇਂ ਉਹ ਮਹਿੰਗਾਈ ਦਾ ਹੋਵੇ ਜਾਂ ਦਹਿਸ਼ਤਗਰਦੀ , ਵਿਰੋਧੀ ਧਿਰ ਹੋਣ ਦੇ ਬਾਵਜੂਦ ਵੀ ਸਰਕਾਰ ਨਾਲ ਖੜ੍ਹਾਂਗੇ, ਪਰ ਸਰਕਾਰ ਵੀ ਅੱਗੇ ਵਧੇ।

ਕਵਾਤਰੋਚੀ ਮਾਮਲੇ ਸਬੰਧੀ ਬੋਲਦਿਆਂ ਉਨ੍ਹਾਂ ਕਿਹਾ ਕਿ 20 ਸਾਲ ਚੱਲੇ ਇਸ ਕੇਸ 'ਚ ਪਹਿਲਾਂ ਸੀ ਬੀ ਆਈ ਦੀ ਹਦਾਇਤ 'ਤੇ ਕੇਸ ਦਰਜ ਕੀਤਾ ਗਿਆ ਤੇ ਫ਼ਿਰ ਉਸ ਨੂੰ ਕਲੀਨ ਚਿੱਟ ਦੇ ਦਿੱਤੀ ਗਈ। ਅੰਤ ਵਿਚ ਉਨ੍ਹਾਂ ਨੇ ਕਾਂਗਰਸ ਨੂੰ ਹਰ ਫਰੰਟ 'ਤੇ ਫੇਲ੍ਹ ਦੱਸਿਆ। ਇਸ ਮੌਕੇ ਉਨ੍ਹਾਂ ਨਾਲ ਪੰਜਾਬ ਦੇ ਜੰਗਲਾਤ ਮੰਤਰੀ ਤੀਕਸ਼ਣ ਸੂਦ, ਸਾਂਸਦ ਨਵਜੋਤ ਸਿੰਘ ਸਿੱਧੂ ਮੌਜੂਦ ਸਨ।

# ਪੰਜਾਬ ਸਰਕਾਰ ਵਲੋਂ ਬਾਸਮਤੀ ਵਿਕਾਸ ਬੋਰਡ ਦਾ ਗਠਨ

**ਚੰਡੀਗੜ੍ਹ :**ਪੰਜਾਬ ਸਰਕਾਰ ਨੇ ਬਾਸਮਤੀ ਦੀ ਵਧੀਆ ਫਸਲ ਦੇ ਵਿਕਾਸ ਅਤੇ ਰਾਜ ਵਿਚ ਇਸ ਦੇ ਮੰਡੀਕਰਨ ਨੂੰ ਯਕੀਨੀ ਬਣਾਉਣ ਲਈ 12 ਮੈਂਬਰੀ ਬਾਸਮਤੀ ਵਿਕਾਸ ਬੋਰਡ ਦਾ ਗਠਨ ਕੀਤਾ ਹੈ।

ਜਾਣਕਾਰੀ ਅਨੁਸਾਰ ਇਸ ਬੋਰਡ ਦੇ ਮੈਂਬਰਾਂ ਵਿਚ ਵਿੱਤ ਕਮਿਸ਼ਨਰ ਵਿਕਾਸ, ਸਕੱਤਰ ਖੁਰਾਕ ਤੇ ਸਪਲਾਈ, ਸਕੱਤਰ ਮੰਡੀ ਬੋਰਡ, ਪ੍ਰਬੰਧਕੀ ਡਾਇਰੈਕਟਰ ਮਾਰਕਫੈੱਡ, ਡਾਇਰੈਕਟਰ ਖੇਤੀਬਾੜੀ, ਡਾਇਰੈਕਟਰ ਰਿਸਰਚ ਖੇਤੀਬਾੜੀ ਯੂਨੀਵਰਸਿਟੀ ਦੇ ਇਲਾਵਾ ਤਿੰਨ ਮੈਂਬਰ ਪ੍ਰਗਤੀਸ਼ੀਲ ਕਿਸਾਨਾਂ ਵਿਚੋਂ ਲਏ ਜਾਣਗੇ, ਜਿਨ੍ਹਾਂ ਨੂੰ ਬਾਸਮਤੀ ਉਗਾਉਣ, ਪ੍ਰੋਸੈਸ ਕਰਨ ਅਤੇ ਨਿਰਯਾਤ ਕਰਨ ਦਾ ਵਧੀਆ ਤਜਰਬਾ ਹੋਵੇ ਅਤੇ ਬੋਰਡ ਵਿਚ ਪੰਜਾਬ ਰਾਈਸ ਮਿਲਰਜ਼ ਐਕਸਪੋਰਟ ਐਸੋਸੀਏਸ਼ਨ ਦੇ ਪ੍ਰਧਾਨ ਵੀ ਸ਼ਾਮਲ ਹੋਣਗੇ। ਬੋਰਡ ਦੀਆਂ ਮੁੱਖ ਗਤੀਵਿਧੀਆਂ ਵਿਚ ਰਾਜ ਵਿਚ ਬਾਸਮਤੀ ਫਸਲ ਦੀ ਖੇਤੀ ਦਾ ਜਾਇਜ਼ਾ ਲੈਣਾ, ਇਸ ਦੇ ਵਿਕਾਸ ਲਈ ਸੁਝਾਅ ਦੇਣੇ, ਬਾਸਮਤੀ ਦੇ ਉਤਪਾਦਨ ਵਿਚ ਸੁਧਾਰ ਲਈ ਕੰਮ ਕਰਨਾ, ਪ੍ਰਚਾਰ ਅਤੇ ਉਤਪਾਦਨ ਤਕਨਾਲੋਜੀ ਰਾਹੀਂ ਇਸ ਦੇ ਮਿਆਰ ਨੂੰ ਅੱਪਗ੍ਰੇਡ ਕਰਨਾ, ਮੌਜੂਦਾ ਭੰਡਾਰਨ ਅਤੇ ਛਟਾਈ ਦਾ ਮੁਲਾਂਕਣ ਕਰਨਾ, ਛਟਾਈ ਪ੍ਰਕਿਰਿਆ ਵਿਚ ਸੁਧਾਰ ਲਿਆਉਣ ਲਈ ਸੁਝਾਅ ਦੇਣੇ, ਪ੍ਰਚਾਰ ਰਾਹੀਂ ਪੰਜਾਬ ਦੀ ਬਾਸਮਤੀ ਨੂੰ ਉੱਤਮ ਦਰਜੇ ਵਜੋਂ ਕਾਇਮ ਕਰਨਾ ਆਦਿ ਸ਼ਾਮਲ ਹੈ। ਇਸ ਤੋਂ ਇਲਾਵਾ ਬੋਰਡ ਦੇ ਕੰਮਾਂ ਵਿਚ ਬਾਸਮਤੀ ਉਤਪਾਦਕਾਂ, ਉਦਯੋਗ ਅਤੇ ਰਾਜ ਸਰਕਾਰ ਵਿਚਕਾਰ ਇਕ ਵਿਸ਼ਵ ਪਲੇਟਫਾਰਮ ਵਜੋਂ ਕੰਮ ਕਰਨਾ, ਕੌਮੀ ਅਤੇ ਕੌਮਾਂਤਰੀ ਮੰਡੀਆਂ ਵਿਚ ਤੇਜ਼ੀ ਨਾਲ ਆ ਰਹੀਆਂ ਤਬਦੀਲੀਆਂ ਦੇ ਮੱਦੇ ਨਜ਼ਰ ਬਾਸਮਤੀ ਫਸਲ ਦੇ ਵਿਕਾਸ ਲਈ ਦਰਮਿਆਨੀਆਂ ਅਤੇ ਲੰਮੇ ਸਮੇਂ ਦੀਆਂ ਨੀਤੀਆਂ ਦਾ ਸੁਝਾਅ ਦੇਣਾ ਅਤੇ ਮੁਲਾਂਕਣ ਕਰਨਾ ਸ਼ਾਮਲ ਹਨ। ਬੋਰਡ ਲਈ ਸੱਕਤਰੇਤ ਸਹਾਇਤਾ ਪੰਜਾਬ ਮੰਡੀ ਬੋਰਡ ਵਲੋਂ ਪ੍ਰਦਾਨ ਕੀਤੀ ਜਾਵੇਗੀ। ਦਿਹਾਤੀ ਵਿਕਾਸ ਫੰਡ ਵਿਚੋਂ ਬੋਰਡ ਨੂੰ ਵੱਖ ਵੱਖ ਕੰਮਾਂ ਲਈ ਪੰਜ ਕਰੋੜ ਰੁਪਏ ਦੀ ਰਾਸ਼ੀ ਦਿੱਤੀ ਜਾਵੇਗੀ।

## ਜਿਣਸਾਂ ਦਾ ਸਮਰਥਨ ਮੁੱਲ ਤੈਅ ਕਰਨ ਦਾ ਅਧਿਕਾਰ ਸੂਬਿਆਂ ਨੂੰ ਦਿੱਤਾ ਜਾਵੇ

**ਸਿਰਸਾ:** ਹਰਿਆਣਾ ਕਿਸਾਨ ਯੂਨੀਅਨ ਦੇ ਸੂਬਾਈ ਪ੍ਰਧਾਨ ਘਾਸੀ ਰਾਮ ਨੈਣ ਨੇ ਕਿਹਾ ਹੈ ਕਿ ਕਿਸਾਨਾਂ ਦੀਆਂ ਜਿਣਸਾਂ ਦਾ ਸਮਰਥਨ ਮੁੱਲ ਤੈਅ ਕਰਨ ਦੀ ਪਾਵਰ ਸੂਬਿਆਂ ਨੂੰ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਸੂਬੇ ਦੀ ਸਰਕਾਰ ਆਪਣੇ ਸੂਬੇ ਵਿਚ ਕਿਸਾਨਾਂ ਦੀਆਂ ਜਿਣਸਾਂ ਦੇ ਉਨ੍ਹਾਂ ਨੂੰ ਲਾਭਕਾਰੀ ਮੁੱਲ ਦੇ ਸਕੇ। ਸ੍ਰੀ ਨੈਣ ਰਾਣੀਆਂ ਵਿਧਾਨ ਸਭਾ ਹਲਕੇ ਵਿਚ ਕਾਂਗਰਸੀ ਉਮੀਦਵਾਰ ਚੌਧਰੀ ਰਣਜੀਤ ਸਿੰਘ ਦੇ ਹੱਕ ਵਿਚ ਚੋਣ ਪ੍ਰਚਾਰ ਕਰਨ ਲਈ ਆਏ ਹੋਏ ਸਨ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਜਦੋਂ ਤੱਕ ਕਿਸਾਨਾਂ ਨੂੰ ਉਨ੍ਹਾਂ ਦੀ ਜਿਣਸ ਦੇ ਲਾਭਕਾਰੀ ਮੁੱਲ ਨਹੀਂ ਮਿਲਦੇ, ਉਦੋਂ ਤੱਕ ਕਿਸਾਨ ਨੂੰ ਕਰਜ਼ੇ ਤੋਂ ਮੁਕਤ ਨਹੀਂ ਕਰਵਾਇਆ ਜਾ ਸਕਦਾ। ਉਨ੍ਹਾਂ ਕਿਹਾ ਕਿ ਦੇਸ਼ ਦੇ ਵੱਖ-ਵੱਖ ਸੂਬਿਆਂ 'ਚ ਕਿਸਾਨ ਦੀ ਫ਼ਸਲ ਲਾਗਤ ਵੱਖ-ਵੱਖ ਆਉਂਦੀ ਹੈ ਪਰ ਸੂਬਿਆਂ ਕੋਲ ਜਿਣਸ ਦੇ ਭਾਅ ਮੁਕੱਰਰ ਕਰਨ ਦੀ ਪਾਵਰ ਨਾ ਹੋਣ ਕਾਰਨ ਉਨ੍ਹਾਂ ਨੂੰ ਜਿਣਸ ਦਾ ਵਾਜਬ ਮੁੱਲ ਨਹੀਂ ਮਿਲ ਰਿਹਾ। ਉਨ੍ਹਾਂ ਕਿਹਾ ਕਿ ਦੇਸ਼ ਦੀਆਂ ਵੱਖ-ਵੱਖ ਸੂਬਿਆਂ ਦੀਆਂ ਸਮੱਸਿਆਵਾਂ ਵੀ ਵੱਖ-ਵੱਖ ਹਨ।

# ਪੰਜਾਬ ਦੇ ਸ਼ੈਲਰ ਮਾਲਕਾਂ ਨੇ ਆਪਣੀ ਹੜਤਾਲ ਵਾਪਸ ਲਈ

**ਚੰਡੀਗੜ੍ਹ :** ਕੇਂਦਰ ਸਰਕਾਰ ਨੇ ਸਾਰੇ ਮੁਲਕ ਦੇ ਮੁਕਾਬਲੇ ਚਾਵਲ ਦੀ ਖਰੀਦ ਲਈ ਪੰਜਾਬ ਨੂੰ ਇਕ ਫੀਸਦੀ ਵਧੇਰੇ ਰਿਆਇਤ ਦਿੰਦਿਆਂ ਚਾਰ ਫੀਸਦੀ ਟੋਟਾ ਅਤੇ ਚਾਰ ਫੀਸਦੀ ਬਦਰੰਗ ਦਾਣਿਆਂ ਵਾਲਾ ਚਾਵਲ ਖਰੀਦਣ ਦੀਆਂ ਅਹਿਮ ਮੰਗਾਂ ਪ੍ਰਵਾਨ ਕਰ ਲਈਆਂ ਹਨ। ਕੇਂਦਰ ਦੀ ਇਨ੍ਹਾਂ ਮੰਗਾਂ ਬਾਰੇ ਸਹਿਮਤੀ ਦੇ ਨਾਲ ਹੀ ਬੀਤੀ 9 ਅਕਤੂਬਰ ਨੂੰ ਸ਼ੈਲਰ ਮਾਲਕਾਂ ਨੇ ਆਪਣੀ ਹੜਤਾਲ ਵਾਪਸ ਲੈ ਲਈ ਹੈ। ਕੇਂਦਰ ਝੋਨੇ ਦੇ ਨਿਰੀਖਣ ਲਈ ਪੰਜਾਬ ਨੂੰ ਐਫ. ਸੀ. ਆਈ. ਤੋਂ ਵੱਖਰੀ ਲੈਬ ਦੇਣ ਬਾਰੇ ਵੀ ਸਹਿਮਤ ਹੋ ਗਿਆ ਹੈ। ਹੜਤਾਲ ਵਾਪਸ ਹੋਣ ਨਾਲ ਪੰਜਾਬ ਸਰਕਾਰ ਅਤੇ ਕਿਸਾਨਾਂ ਨੂੰ ਬਹੁਤ ਵੱਡੀ ਰਾਹਤ ਮਿਲੀ ਹੈ, ਕਿਉਂਕਿ ਮੰਡੀਆਂ ਵਿਚ ਝੋਨਾ ਇਕੱਠਾ ਹੋਣ ਕਾਰਨ ਪ੍ਰੇਸ਼ਾਨੀ ਖੜ੍ਹੀ ਹੋ ਗਈ ਸੀ।

ਉਚ ਪੱਧਰੀ ਸਰਕਾਰੀ ਸੂਤਰਾਂ ਅਨੁਸਾਰ ਪੰਜਾਬ ਦੇ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਨੇ ਪੰਜਾਬ ਦੇ ਸ਼ੈਲਰ ਮਾਲਕਾਂ ਦੀ ਹੜਤਾਲ ਦੇ ਮੱਦੇਨਜ਼ਰ ਪਿਛਲੇ ਕਈ ਦਿਨ ਦਿੱਲੀ ਹੀ ਡੇਰੇ ਲਾਈ ਰੱਖੇ ਸਨ।



# ਉਘੇ ਗੀਤਕਾਰ ਤੇ ਫ਼ਿਲਮਸਾਜ਼ ਹਸਨਪੁਰੀ ਨਹੀਂ ਰਹੇ



**ਲੁਧਿਆਣਾ :** ਵਿਸ਼ਵ ਭਰ ਅੰਦਰ ਆਪਣੇ ਲਿਖੇ ਗੀਤਾਂ ਅਤੇ ਫ਼ਿਲਮਾਂ ਦੇ ਨਿਰਮਾਣ ਰਾਹੀਂ ਨਾਮਣਾ ਖੱਟਣ ਵਾਲੇ ਇੰਦਰਜੀਤ ਹਸਨਪੁਰੀ ਲੰਘੀ 8 ਅਕਤੂਬਰ ਨੂੰ ਗੁਰਦਿਆਂ ਦੀ ਬਿਮਾਰੀ ਤੋਂ ਹਾਰ ਕੇ ਸਦਾ ਲਈ ਵਿਛੋੜਾ ਦੇ ਗਏ। 78 ਵਰ੍ਹਿਆਂ ਦੇ ਸ੍ਰੀ ਹਸਨਪੁਰੀ ਨੇ ਬੀਤੀ 8 ਅਕਤੂਬਰ ਨੂੰ ਦਿਆਨੰਦ ਹਸਪਤਾਲ ਵਿਖੇ ਦੁਪਹਿਰ ਦੇ ਲਗਭੱਗ 3.25 ਵਜੇ ਅੰਤਿਮ ਸਾਹ ਲਿਆ । ਉਹ ਆਪਣੇ ਪਿੱਛੇ ਪਤਨੀ, ਤਿੰਨ ਬੇਟੇ ਅਤੇ ਇਕ ਧੀ ਛੱਡ ਗਏ ਹਨ।ਅਗਲੇ ਦਿਨ 9 ਅਕਤੂਬਰ ਨੂੰ ਉਨ੍ਹਾਂ ਦਾ ਅੰਤਮ ਸੰਸਕਾਰ ਕੀਤਾ ਗਿਆ।

ਸ. ਜੱਸੋਵਾਲ ਅਤੇ ਪ੍ਰੋ. ਗਿੱਲ ਨੇ ਦੱਸਿਆ ਕਿ ਲਗਭਗ 3 ਹਜ਼ਾਰ ਫ਼ਿਲਮੀ ਤੇ ਲੋਕ ਗੀਤਾਂ ਦੇ ਰਚੇਤਾ ਅਤੇ 'ਤੇਰੀ ਮੇਰੀ ਇਕ ਜਿੰਦੜੀ', 'ਦਹੇਜ', 'ਸੁਖੀ ਪਰਿਵਾਰ', 'ਦੁੱਖ ਭੰਜਨ ਤੇਰਾ ਨਾਮ', 'ਮਨ ਜੀਤੇ ਜਗ ਜੀਤ' ਅਤੇ 'ਦਾਜ' ਵਰਗੀਆਂ ਦਰਜਨਾਂ ਸੁਪਰਹਿੱਟ ਫਿਲਮਾਂ ਦਾ ਨਿਰਮਾਣ ਕਰਕੇ ਹਸਨਪੁਰੀ ਨੇ ਸਮਾਜ ਅੰਦਰ ਆਪਣਾ ਇਕ ਵੱਖਰਾ ਸਥਾਨ ਬਣਾਇਆ ਸੀ। ਉਨ੍ਹਾਂ ਦੱਸਿਆ ਕਿ ਧਰਮਿੰਦਰ ਦੇ ਬਚਪਨ ਦੇ ਦੋਸਤ ਰਹੇ ਹਸਨਪੁਰੀ ਨੇ ਵਰਿੰਦਰ ਅਤੇ ਮੇਹਰ ਮਿੱਤਲ ਸਮੇਤ ਕਈ ਕਲਾਕਾਰਾਂ ਨੂੰ ਫ਼ਿਲਮਾਂ ਅੰਦਰ ਪਹਿਲੀ ਵਾਰ ਰੋਲ ਦੇ ਕੇ ਬੁਲੰਦੀਆਂ ਤੇ ਪਹੁੰਚਾਉਣ ਵਿਚ ਅਹਿਮ ਭੂਮਿਕਾ ਨਿਭਾਈ ਸੀ। ਜੱਸੋਵਾਲ ਨੇ ਦੱਸਿਆ ਕਿ ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਬਾਨੀਆਂ ਵਿਚੋਂ ਹਸਨਪੁਰੀ ਇਕ ਸਨ। ਉਹ ਪੰਜਾਬੀ ਸਾਹਿਤ ਅਕਾਦਮੀ, ਭਾਸ਼ਾ ਵਿਭਾਗ ਪੰਜਾਬ ਸਮੇਤ ਸਾਹਿਤਕ, ਲੇਖਕਾਂ, ਸੱਭਿਆਚਾਰ ਅਤੇ ਸਮਾਜ ਸੇਵੀ ਸੰਸਥਾਵਾਂ ਨਾਲ ਜੁੜੇ ਹੋਏ ਸਨ। ਉਨ੍ਹਾਂ ਦੇ ਸਦੀਵੀ ਵਿਛੋੜੇ ਨਾਲ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਇਸੇ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇੰਦਰਜੀਤ ਹਸਨਪੁਰੀ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸ. ਬਾਦਲ ਨੇ ਆਪਣੇ ਸ਼ੋਕ ਸੁਨੇਹੇ 'ਚ ਸ੍ਰੀ ਹਸਨਪੁਰੀ ਵਲੋਂ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਉਤਸ਼ਾਹਿਤ ਕਰਨ ਲਈ ਦਿੱਤੇ ਯੋਗਦਾਨ ਨੂੰ ਯਾਦ ਕੀਤਾ। ਇਸੇ ਦੌਰਾਨ ਪੰਜਾਬੀ ਦੇ ਨਾਮਵਰ ਗੀਤਕਾਰ ਤੇ ਫਿਲਮਕਾਰ ਇੰਦਰਜੀਤ ਹਸਨਪੁਰੀ ਦੇ ਅਚਾਨਕ ਸਦੀਵੀ ਵਿਛੋੜੇ 'ਤੇ ਪੰਜਾਬੀ ਸਾਹਿਤ ਅਕਾਦਮੀ ਵਲੋਂ ਨਾਵਲਕਾਰ ਡਾ. ਦਲੀਪ ਕੌਰ ਟਿਵਾਣਾ, ਸੁਖਜੀਤ, ਸੀਨੀਅਰ ਮੀਤ ਪ੍ਰਧਾਨ ਡਾ. ਸੁਖਦੇਵ ਸਿੰਘ, ਜਨਰਲ ਸਕੱਤਰ, ਡਾ. ਗੁਲਜ਼ਾਰ ਪੰਧੇਰ, ਸੁਰਿੰਦਰ ਕੈਲੇ, ਪ੍ਰਿੰ. ਪ੍ਰੇਮ ਸਿੰਘ ਬਜਾਜ, ਸੁਰਿੰਦਰ ਰਾਮਪੁਰੀ, ਗੁਰਚਰਨ ਕੌਰ ਕੋਚਰ, ਭਗਵਾਨ ਢਿੱਲੋਂ, ਅਮਰਜੀਤ ਗਰੇਵਾਲ, ਸਵਰਨਜੀਤ ਕੌਰ ਗਰੇਵਾਲ, ਬੁੱਧ ਸਿੰਘ ਨੀਲੋ, ਪ੍ਰੋ. ਰਮਨ, ਮੁਹਿੰਦਰ ਦੀਪ ਗਰੇਵਾਲ ਆਦਿ ਨੇ ਉਨ੍ਹਾਂ ਦੀ ਮੌਤ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ। ਅਕਾਦਮੀ ਦੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਨੇ ਦੱਸਿਆ ਕਿ ਉਹ ਅਕਾਦਮੀ ਦੀ ਕਾਰਜਕਾਰਨੀ ਦੇ ਲੰਮੇ ਸਮੇਂ ਤੋਂ ਮੈਂਬਰ ਰਹਿ ਚੁੱਕੇ ਹਨ। ਅੱਜ ਕੱਲ੍ਹ ਵੀ ਉਹ ਮੀਤ ਪ੍ਰਧਾਨ ਸਨ। ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਪ੍ਰੋ. ਅਨੂਪ ਵਿਰਕ ਪ੍ਰਧਾਨ, ਡਾ. ਸਰਬਜੀਤ ਸਿੰਘ ਜਨਰਲ ਸਕੱਤਰ, ਕਰਨੈਲ ਸਿੰਘ ਨਿੱਝਰ, ਜਸਵੀਰ ਸਿੰਘ ਝੱਜ, ਰਜਿੰਦਰ ਕੌਰ ਚੋਹਕਾ, ਪੰਜਾਬੀ ਗ਼ਜ਼ਲ ਮੰਚ ਫਿਲੌਰ ਵਲੋਂ ਦੁੱਖ ਪ੍ਰਗਟ ਕੀਤਾ ਗਿਆ।

ਥਾਣਾ ਦਾਖਾ ਅਧੀਨ ਪੈਂਦੇ ਪਿੰਡ ਹਸਨਪੁਰ ਦੀ ਸ਼ਮਸ਼ਾਨਘਾਟ ਵਿਖੇ ਇੰਦਰਜੀਤ ਹਸਨਪੁਰੀ ਦਾ 9 ਅਕਤੂਬਰ ਨੂੰ ਸੇਜਲ ਅੱਖਾਂ ਨਾਲ ਸਸਕਾਰ ਕੀਤਾ ਗਿਆ। ਸੱਤਾਧਾਰੀ ਪਾਰਟੀ ਦੇ ਕਿਸੇ ਅਕਾਲੀ ਨੇਤਾ ਨੇ ਸਸਕਾਰ ਸਮੇਂ ਸ਼ਿਰਕਤ ਕਰਨ ਦੀ ਖੇਚਲ ਨਹੀਂ ਕੀਤੀ। ਏ ਡੀ ਸੀ ਕੁਲਦੀਪ ਅਤੇ ਨਾਇਬ ਤਹਿਸੀਲਦਾਰ ਦਾਖਾ ਭੁਪਿੰਦਰ ਸਿੰਘ, ਐਸਐਸਪੀ ਸੁਖਚੈਨ ਸਿੰਘ ਗਿੱਲ, ਕਾਂਗਰਸ ਪਾਰਟੀ ਵਲੋਂ ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ ਅਤੇ ਅਨੰਦ ਸਰੂਪ ਸਿੰਘ ਮੋਹੀ ਹਾਜ਼ਰ ਸਨ।

ਪੰਜਾਬੀ ਸੱਭਿਆਚਾਰ ਮੰਚ ਵਲੋਂ ਜਗਦੇਵ ਸਿੰਘ ਜੱਸੋਵਾਲ ਨਾਮਵਾਰ ਪੰਜਾਬੀ ਸ਼ਾਇਰ ਅਤੇ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਸੁਰਜੀਤ ਪਾਤਰ, ਪ੍ਰੋ. ਗੁਰਭਜਨ ਗਿੱਲ, ਡਾ. ਗੁਰਇਕਬਾਲ ਸਿੰਘ ਸੰਪਾਦਕ, ਪ੍ਰੋ. ਕੰਵਲਜੀਤ ਸਿੰਘ, ਦੇਵ ਥਰੀਕੇ, ਕਰਨੈਲ ਗਿੱਲ, ਮੁਹੰਮਦ ਸਦੀਕ, ਭਗਵਾਨ ਢਿੱਲੋਂ, ਤਰਲੋਚਨ ਝਾਂਡੇ, ਸਤੀਸ਼ ਗੁਲਾਟੀ, ਕੇ ਦੀਪ, ਹਾਕਮ ਬਖਤੜੀਵਾਲਾ, ਪ੍ਰਿੰ. ਰਾਮ ਸਿੰਘ ਕੁਲਾਰ, ਲੋਚਨ ਲੋਚੀ, ਸੁਰਿੰਦਰ ਛਿੰਦਾ, ਪੱਤਰਕਾਰ ਸ਼ਿੰਗਾਰਾ ਸਿੰਘ ਭੁੱਲਰ ਅਤੇ ਭਾਸ਼ਾ ਵਿਭਾਗ ਦੀ ਡਾਇਰੈਕਟਰ ਬਲਵੀਰ ਕੌਰ ਤੇ ਪ੍ਰਗਟ ਸਿੰਘ ਗਰੇਵਾਲ ਪਹੁੰਚੇ।

# ਸੀਨੀਅਰ ਡਿਪਟੀ ਮੇਅਰ ਭਾਟੀਆ ਨੂੰ 2 ਸਾਲ ਦੀ ਕੈਦ

**ਜਲੰਧਰ:** ਨਗਰ ਨਿਗਮ, ਜਲੰਧਰ ਦੇ ਸੀਨੀਅਰ ਡਿਪਟੀ ਮੇਅਰ ਕਮਲਜੀਤ ਸਿੰਘ ਭਾਟੀਆ ਨੂੰ ਕਾਨੂੰਨ ਨੇ ਸ਼ਨੀਵਾਰ ਆਪਣੇ ਸ਼ਿਕੰਜੇ ਵਿਚ ਜਕੜ ਲਿਆ। ਜੁਡੀਸ਼ੀਅਲ ਮੈਜਿਸਟਰੇਟ ਮਨੋਜ ਕੁਮਾਰ ਦੀ ਕੋਰਟ ਨੇ ਭਾਟੀਆ ਨੂੰ ਇਕ ਅਪਰਾਧਿਕ ਮਾਮਲੇ ਵਿਚ ਦੋਸ਼ੀ ਕਰਾਰ ਦੇਂਦੇ ਹੋਏ ਦੋ ਸਾਲ ਕੈਦ ਤੇ 500 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਕੋਰਟ ਨੇ ਭਾਟੀਆ ਨੂੰ ਸਰਕਾਰੀ ਕੰਮ ਵਿਚ ਖਲਲ ਪਾਉਣ ਤੇ ਧਮਕਾਉਣ ਦਾ ਦੋਸ਼ੀ ਮੰਨਦੇ ਹੋਏ ਤਿੰਨ ਧਾਰਾਵਾਂ ਦੇ ਤਹਿਤ ਦੋਸ਼ੀ ਕਰਾਰ ਦਿੱਤਾ ਹੈ। ਭਾਟੀਆ ਦੇ ਖਿਲਾਫ ਥਾਣਾ ਪੰਜ ਪੁਲਿਸ ਨੇ 29 ਦਿਸੰਬਰ 2000 ਨੂੰ ਆਈ ਏ ਐਸ ਅਧਿਕਾਰੀ ਕ੍ਰਿਸ਼ਣਾ ਕੁਮਾਰ ਦੀ ਸ਼ਿਕਾਇਤ ਤੇ ਮਾਮਲਾ ਦਰਜ ਕੀਤਾ ਸੀ। ਸਜ਼ਾ ਦੀ ਖਬਰ ਮਿਲਣ 'ਤੇ ਜਿੱਥੇ ਇਕ ਪਾਸੇ ਭਾਟੀਆ ਸਮਰਥਕਾਂ ਵਿਚ ਮਾਯੂਸੀ ਛਾ ਗਈ, ਉਥੇ ਉਸ ਦੇ ਵਿਰੋਧੀਆਂ ਨੇ ਖੁਸ਼ੀ ਮਨਾਈ। ਜ਼ਿਕਰਯੋਗ ਹੈ ਕਿ ਭਾਟੀਆ ਦੇ ਸੀਨੀਅਰ ਡਿਪਟੀ ਮੇਅਰ ਦੇ ਅਹੁਦੇ ਤੇ ਕਈ ਰਾਜਨੀਤਿਕ ਘਾਤ ਲਗਾ ਕੇ ਬੈਠੇ ਹਨ। ਫਿਲਹਾਲ ਕੋਰਟ ਨੇ ਭਾਟੀਆ ਨੂੰ ਅਪੀਲ ਕਰਨ ਦੇ ਲਈ ਜਮਾਨਤ ਤੇ ਰਿਹਾ ਕਰ ਦਿੱਤਾ ਹੈ ਅਤੇ ਇਕ ਮਹੀਨੇ ਦਾ ਸਮਾਂ ਦਿੱਤਾ ਹੈ। ਭਾਟੀਆ ਨੂੰ ਸਜਾ ਤੋਂ ਰਾਹਤ ਪਾਉਣ ਦੇ ਲਈ ਸੈਸ਼ਨਕੋਰਟ ਵਿਚ ਅਪੀਲ ਕਰਨੀ ਹੋਵੇਗੀ। ਨਗਰ ਨਿਗਮ ਵਲੋਂ 29 ਦਿਸੰਬਰ 2000 ਨੂੰ ਬਸਤੀ ਖੇਤਰ ਦੀ 120 ਫੁੱਟੀ ਰੋਡ ਤੇ ਨਜਾਇਜ਼ ਢੰਗ ਨਾਲ ਬਣੀਆਂ ਇਮਾਰਤਾਂ ਦੇ ਖਿਲਾਫ ਵੱਡੀ ਮੁਹਿੰਮ ਚਲਾਈ ਗਈ।

ਆਈ ਏ ਐਸ ਅਧਿਕਾਰੀ ਕ੍ਰਿਸ਼ਨ ਕੁਮਾਰ ਉਸ ਵਕਤ ਨਿਗਮ ਦੇ ਜਵਾਂਇਟ ਕਮਿਸ਼ਨਰ (ਜੇਸੀ) ਸੀ ਅਤੇ ਮੁਹਿੰਮ ਦੀ ਅਗਵਾਈ ਵੀ ਉਹ ਹੀ ਕਰ ਰਹੇ ਸੀ। ਦੋਸ਼ ਮੁਤਾਬਿਕ ਜੇ ਸੀ ਦੀ ਅਗਵਾਈ ਵਿਚ ਕਾਰਵਾਈ ਕਰ ਰਹੀ ਟੀਮ ਦੇ ਆੜੇ ਤਤਕਾਲੀਨ ਕੌਂਸਲਰ ਕਮਲਜੀਤ ਸਿੰਘ ਭਾਟੀਆ ਆਏ ਅਤੇ ਉਨ੍ਹਾਂ ਨੇ ਕਾਰਵਾਈ ਵਿਚ ਖਲਲ ਪਾਉਣ ਤੋਂ ਇਲਾਵਾ ਟੀਮ ਨੂੰ ਧਮਕੀਆਂ ਦਿੱਤੀਆਂ। ਨਿਗਮ ਟੀਮ ਵਿਚ ਤਤਕਾਲੀਨ ਅਸਿਸਟੈਂਟ ਕਮਿਸ਼ਨਰ ਡੀ.ਪੀ. ਭਾਰਦਵਾਜ,ਐਮ ਟੀ ਪੀ ਪੀ.ਕੇ. ਗਰਗ ਅਤੇ ਡੀ ਐਸ ਪੀ ਚੰਚਲ ਸਿੰਘ ਤੋਂ ਇਲਾਵਾ ਹੋਰ ਸਟਾਫ ਮੈਂਬਰ ਸ਼ਾਮਿਲ ਸਨ। ਭਾਟੀਆ ਦੇ ਵਕੀਲ ਐਡਵੋਕੇਟ ਮਨਦੀਪ ਸਚਦੇਵ ਨੇ ਕਿਹਾ ਕਿ ਉਹ ਇਸ ਫੈਸਲੇ ਦੇ ਖਿਲਾਫ ਅਪੀਲ ਦਾਖਿਲ ਕਰਨਗੇ।

# ਮਨੋਰੰਜਨ ਕਾਲੀਆ ਤੇ ਵਿਧਾਇਕ ਭੰਡਾਰੀ 'ਚ ਲੜਾਈ ਭਖੀ





**ਜਲੰਧਰ:** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਮਨੋਰੰਜਨ ਕਾਲੀਆ ਅਤੇ ਭਾਜਪਾ ਵਿਧਾਇਕ ਕੇ.ਡੀ. ਭੰਡਾਰੀ ਦੇ ਵਿਚਕਾਰ ਚਲ ਰਹੀ ਲੜਾਈ ਉਸ ਸਮੇਂ ਹੋਰ ਤੇਜ਼ ਹੋ ਗਈ ਜਦ ਵਿਧਾਇਕ ਦੇ ਸਮਰਥਕ ਭਾਰੀ ਗਿਣਤੀ ਵਿਚ ਸਰਕਟ ਹਾਊਸ ਵਿਚ ਇਕੱਠੇ ਹੋ ਗਏ ਅਤੇ ਉਨ੍ਹਾਂ ਨੇ ਪੰਜਾਬ ਭਾਜਪਾ ਮੁਖੀ ਬਲਬੀਰ ਪੁੰਜ ਨਾਲ ਮਿਲਣ ਦੇ ਲਈ ਸਮਾਂ ਮੰਗਿਆ।

ਭਾਜਪਾ ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਪੁੰਜ ਨੇ ਭੰਡਾਰੀ ਸਮਰਥਕਾਂ ਨੂੰ ਕਿਹਾ ਕਿ ਉਹ ਸਰਕਟ ਹਾਊਸ ਵਿਚ ਉਡੀਕ ਕਰਨ ਕਿਉਂਕਿ ਉਨ੍ਹਾਂ ਨੇ ਹੋਰ ਲੋਕਾਂ ਨੂੰ ਮਿਲਣ ਦਾ ਸਮਾਂ ਦਿੱਤਾ ਹੋਇਆ ਹੈ। ਇਸ 'ਤੇ ਭੰਡਾਰੀ ਦੇ ਸਮਰਥਕ ਭੜਕ ਉੱਠੇ ਤੇ ਉਨ੍ਹਾਂ ਦੀ ਪੁੰਜ ਨਾਲ ਤਿੱਖੀ ਨੋਕ-ਝੋਕ ਹੋ ਗਈ। ਸ੍ਰੀ ਪੁੰਜ ਨੇ ਭੰਡਾਰੀ ਸਮਰਥਕਾਂ ਨੂੰ ਕਿਹਾ ਕਿ ਫਿਲਹਾਲ ਉਨ੍ਹਾਂ ਕੋਲ ਸਮਾਂ ਨਹੀਂ ਹੈ ਅਤੇ ਇੰਨਾ ਕਹਿ ਉਹ ਕਾਰ ਵਿਚ ਬੈਠ ਗਏ ਤੇ ਸੂਬਾ ਜਨਰਲ ਸਕੱਤਰ ਕਮਲ ਸ਼ਰਮਾ, ਮੇਅਰ ਰਾਕੇਸ਼ ਰਾਠੌਰ ਤੇ ਜ਼ਿਲ੍ਹਾ ਪ੍ਰਧਾਨ ਰਵੀ ਮਹਿੰਦਰੂ ਦੇ ਨਾਲ ਕਿਤੇ ਹੋਰ ਚਲੇ ਗਏ। ਦਿਲਚਸਪ ਗੱਲ ਇਹ ਰਹੀ ਕਿ ਘਟਨਾ ਵਾਲੀ ਥਾਂ 'ਤੇ ਕੈਬਨਿਟ ਮੰਤਰੀ ਮਨੋਰੰਜਨ ਕਾਲੀਆ ਖੁਦ ਮੌਜੂਦ ਨਹੀਂ ਸਨ, ਨਹੀਂ ਤਾਂ ਸਥਿਤੀ ਹੋਰ ਖਰਾਬ ਹੋ ਸਕਦੀ ਸੀ।

ਇਥੇ ਇਹ ਵੀ ਦੱਸਣਯੋਗ ਹੈ ਕਿ ਭੰਡਾਰੀ ਵਲੋਂ ਕਾਲੀਆ ਦੇ ਖਿਲਾਫ ਖੁੱਲ੍ਹ ਕੇ ਬਿਆਨਬਾਜ਼ੀ ਕਰਨ ਦੇ ਕਾਰਨ ਪੰਜਾਬ ਭਾਜਪਾ ਪ੍ਰਧਾਨ ਪ੍ਰੋ-ਰਾਜਿੰਦਰ ਭੰਡਾਰੀ ਨੇ ਉਨ੍ਹਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੋਇਆ ਹੈ। ਭੰਡਾਰੀ ਸਮਰਥਕਾਂ ਨੂੰ ਪਤਾ ਲੱਗਿਆ ਹੈ ਕਿ ਸ੍ਰੀ ਪੁੰਜ ਜਲੰਧਰ ਆ ਰਹੇ ਹਨ, ਇਸ ਲਈ ਉਨ੍ਹਾਂ ਨੇ ਪਹਿਲਾਂ ਤੋਂ ਹੀ ਸਰਕਟ ਹਾਊਸ ਪਹੁੰਚਣ ਦੀ ਯੋਜਨਾ ਬਣਾ ਲਈ ਸੀ। ਇਸ ਦੌਰਾਨ ਪਤਾ ਲਗਾ ਹੈ ਕਿ ਭੰਡਾਰੀ ਨੇ ਕਾਰਨ ਦੱਸੋ ਨੋਟਿਸ ਦਾ ਜਵਾਬ ਭੇਜ ਦਿੱਤਾ ਹੈ।


North American Truck Stop

ਖ਼ੁਸ਼ਖਬਰੀ! ਖ਼ੁਸ਼ਖਬਰੀ!! ਖ਼ੁਸ਼ਖਬਰੀ!!!





ਕੈਰੀਅਰ ਬਰਮੋਕਿੰਗ ਐਂਡ ਕੈਰੀਅਰ ਯੂਨਿਟ
ਇੰਜਣ ਇਥੇ ਸਸਤੇ ਭਾਅ ਉਤੇ ਬਦਲੇ ਜਾਂਦੇ ਹਨ

ਤਸੱਲੀਬਖ਼ਸ਼ ਸਰਵਿਸ
ਬਿਲਕੁਲ ਵਾਜਬ ਭਾਅ

909-350-3310, 909-697-5808
balwindernats@yahoo.com
14320 Slover Ave., Fontana, CA 92337



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜ਼ੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ


Attorny At Law

Law Offices Of Jaspreet Singh

37-18, 73 Street, Suite 401
(Near Subzi Mandi)
Jackson Hts, NY-11372
Ph:718-533-8444
Fax: 718-533-8460

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440



Reliable and Experienced
Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

We Specialize in Bankowned, Foreclosure and Short Sale Homes

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers



Gurbans Singh Gill
Realtor
12 Years Experiance in Real Estate
e-mail: gurbans@gotracy.com

REALTY WORLD
Millennium

Fax: 209-836-0706
www.gotracy.com

Gurbans Gill 209-815-1869

# ਪੰਜਾਬ ਟਾਈਮਜ਼

ਸਨਿਚਰਵਾਰ, 17 ਅਕਤੂਬਰ, 2009


*ਸਾਨੂੰ ਮੌਕਿਆਂ ਦੇ ਦਰਵਾਜ਼ੇ ਖੋਲ੍ਹਣੇ ਚਾਹੀਦੇ ਹਨ ਪ੍ਰੰਤੂ ਲੋਕਾਂ ਨੂੰ ਇਸ ਯੋਗ ਵੀ ਬਣਾਉਣਾ ਚਾਹੀਦਾ ਹੈ ਕਿ ਉਹ ਇਨ੍ਹਾਂ ਦੀ ਵਰਤੋਂ ਕਰ ਸਕਨ। -ਐਲ. ਜਾਹਨਸਨ*

## ਸੰਪਾਦਕੀ

## ਚੰਨ 'ਤੇ ਅਮਰੀਕੀ ਧਮਾਕੇ

ਵਾਤਾਵਰਣ ਪ੍ਰੇਮੀਆਂ ਵਲੋਂ ਸੰਸਾਰ ਪੱਧਰ ਉਪਰ ਕੀਤੇ ਗਏ ਜ਼ਬਰਦਸਤ ਵਿਰੋਧ ਦੇ ਬਾਵਜੂਦ ਅਮਰੀਕਾ ਨੇ ਬੀਤੀ 9 ਅਕਤੂਬਰ ਨੂੰ ਚੰਦ ਉਪਰ ਜ਼ਬਰਦਸਤ ਧਮਾਕੇ ਕੀਤੇ। ਭਾਰਤੀ ਸਪੇਸ ਏਜੰਸੀ ਇਸਰੋ ਵਲੋਂ ਦੋ ਕੁ ਹਫ਼ਤੇ ਪਹਿਲਾਂ ਚੰਨ ਉਪਰ ਪਾਣੀ ਦੇ ਕੀਤੇ ਗਏ ਦਾਅਵੇ ਤੋਂ ਬਾਅਦ ਨਾਸਾ ਵਲੋਂ ਪਾਣੀ ਦੀ ਭਾਲ ਵਿਚ ਹੀ ਚੰਨ ਉਪਰ ਸਫ਼ਲਤਾ ਪੂਰਵਕ ਦੋ ਧਮਾਕੇ ਕੀਤੇ ਗਏ ਹਨ। ਨਾਸਾ ਦੇ ਮਾਨਵ ਰਹਿਤ ਪੁਲਾੜ ਵਾਹਨ ਐਲਕਰਾਸ ਚੰਨ ਦੇ ਦੱਖਣੀ ਧੁਰੇ ਨਾਲ ਟਕਰਾਏ ਤੇ 100 ਕਿਲੋਮੀਟਰ ਚੌੜਾ ਛੇਕ ਕਰ ਦਿੱਤਾ। ਇਸਦੇ ਨਾਲ ਹੀ ਇਕ ਵੱਖਰੇ ਰੂਪ ਵਿਚ ਛੱਡੇ ਗਏ ਪੁਲਾੜ ਵਾਹਨ ਨੇ ਕੈਮਰਿਆਂ ਤੇ ਹੋਰ ਵਿਗਿਆਨਕ ਸੰਦਾਂ ਰਾਹੀਂ ਇਸ ਵਿਗਿਆਨਕ ਘਟਨਾ ਦੀਆਂ ਤਸਵੀਰਾਂ ਲਈਆਂ ਅਤੇ ਹੋਰ ਹਰ ਕਿਸਮ ਦੇ ਪ੍ਰਭਾਵ ਰਿਕਾਰਡ ਕੀਤੇ। ਨਾਸਾ ਨੇ ਦਾਅਵਾ ਕੀਤਾ ਹੈ ਕਿ ਇਸ ਘਟਨਾ ਤੋਂ ਬਾਅਦ ਮਹੱਤਵਪੂਰਨ ਅੰਕੜੇ ਪ੍ਰਾਪਤ ਹੋਏ ਹਨ ਅਤੇ ਜਲਦੀ ਹੀ ਇਨ੍ਹਾਂ ਦਾ ਵਿਸ਼ਲੇਸ਼ਣ ਕਰ ਲਿਆ ਜਾਵੇਗਾ। ਨਾਸਾ ਵਿਗਿਆਨੀਆਂ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਧਮਾਕੇ ਤੋਂ ਬਾਅਦ ਕੋਈ ਧੂੜ ਨਹੀਂ ਉੱਡੀ ਜਿਸ ਤੋਂ ਇਹੋ ਪਤਾ ਲੱਗਦਾ ਹੋਵੇ ਕਿ ਚੰਨ ਉੱਤੇ ਗਿੱਲੀ ਮਿੱਟੀ ਮੌਜੂਦ ਹੈ। ਵਿਗਿਆਨੀਆਂ ਅਨੁਸਾਰ ਚੰਨ ਉੱਪਰ ਆਸ ਨਾਲੋਂ ਕਿਤੇ ਜਿਆਦਾ ਵਧ ਪਾਣੀ ਮੌਜੂਦ ਹੈ। 'ਐਲਕਰਾਸ' ਨਾਂ ਦੇ ਇਸ ਮਿਸ਼ਨ ਉਪਰ ਨਾਸਾ ਵਲੋਂ ਤਕਰੀਬਨ ਚਾਰ ਅਰਬ ਰੁਪਇਆ ਖਰਚਿਆ ਗਿਆ। ਇਕ ਜਾਣਕਾਰੀ ਅਨੁਸਾਰ ਚੰਨ ਵਿਚ ਵੱਜੇ ਧਮਾਕਾਖੇਜ ਵਾਹਨ 9000 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਛੱਡੇ ਗਏ ਅਤੇ ਇਹ 2200 ਕਿਲੋਗ੍ਰਾਮ ਭਾਰੇ ਸਨ। ਨਾਸਾ ਵਲੋਂ ਹੀ ਛੱਡਿਆ ਗਿਆ ਇਕ ਹੋਰ ਪੁਲਾੜ ਵਾਹਨ ਜਿਸ ਵਿਚ ਅੱਠ ਕੈਮਰੇ ਫਿੱਟ ਹਨ ਨੇ ਇਨ੍ਹਾਂ ਧਮਾਕਿਆਂ ਦੀਆਂ ਬਹੁਤ ਨੇੜੇ ਤੋਂ ਤਸਵੀਰਾਂ ਭੇਜੀਆਂ ਹਨ। ਨਾਸਾ ਨੇ ਇਨ੍ਹਾਂ ਧਮਾਕਿਆਂ ਦਾ ਇੰਟਰਨੈਟ ਉਪਰ ਸਿੱਧਾ ਪ੍ਰਸਾਰਣ ਵੀ ਕੀਤਾ ਹੈ।

ਇਥੇ ਜ਼ਿਕਰਯੋਗ ਹੈ ਕਿ ਨਾਸਾ ਤੋਂ ਪਹਿਲਾਂ ਇਸਰੋ ਨੇ ਇਹ ਦਾਅਵਾ ਕੀਤਾ ਸੀ ਕਿ ਭਾਰਤੀ ਪੁਲਾੜ ਵਾਹਨ ਚੰਦਰਯਾਨ ਨੇ ਖਤਮ ਹੋਣ ਤੋਂ ਪਹਿਲਾਂ ਚੰਨ ਉਪਰ ਪਾਣੀ ਦੀ ਤਲਾਸ਼ ਦਾ ਆਪਣਾ ਪ੍ਰੋਜੈਕਟ ਪੂਰਾ ਕਰ ਲਿਆ ਸੀ। ਭਾਰਤੀ ਵਿਗਿਆਨੀ ਹੁਣ ਵੀ ਇਹ ਦਾਅਵਾ ਕਰਦੇ ਹਨ ਕਿ ਚੰਨ ਉਤੇ ਪਾਣੀ ਦੀ ਲੱਭਤ ਦਾ ਸਿਹਰਾ ਅਸਲ ਵਿਚ ਭਾਰਤੀ ਪੁਲਾੜ ਏਜੰਸੀ ਇਸਰੋ ਨੂੰ ਹੀ ਜਾਂਦਾ ਹੈ। ਕੁਝ ਨਿਰਪੱਖ ਧਿਰਾਂ ਦਾ ਆਖਣਾ ਹੈ ਕਿ ਚੰਨ ਉਪਰ ਇਹ ਪਾਣੀ ਦੀ ਤਲਾਸ਼ ਅਸਲ ਵਿਚ ਵੱਖ-ਵੱਖ ਮੁਲਕਾਂ ਵਿਚਕਾਰ ਆਪਸੀ ਸ਼ਰੀਕੇ ਦੀ ਦੌੜ ਹੀ ਹੈ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਵਾਤਾਵਰਣ ਪ੍ਰੇਮੀਆਂ ਅਤੇ ਵਿਗਿਆਨੀਆਂ ਨੇ ਧਮਾਕੇ ਕੀਤੇ ਜਾਣ ਤੋਂ ਪਹਿਲਾਂ ਸੰਸਾਰ ਪੱਧਰ ਉਪਰ ਇਸਦਾ ਤਕੜਾ ਵਿਰੋਧ ਕੀਤਾ ਸੀ ਪਰ ਅਮਰੀਕੀਆਂ ਨੇ ਕਿਸੇ ਦੀ ਨਹੀਂ ਸੁਣੀ ਅਤੇ ਇਹ ਧਮਾਕੇ ਕੀਤੇ ਗਏ। ਵਾਤਾਵਰਨ ਪ੍ਰੇਮੀਆਂ ਵਲੋਂ ਇਹ ਸੁਆਲ ਉਠਾਏ ਜਾ ਰਹੇ ਸਨ ਕਿ ਅਮਰੀਕਾ ਵਲੋਂ ਕੀਤੇ ਜਾ ਰਹੇ ਇਹ ਧਮਾਕੇ ਅਸਲ ਵਿਚ ਮਨੁੱਖਤਾ ਸਾਹਮਣੇ ਖੜੀਆਂ ਧਰਤੀ ਦੇ ਵਾਤਾਵਰਣਿਕ ਸੰਕਟ ਦੀਆਂ ਸਮੱਸਿਆਵਾਂ ਨੂੰ ਸੰਬੋਧਨ ਹੋਣ ਦੀ ਥਾਂ ਲੋਕਾਂ ਦਾ ਧਿਆਨ ਪਾਸੇ ਖਿੱਚਣ ਲਈ ਹਨ। ਉਂਜ ਇਹ ਇਕ ਮਜ਼ਾਕ ਹੀ ਹੈ ਕਿ ਜਦੋਂ ਧਰਤੀ ਦੇ ਪਾਣੀ ਦੇ ਸੋਮੇ ਪਿਛਲੇ ਕੁਝ ਹੀ ਸਾਲਾਂ ਵਿਚ ਪ੍ਰਦੂਸ਼ਤ ਹੋ ਗਏ ਹਨ ਤਾਂ ਦੁਨੀਆਂ ਦੇ ਸਭ ਤੋਂ ਵਿਕਸਿਤ ਮੁਲਕ ਵਲੋਂ ਚੰਨ ਉਪਰ ਪਾਣੀ ਦੀ ਤਲਾਸ਼ ਕੀਤੀ ਜਾ ਰਹੀ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਅਮਰੀਕਾ ਤਕਰੀਬਨ ਹਰ ਵਾਰ ਵਾਤਾਵਰਨ ਸੰਕਟ ਨੂੰ ਨਜਿੱਠਣ ਲਈ ਹੋਣ ਵਾਲੇ ਅੰਤਰਰਾਸ਼ਟਰੀ ਸੰਮੇਲਨਾਂ ਵਿਚ ਸੰਧੀਆਂ ਅਤੇ ਐਲਾਨ ਨਾਮਿਆਂ ਉਪਰ ਦਸਤਖਤ ਕਰਨ ਤੋਂ ਇਨਕਾਰ ਕਰ ਦਿੰਦਾ ਹੈ। ਸ਼ਾਇਦ ਇਹ ਅਮਰੀਕਾ ਹੀ ਹੈ ਜਿਸ ਨੇ ਸੰਸਾਰ ਪੱਧਰੀਆਂ ਇਨ੍ਹਾਂ ਵਾਤਾਵਰਣਿਕ ਸੰਧੀਆਂ ਨੂੰ ਅੱਗੇ ਤੁਰਨ ਤੋਂ ਰੋਕਿਆ ਹੋਇਆ ਹੈ। ਇਨ੍ਹਾਂ ਸਮੱਸਿਆਵਾਂ ਤੋਂ ਇਲਾਵਾ ਚਾਰ ਅਰਬ ਰੁਪਏ ਦਾ ਖਰਚਾ ਵੀ ਇਸ ਪ੍ਰੋਜੈਕਟ ਉਪਰ ਕੀਤਾ ਗਿਆ ਹੈ। ਇੰਨਾ ਵਿਆਪਕ ਖਰਚਾ ਜੇ ਧਰਤੀ ਦੀਆਂ ਵਾਤਾਵਰਣਿਕ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਸੰਸਾਰ ਦੇ ਵੱਖ ਵੱਖ ਮੁਲਕਾਂ ਦੇ ਪਾਣੀ ਦੇ ਸੋਮੇ ਸਾਂਭਣ ਲਈ ਖਰਚਿਆ ਜਾਵੇ ਤਾਂ ਇਸ ਦੇ ਵੱਡੇ ਸਾਰਥਕ ਨਤੀਜੇ ਨਿਕਲ ਸਕਦੇ ਹਨ ਪਰ ਅਮਰੀਕਾ ਸਮੇਤ ਵਿਗਿਆਨ ਉਪਰ ਵਧਵਾਂ ਭਰੋਸਾ ਰੱਖਣ ਵਾਲੇ ਪੱਛਮੀ ਮੁਲਕ ਅਸਲ ਵਿਚ ਅਜਿਹਾ ਕਰਨ ਨੂੰ ਤਿਆਰ ਨਹੀਂ ਹਨ। ਉਨ੍ਹਾਂ ਨੇ ਅੰਦਰੋਂ ਸ਼ਾਇਦ ਇਹ ਸਵੀਕਾਰ ਕਰ ਲਿਆ ਹੈ ਕਿ ਧਰਤੀ ਉਪਰ ਮਨੁੱਖ ਦੀ ਆਬਾਦੀ ਜਿੰਨੀ ਤੇਜੀ ਨਾਲ ਵਧ ਰਹੀ ਹੈ ਉਸ ਦੇ ਸਿੱਟੇ ਵਜੋਂ ਮਨੁੱਖਤਾ ਨੂੰ ਧਰਤੀ ਤੋਂ ਇਲਾਵਾ ਆਪਣੇ ਵਸੇਬੇ ਲਈ ਹੋਰ ਗ੍ਰਹਿ ਵੀ ਤਲਾਸ਼ ਕਰਨੇ ਪੈਣਗੇ। ਮਨੁੱਖਤਾ ਦੇ ਵਸੇਬੇ ਲਈ ਹੋਰ ਗ੍ਰਹਿਆਂ ਦੀ ਤਲਾਸ਼ ਕੋਈ ਮਾੜੀ ਗੱਲ ਨਹੀਂ ਹੈ ਪਰ ਇਸਤੋਂ ਵੀ ਪਹਿਲੀ ਗੱਲ ਇਹ ਹੈ ਕਿ ਅਸੀਂ ਆਪਣੇ ਮੌਜੂਦਾ ਗ੍ਰਹਿ ਨੂੰ ਸਾਂਭ ਕੇ ਰੱਖੀਏ। ਨਵੇਂ ਗ੍ਰਹਿ ਤਲਾਸ਼ਣ ਤੋਂ ਪਹਿਲਾਂ ਦੁਨੀਆਂ ਭਰ ਦੇ ਵਿਗਿਆਨੀਆਂ, ਮੁਲਕਾਂ ਅਤੇ ਸਰਕਾਰਾਂ ਨੂੰ ਧਰਤੀ ਵਰਗੇ ਖੂਬਸੂਰਤ ਗ੍ਰਹਿ ਨੂੰ ਸਾਂਭਣ ਲਈ ਯਤਨ ਕਰਨੇ ਚਾਹੀਦੇ ਹਨ। ਚੰਨ ਉਪਰ ਭਾਵੇਂ ਪਾਣੀ ਮੌਜੂਦ ਹੈ ਪਰ ਮਨੁੱਖੀ ਵਸੇਬੇ ਲਈ ਉਹ ਸਾਰੀਆਂ ਨਿਆਮਤਾਂ ਮੌਜੂਦ ਨਹੀਂ ਹਨ ਜਿਹੜੀਆਂ ਹਾਲੇ ਵੀ ਸਾਡੀ ਧਰਤੀ ਉਪਰ ਮੌਜੂਦ ਹਨ। ਇਸ ਤੋਂ ਵੀ ਅੱਗੇ ਇਹ ਇਕ ਵਿਗਿਆਨਕ ਤੱਥ ਹੈ ਕਿ ਧਰਤੀ ਦਾ ਵਾਤਾਵਰਣ ਜਿੰਨਾ ਜ਼ਿੰਦਗੀ ਅਤੇ ਖਾਸ ਕਰਕੇ ਮਨੁੱਖੀ ਜ਼ਿੰਦਗੀ ਦੇ ਅਨੁਕੂਲ ਹੈ ਹਾਲੇ ਤੱਕ ਅਜਿਹਾ ਹੋਰ ਕੋਈ ਗ੍ਰਹਿ ਨਹੀਂ ਲਭਿਆ ਜਿਸ ਉਪਰ ਹਾਲਾਤ ਜੀਵਨ ਦੇ ਇਨੇ ਅਨੁਕੂਲ ਹੋਣ। ਇਸ ਲਈ ਮਨੁੱਖ ਦਾ ਹਾਲੇ ਵੀ ਸਭ ਤੋਂ ਪਵਿੱਤਰ ਅਤੇ ਪਹਿਲਾ ਫਰਜ਼ ਇਹੋ ਹੈ ਕਿ ਜਿਸ ਧਰਤੀ ਉਤੇ ਉਹ ਵਸਦਾ ਹੈ ਉਸਨੂੰ ਸਾਫ ਸੁਥਰੀ ਰੱਖੇ। ਪ੍ਰਦੂਸ਼ਣ ਤੋਂ ਬਚਾਵੇ ਅਤੇ ਧਰਤੀ ਉਪਰ ਜਿੰਨੀਆਂ ਜੀਵਨ ਦੇ ਅਨੁਕੂਲ ਨਿਆਮਤਾਂ ਹਨ ਉਨ੍ਹਾਂ ਨੂੰ ਸਾਂਭ ਕੇ ਰੱਖੇ, ਇਸ ਦ੍ਰਿਸ਼ਟੀ ਤੋਂ ਧਰਤੀ ਉਪਰ ਮੌਜੂਦ ਪਾਣੀ, ਹਵਾ ਅਤੇ ਮਿੱਟੀ ਸਮੇਤ ਸਾਰੇ ਕੁਦਰਤੀ ਸੋਮੇ ਸਾਂਭ ਕੇ ਰੱਖੇ। ਵਿਗਿਆਨ ਜਾਂ ਵਿਗਿਆਨਕ ਵਿਕਾਸ ਮਨੁੱਖ ਦੇ ਹਿੱਤ ਜਾਂ ਭਲੇ ਲਈ ਹੈ। ਇਸ ਤੋਂ ਵੀ ਅੱਗੇ ਇਹ ਇਸ ਧਰਤੀ ਉਪਰ ਵਸਦੇ ਸਮੂਹ ਜੀਆ-ਜੰਤ ਦੇ ਭਲੇ ਲਈ ਹੋਣਾ ਚਾਹੀਦਾ ਹੈ। ਮਨੁੱਖੀ ਵਿਕਾਸ ਲਈ ਖੋਜੀ ਜਾ ਰਹੀ ਵਿਗਿਆਨ ਜੇ ਧਰਤੀ ਉਪਰਲੇ ਜੀਵਨ ਦੇ ਜੜ੍ਹਾਂ ਵਿਚ ਹੀ ਤੇਲ ਦੇਣ ਲੱਗ ਪਵੇ ਤਾਂ ਅਜਿਹੀ ਵਿਗਿਆਨ ਦੀ ਕੋਈ ਜ਼ਰੂਰਤ ਨਹੀਂ ਹੈ। ਪੰਜਾਬੀ ਕਹਾਵਤ ਹੈ ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ। ਚੰਨ 'ਤੇ ਚੜ੍ਹ ਕੇ ਧੂੜਾਂ ਪੁੱਟਣ ਨਾਲੋਂ ਵੱਡੀ ਚੁਣੌਤੀ ਇਹ ਹੈ ਇਕ ਇਸ ਧਰਤੀ ਨੂੰ ਧੂੜ ਧੂਏਂ ਦੇ ਗੁਬਾਰ ਤੋਂ ਬਚਾਇਆ ਜਾਵੇ। ਮਨੁੱਖ ਨੂੰ ਧਰਤੀ ਦਾ ਸਭ ਤੋਂ ਉਤਮ ਜੀਵ ਸਮਝਿਆ ਜਾਂਦਾ ਹੈ ਉਹੋ ਹੀ ਇਸ ਗ੍ਰਹਿ ਲਈ ਸਮੱਸਿਆ ਬਣ ਗਿਆ ਹੈ। ਧਰਤੀ ਤੋਂ ਅੱਜ ਇਸ ਜਾਨਵਰ ਦਾ ਬੋਝ ਹੀ ਨਹੀਂ ਝੱਲਿਆ ਜਾ ਰਿਹਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਲੇ-ਆਫ ਬਨਾਮ ਅਖਬਾਰ*

*ਚਿੰਤਾ ਕਰੀਏ ਨਾ ਮੰਦੀ ਦੇ ਦੌਰ ਵਾਲੀ*
*ਡੋਰਾਂ ਸੁੱਟੀਆਂ ਨੇ ਸਿਰਜਣਹਾਰ ਉਤੇ।*
*ਹੱਸ ਝੱਲੀਏ ਸਮਾਂ ਲੇ-ਆਫ ਵਾਲਾ,*
*ਕਰੀਏ ਤਸਬਰਾ ਸਮੇਂ ਲਾਚਾਰ ਉਤੇ।*
*ਭਲੇ ਸਮੇਂ ਜਦੋਂ ਔਣਗੇ ਦੇਖ'ਲਾਂਗੇ,*
*ਆਸਾਂ ਰੱਖੀਏ ਆਪਾਂ ਸਰਕਾਰ ਉਤੇ।*
*ਮੂੰਹ ਹੱਥ ਨਾ ਧੋਤਾ, ਨਾ ਚਾਹ-ਪਾਣੀ,*
*ਅੱਖਾਂ ਗੱਡੀਆਂ ਦੇਖੋ ਅਖਬਾਰ ਉਤੇ।*

# ਸੰਕਟ ਅਤੇ ਪੰਜਾਬ ਸਰਕਾਰ ਦੇ ਬੇਤੁਕੇ ਫੈਸਲੇ

**ਵਿਧੂ ਸ਼ੇਖਰ ਭਾਰਦਵਾਜ**

ਉਂਜ ਤਾਂ ਸਰਕਾਰ, ਜੋ ਲੋਕਾਂ ਨੂੰ ਸਬਸਿਡੀਆਂ ਦੇ ਨਾਅਰੇ ਦੇ ਕੇ ਹੋਂਦ ਵਿਚ ਆਉਣ ਤੋਂ ਬਾਅਦ ਲੋੜੀਂਦੇ ਵਸੀਲੇ ਨਾ ਜੁਟਾ ਸਕਣ ਕਾਰਨ ਸ਼ੁਰੂ ਤੋਂ ਹੀ ਸੰਕਟ ਨਾਲ ਗ੍ਰਹਿਣੀ ਗਈ ਸੀ, ਇਸ 'ਚੋਂ ਨਿਕਲਣ ਦੀਆਂ ਵਿਉਂਤਾਂ ਬਾਰੇ ਮਤਭੇਦ ਅਕਸਰ ਅਖ਼ਬਾਰਾਂ ਵਿਚ ਆਉਂਦੇ ਰਹਿੰਦੇ ਹਨ, ਜਿਸ ਵਿਚ ਤਾਏ-ਭਤੀਜੇ ਦੀ ਇਕ ਸੁਰਤਾ ਵੀ ਨਹੀਂ। ਲੋਕਾਂ ਨੂੰ ਰਿਆਇਤਾਂ ਦੇ ਨਾਅਰੇ ਦੇ ਕੇ ਗੱਦੀ ਸਾਂਭਣ ਤੋਂ ਬਾਅਦ ਉਨ੍ਹਾਂ ਨੂੰ ਲਾਗੂ ਕਰਨ ਲਈ ਆਰਥਿਕ ਵਸੀਲੇ ਨਾ ਹੋਣ ਕਾਰਨ ਸੱਪ ਦੇ ਮੂੰਹ ਕੋਹੜ ਕਿਰਲੀ ਵਾਲੀ ਹਾਲਤ ਬਣੀ ਹੋਈ ਹੈ। ਅਜਿਹੀ ਹਾਲਤ ਵਿਚੋਂ ਨਿਕਲਣ ਲਈ ਭਾਵੇਂ ਵਕਤੀ ਰਾਹਤ ਹੀ ਦਿਵਾ ਸਕੇ। ਕੋਈ ਵੀ ਸਕੀਮ ਇਨ੍ਹਾਂ ਦੇ ਮਨ ਨੂੰ ਭਾ ਜਾਂਦੀ ਹੈ ਤੇ ਤੁਰੰਤ ਉਸ 'ਤੇ ਅਮਲ ਦਾ ਐਲਾਨ ਕਰ ਦਿੰਦੇ ਹਨ ਤੇ ਅਗਲੇ ਹੀ ਦਿਨ ਉਸ ਸੰਕਟ ਨੂੰ ਫਿਰ ਸੰਬੋਧਨ ਹੁੰਦੇ ਹਨ।

ਪੰਜਵੇਂ ਪੇ-ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਦੇ ਮਾਮਲੇ ਤੇ ਸਰਕਾਰੀ ਮੁਲਾਜ਼ਮਾਂ ਦਾ 4800 ਕਰੋੜ ਰੁਪਏ ਬਕਾਇਆ ਜਮ੍ਹਾਂ ਕਰਵਾਉਣ ਨੂੰ ਪੈਸਾ ਨਹੀਂ, ਇਸ ਦੀ ਕਾਢ ਕੱਢੀ ਕਿ ਕਿਸ਼ਤਾਂ ਵਿਚ ਦੇਵਾਂਗੇ। ਕਿੰਨੀਆਂ ਕਿਸ਼ਤਾਂ, ਇਹ ਪਤਾ ਨਹੀਂ? ਫਿਰ ਕਹਿੰਦੇ ਐਤਕੀਂ ਸਾਲ ਜਮ੍ਹਾਂ ਨਹੀਂ ਕਰਵਾਉਣਾ, ਜਨਵਰੀ 2010 ਵਿਚ ਕਰਵਾਵਾਂਗੇ, ਇਸ ਨਾਲ 384 ਕਰੋੜ ਰੁਪਏ ਵਿਆਜ ਬਚ ਜਾਵੇਗਾ। ਭੱਤਿਆਂ, ਤਨਖਾਹਾਂ ਦਾ ਭੰਬਲਭੂਸਾ ਪਿਆ ਹੈ। ਸਾਰੇ ਪੰਜਾਬ ਦੇ ਮੁਲਾਜ਼ਮ ਸਰਕਾਰ ਦੇ ਅਜਿਹੇ ਫੈਸਲਿਆਂ 'ਤੇ ਸੜਕਾਂ 'ਤੇ ਨਿਕਲ ਆਏ ਹਨ। ਅਜਿਹੇ ਹੀ ਫੈਸਲੇ ਅਰਧ-ਸਰਕਾਰੀ ਨਿਗਮਾਂ, ਬੋਰਡਾਂ, ਸਹਿਕਾਰੀ ਸੰਸਥਾਵਾਂ ਬਾਰੇ ਵੀ ਹਨ। ਅਪਨਿਵੇਸ਼ ਡਾਇਰੈਕਟੋਰੇਟ ਪੰਜਾਬ ਸਰਕਾਰ ਦੇ ਵਿੱਤ ਵਿਭਾਗ ਦਾ ਹੀ ਬੋਰਡ, ਨਿਗਮਾਂ ਅਤੇ ਸਹਿਕਾਰੀ ਸੰਸਥਾਵਾਂ ਬਾਰੇ ਵਿੰਗ ਹੈ। ਇਨ੍ਹਾਂ ਅਦਾਰਿਆਂ ਬਾਰੇ ਅਪਨਿਵੇਸ਼ ਡਾਇਰੈਕਟੋਰੇਟ ਪੰਜਾਬ ਚੰਡੀਗੜ੍ਹ ਦੇ ਸੰਯੁਕਤ ਕੰਟਰੋਲਰ (ਵਿੱਤ ਤੇ ਲੇਖਾ) ਵਲੋਂ 11 ਅਗਸਤ ਨੂੰ ਸਮੂਹ ਲੋਕ ਖੇਤਰੀ ਅਦਾਰਿਆਂ ਨਿਗਮਾਂ, ਸਹਿਕਾਰੀ ਸੰਸਥਾਵਾਂ ਦੇ ਮੁਖੀਆਂ ਨੂੰ ਭੇਜੇ ਪੱਤਰ ਰਾਹੀਂ ਫੈਸਲਾ ਕੀਤਾ ਹੈ ਕਿ ਅਧਿਕਾਰੀਆਂ ਅਤੇ ਮੁਲਾਜ਼ਮਾਂ ਦੀਆਂ ਤਨਖਾਹਾਂ ਬਾਰੇ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਕੋਈ ਫੈਸਲਾ ਨਾ ਕੀਤਾ ਜਾਵੇ।

ਪਨਸਪ ਨੂੰ ਅਪਨਿਵੇਸ਼ ਦੇ ਘੇਰੇ ਵਿਚੋਂ ਕੱਢਣ ਦੀ ਸਿਫਾਰਸ਼ ਕੀਤੀ ਤੇ ਮੰਤਰੀ ਮੰਡਲ ਨੇ ਵੀ ਇਸ 'ਤੇ ਸਹੀ ਪਾਈ। ਪਨਸਪ 1994 ਵਿਚ ਪੰਜਾਬ ਸਰਕਾਰ ਨੇ ਬਣਾਈ ਹੀ ਜਨਤਕ ਵੰਡ ਪ੍ਰਣਾਲੀ ਨੂੰ ਮਜਬੂਤ ਕਰਨ ਲਈ ਸੀ ਜੋ ਉਦੋਂ ਤੋਂ ਇਸ ਕਾਰਜ ਨੂੰ ਬਾਖੂਬੀ ਨਿਭਾਉਂਦੀ ਆ ਰਹੀ ਹੈ। ਪਨਸਪ ਦੇ ਕੰਮ ਨੂੰ ਉਂਜ ਵੀ ਵਪਾਰਕ ਨਜ਼ਰੀਏ ਨਾਲ ਨਹੀਂ ਦੇਖਿਆ ਜਾਣਾ ਚਾਹੀਦਾ। ਇਸ ਦਾ ਕੰਮ ਹੀ ਆਮ ਜਨਤਾ ਨੂੰ ਸਰਕਾਰ ਦੀਆਂ ਰਾਹਤ ਪਹੁੰਚਾਉਣ ਵਾਲੀਆਂ ਸਕੀਮਾਂ ਲਾਗੂ ਕਰਨਾ ਹੈ। ਇਹ ਕੇਂਦਰ ਸਰਕਾਰ ਦੀ ਸਕੀਮ ਏ.ਪੀ.ਐਲ. (ਗਰੀਬੀ ਰੇਖਾ ਤੋਂ ਉੱਪਰ) ਬੀ.ਪੀ.ਐਲ. (ਗਰੀਬੀ ਰੇਖਾ ਤੋਂ ਹੇਠਾਂ) ਅਨਤੋਦਿਆਂ, ਮਿਡ-ਡੇ ਮੀਲ ਪੰਜਾਬ ਸਰਕਾਰ ਦੀ ਆਟਾ-ਦਾਲ ਸਕੀਮ, ਜਿਸ ਲੁਭਾਵਣੇ ਨਾਅਰੇ ਨੂੰ ਦੇ ਕੇ ਸਰਕਾਰ ਗੱਦੀ ਨੂੰ ਹੱਥ ਪਾ ਸਕੀ, ਨੂੰ ਬਾਖੂਬੀ ਨਿਭਾ ਰਹੀ ਹੈ। ਪਨਸਪ ਪੰਜਾਬ ਸਰਕਾਰ ਦੀ ਆਟਾ-ਦਾਲ ਸਕੀਮ 'ਤੇ ਹੁਣ ਤਕ 503 ਕਰੋੜ ਰੁਪਏ ਖਰਚ ਕਰ ਚੁੱਕੀ ਹੈ।

1955 ਕਰੋੜ ਰੁਪਏ ਐਫ.ਸੀ.ਆਈ. ਤੇ ਕੇਂਦਰ ਵਲ ਬਕਾਇਆ ਹੈ, ਸ਼ੈਲਰਾਂ ਦੇ ਕੇਸ ਜੋ ਪਨਸਪ ਦੇ ਹੱਕ ਵਿਚ ਹੋਏ ਹਨ ਉਹ 111 ਕਰੋੜ ਰੁਪਏ ਉਗਰਾਹੁਣੇ ਬਾਕੀ ਹਨ। ਪਨਸਪ ਜੋ ਸਕੀਮਾਂ ਚਲਾ ਰਹੀ ਹੈ, ਉਸ ਸਭ ਵਿਚ ਘਾਟਾ ਹੈ, ਇੱਕੋ ਇਕ ਸਕੀਮ ਏ.ਪੀ.ਐਲ. ਜਿਸ ਵਿਚ ਸਵਾ ਕਰੋੜ ਪ੍ਰਤੀ ਮਹੀਨਾ ਬਚਦਾ ਸੀ ਉਹ ਪਿਛਲੇ ਮਹੀਨੇ ਪਨਗਰੇਨ ਨੂੰ ਦੇ ਦਿੱਤੀ ਹੈ।

ਪਨਸਪ ਪੰਜਾਬ ਵਿਚ ਗਰੀਬੀ ਰੇਖਾ ਹੇਠਾਂ ਰਹਿੰਦੇ 50 ਲੱਖ ਪਰਿਵਾਰਾਂ ਦੀ ਆਟਾ ਦਾਲ ਸਕੀਮ ਰਾਹੀਂ ਸੇਵਾ ਕਰ ਰਹੀ ਹੈ ਜਿਸ ਵਿਚ 34% ਸ਼ਹਿਰੀ ਖੇਤਰਾਂ ਵਿਚ ਤੇ 66% ਪੇਂਡੂ ਖੇਤਰਾਂ ਵਿਚ ਰਹਿੰਦੇ ਹਨ ਜਿਸਦਾ ਗੁਣਗਾਨ ਕਰਕੇ ਸਰਕਾਰ ਜੱਸ ਖੱਟ ਰਹੀ ਹੈ। ਘਾਣ ਪਨਸਪ ਦਾ ਹੋ ਰਿਹਾ ਹੈ, ਸਬਸਿਡੀਆਂ ਬੰਦ ਕਰਨ ਦੇ ਮਾਮਲੇ ਤੋਂ ਲੜਦੇ ਭਤੀਜੇ ਦਾ ਮਹਿਕਮਾ (ਵਿੱਤ ਵਿਭਾਗ) ਪਨਸਪ ਵਰਗੇ ਸਲੱਗ ਤੇ ਕਮਾਊ ਪੁੱਤ ਦੇ ਮੁਲਾਜ਼ਮਾਂ ਦੇ ਸਕੇਲਾਂ ਤੇ ਭੱਤਿਆਂ ਤੇ ਛੁਰੀ ਫੇਰ ਰਿਹਾ ਹੈ। ਇਹੋ ਜਿਹੀਆਂ ਸਕੀਮਾਂ ਚਲਵਾ ਕੇ ਜੇ ਉਸਦੀ ਪੂਰਤੀ ਨਹੀਂ ਕਰਨੀ ਫਿਰ ਕਿਸੇ ਵੀ ਅਦਾਰੇ 'ਤੇ ਕੰਮ ਕਰਵਾਉਣ ਤੇ ਉਸ ਦਾ ਹਸ਼ਰ ਵੀ ਇਹੀ ਹੋਣਾ ਹੈ। ਜਨਤਕ ਵੰਡ ਪ੍ਰਣਾਲੀ ਵਕਤ ਵਿਹੁਣਾ ਕਾਰਜ ਨਹੀਂ, ਇਹ ਕੇਂਦਰੀ ਸਰਕਾਰ ਤੇ ਰਾਜ ਸਰਕਾਰ ਦਾ ਮੁੱਖ ਏਜੰਡਾ ਹੈ। ਇਸਤੋਂ ਮੂੰਹ ਮੋੜਿਆ ਸਰਨਾ ਨਹੀਂ। ਇਨ੍ਹਾਂ ਸਕੀਮਾਂ ਨੂੰ ਲਾਗੂ ਕਰਦਿਆਂ ਮੁਲਾਜ਼ਮਾਂ ਨੇ ਭੁੱਖੇ ਵੀ ਨਹੀਂ ਮਰਨਾ। ਉਨ੍ਹਾਂ ਨੂੰ ਆਪਣੇ ਹੱਕਾਂ ਤੇ ਰੁਜ਼ਗਾਰ ਦੀ ਰਾਖੀ ਲਈ ਲੜਨਾ ਪੈਣਾ ਹੈ।

ਇਕ ਪਾਸੇ ਤਾਂ ਮਾਰਕਫੈੱਡ ਤੇ ਸਹਿਕਾਰੀ ਅਦਾਰਿਆਂ ਦੇ ਮੁਲਾਜ਼ਮਾਂ ਦੇ ਸਕੇਲ ਤੇ ਭੱਤੇ ਰੋਕ ਦਿੱਤੇ ਹਨ, ਦੂਜੇ ਪਾਸੇ ਮੰਤਰੀ ਮੰਡਲ ਨੇ ਫੈਸਲਾ ਕੀਤਾ ਹੈ ਕਿ ਮੰਡੀਕਰਨ ਬੋਰਡ, ਮਾਰਕਫੈੱਡ ਸਹਿਕਾਰੀ ਬੈਂਕ, ਖੇਤੀਬਾੜੀ ਵਿਕਾਸ ਬੈਂਕ ਤੇ ਮਿਲਕਫੈੱਡ ਵਿਚ 20,000 ਕਰਮਚਾਰੀ ਭਰਤੀ ਕੀਤੇ ਜਾਣਗੇ। ਕਦੇ ਸਰਕਾਰ ਇਨ੍ਹਾਂ ਅਦਾਰਿਆਂ ਨੂੰ ਅੱਪ ਨਿਵੇਸ਼ ਕਮਿਸ਼ਨ ਦੇ ਘੇਰੇ ਵਿਚ ਮੰਨਦੀ ਹੈ ਕਦੇ ਖੁਦ ਮੁਖਤਿਆਰ ਅਦਾਰੇ ਮੰਨਦੀ ਹੈ। ਜੇ ਅਦਾਰੇ ਅਪ ਨਿਵੇਸ਼ ਦੇ ਘੇਰੇ ਵਿਚ ਹਨ ਤਾਂ ਇਨ੍ਹਾਂ ਵਿਚ ਭਰਤੀ ਕਰਨ ਦੀ ਕੀ ਤੁਕ ਹੈ।

# ਲੋਕਾਂ ਦੀ ਜਾਨ ਨਾਲ ਖੇਡਦੇ ਪੰਜਾਬੀ ਡਰਾਈਵਰ

**ਗੱਜਣਵਾਲਾ ਸੁਖਮਿੰਦਰ**

ਚੰਡੀਗੜ੍ਹ ਵਿਚ ਕੋਈ ਵੀ ਬੰਦਾ ਕਾਰ-ਜੀਪ ਚਲਾਉਣ ਵੇਲੇ ਮੋਬਾਈਲ 'ਤੇ ਗੱਲ ਨਹੀਂ ਕਰ ਸਕਦਾ ਅਤੇ ਸੀਟ ਬੈਲਟ ਲਾਏ ਬਗੈਰ ਗੱਡੀ ਨਹੀਂ ਚਲਾ ਸਕਦਾ। ਚੌਕ ਜਾਂ ਲਾਲ ਬੱਤੀ 'ਤੇ ਜਦ ਪੁਲਿਸ ਕਿਸੇ ਦੇ ਕੰਨ ਨੂੰ ਮੋਬਾਈਲ ਲਾਇਆ ਵੇਖਦੀ ਹੈ ਤਾਂ ਫੱਟਕ ਦੇਣੇ ਆ ਫੜਦੀ ਹੈ। ਮੋਹਾਲੀ ਲੰਘਣ ਦੀ ਦੇਰ ਹੁੰਦੀ, ਬਹੁਤੇ ਬੈਲਟ ਲਾਹ ਦਿੰਦੇ ਹਨ, ''ਆ ਗਿਆ ਪੰਜਾਬ, ਘਰ ਦੀ ਗੱਲ ਹੈ ਇਥੇ ਕੋਈ ਡਰ ਨਹੀਂ।'' ਹਾਦਸਿਆਂ ਤੋਂ ਬਚਣ ਲਈ ਸਭ ਦਾ ਸੁਚੇਤ ਹੋਣਾ ਜ਼ਰੂਰੀ ਹੈ।

ਪਿਛਲੇ ਦਿਨੀਂ ਪਿੰਡ ਜਾ ਰਿਹਾ ਸਾਂ। ਮੀਂਹ ਪੈ ਕੇ ਹਟਿਆ ਸੀ। ਠੰਡੀ-ਠੰਡੀ ਹਵਾ ਚੱਲ ਰਹੀ ਸੀ। ਲੁਧਿਆਣਾ ਤੋਂ ਲੰਬੇ ਰੂਟ ਦੀ ਨਾਨ-ਸਟਾਪ ਬੱਸ ਗੰਗਾਨਗਰ ਜਾਣੀ ਸੀ। ਡਰਾਈਵਰ ਬਹੁਤ ਹੀ ਸੋਖਾਵੇਂ ਰਉਂ ਵਿਚ ਜਿਵੇਂ ਪਾਣੀ 'ਤੇ ਡਿਕਰੀ ਤੁਰਦੀ ਜਾਂਦੀ ਹੈ, ਉਸ ਬੱਸ ਦਾ ਛਕਾਟ ਪੁਆਈ ਜਾਵੇ। ਬੱਸ ਜਦ ਲੁਧਿਆਣੇ ਦਾ ਭੀੜ-ਭੜੱਕੇ ਵਾਲਾ ਇਲਾਕਾ ਪਾਰ ਕਰ ਗਈ ਤਾਂ ਡਰਾਈਵਰ ਨੇ ਖੱਬੇ ਹੱਥ ਨਾਲ ਸੱਜੀ ਬਾਂਹ ਮੋਢਿਆਂ ਤੱਕ ਚੜ੍ਹਾਈ ਤੇ ਫਿਰ ਸੱਜੇ ਹੱਥ ਨਾਲ ਖੱਬੇ ਪਾਸੇ ਦੀ। ਫਿਰ ਉਸ ਨੇ ਇਕ ਹੱਥ ਨਾਲ ਆਪਣੇ ਕਾਲੇ ਬੈਗ ਨੂੰ ਖਿੱਚ ਕੇ ਨੇੜੇ ਕੀਤਾ ਤੇ ਉਸੇ ਹੱਥ ਨਾਲ ਬੈਗ ਦੀ ਜ਼ਿੱਪ ਖੋਲ੍ਹ ਕੇ ਉਸ ਵਿਚੋਂ ਮੁਗਲੇ-ਆਜ਼ਮ ਵਾਲੀ ਭਾਵ ਜ਼ਰਦੇ ਵਾਲੀ ਸਟੀਲ ਦੀ ਡੱਬੀ ਕੱਢ ਲਈ। ਬੱਸ ਭੱਜੀ ਜਾ ਰਹੀ ਸੀ। ਉਸ ਨੇ ਥੋੜ੍ਹੀ ਜਿਹੀ ਸੜਕ ਖਾਲੀ ਵੇਖੀ ਤੇ ਭੱਜੀ ਜਾਂਦੀ ਬੱਸ 'ਚ ਉਸ ਨੇ ਪੋਲੇ-ਪੋਲੇ ਡੱਬੀ ਦੀਆਂ ਸਾਈਡਾਂ ਨੱਪੀਆਂ ਤਾਂ ਕਿ ਢੱਕਣ ਆਸਾਨੀ ਨਾਲ ਲੱਥ ਜਾਵੇ। ਉਸ ਨੇ ਬੜੇ ਧੀਰਜ ਭਾਅ ਨਾਲ ਨੱਪ-ਨੱਪ ਕੇ ਰੈਅਲਾ ਜਿਹਾ ਕਰਕੇ ਸਹਿਜੇ ਹੀ ਢੱਕਣ ਉਤਾਰ ਲਿਆ ਤੇ ਉਸ 'ਚੋਂ ਕਲੀ ਵਾਲੀ ਪੈਕਿੰਗ ਕੈਪਸੂਲ ਕੱਢ ਕੇ ਪਾਸੇ ਰੱਖ ਦਿੱਤੀ। ਉਸ ਸਮੇਂ ਦੌਰਾਨ ਜਦ ਕੋਈ ਟਰੈਕਟਰ ਜਾਂ ਹੋਰ ਕੋਈ ਵਾਹਨ ਅੱਗੇ ਆ ਜਾਂਦਾ ਤਾਂ ਉਹ ਡੱਬੀ ਨੂੰ ਬੜੇ ਧਿਆਨ ਨਾਲ ਸਿੱਧੀ ਰੱਖਦਾ ਤੇ ਗੇਅਰ ਵਗੈਰਾ ਵੀ ਬਦਲੀ ਜਾਂਦਾ ਤੇ ਅੱਗੇ ਲੰਘਾ ਲੈਂਦਾ ਜਾਂ ਹੌਲੀ ਕਰ ਲੈਂਦਾ। ਕਦੇ-ਕਦੇ ਉਸੇ ਹੱਥ ਦੀ ਮੁੱਠ ਨਾਲ ਹਾਰਨ ਵਜਾ ਦਿੰਦਾ। ਬੱਸ ਛੋਟੇ-ਛੋਟੇ ਅੱਡੇ ਛੱਡਦੀ ਹੋਈ ਦੌੜਦੀ ਜਾ ਰਹੀ ਸੀ। ਫਿਰ ਉਸ ਨੇ ਆਪਣੇ ਜਾਣੇ ਅੱਗੇ ਸੁਰੱਖਿਅਤ ਸੜਕ ਵੇਖ ਕੇ ਸਟੇਰਿੰਗ ਤੋਂ ਦੋਨੋਂ ਹੱਥ ਛੱਡ ਦਿੱਤੇ ਸਨ। ਸੱਜੇ ਹੱਥ 'ਚ ਡੱਬੀ ਫੜ ਕੇ ਖੱਬੇ ਦੀ ਤਲੀ 'ਤੇ ਵਾਹਵਾ ਚਮਚਾ ਸਾਰਾ ਜ਼ਰਦਾ ਕੱਢਿਆ। ਫਿਰ ਆਰਾਮ ਨਾਲ ਦੂਜੇ ਹੱਥ ਦਾ ਸਹਾਰਾ ਜਿਹਾ ਲੈ ਕੇ ਡੱਬੀ ਦਾ ਢੱਕਣ ਬੰਦ ਕਰ ਦਿੱਤਾ ਤੇ ਸੱਜੇ ਨਾਲ ਡੱਬੀ ਬੈਗ ਵਿਚ ਘਸੋ ਦਿੱਤੀ। ਇਸ ਸਮੇਂ ਦੌਰਾਨ ਅੱਗੋਂ ਕੋਈ ਵਿਘਨ ਪੈਂਦਾ ਤਾਂ ਖੱਬੇ ਹੱਥ ਦੀ ਪਹਿਲੀ ਉਂਗਲ ਨਾਲ ਹੀ ਸਟੇਰਿੰਗ ਦੀ ਕਟਾਈ ਕਰਦਾ। ਬੱਸ ਦੀ ਸਪੀਡ ਵਿਚ ਕੋਈ ਫਰਕ ਨਹੀਂ, ਚੱਲੀ ਜਾ ਰਹੀ ਸੀ। ਅੱਧੀ ਬੱਸ ਸੌਂ ਗਈ ਸੀ। ਹੁਣ ਉਸ ਨੇ ਸੱਜੇ ਹੱਥ ਨਾਲ ਕੈਪਸੂਲ ਜਿਹੀ ਡੱਬੀ ਖੋਲ੍ਹ ਕੇ ਥੋੜ੍ਹੀ ਜਿੰਨੀ ਕਲੀ ਜ਼ਰਦੇ 'ਤੇ ਪਾ ਲਈ ਤੇ ਬਾਕੀ ਦੀ ਸਾਂਭ ਦਿੱਤੀ।

ਹੁਣ ਉਸ ਦਾ ਅਸਲ ਕਲਾਕਾਰੀ ਵਾਲਾ ਕੰਮ ਸ਼ੁਰੂ ਹੋ ਗਿਆ। ਉਸ ਦੇ ਦੋਨੋਂ ਹੱਥ ਰੁਝ ਗਏ। ਬਿਨਾ ਹੱਥਾਂ 'ਚ ਸਟੇਰਿੰਗ ਫੜ੍ਹਿਆਂ ਬੱਸ ਚੱਲੀ ਜਾ ਰਹੀ ਸੀ। ਉਹ ਖੱਬੇ ਹੱਥ ਦੀ ਤਲੀ 'ਤੇ ਰੱਖੇ ਜ਼ਰਦੇ ਤੇ ਕਲੀ ਨੂੰ ਇਕ ਜਾਨ ਕਰਨ ਲੱਗ ਪਿਆ ਸੀ। ਉਸ ਨੇ ਖੱਬੇ ਹੱਥ ਨੂੰ ਸੱਜੇ ਹੱਥ 'ਤੇ ਰੱਖ ਲਿਆ ਤੇ ਸੱਜੇ ਹੱਥ ਦੇ ਮੋਟੇ ਜਿਹੇ ਅੰਗੂਠੇ ਨਾਲ ਜ਼ਰਦੇ ਨੂੰ ਮਲਣ ਲੱਗ ਪਿਆ। ਉਸ ਦੇ ਦੋਨੋਂ ਹੱਥ ਪੂਰੀ ਤਰ੍ਹਾਂ ਮਸ਼ਰੂਫ, ਜਦ ਕੋਈ ਅੱਗੋਂ ਚੀਜ਼ ਆਉਂਦੀ, ਉਹ ਖੱਬੇ ਹੱਥ ਦੀ ਕੂਹਣੀ ਤੋਂ ਵੀ ਕੰਮ ਲੈ ਲੈਂਦਾ। ਉਹ ਉਂਗਲੀ ਨਾਲ ਵੀ ਕਟਾਈ ਕਰ ਜਾਂਦਾ। ਉਹ ਬਹੁਤ ਹੀ ਧੀਰਜ ਨਾਲ ਆਪਣਾ ਜ਼ਰਦਾ ਮਲਦਾ ਜਾ ਰਿਹਾ ਸੀ। ਇਸ ਤਰ੍ਹਾਂ ਕਰਦੇ ਬੱਸ ਕਈ ਕਿਲੋਮੀਟਰ ਲੰਘ ਗਈ। ਜਦ ਉਸ ਨੂੰ ਲੱਗਿਆ ਕਿ ਮਸਾਲਾ ਤਿਆਰ ਹੋ ਗਿਆ ਹੈ ਤਾਂ ਉਸ ਨੇ ਤਲੀ 'ਤੇ ਪਏ ਸਾਮਾਨ ਨੂੰ ਰੋਲਣਾ ਭਾਵ ਮੋਟਾ-ਬਰੀਕ ਨਿਖੇੜਨਾ ਸ਼ੁਰੂ ਕਰ ਦਿੱਤਾ ਤੇ ਫਿਰ ਸੱਜੇ ਹੱਥ ਦੀ ਪਹਿਲੀ ਉਂਗਲ 'ਤੇ ਅੰਗੂਠੇ ਦੀ ਸਹਾਇਤਾ ਨਾਲ ਉਸ ਨੇ ਇਕਸਾਰ ਕੀਤੇ ਮਸਾਲੇ ਦੀ ਇਕ ਨਿੰਗਰ ਚੂੰਢੀ ਭਰੀ ਤੇ ਬਾਕੀ ਬਚੇ ਸਭ ਕੁਝ ਨੂੰ ਬਾਰੀ ਵਿਚ ਦੀ ਬਾਹਰ ਸੁੱਟ ਦਿੱਤਾ। ਉਸ ਚੂੰਢੀ ਨੂੰ ਬੁੱਲ੍ਹਾਂ ਹੇਠ ਥਾਂ ਸਿਰ ਟਿਕਾ ਕੇ ਸੁਰਖ਼ਰੂ ਹੋ ਕੇ ਬੈਠ ਗਿਆ।

ਵੇਖੋ! ਡਰਾਈਵਰ ਦਾ ਜਿਗਰਾ, ਜਿਸ ਨੇ ਸਵਾਰੀਆਂ ਨੂੰ ਜੋਖਮ ਵਿਚ ਪਾਈ ਰੱਖਿਆ ਮੁੱਲਾਂਪੁਰ ਦਾਖੇ ਤੱਕ। ਇਸ ਦੌਰਾਨ ਕਿਸੇ ਪਲ, ਖ਼ਤਰਨਾਕ ਹਾਦਸਾ ਵਾਪਰ ਸਕਦਾ ਸੀ। ਅਗਲੀਆਂ ਸੀਟਾਂ 'ਤੇ ਬੈਠੇ ਕਈ ਵੇਖੀ ਜਾ ਰਹੇ ਸਨ, ਕੋਈ ਵੀ ਟੋਕਣ ਵਾਲਾ ਨਹੀਂ ਸੀ। ਉਸ ਨੂੰ ਆਪ ਚਾਹੀਦਾ ਸੀ ਕਿ ਚਾਣਚੱਕ ਕੋਈ ਖ਼ਬਾ ਸੱਜਾ ਹੋ ਜੇ ਤਾਂ ਪੰਜਾਹ ਬੰਦਿਆਂ ਦੀ ਜਾਨ ਉਸ ਦੇ ਹੱਥ ਵਿਚ ਹੈ। ਅਕਸਰ ਬਹੁਤੇ ਹਾਦਸੇ ਐਂ ਹੀ ਅਣਗਹਿਲੀਆਂ ਤੇ ਖੁੱਲ੍ਹਾਂ ਕਾਰਨ ਵਾਪਰਦੇ ਹਨ। ਜਦ ਭਾਣਾ ਵਰਤ ਗਿਆ ਹੁੰਦਾ ਫੇਰ ਅਖ਼ਬਾਰ 'ਚ ਇਹ ਲਿਖਿਆ ਮਿਲਦਾ, ਡਰਾਈਵਰ ਤੋਂ ਬੇਕਾਬੂ ਹੋਈ ਬੱਸ ਖਤਾਨਾਂ 'ਚ ਜਾ ਪਲਟੀ, ਡਰਾਈਵਰ ਸਮੇਤ ਪੰਜ ਮਰੇ ਤੇ ਪੰਦਰਾਂ ਜ਼ਖ਼ਮੀ।

# ਭਾਰਤ ਅਤੇ ਚੀਨ ਵਿਚਕਾਰ ਟਕਰਾ ਦਾ ਪਿਛੋਕੜ ਤੇ ਵਰਤਮਾਨ

**ਐਮ.ਜੇ. ਅਕਬਰ**

ਕੀ ਦੱਖਣੀ ਅਫਰੀਕਾ, ਭਾਰਤ-ਪਾਕਿ ਕ੍ਰਿਕਟ ਮੈਚ ਅਤੇ ਚੀਨ ਵਲੋਂ ਭਾਰਤੀ ਕਸ਼ਮੀਰ ਨੂੰ ਇਕ ਵਿਵਾਦਪੂਰਨ ਖੇਤਰ ਦੱਸ ਕੇ ਕਸ਼ਮੀਰੀਆਂ ਨੂੰ ਵੱਖਰੇ ਕਾਗਜ਼ 'ਤੇ ਵੀਜ਼ਾ ਦਿੱਤੇ ਜਾਣ ਪਿੱਛੇ ਕੋਈ ਸਾਂਝੀ ਗੱਲ ਹੈ? ਹਾਂ, ਇਹ ਇਕ ਖੇਡ ਨਹੀਂ ਹੈ। ਚੀਨ ਹੁਣ ਦੁਨੀਆਂ ਦੇ ਆਧੁਨਿਕ ਦੇਸ਼ਾਂ ਵਿਚ ਆਪਣੀ ਥਾਂ ਬਣਾਉਣੀ ਚਾਹੁੰਦਾ ਹੈ। ਇਸੇ ਧਾਰਨਾ ਦੇ ਆਧਾਰ 'ਤੇ ਡੇਂਗ ਜ਼ਿਆਓ ਪਿੰਗ ਨੇ ਚੀਨ ਵਿਚ ਇਕ ਸੁਧਾਰ ਅੰਦੋਲਨ ਚਲਾਇਆ, ਕਿਉਂਕਿ ਉਹ ਸਮਝ ਗਏ ਸਨ ਕਿ ਹੁਣ ਅਗਾਂਹ ਕਮਿਊਨਿਜ਼ਮ 'ਤੇ ਅੜੇ ਰਹਿਣਾ ਚੀਨ ਲਈ ਫਾਇਦੇਮੰਦ ਨਹੀਂ ਹੋਵੇਗਾ।

ਉਨ੍ਹਾਂ ਨੇ ਕਮਿਊਨਿਸਟ ਵਿਚਾਰਧਾਰਾ ਦੀ ਥਾਂ ਆਧੁਨਿਕ ਆਦਰਸ਼ਵਾਦ ਨੂੰ ਅਪਨਾਇਆ ਤੇ ਚੀਨ ਨੂੰ ਨਵੀਂ ਦਿਸ਼ਾ ਵਲ ਅੱਗੇ ਤੋਰਿਆ। ਉਨ੍ਹਾਂ ਨੇ ਕੋਰੇ ਵਿਚਾਰਕ ਆਦਰਸ਼ਵਾਦ ਦੀ ਥਾਂ ਅਮਲੀ ਰਾਹ ਅਪਨਾਇਆ ਤੇ ਚੀਨ ਦੇ ਇਸ ਪ੍ਰਾਚੀਨ ਕਥਨ ਉਤੇ ਅਮਲ ਕੀਤਾ ਕਿ 'ਤੱਥਾਂ ਦੇ ਆਧਾਰ 'ਤੇ ਸੱਚ ਦੀ ਖੋਜ ਕੀਤੀ ਜਾਣੀ ਚਾਹੀਦੀ ਹੈ।' ਚੀਨ ਵਿਚ ਮਾਓਵਾਦ ਦੀ ਯਾਦ ਹੁਣ ਤਿਆਨਮਿਨ ਚੌਕ 'ਚ ਸਥਿਤ ਮਾਓ ਦੀ ਮੂਰਤੀ ਤੇ ਚੀਨ ਦੇ ਕਰੰਸੀ ਨੋਟਾਂ 'ਤੇ ਛਪੀ ਮਾਓ ਦੀ ਫੋਟੋ ਤਕ ਹੀ ਸੀਮਤ ਰਹਿ ਗਈ ਹੈ।

ਚੀਨ ਦੀ ਵਿਦੇਸ਼ ਨੀਤੀ ਆਪਣੇ ਉਪਰੋਕਤ ਪ੍ਰਾਚੀਨ ਸਿਧਾਂਤਾਂ 'ਤੇ ਹੀ ਆਧਾਰਿਤ ਹੈ। ਇਹ ਕਾਫੀ ਸਮੇਂ ਤੋਂ ਭਾਰਤ ਬਾਰੇ ਤੱਥਾਂ (ਖਾਸ ਕਰਕੇ ਸੁਰੱਖਿਆ ਦੇ ਖੇਤਰ 'ਚ) ਦਾ ਅਧਿਐਨ ਕਰਦਾ ਰਿਹਾ ਹੈ। ਬੋਫਰਜ਼ ਘਪਲੇ ਤੋਂ ਬਾਅਦ ਬਣੀ ਮਾਨਸਿਕਤਾ ਸਾਡੀ ਰਿਸ਼ਵਤਖੋਰ ਨੌਕਰਸ਼ਾਹੀ ਅਤੇ ਸਿਆਸਤਦਾਨਾਂ ਦੀ ਜੋੜੀ ਤੇ ਸਾਡੀ ਪ੍ਰਣਾਲੀ ਵਿਚਲੀਆਂ ਪਾਖੰਡ ਭਰੀਆਂ ਸਥਿਤੀਆਂ ਕਾਰਨ ਭਾਰਤ ਦੀ ਰੱਖਿਆ ਸਮਰੱਥਾ, ਰਵਾਇਤੀ ਅਤੇ ਪ੍ਰਮਾਣੂ ਜੰਗ ਦੇ ਖੇਤਰ ਵਿਚ ਚੀਨ ਦੇ ਮੁਕਾਬਲੇ ਲਗਭਗ ਇਕ ਪੀੜ੍ਹੀ ਪਿੱਛੇ ਚੱਲ ਰਹੀ ਹੈ।

ਜਦੋਂ ਸਾਡੀ ਹਵਾਈ ਫੌਜ ਦੇ ਮੁਖੀ ਅਰੁਣਾਚਲ ਪ੍ਰਦੇਸ਼ ਵਰਗੇ ਰਣਨੀਤਕ ਮਹੱਤਤਾ ਵਾਲੇ ਖੇਤਰ ਵਿਚ ਭਾਰਤ ਦੀ ਸਮਰੱਥਾ ਵਧਾਉਣ ਦੀ ਗੱਲ ਕਹਿੰਦੇ ਹਨ ਤਾਂ ਉਨ੍ਹਾਂ ਦੇ ਕਹਿਣ ਦਾ ਭਾਵ ਇਹੀ ਲੱਗਦਾ ਹੈ ਕਿ ਭਾਰਤ 2018 ਤਕ ਉੱਥੇ ਆਪਣੀ ਸੁਰੱਖਿਆ ਸਮਰੱਥਾ ਕਾਫੀ ਜ਼ਿਆਦਾ ਵਧਾ ਲਵੇਗਾ ਅਤੇ ਇਹ ਵੀ ਉਦੋਂ ਹੋਵੇਗਾ, ਜਦੋਂ ਸਭ ਕੁਝ ਠੀਕ-ਠਾਕ ਚੱਲਦਾ ਰਹੇਗਾ। ਸਾਡੀ ਹਵਾਈ ਫੌਜ ਦੇ ਜਹਾਜ਼ਾਂ ਦੇ ਹਾਦਸਿਆਂ ਬਾਰੇ ਅੰਕੜੇ ਚਿੰਤਾ ਪੈਦਾ ਕਰਦੇ ਹਨ। ਜਿੱਥੋਂ ਤੱਕ ਸਾਡੇ ਤੋਪਖਾਨੇ ਦਾ ਸਵਾਲ ਹੈ, ਉਸ ਦੀ ਸਥਿਤੀ ਬਿਹਤਰ ਹੈ।

ਸੰਚਾਰ ਪ੍ਰਣਾਲੀ ਦਾ ਬੁਨਿਆਦੀ ਢਾਂਚਾ, ਜੋ ਕਿ ਕਿਸੇ ਵੀ ਜੰਗ ਵਿਚ ਹਿੱਸਾ ਲੈਣ ਵਾਲੀ ਫੌਜ ਲਈ ਜ਼ਰੂਰੀ ਹੁੰਦਾ ਹੈ, ਆਪਣੇ ਆਧੁਨਿਕੀਕਰਨ ਦੀ ਉਡੀਕ ਵਿਚ ਹੈ। ਇਸ ਸੰਬੰਧੀ ਯੋਜਨਾਵਾਂ ਦੀਆਂ ਫਾਈਲਾਂ 'ਤੇ ਧੂੜ ਜੰਮੀ ਪਈ ਹੈ। ਪਤਾ ਨਹੀਂ ਇਨ੍ਹਾਂ ਫਾਈਲਾਂ ਉੱਤੋਂ ਧੂੜ ਝਾੜਨ ਦਾ ਮੌਕਾ ਕਦੋਂ ਆਵੇਗਾ? ਚੀਨ ਨੇ ਭਾਰਤ ਦੀ ਇਸ ਕਮਜ਼ੋਰੀ ਦਾ ਕਈ ਵਰ੍ਹੇ ਪਹਿਲਾਂ ਅੰਦਾਜ਼ਾ ਲਗਾ ਲਿਆ ਸੀ ਤੇ ਉਸ ਨੇ ਆਪਣੇ 'ਮੂਡ' ਦਾ ਸੰਕੇਤ ਰਾਸ਼ਟਰਪਤੀ ਹੂ ਜਿਨਤਾਓ ਦੀ ਪਿਛਲੀ ਭਾਰਤ ਯਾਤਰਾ ਸਮੇਂ ਦੇ ਦਿੱਤਾ ਸੀ। ਅਜਿਹੀਆਂ ਯਾਤਰਾਵਾਂ ਦੇ ਸਮੇਂ ਮਹਿਮਾਨ ਦੇਸ਼ ਤੇ ਮੇਜ਼ਬਾਨ ਦੇਸ਼ ਆਪਸੀ ਸਹਿਯੋਗ ਦੀਆਂ ਗੱਲਾਂ 'ਤੇ ਜ਼ੋਰ ਦਿੰਦੇ ਹਨ ਪਰ ਦਿੱਲੀ 'ਚ ਸਥਿਤ ਚੀਨੀ ਰਾਜਦੂਤ ਨੇ ਇਸ ਦੇ ਉਲਟ ਉਦੋਂ ਅਰੁਣਾਚਲ ਪ੍ਰਦੇਸ਼ 'ਤੇ ਚੀਨ ਦਾ ਦਾਅਵਾ ਜਤਾ ਦਿੱਤਾ। ਇਸ ਤਰ੍ਹਾਂ ਚੀਨ ਨੇ ਜਾਣ ਬੁੱਝ ਕੇ ਭਾਰਤ ਨੂੰ ਉਕਸਾਉਣ ਦਾ ਕੰਮ ਕੀਤਾ ਸੀ, ਜਿਸ 'ਤੇ ਦਿੱਲੀ ਨੇ ਆਪਣੀ ਉਹੀ ਪੁਰਾਣੀ ਢਿੱਲੀ-ਮੱਠੀ ਪ੍ਰਤੀਕਿਰਿਆ ਜ਼ਾਹਿਰ ਕੀਤੀ।

2009 ਵਿਚ ਚੀਨ ਵਲੋਂ ਕੀਤੀ ਗਈ ਸਰਹੱਦ ਦੀ ਉਲੰਘਣਾ 'ਤੇ ਭਾਰਤ ਦੇ ਕੌਮੀ ਸੁਰੱਖਿਆ ਸਲਾਹਕਾਰ ਐਮ.ਕੇ. ਨਾਰਾਇਣਨ ਨੇ ਬੜੀ ਛੇਤੀ ਆਪਣੀ ਪ੍ਰਤੀਕਿਰਿਆ ਜ਼ਾਹਿਰ ਕੀਤੀ। ਉਨ੍ਹਾਂ ਨੇ ਚੀਨ ਦੇ ਬਚਾਅ ਵਿਚ ਕਿਹਾ ਕਿ ਇਹ ਆਮ ਉਲੰਘਣਾ ਦੀਆਂ ਘਟਨਾਵਾਂ ਤੋਂ ਵਧ ਕੇ ਨਹੀਂ ਸੀ। ਉਨ੍ਹਾਂ ਦੇ ਇਸ ਕਥਨ ਤੋਂ ਸਵਾਲ ਉੱਠਦਾ ਹੈ ਕਿ ਸਰਹੱਦ ਦੀ ਉਲੰਘਣਾ ਦਾ ਆਮ ਪੱਧਰ ਕੀ ਹੈ? ਕੀ ਕੁਝ ਸੌ ਗਜ਼ ਇਧਰ-ਓਧਰ ਜਾਂ ਇਸ ਤੋਂ ਜ਼ਿਆਦਾ?

ਪੰਡਿਤ ਜਵਾਹਰ ਲਾਲ ਨਹਿਰੂ ਨੇ ਇਕ ਵਾਰ ਸੰਸਦ ਵਿਚ ਇਹ ਕਹਿ ਕੇ ਗਲਤੀ ਕੀਤੀ ਸੀ ਕਿ ਚੀਨ ਦੀ ਸਰਹੱਦ ਨਾਲ ਲੱਗਦਾ ਭਾਰਤੀ ਖੇਤਰ ਚੱਟਾਨੀ ਅਤੇ ਬੰਜਰ ਹੈ, ਉੱਥੇ ਘਾਹ ਦਾ ਇਕ ਤਿਣਕਾ ਤਕ ਨਹੀਂ ਉੱਗਦਾ। 1962 ਵਿਚ ਚੀਨ ਨੇ ਹਮਲਾ ਕਰਕੇ ਸਾਨੂੰ ਦੱਸ ਦਿੱਤਾ ਸੀ ਕਿ ਉਹ ਬੰਜਰ ਜ਼ਮੀਨ ਕਿੰਨੀ ਕੀਮਤੀ ਹੈ? ਕੀ ਚੀਨ ਫਿਰ ਉਸੇ ਤਰ੍ਹਾਂ ਦੀ ਕੋਈ ਸ਼ਰਾਰਤ ਕਰ ਰਿਹਾ ਹੈ ਤਾਂ ਕਿ ਦਿੱਲੀ ਨੂੰ ਮੁੜ ਅਪਮਾਨਿਤ ਕੀਤਾ ਜਾ ਸਕੇ?



ਚੀਨ ਦੀ ਮਹਾਨ ਕੰਧ

ਮੈਂ ਨਹੀਂ ਸਮਝਦਾ ਕਿ ਚੀਨ ਭਾਰਤ ਨਾਲ ਜੰਗ ਕਰਨੀ ਚਾਹੇਗਾ। ਕਾਰਨ ਇਹ ਹੈ ਕਿ ਪੁਰਾਣੀ ਕਮਿਊਨਿਸਟ ਪਾਰਟੀ ਤੋਂ ਬਾਅਦ ਉੱਭਰੀ ਨਵੀਂ ਕਮਿਊਨਿਸਟ ਪਾਰਟੀ ਨੇ ਆਪਣੇ ਦੇਸ਼ ਦੀ ਜਨਤਾ ਨੂੰ ਭਰੋਸਾ ਦਿੱਤਾ ਹੈ ਕਿ ਉਹ ਦੇਸ਼ ਵਿਚ ਸਥਿਰਤਾ ਬਣਾਈ ਰੱਖੇਗੀ। ਕਿਸੇ ਵੀ ਦੇਸ਼ ਲਈ ਸਥਿਰਤਾ ਇਕ ਅਜਿਹਾ ਜ਼ਰੂਰੀ ਤੱਤ ਹੈ, ਜਿਸ ਵਿਚ ਦੇਸ਼ ਅਤੇ ਉਸ ਦਾ ਅਰਥਚਾਰਾ ਤਰੱਕੀ ਕਰ ਸਕਦਾ ਹੈ ਤੇ ਕੁਝ ਨਾ ਵੀ ਹੋਵੇ ਤਾਂ ਵੀ ਜੰਗ ਵਾਲੀ ਸਥਿਤੀ 'ਚ ਚੀਨ ਦੇ ਸਟਾਕ ਐਕਸਚੇਂਜ ਵਿਚ ਗਿਰਾਵਟ ਆ ਸਕਦੀ ਹੈ। ਇਸ ਤੋਂ ਇਲਾਵਾ ਚੀਨ ਭਾਰਤ ਨਾਲ ਆਪਣਾ ਕਾਰੋਬਾਰ ਵੀ ਵਧਾਉਣਾ ਚਾਹੁੰਦਾ ਹੈ ਜੋ ਕਿ ਇਸ ਸਮੇਂ 60 ਅਰਬ ਡਾਲਰ ਦੇ ਨੇੜੇ ਤੇੜੇ ਹੈ। ਇਸ ਸਮੇਂ ਜਦੋਂ ਪੱਛਮ ਵਿਚ ਮੰਦੇ ਦੀ ਲਹਿਰ ਚੱਲ ਰਹੀ ਹੈ, ਚੀਨ ਲਈ ਭਾਰਤ ਨਾਲ ਕਾਰੋਬਾਰ ਵਧਾਉਣਾ ਉਸਦੇ ਆਪਣੇ ਅਰਥਚਾਰੇ ਲਈ ਵੀ ਬਹੁਤ ਜ਼ਰੂਰੀ ਹੈ। ਭਾਰਤੀ ਬਾਜ਼ਾਰ ਵਿਚ ਇਨ੍ਹੀਂ ਦਿਨੀਂ ਚੀਨੀ ਵਸਤਾਂ ਦੀ ਮੰਗ ਵਧੀ ਹੋਈ ਹੈ। ਚੀਨ ਇਹ ਗੱਲ ਵੀ ਜਾਣਦਾ ਹੈ ਕਿ 'ਵਾਲਮਾਰਟ' ਉਸ ਦੇ ਜ਼ਹਿਰੀਲੇ ਰੰਗਾਂ ਵਾਲੇ ਖਿਡੌਣਿਆਂ ਨੂੰ ਨਹੀਂ ਖਰੀਦੇਗਾ। ਇਸ ਤੋਂ ਇਲਾਵਾ ਉਸਦੇ ਇਥੇ ਬਣੇ 'ਕੈਟ ਫੂਡ' ਨਾਲ ਅਮਰੀਕਾ ਵਿਚ ਜਿਸ ਤਰ੍ਹਾਂ ਕਈ ਬਿੱਲੀਆਂ ਮਰ ਗਈਆਂ, ਉਸ ਵਿਰੁਧ ਅਮਰੀਕੀ ਮੀਡੀਆ ਨੇ ਜੋ ਪ੍ਰਚਾਰ ਕੀਤਾ, ਉਸਨੂੰ ਦੇਖਦਿਆਂ ਚੀਨ ਲਈ ਪੱਛਮੀ ਬਾਜ਼ਾਰਾਂ ਵਿਚ ਆਪਣੀ ਪੈਂਠ ਬਣਾ ਸਕਣਾ ਫਿਲਹਾਲ ਸੰਭਵ ਨਹੀਂ ਲੱਗਦਾ ਪਰ ਦਿੱਲੀ ਦੇ ਵਪਾਰੀ ਇਸ ਗੱਲ ਦੀ ਪਰਵਾਹ ਨਹੀਂ ਕਰਦੇ ਕਿ ਚੀਨ ਤੋਂ ਵੱਡੀ ਗਿਣਤੀ ਵਿਚ ਆਉਣ ਵਾਲੀਆਂ ਗਣੇਸ਼ ਦੀਆਂ ਮੂਰਤੀਆਂ 'ਤੇ ਘਾਤਕ ਗਾਮਾ ਕਿਰਨਾਂ ਦੀ ਵਾਛੜ ਨਾਲ ਹਾਨੀਕਾਰਕ ਰੰਗ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਉਦੋਂ ਤਕ ਸ਼ਾਇਦ ਇਸ ਦੀ ਚਿੰਤਾ ਨਹੀਂ ਹੋਵੇਗੀ, ਜਦੋਂ ਤਕ ਉਨ੍ਹਾਂ ਨੂੰ ਉਹ ਮੂਰਤੀਆਂ ਦੁੱਗਣੇ ਭਾਅ 'ਤੇ ਵੇਚ ਕੇ ਮੁਨਾਫਾ ਹੁੰਦਾ ਰਹੇਗਾ। ਸ਼ੰਘਾਈ ਤੋਂ ਲੈ ਕੇ ਲਹਾਸਾ ਤੱਕ, ਚੀਨੀ ਜ਼ਰੂਰ ਸਾਡੀ ਇਸ ਗੱਲ 'ਤੇ ਹੱਸ ਰਹੇ ਹੋਣਗੇ।

ਭਾਰਤ ਦੀ ਪ੍ਰਮਾਣੂ ਪਰਿਖਣ ਸਮਰੱਥਾ ਨੂੰ ਲੈ ਕੇ ਉੱਠੇ ਵਿਵਾਦ ਨੂੰ ਦੇਖਦਿਆਂ ਸ਼ਾਇਦ ਪੇਈਚਿੰਗ ਹੱਸ ਰਿਹਾ ਹੋਵੇਗਾ। ਸਾਡੇ ਦੇਸ਼ ਦੇ ਸੀਨੀਅਰ ਵਿਗਿਆਨੀਆਂ ਨੇ 1998 'ਚ ਭਾਰਤ ਵਲੋਂ ਕੀਤੇ ਗਏ ਪ੍ਰਮਾਣੂ ਪਰਿਖਣ ਦੀ ਸਮਰੱਥਾ 'ਤੇ ਉਂਗਲ ਉਠਾਈ ਹੈ ਤੇ ਉਨ੍ਹਾਂ ਦਾ ਕਹਿਣਾ ਹੈ ਕਿ ਭਾਰਤ ਨੂੰ ਆਪਣੀ ਸਮਰੱਥਾ ਵਧਾਉਣ ਲਈ ਹੋਰ ਜ਼ਿਆਦਾ ਪ੍ਰਮਾਣੂ ਪਰਿਖਣ ਕਰਨ ਦੀ ਲੋੜ ਹੈ। ਜੇ ਸਰਕਾਰ ਸਮਝਦੀ ਹੈ ਕਿ ਪ੍ਰਮਾਣੂ ਪਰਿਖਣਾਂ ਦੀ ਸਮਰੱਥਾ 'ਤੇ ਸ਼ੱਕ ਪੈਦਾ ਕਰ ਰਹੇ ਸਾਡੇ ਵਿਗਿਆਨੀਆਂ ਨੇ ਠੀਕ ਨਹੀਂ ਕੀਤਾ ਤਾਂ ਉਹ ਉਨ੍ਹਾਂ 'ਤੇ ਅਦਾਲਤ ਵਿਚ ਮੁਕੱਦਮਾ ਚਲਾਵੇ।

ਇਕ ਹੋਰ ਦਲੀਲਪੂਰਨ ਕਾਰਨ ਵੀ ਹੈ, ਜੋ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਚੀਨ ਭਾਰਤ ਦੀਆਂ ਕਮਜ਼ੋਰੀਆਂ ਦਾ ਲਾਭ ਉਠਾਉਣ ਦੀ ਕੋਸ਼ਿਸ਼ ਕਿਉਂ ਕਰ ਰਿਹਾ ਹੈ? ਅਸਲ ਵਿਚ ਉਹ ਆਪਣੇ ਸਹਿਯੋਗੀ ਪਾਕਿਸਤਾਨ ਦੀ ਹੋਂਦ ਦੀ ਰਾਖੀ ਲਈ ਸਰਹੱਦ 'ਤੇ ਛੇੜਖਾਨੀ ਕਰਕੇ ਤੇ ਦਿੱਲੀ ਪ੍ਰਤੀ ਉਕਸਾਊ ਗੱਲਾਂ ਕਰਕੇ ਭਾਰਤ ਦਾ ਧਿਆਨ ਪਾਕਿਸਤਾਨ ਵਲੋਂ ਵੰਡਾਉਣਾ ਚਾਹੁੰਦਾ ਹੈ। ਪਾਕਿਸਤਾਨ ਨੇ ਭਾਰਤ ਨਾਲ ਹਰੇਕ ਟਕਰਾਅ ਦੇ ਸਮੇਂ ਚੀਨ ਤੋਂ ਸਹਾਇਤਾ ਮੰਗੀ ਹੈ। ਉਂਜ ਚੀਨ ਨੇ ਇਸ ਮਾਮਲੇ 'ਚ ਉਸ ਹੱਦ ਤੋਂ ਅੱਗੇ ਕੋਈ ਕਦਮ ਨਹੀਂ ਵਧਾਏ, ਜਿਥੋਂ ਉਹ ਉਸ ਦੇ ਪ੍ਰਤੀ-ਉਤਪਾਦਕ ਹੋਵੇ।

ਉਂਜ ਇਸਲਾਮਾਬਾਦ ਅਤੇ ਪੇਈਚਿੰਗ ਦੀ ਸੋਚ ਇਹ ਹੈ ਕਿ ਜੇ ਪਾਕਿਸਤਾਨ 'ਤੇ ਭਾਰਤ ਦਾ ਕਿਸੇ ਤਰ੍ਹਾਂ ਦਬਾਅ ਵਧੇ ਤਾਂ ਚੀਨ ਦੂਜੇ ਮੋਰਚੇ 'ਤੇ ਸ਼ਰਾਰਤ ਕਰਕੇ ਭਾਰਤ ਦਾ ਧਿਆਨ ਵੰਡਾਵੇ। ਇਸ ਤਰ੍ਹਾਂ ਚੀਨ ਭਾਰਤ ਦੀ ਕਮਜ਼ੋਰੀ ਦਾ ਲਾਭ ਉਠਾ ਰਿਹਾ ਹੈ ਤੇ ਪਾਕਿਸਤਾਨ ਵੀ ਅਜਿਹੇ ਮੌਕੇ ਦੀ ਤਾਕ ਵਿਚ ਰਹਿੰਦਾ ਹੈ।

ਪਾਕਿਸਤਾਨ ਦੀ ਹਾਲਤ ਇਹ ਹੈ ਕਿ ਨਿਊ ਯਾਰਕ ਟਾਈਮਜ਼ ਨੇ 30 ਸਤੰਬਰ ਨੂੰ ਲਿਖਿਆ ਹੈ ਕਿ ਮੁੰਬਈ 'ਤੇ ਹਮਲਾ ਕਰਨ ਵਾਲੇ ਅਤਿਵਾਦੀਆਂ ਵਿਰੁਧ ਪਾਕਿਸਤਾਨ ਨੇ ਕੋਈ ਸਪੱਸ਼ਟ ਕਾਰਵਾਈ ਨਹੀਂ ਕੀਤੀ ਹੈ, ਹਾਲਾਂਕਿ ਉਹ ਆਪਣੀ ਜ਼ਮੀਨ 'ਤੇ ਸਰਗਰਮ ਅਤਿਵਾਦੀ ਗਰੁਪਾਂ ਦੇ ਸਫਾਏ ਦਾ ਵਾਅਦਾ ਕਰਦਾ ਰਹਿੰਦਾ ਹੈ। ਪਾਕਿਸਤਾਨ ਨੂੰ ਭਾਰਤ 'ਤੇ ਦੂਜਾ ਹਮਲਾ ਕਰਨ ਦੀ ਲਸ਼ਕਰੇ ਤੋਇਬਾ ਦੀ ਯੋਜਨਾ ਦਾ ਪਤਾ ਨਹੀਂ ਪਰ ਨਿਊ ਯਾਰਕ ਟਾਈਮਜ਼ ਨੂੰ ਇਸ ਦਾ ਪਤਾ ਲੱਗ ਗਿਆ ਹੈ। ਜਿਥੋਂ ਤਕ ਕ੍ਰਿਕਟ ਦਾ ਸਵਾਲ ਹੈ, ਉਹ ਵੀ ਹੁਣ ਇਕ ਵੱਖਰੀ ਕਿਸਮ ਦੀ ਜੰਗ ਬਣ ਗਈ ਹੈ।

# ਮਹਾਰਾਸ਼ਟਰ ਚੋਣਾਂ ਤੇ ਇਸ ਰਾਜ ਦੀ ਰਾਜਨੀਤਕ ਹਾਲਤ

**ਰਾਜਦੀਪ ਸਰਦੇਸਾਈ**

ਮਹਾਰਾਸ਼ਟਰ ਵਿਚ ਜਿਸ ਤਰ੍ਹਾਂ ਦਾ ਭੀੜ ਭੜੱਕਾ ਅਤੇ ਕਿੜ ਕਿੜ ਹੈ, ਉਸ ਦੀ ਸਭ ਤੋਂ ਵਧੀਆ ਉਦਾਹਰਣ ਮੁੰਬਈ ਦੇ ਵਿਚੋਂ ਵਿਚ ਵਸਿਆ ਮਾਹਿਮ-ਦਾਦਰ ਦਾ ਇਲਾਕਾ ਹੈ। ਮਹਾਰਾਸ਼ਟਰ ਦੇ ਮੱਧਵਰਗ ਦਾ ਗੜ੍ਹ ਕਿਹਾ ਜਾਣ ਵਾਲਾ ਇਹ ਇਲਾਕਾ ਅੱਜ ਰਾਜ ਦੀ ਬਹੁਤ ਗਹਿਰੇ ਰੂਪ ਵਿਚ ਵਿਚਰ ਰਹੀ ਰਾਜਨੀਤੀ ਦਾ ਪ੍ਰਤੀਕ ਬਣ ਗਿਆ ਹੈ।

ਇਥੇ ਇਕ ਜਾਣੇ-ਪਹਿਚਾਣੇ ਟੈਲੀਵਿਜ਼ਨ ਦੇ ਸਿਤਾਰੇ ਹਨ, ਜੋ ਰਾਜ ਵਿਧਾਨ ਸਭਾ ਦੀਆਂ ਚੋਣਾਂ ਵਿਚ ਖੜ੍ਹੇ ਹੋ ਰਹੇ ਹਨ। ਇਕ ਦਲਬਦਲੂ ਵੀ ਹਨ ਜੋ ਰਾਤੋ ਰਾਤ ਸ਼ਿਵ ਸੈਨਾ ਛੱਡ ਕੇ ਕਾਂਗਰਸ ਵਿਚ ਸ਼ਾਮਿਲ ਹੋ ਗਏ, ਉਸ ਦੇ ਖਿਲਾਫ ਟੈਲੀਵਿਜ਼ਨ ਸਟਾਰ ਹੁਣੇ ਹਾਲ ਹੀ ਵਿਚ ਚੋਣ ਟਿਕਟ ਦੇ ਇਨਾਮ ਸਮੇਤ ਸ਼ਿਵ ਸੈਨਾ ਵਿਚ ਸ਼ਾਮਿਲ ਹੋਏ ਹਨ। ਮਹਾਰਾਸ਼ਟਰ ਚੋਣਾਂ ਦੇ ਵਿਵਾਦ ਵਿਚ ਇਕ ਮਹੱਤਵਪੂਰਨ ਤੱਤ ਰਾਜ ਠਾਕਰੇ ਦੀ ਪਾਰਟੀ ਨਵਨਿਰਮਾਣ ਸੈਨਾ ਦਾ ਇਕ ਉਮੀਦਵਾਰ ਹੈ। ਤਿੰਨ ਚੋਣ ਖੇਤਰ, ਜਿੱਥੇ ਪਿਛਲੇ 20 ਸਾਲਾਂ ਵਿਚ ਸ਼ਿਵਸੈਨਾ ਦਾ ਮਾਣਤਾਣ ਦਾਅ 'ਤੇ ਲੱਗਿਆ ਹੋਇਆ ਹੈ, ਉਥੇ ਤਿੰਨ ਸ਼ਿਵਸੈਨਿਕਾਂ ਨੂੰ ਹੁਣ ਸਿੱਧਾ ਮੁਕਾਬਲਾ ਕਰਨਾ ਪੈਣਾ ਹੈ। ਕੀ ਇਸਦਾ ਇਸਤੋਂ ਚੰਗਾ ਉਦਾਹਰਣ ਹੋ ਸਕਦਾ ਹੈ ਕਿ ਕਿਸ ਤਰ੍ਹਾਂ ਬਾਲ ਠਾਕਰੇ ਦੀ ਸੱਤਾ ਵਿਚ ਪਾੜ ਲੱਗ ਰਿਹਾ ਹੈ? ਸ਼ਿਵ ਸੈਨਾ ਦੀ ਅੱਜ ਜੋ ਹਾਲਤ ਹੈ, ਰਾਜ ਦੀਆਂ ਸਾਰੀਆਂ ਵੱਡੀਆਂ ਰਾਜਨੀਤਕ ਪਾਰਟੀਆਂ ਅੱਜ ਉਸ ਮੁਸ਼ਕਿਲ ਵਿਚੋਂ ਗੁਜ਼ਰ ਰਹੀਆਂ ਹਨ। ਸ਼ਰਦ ਪਵਾਰ ਦੀ ਰਾਸ਼ਟਰਵਾਦੀ ਕਾਂਗਰਸ ਪਾਰਟੀ ਨੂੰ ਪੱਛਮੀ ਮਹਾਰਾਸ਼ਟਰ ਵਿਚ ਆਪਣੇ ਗੜ੍ਹ ਦੇ ਅੰਦਰ ਗੰਭੀਰ ਰੂਪ ਨਾਲ ਵਿਰੋਧੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਮਜ਼ੋਰ ਪੈ ਰਹੇ ਸ਼ਰਦ ਪਵਾਰ ਨੇ ਇਥੋਂ ਤੱਕ ਚਾਲ ਚਲੀ ਕਿ ਉਸ ਨੇ ਰਾਜਨੀਤੀ ਤੋਂ ਸੰਨਿਆਸ ਲੈਣ ਦੀ ਧਮਕੀ ਦੇ ਦਿੱਤੀ, ਪਰ ਇਸਦਾ ਵੀ ਉਸ ਦੇ ਅਨੁਆਈਆਂ 'ਤੇ ਖਾਸ ਪ੍ਰਭਾਵ ਨਹੀਂ ਪਿਆ। ਭਾਜਪਾ ਦੀ ਹਾਲਤ ਵੀ ਬਹੁਤ ਬੁਰੀ ਹੈ। ਪਾਰਟੀ ਦੇ ਅੰਦਰ ਕੋਈ ਇਕ ਕੇਂਦਰੀ ਸ਼ਕਤੀ ਨਹੀਂ ਹੈ, ਜੋ ਸਾਰਿਆਂ ਨੂੰ ਇਕ ਬਰਾਬਰ ਜੋੜ ਕੇ ਰੱਖੇ। ਕਾਂਗਰਸ ਦੀ ਹਾਲਤ ਦਾ ਅੰਦਾਜ਼ਾ ਅਮਰਾਵਤੀ ਚੋਣ ਖੇਤਰ ਦੀ ਹਾਲਤ ਤੋਂ ਹੀ ਲਾਇਆ ਜਾ ਸਕਦਾ ਹੈ, ਜਿੱਥੇ ਭਾਰਤ ਦੀ ਰਾਸ਼ਟਰਪਤੀ ਦੇ ਬੇਟੇ ਨੂੰ ਬਹੁਤ ਸ਼ਰਮਨਾਕ ਤਰੀਕੇ ਨਾਲ ਮੌਜੂਦਾ ਮੰਤਰੀ ਦੀ ਕੀਮਤ ਤੇ ਟਿਕਟ ਦਿੱਤੀ ਗਈ ਹੈ। ਸਥਾਨਕ ਇਕਾਈ ਦਾ ਇਕ ਬਹੁਤ ਵੱਡਾ ਹਿੱਸਾ ਪਾਰਟੀ ਦੇ ਲਈ ਪ੍ਰਚਾਰ ਕਰਨ ਤੋਂ ਇਨਕਾਰ ਕਰ ਰਿਹਾ ਹੈ ਅਤੇ ਉਸਦੀ ਬਜਾਏ ਵਿਰੋਧੀ ਉਮੀਦਵਾਰ ਨੂੰ ਸਮਰਥਨ ਦੇਣ ਦਾ ਰਸਤਾ ਚੁਣ ਰਿਹਾ ਹੈ। ਜਿੱਥੋਂ ਤੱਕ ਤਥਾਕਥਿਤ ਤੀਜੇ ਮੋਰਚੇ ਦਾ ਸਵਾਲ ਹੈ, ਇਹ ਅਲੱਗ-ਅਲੱਗ ਪਾਰਟੀਆਂ ਦਾ ਮਿਲਿਆ ਜੁਲਿਆ ਭਾਨਮੱਤੀ ਦਾ ਪਟਾਰਾ ਹੈ, ਜੋ ਸਭ ਤੋਂ ਜ਼ਿਆਦਾ ਉੱਚੀ ਬੋਲੀ ਲਗਾਉਣ ਵਾਲਿਆਂ ਦੇ ਨਾਲ ਹੋਵੇਗਾ।



ਜੋ ਰਾਜ ਕਿਸੇ ਵਕਤ ਵਿਚ ਦੇਸ਼ ਦਾ ਸਭ ਤੋਂ ਸੁਦ੍ਰਿੜ ਅਤੇ ਸਥਿਰ ਰਾਜ ਮੰਨਿਆ ਜਾਂਦਾ ਸੀ, ਉਹ ਕਿਉਂ ਅਚਾਨਕ ਰਾਜਨੀਤਕ ਉਥਲ-ਪੁਥਲ ਅਤੇ ਗੜਬੜੀਆਂ ਦਾ ਅੱਡਾ ਬਣ ਗਿਆ? 1955 ਤੱਕ ਮਹਾਰਾਸ਼ਟਰ ਵਿਚ ਕਾਂਗਰਸ ਦਾ ਲਗਭਗ ਨਿਰਵਿਵਾਦ ਸ਼ਾਸਨ ਸੀ। ਉਸ ਵਿਚ ਸਿਰਫ ਇਕ ਵਾਰ 1978 ਵਿਚ ਵਿਰਾਮ ਆਇਆ ਸੀ, ਜਦ ਸ਼ਰਦ ਪਵਾਰ ਇਕ ਗਠਜੋੜ ਸਰਕਾਰ ਬਣਾਉਣ ਲਈ ਆਪਣੀ ਪਿਤਰੀ ਪਾਰਟੀ ਤੋਂ ਅਲਗ ਹੋ ਗਏ ਸਨ। ਉਹ ਸਰਕਾਰ ਵੀ ਪੱਕੇ ਰੂਪ ਨਾਲ ਕਾਂਗਰਸ ਪਾਰਟੀ ਦੀ ਹੀ ਇਕ ਸ਼ਾਖਾ ਸੀ ਅਤੇ ਮੁਸ਼ਕਿਲ ਨਾਲ ਇਕ ਸਾਲ ਚੱਲੀ ਸੀ। ਮਹਾਰਾਸ਼ਟਰ ਦੀ ਰਾਜਨੀਤੀ ਜ਼ਰੂਰੀ ਰੂਪ ਨਾਲ ਕਾਂਗਰਸ ਦੇ ਮਰਾਠਾ ਨੇਤ੍ਰਤਵ ਦੇ ਹੱਥ ਵਿਚ ਸੀ ਅਤੇ ਇਸ ਵੱਕਾਰੀ ਪਾਰਟੀ ਵਿਵਸਥਾ ਦੇ ਸਾਹਮਣੇ ਬਹੁਤ ਮਾਮੂਲੀ ਅਸਲ ਚੁਣੌਤੀਆਂ ਸਨ। ਅੱਜ ਤੋਂ 21 ਸਾਲ ਪਹਿਲਾਂ ਮੁੰਬਈ ਵਿਚ ਇਕ ਨੌਜਵਾਨ ਪੱਤਰਕਾਰ ਦੇ ਰੂਪ ਵਿਚ ਇਕ ਸੀਨੀਅਰ ਸਹਿਕਰਮੀ ਨੇ ਮੈਨੂੰ ਚੇਤਾਇਆ ਸੀ ਕਿ ਮਹਾਰਾਸ਼ਟਰ ਵਿਚ ਰਾਜਨੀਤੀ ਦਾ ਹਿਸਾਬ ਕਿਤਾਬ ਰਖਣਾ ਦੁਨੀਆਂ ਦਾ ਸਭ ਤੋਂ ਉਕਤਾਊ ਕੰਮ ਹੈ। (ਜੋ ਕੁਝ ਹੱਦ ਤਕ ਮੇਰੇ ਦਿੱਲੀ ਕੂਚ ਕਰ ਜਾਣ ਦੀ ਵਜ੍ਹਾ ਵੀ ਸੀ) ਪਾਰਟੀ ਦੇ ਵੱਕਾਰ ਨੂੰ ਸਭ ਤੋਂ ਪਹਿਲਾਂ 1990 ਦੇ ਸ਼ੁਰੂ ਵਿਚ ਗੰਭੀਰ ਚੁਣੌਤੀ ਦਾ ਸਾਹਮਣਾ ਕਰਨਾ ਪਿਆ। ਭਾਜਪਾ ਅਤੇ ਸ਼ਿਵਸੈਨਾ ਦੇ ਗਠਬੰਧਨ ਵਿਚ ਇਕ ਵਿਕਲਪਿਕ ਰਾਜਨੀਤਕ ਤਾਕਤ ਦੀ ਜ਼ਮੀਨ ਤਿਆਰ ਸੀ। 1992-93 ਦੇ ਮੁੰਬਈ ਦੰਗਿਆਂ ਦੇ ਪ੍ਰਤੀ ਸਰਕਾਰ ਦਾ ਜੋ ਬੁਰਾ ਰੁਖ ਰਿਹਾ, ਉਸਨੇ ਭਗਵਾ ਗਠਜੋੜ ਨੂੰ ਉਹ ਮੌਕਾ ਦੇ ਦਿੱਤਾ, ਜਿਸਦਾ ਉਹ ਬਹੁਤ ਬੇਸਬਰੀ ਨਾਲ ਇੰਤਜ਼ਾਰ ਕਰ ਰਿਹਾ ਸੀ। ਹਿੰਦੂਤਵ ਦੀ ਜੋ ਲਹਿਰ ਚਲੀ ਸੀ, ਉਸਦੇ ਸ਼ਿਖਰ ਤੇ ਸਵਾਰ ਭਗਵਾ ਗਠਜੋੜ 1995 ਵਿਚ ਪਹਿਲੀ ਵਾਰ ਸੱਤਾ ਵਿਚ ਦਾਖਲ ਹੋਣ ਵਿਚ ਸਫਲ ਹੋ ਗਿਆ ਪਰ ਇਸ ਗਠਜੋੜ ਦਾ ਸਮਾਜਿਕ ਆਧਾਰ ਬਹੁਤ ਸੀਮਿਤ ਸੀ ਅਤੇ ਇਸ ਵਿਚ ਜ਼ਰਾ ਵੀ ਹੈਰਾਨੀ ਨਹੀਂ ਹੋਈ, ਜਦ ਚਾਰ ਸਾਲ ਬਾਅਦ ਕਾਂਗਰਸ ਨੇ ਪਵਾਰ ਦੀ ਨਵ-ਨਿਰਮਤ ਪਾਰਟੀ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਨਾਲ ਮਿਲ ਕੇ ਦੂਜੀ ਗੱਠਜੋੜ ਸਰਕਾਰ ਬਣਾਈ। ਪਰ ਨਾ ਹੀ ਭਾਜਪਾ-ਸ਼ਿਵਸੈਨਾ ਗਠਜੋੜ ਅਤੇ ਨਾ ਹੀ ਕਾਂਗਰਸ-ਰਾਸ਼ਟਰਵਾਦੀ ਕਾਂਗਰਸ ਪਾਰਟੀ ਗੱਠਜੋੜ ਇਕ ਪ੍ਰਗਤੀਸ਼ੀਲ ਸਰਕਾਰ ਬਣਾਉਣ ਵਿਚ ਸਫਲ ਹੋਇਆ।



ਜੇਕਰ ਬਾਲ ਠਾਕਰੇ ਦੀ ਰਿਮੋਟ ਕੰਟਰੋਲ ਰਾਜਨੀਤੀ ਦੇ ਭੂਤ ਨੇ ਭਗਵੇਂ ਗੱਠਜੋੜ ਨੂੰ ਤਿਤਰ-ਬਿਤਰ ਕਰ ਦਿੱਤਾ, ਤਾਂ ਕਾਂਗਰਸ ਅਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਗੱਠਜੋੜ ਦੇ ਸਾਰੇ ਦਬਾਅ ਨੇ ਸਰਕਾਰ ਨੂੰ ਕਮਜ਼ੋਰ ਅਤੇ ਸ਼ਕਤੀਹੀਣ ਬਣਾ ਦਿੱਤਾ। ਜਿੱਥੇ ਮੁੱਖ ਮੰਤਰੀ ਹੋਰ ਸਹਿਯੋਗੀਆਂ ਦੀਆਂ ਕਦੇ ਨਾ ਖਤਮ ਹੋਣ ਵਾਲੀਆਂ ਮੰਗਾਂ ਦਾ ਬੰਧਕ ਸੀ। ਜੇਕਰ ਹਰ ਮੰਤਰੀ ਦਾ ਆਪਣਾ ਕਾਇਦਾ-ਕਾਨੂੰਨ ਹੋਵੇ ਤਾਂ ਕੋਈ ਸਰਕਾਰ ਕਿਵੇਂ ਕੰਮ ਕਰ ਸਕਦੀ ਹੈ। ਜਿੱਥੇ ਫੈਸਲੇ ਹਮੇਸ਼ਾ ਕੈਬਨਟ ਦੀ ਬੈਠਕ ਵਿਚ ਨਹੀਂ, ਬਲਕਿ ਨਿੱਜੀ ਸਨਕ ਦੇ ਆਧਾਰ 'ਤੇ ਲਏ ਜਾਂਦੇ ਹਨ। ਜਿੱਥੇ ਕਾਰਜ ਨਿਰਧਾਰਤ ਮੁੱਖ ਮੰਤਰੀ ਦਾ ਕੋਈ ਖਾਸ ਅਧਿਕਾਰ ਨਹੀਂ ਹੁੰਦਾ, ਬਲਕਿ ਹਰ ਪਾਰਟੀ ਦੇ ਅਲਗ-ਅਲਗ ਬੌਸ ਦਾ ਅਧਿਕਾਰ ਹੋ ਜਾਂਦਾ ਹੈ। ਉਸ ਦੌਰ ਵਿਚ ਜਦ ਸ਼ਕਤੀਸ਼ਾਲੀ ਮੁੱਖ ਮੰਤਰੀ ਸੀ.ਈ.ਓ. ਵਿਚ ਤਬਦੀਲ ਹੋ ਗਏ, ਇਸ ਵਿਚ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਮਹਾਰਾਸ਼ਟਰ ਤਮਿਲਨਾਡੂ ਅਤੇ ਗੁਜਰਾਤ ਜਿਹੇ ਰਾਜਾਂ ਦੀ ਤੁਲਨਾ ਵਿਚ ਪਛੜ ਰਿਹਾ ਹੈ। ਕਦੇ ਵਾਧੂ ਬਿਜਲੀ ਦਾ ਉਤਪਾਦਨ ਕਰਨ ਵਾਲੇ ਰਾਜ ਵਿਚ ਪੇਂਡੂ ਇਲਾਕਿਆਂ ਵਿਚ ਰੋਜ਼ ਦਸ ਤੋਂ 12 ਘੰਟੇ ਅਤੇ ਸ਼ਹਿਰੀ ਇਲਾਕਿਆਂ ਵਿਚ ਤਿੰਨ ਤੋਂ ਛੇ ਘੰਟੇ ਬਿਜਲੀ ਦੀ ਕਟੌਤੀ ਹੋ ਰਹੀ ਹੈ। ਜਿਸ ਰਾਜ ਨੂੰ ਆਪਣੀ ਖੇਤੀ ਕ੍ਰਾਂਤੀ 'ਤੇ ਗੌਰਵ ਸੀ, ਉਥੇ 1995 ਤੋਂ 40,000 ਤੋਂ ਵੀ ਜ਼ਿਆਦਾ ਕਿਸਾਨ ਆਤਮਹੱਤਿਆ ਕਰ ਚੁੱਕੇ ਹਨ। ਬਿਨਾ ਸੋਕੇ ਦੇ ਖਾਦ ਦਾ ਉਤਪਾਦਨ ਸਾਲ 2008-09 ਵਿਚ 24 ਪ੍ਰਤੀਸ਼ਤ ਤਕ ਘਟ ਗਿਆ ਹੈ। ਜਦਕਿ ਉਦਯੋਗ ਮੁੰਬਈ-ਪੁਣੇ-ਨਾਸਿਕ ਦੀ ਸ਼ਕਤੀ ਦਾ ਮੁੱਖ ਕੇਂਦਰ ਹੈ, ਪਰ ਮਰਾਠਵਾੜਾ ਅਤੇ ਵਿਦਰਭ ਦੀ ਪ੍ਰਤੀ ਵਿਅਕਤੀ ਆਦਮੀ ਦੀ ਆਮਦਨ ਦੀ ਤੁਲਨਾ ਉਤਰ ਭਾਰਤ ਦੇ ਬੀਮਾਰ ਰਾਜਾਂ ਨਾਲ ਕੀਤੀ ਜਾ ਸਕਦੀ ਹੈ।

ਮੰਦਭਾਗੀਂ, ਰਾਜ ਜਿਸ ਸੰਕਟ ਦਾ ਸਾਹਮਣਾ ਕਰ ਰਿਹਾ ਹੈ, ਉਸਦੀ ਗਹਿਰਾਈ ਨੂੰ ਸਮਝਦੇ ਹੋਏ ਵੀ ਰਾਜਨੀਤਕ ਲਗਾਤਾਰ ਜਨਸਧਾਰਣ ਤੋਂ ਕਟਦੇ ਚਲੇ ਗਏ ਹਨ। ਹਰ ਰਾਜਨੀਤਕ ਪਾਰਟੀ ਨਿੱਜੀ ਜਾਇਦਾਦ ਬਣ ਗਈ ਹੈ, ਜਿਥੇ ਕਿਸੇ ਨਵੇਂ ਆਦਮੀ ਲਈ ਜ਼ਿਆਦਾ ਜਗ੍ਹਾ ਨਹੀਂ ਹੈ। ਮਹਾਰਾਸ਼ਟਰ ਵਰਤਮਾਨ ਰਾਜਨੀਤੀ ਦੀ ਬਹੁਤ ਗੰਭੀਰ ਮੁਸ਼ਕਿਲ ਦਾ ਆਈਨਾ ਬਣ ਗਿਆ ਹੈ ਅਤੇ ਉਹ ਹੈ-ਜਨਤਾ ਦੀ ਜਾਇਦਾਦ ਦਾ ਵਧਦਾ ਨਿੱਜੀਕਰਣ। ਅੱਜ ਹਰੇਕ ਸਰੋਤੇ 'ਤੇ ਰਾਜਨੀਤਕ ਰਾਜਵੰਸ਼ਾਂ ਦਾ ਏਕਾਧਿਕਾਰ ਹੈ ਚਾਹੇ ਉਹ ਸਿੱਖਿਆ ਹੋਵੇ, ਰੀਅਲ ਅਸਟੇਟ ਹੋਵੇ ਜਾਂ ਖੇਤੀਬਾੜੀ। ਮੁੱਖ ਪਾਰਟੀਆਂ ਦੇ ਉਮੀਦਵਾਰਾਂ ਦੀ ਸੂਚੀ ਉਨ੍ਹਾਂ ਦੀ ਇਸ ਇੱਛਾ ਨੂੰ ਜ਼ਾਹਿਰ ਕਰਦੀ ਹੈ ਕਿ ਇਹ ਏਕਾਧਿਕਾਰ ਕਿਧਰੇ ਟੁੱਟ ਨਾ ਜਾਣ। ਅੱਜ ਹਰ ਰਾਜਨੀਤਕ ਪਾਰਟੀ ਆਪਣੇ ਅੰਦਰ ਵਿਰੋਧੀਆਂ ਦਾ ਸਾਹਮਣਾ ਕਰ ਰਹੀ ਹੈ। ਇਸਦਾ ਸਾਰਥਕ ਅਰਥ ਵੀ ਹੋ ਸਕਦਾ ਹੈ। ਇਹ ਦਿਖਾਉਂਦਾ ਹੈ ਕਿ ਸਟੇਟਸਕਵੋ ਦੇ ਖਿਲਾਫ ਕੁਝ ਬਗਾਵਤ ਹੋ ਰਹੀ ਹੈ। ਹੋ ਸਕਦਾ ਹੈ ਕਲਾਵਤੀ ਨੂੰ ਚੋਣ ਲੜਨ ਤੋਂ ਰੋਕ ਦਿੱਤਾ ਗਿਆ ਹੋਵੇ, ਪਰ ਸੱਚ ਇਹ ਹੈ ਕਿ ਕਿਸਾਨ ਦੀ ਉਹ ਵਿਧਵਾ ਕਿਸਾਨਾਂ ਦੇ ਅਧਿਕਾਰਾਂ ਖਾਤਰ ਲੜ ਰਹੇ ਲੋਕਾਂ ਲਈ ਇਕ ਹਥਿਆਰ ਬਣ ਸਕਦੀ ਹੈ। ਉਹ ਉਨ੍ਹਾਂ ਲਈ ਚਿਤਾਵਨੀ ਦੀ ਘੰਟੀ ਹੋ ਸਕਦੀ ਹੈ, ਜੋ ਰਾਜ ਦੇ ਗਰੀਬ ਲੋਕਾਂ ਤੋਂ ਬਿਲਕੁਲ ਬੇਖ਼ਬਰ ਹੋ ਚੁੱਕੇ ਹਨ। ਸੰਭਵ ਹੈ ਇਕ ਸ਼ਕਤੀਸ਼ਾਲੀ ਨਾਗਰਿਕ ਸਮਾਜ ਵਿਚਾਰਿਕ ਰੂਪ ਨਾਲ ਦੀਵਾਲੀਆ ਹੋ ਚੁੱਕੇ ਸਾਡੇ ਰਾਜਨੀਤਕ ਵਰਗ ਨੂੰ ਸੁਧਰਨ ਲਈ ਮਜਬੂਰ ਕਰੇ। ਜੋ ਇਹ ਜਾਨਣਾ ਚਾਹੁੰਦੇ ਹਨ ਕਿ ਮਹਾਰਾਸ਼ਟਰ ਦੀਆਂ ਚੋਣਾਂ ਵਿਚ ਕੌਣ ਜਿੱਤ ਰਿਹਾ ਹੈ, ਉਸਦੇ ਲਈ ਮੇਰਾ ਸੁਰਖਿਅਤ ਉਤਰ ਇਹੀ ਹੈ, 'ਜਿੱਤੇ ਜਿਹੜਾ ਮਰਜ਼ੀ ਪਰ ਇਹ ਰਾਜ ਬਰਬਾਦੀ ਦੇ ਕਿਨਾਰੇ 'ਤੇ ਹੈ।'

# ਰੇਤ ਪਰ ਤਾਮੀਰ ਆਲੀਸ਼ਾਨ ਘਰ ਹੈ ਜ਼ਿੰਦਗੀ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਵੱਖ-ਵੱਖ ਰੰਗਾਂ ਦੇ ਲਿਸ਼ਕਵੇਂ ਪੇਪਰਾਂ ਨਾਲ ਪੈਕ ਕੀਤੇ ਹੋਏ, ਛੋਟੇ ਵੱਡੇ ਆਕਾਰ ਦੇ 'ਗਿਫਟ-ਪੈਕ' ਇਕ ਪਾਸੇ ਪਏ ਝਿਲਮਿਲ ਝਿਲਮਿਲ ਕਰ ਰਹੇ ਹਨ। ਗੈਸ ਨਾਲ ਭਰੇ ਹੋਏ ਸ਼ੋਖ ਰੰਗਾਂ ਵਾਲੇ ਚਮਕੀਲੇ ਗੁਬਾਰੇ ਛੱਤ ਨਾਲ ਚੰਬੜੇ ਹੋਏ ਹਨ। ਮੇਜ਼ ਉਪਰ ਕਈ ਭਾਂਤ ਦੀਆਂ ਮਠਿਆਈਆਂ ਅਤੇ ਕੁੱਕੀਆਂ ਸਜੀਆਂ ਪਈਆਂ ਨੇ। ਕਿਚਨ ਵਿਚੋਂ ਤਲੇ ਜਾ ਰਹੇ ਸਮੋਸਿਆਂ-ਪਕੌੜਿਆਂ ਦੀ ਮਸਾਲੇਦਾਰ ਸੁਗੰਧੀ ਸਭ ਦਾ ਧਿਆਨ ਖਿਚ ਰਹੀ ਹੈ। ਚਮਕਦਾਰ ਪੇਪਰਾਂ 'ਚ ਕੱਟ ਕੱਟ ਕੇ ਬਣਾਏ ਹੋਏ ਅੰਗਰੇਜ਼ੀ ਦੇ ਅੱਖਰਾਂ ਨਾਲ 'ਹੈਪੀ ਬਰਥ-ਡੇ' ਸਾਹਮਣੇ ਵਾਲੀ ਕੰਧ 'ਤੇ ਲਿਖਿਆ ਹੋਇਆ ਹੈ। ਭਾਂਤ-ਸੁਭਾਂਤੀਆਂ ਕੈਂਡੀਆਂ ਨਾਲ ਭਰਿਆ ਹੋਇਆ 'ਪਿਨਾਟਾ' ਗੈਰਾਜ 'ਚ ਛੱਤ ਨਾਲ ਇਉਂ ਲਟਕ ਰਿਹਾ ਹੈ ਜਿਵੇਂ ਦਰਖਤ ਦੇ ਟਾਹਣ ਨਾਲ ਲੰਗੂਰ ਲਟਕ ਰਿਹਾ ਹੁੰਦਾ। ਨੇੜੇ-ਨੇੜੇ ਦੇ ਰਿਸ਼ਤੇਦਾਰ ਅਤੇ ਦੋਸਤ ਮਿੱਤਰ ਆਪਸ 'ਚ ਨੋਕ-ਝੋਕ ਕਰਦੇ ਹੋਏ ਕਹਿ ਕਹੇ ਲਗਾ ਰਹੇ ਹਨ। ਘਰ 'ਚ ਪੂਰੀ ਚਹਿਲ-ਪਹਿਲ ਹੈ।

ਲਾਲ-ਗੁਲਾਬੀ ਰੀਬਨਾਂ ਨਾਲ ਸ਼ਿੰਗਾਰੇ ਹੋਏ ਟੇਬਲ ਉਪਰ ਚੱਕੀ ਦੇ ਪੁੜਾਂ ਜਿੱਡਾ ਕੇਕ ਰੱਖ ਦਿੱਤਾ ਗਿਆ। ਉਸ ਦੇ ਉਪਰ ਲੱਗੀ ਹੋਈ ਕਰੀਮ ਵਿਚ ਕਾਕੇ ਦੀ ਉਮਰ ਦੇ ਸਾਲਾਂ ਦੀ ਗਿਣਤੀ ਮੁਤਾਬਿਕ ਨਿੱਕੀਆਂ-ਨਿੱਕੀਆਂ ਮੋਮਬੱਤੀਆਂ ਗੱਡ ਦਿੱਤੀਆਂ ਗਈਆਂ। ਕੈਮਰਿਆਂ ਵਾਲੇ ਰੈਡੀ ਹੋ ਗਏ... ਕਾਕੇ ਦੀ ਵੱਡੀ ਭੈਣ ਨੇ ਮੋਮਬੱਤੀਆਂ ਜਗਾ ਦਿੱਤੀਆਂ ਹਨ... ਪਠਾਣਾਂ ਵਲੋਂ ਪੱਗ 'ਚ ਰੱਖਣ ਵਾਲੇ ਕੁੱਲ੍ਹੇ ਵਰਗਾ ਟੋਪ ਜਿਹਾ ਸਿਰ 'ਤੇ ਲੈ ਕੇ, ਕਾਕਾ ਆਪਣੇ ਹੱਥ ਵਿਚ ਕਰਦ ਫੜ ਕੇ ਕੇਕ ਵਲ ਵਧਦਾ ਹੈ...ਸਾਰਿਆਂ ਦੀਆਂ ਅੱਖਾਂ ਵਿਚ ਚਮਕ ਆ ਜਾਂਦੀ ਹੈ, ਹੱਥ ਤਾੜੀਆਂ ਮਾਰਨ ਦੀ ਮੁਦਰਾ ਵਿਚ ਆਉਣ ਲਈ ਕਾਹਲੇ ਪੈਣ ਲਗਦੇ ਹਨ...ਤਦੇ, 'ਫੂ...ਫੂ...ਫੂ...ਫੂ'

ਕਾਕਾ, ਕੇਕ ਉਪਰ ਕੋਡਾ ਹੋ ਕੇ ਫੂਕਾਂ ਮਾਰ ਕੇ ਮੋਮਬੱਤੀਆਂ ਬੁਝਾ ਦਿੰਦਾ ਹੈ। ਇਧਰ 'ਹੈਪੀ ਬਰਥ-ਡੇ ਟੂ ਯੂ' ਦੀਆਂ ਲੈਅਬੱਧ ਹੇਕਾਂ ਦੇ ਨਾਲ ਨਾਲ 'ਤੜ-ਤੜ-ਤੜ' ਕਰਕੇ ਤਾੜੀਆਂ ਵੱਜਦੀਆਂ ਹਨ। ਆਪਣਾ ਜਨਮ ਦਿਨ ਮਨਾ ਰਹੇ ਸੁਭਾਗੇ ਕਾਕੇ ਵਲੋਂ, ਕੇਕ ਦੇ ਐਨ ਕੋਲ ਮੂੰਹ ਲਿਜਾ ਕੇ ਮੋਮਬੱਤੀਆਂ ਬੁਝਾਉਣ ਲਈ ਮਾਰੀਆਂ ਗਈਆਂ ਫੂਕਾਂ ਨੇ ਮੇਰੀ ਸੁਰਤਿ ਨੂੰ ਪੰਜਾਬ ਭਜਾ ਦਿੱਤਾ। ਮੈਂ ਜਾ ਪਹੁੰਚਾ ਆਪਣੇ ਬਚਪਨ ਦੇ ਕਿਸੇ ਵਰ੍ਹੇ ਦੀ 17 ਅਕਤੂਬਰ ਦੀ ਤਰੀਕ ਵਿਚ। ਸਤਾਰਾਂ ਅਕਤੂਬਰ, ਯਾਨਿ ਕਿ ਮੇਰਾ ਜਨਮ ਦਿਨ। ਪੱਕਾ ਯਾਦ ਨਹੀਂ ਕਿ ਕਿਹੜੇ ਸਾਲ ਦੀ ਸਤਾਰਾਂ ਅਕਤੂਬਰ ਨੂੰ ਮੈਂ ਵੀ ਆਪਣੇ ਮੂੰਹ ਨਾਲ ਫੂਕਾਂ ਮਾਰ ਕੇ ਮਾਂ-ਬਾਪ ਕੋਲੋਂ ਝਿੜਕਾਂ ਖਾਧੀਆਂ ਸਨ। ਖਾਣੀ ਤਾਂ ਕੁੱਟ ਵੀ ਪੈ ਜਾਣੀ ਸੀ, ਪਰ ਜਨਮ ਦਿਨ ਹੋਣ ਕਰਕੇ ਰਿਆਇਤ ਮਿਲ ਗਈ, ਇਕੱਲੀਆਂ ਝਿੜਕਾਂ ਨਾਲ ਹੀ ਸਰ ਗਿਆ।

ਫੂਕਾਂ ਮਾਰਨ ਦੇ ਗੁਨਾਹ ਸਦਕਾ ਹੋਈ ਘੂਰ-ਘੱਪ ਦਾ ਜ਼ਿਕਰ ਕਰਨ ਤੋਂ ਪਹਿਲਾਂ ਇਹ ਵੀ ਤਫਸੀਲ ਨਾਲ ਦੱਸ ਦਿਆਂ ਕਿ ਬਹੁਤ ਹੀ ਪਛੜੇ ਜਿਹੇ ਇਲਾਕੇ 'ਚ ਪੈਂਦੇ ਮੇਰੇ ਪਿੰਡ ਅਤੇ ਸਾਡੇ ਆਮ ਪੇਂਡੂ ਪਰਿਵਾਰ ਵਿਚ ਮੇਰਾ ਜਨਮ ਦਿਨ ਕਿਉਂ ਅਤੇ ਕਿਵੇਂ ਮਨਾਇਆ ਜਾਂਦਾ ਸੀ? ਇਸ ਸਵਾਲ ਵਿਚਲੇ ਕਿਉਂ ਦਾ ਜਵਾਬ ਤਾਂ ਇੰਨਾ ਹੀ ਹੈ ਕਿ ਮੇਰੀਆਂ ਚਾਰ ਭੈਣਾਂ ਦੇ ਜਨਮ ਤੋਂ ਬਾਅਦ ਮੇਰਾ ਜਨਮ ਹੋਇਆ। ਇਸ ਕਰਕੇ ਪੂਰੇ ਪਰਿਵਾਰ ਵਿਚ ਮੈਂ 'ਸੁੱਖਾਂ ਲੱਧਾ ਕਾਕਾ' ਮੰਨਿਆ ਗਿਆ। ਉਤੋਂ ਇਹ ਬਖਸ਼ਿਸ਼ ਮੇਰੇ ਨਾਲ ਹੋਰ ਕੁਦਰਤੀ ਹੀ ਜੁੜ ਗਈ ਕਿ ਮੇਰਾ ਜਨਮ ਦੇਸੀ ਮਹੀਨੇ ਕੱਤਕ ਦੀ ਸੰਗਰਾਂਦ ਵਾਲੇ ਦਿਨ ਹੋਇਆ। ਉਦੋਂ ਪਿੰਡਾਂ ਵਿਚ ਸੰਗਰਾਂਦ ਵਾਲੇ ਦਿਨ ਨੂੰ ਪਵਿੱਤਰ ਦਿਹਾੜਾ ਮੰਨਿਆ ਜਾਂਦਾ ਸੀ। ਹਾਲੀ ਪਾਲੀ ਉਸ ਦਿਨ ਜੋਗ ਨਹੀਂ ਸਨ ਜੋੜਦੇ। ਸਵੇਰੇ ਸਵੇਰੇ ਸਾਰੇ ਪਿੰਡ ਵਾਸੀ ਗੁਰੂ ਘਰ ਪਹੁੰਚ ਕੇ 'ਬਾਰਹਮਾਹ' ਦਾ ਪਾਠ ਅਤੇ ਕਥਾ ਕੀਰਤਨ ਸ੍ਰਵਣ ਕਰਦੇ ਅਤੇ ਬਾਕੀ ਸਾਰਾ ਦਿਨ ਇਕ ਤਰ੍ਹਾਂ ਨਾਲ ਵਿਹਲੇ ਹੀ ਰਹਿੰਦੇ ਹੁੰਦੇ ਸਨ। ਚੰਗੇ ਮਾੜੇ ਕੰਮਾਂ ਨੂੰ ਸੰਗਰਾਂਦ ਦੀ 'ਪਵਿੱਤਰਤਾ' ਨਾਲ ਹੀ ਪਰਖਿਆ ਜਾਂਦਾ ਸੀ। ਵਰ੍ਹੇ ਦਿਨਾਂ ਦਾ ਦਿਨ ਕਹਿ ਕੇ ਸੰਗਰਾਂਦ ਨੂੰ ਵਡਿਆਇਆ ਜਾਂਦਾ ਸੀ।

ਇੱਕ ਤਾਂ ਉਂਜ ਹੀ ਸਾਡਾ ਪਰਿਵਾਰ ਸਿੱਖ ਧਰਮ ਦੀਆਂ ਰਹਿਤਾਂ-ਬਹਿਤਾਂ ਨੂੰ ਯਥਾ ਯੋਗ ਪਰਪੱਕਤਾ ਨਾਲ ਨਿਭਾਉਣ ਵਾਲਾ ਪਰਿਵਾਰ ਸੀ, ਉਤੋਂ ਸੰਗਰਾਂਦ ਵਾਲੇ ਦਿਨ 'ਕਾਕੇ' ਦੀ ਦਾਤ ਪ੍ਰਾਪਤ ਹੋਣ ਨਾਲ ਉਹ ਵੀ ਚਾਰ ਕੁੜੀਆਂ ਤੋਂ ਮਗਰੋਂ, ਸਾਡਾ ਘਰ ਤਾਂ ਅਨੰਦ ਮੰਗਲਾਚਾਰ ਨਾਲ ਭਰ ਗਿਆ। ਕਿਵੇਂ ਮੇਰੇ ਧਰਮ ਮੂਰਤਿ ਮਾਂ-ਬਾਪ ਸਾਈਕਲ 'ਤੇ ਯਾਤਰਾ ਕਰਦੇ ਹੋਏ ਮੇਰਾ ਮੱਥਾ ਟਿਕਾਉਣ ਵਾਸਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਸ੍ਰੀ ਅਨੰਦਪੁਰ ਸਾਹਿਬ ਗਏ, ਇਹ ਵੇਰਵੇ ਛੱਡ ਕੇ, ਆਪਣੇ ਜਨਮ ਦਿਨ ਬਾਰੇ ਹੀ ਦੱਸਾਂਗਾ ਕਿ ਉਹ ਕਿਸ ਤਰ੍ਹਾਂ ਮਨਾਇਆ ਜਾਂਦਾ ਸੀ। ਕੱਤਕ ਦੀ ਸੰਗਰਾਂਦ ਤੋਂ ਇਕ ਦੋ ਦਿਨ ਪਹਿਲੋਂ ਹੀ ਮਾਮੇ-ਮਾਸੀਆਂ ਵਿਚੋਂ ਕੋਈ ਜਣਾ ਜਾਂ ਫਿਰ ਭੂਆ-ਫੁੱਫੜ ਸਾਡੇ ਘਰ ਪਹੁੰਚ ਜਾਂਦੇ। ਇਕ ਦਿਨ ਪਹਿਲਾਂ ਸਾਰੇ ਘਰ ਦੀ ਖੂਬ ਤਰ੍ਹਾਂ ਸਫਾਈ ਕੀਤੀ ਜਾਂਦੀ। ਸੰਗਰਾਂਦ ਵਾਲੇ ਦਿਨ ਸੁਵਖਤੇ ਉੱਠ ਕੇ ਅੰਦਰ ਬਾਹਰ, ਚੁੱਲ੍ਹਾ-ਚੌਂਕਾ ਮਿੱਟੀ ਨਾਲ ਲਿਪਿਆ ਜਾਂਦਾ।

ਤੜਕੇ ਹੀ ਮੇਰੀ ਮਾਂ ਗਹੀਰੇ ਵਿਚ ਮਾਂਹ ਛੋਲਿਆਂ ਦੀ ਦਾਲ ਤੌੜੀ ਵਿਚ ਧਰ ਦਿੰਦੀ। ਇਕ ਕੋਈ ਸੁੱਕੀ ਸਬਜ਼ੀ ਤਿਆਰ ਕੀਤੀ ਜਾਂਦੀ। ਵੱਡੇ ਪਤੀਲੇ ਵਿਚ ਖੀਰ ਬਣਾਈ ਜਾਂਦੀ ਜਿਹਦੇ ਵਿਚ ਉਚੇਚੇ ਤੌਰ 'ਤੇ ਲਿਆਂਦੀ ਹੋਈ ਸੌਂਗੀ ਵੀ ਪਾਈ ਜਾਂਦੀ। ਕੜਾਹ ਪ੍ਰਸ਼ਾਦ ਹਮੇਸ਼ਾ ਭਾਈਆ ਜੀ ਆਪ ਬੜੀ ਸੁੱਚਮਤਾ ਨਾਲ ਤਿਆਰ ਕਰਦੇ ਹੁੰਦੇ ਸਨ। ਮੱਠੀ ਮੱਠੀ ਅੱਗ ਉਪਰ ਉਹ ਜਪੁਜੀ ਸਾਹਿਬ ਦਾ ਪਾਠ ਕਰਦਿਆਂ ਵੱਖਰ ਭੁੰਨਦੇ ਹੁੰਦੇ ਸਨ। ਖੱਟੇ ਨੂੰ ਤੰਘਾਰ ਲਾਉਣ ਵੇਲੇ ਆਲੇ-ਦੁਆਲੇ ਤਿੱਖੀ ਸੁਗੰਧੀ ਫੈਲ ਜਾਂਦੀ। ਕੱਪੜੇ ਨਾਲ ਨੱਕ ਢਕਣ ਦੇ ਬਾਵਜੂਦ ਵੀ ਛਿੱਕਾਂ ਲੱਗ ਜਾਂਦੀਆਂ। ਸਾਰਾ ਕੁਝ ਤਿਆਰ ਕਰਕੇ ਘਰ ਦੇ ਇੱਕ ਖੂੰਜੇ ਵਿਚ ਢਕ ਕੇ ਰੱਖ ਦਿੱਤਾ ਜਾਂਦਾ।

ਸਾਰਾ ਟੱਬਰ ਹੱਥ ਜੋੜ ਕੇ ਇਕ ਪਾਸੇ ਬੈਠਾ ਹੁੰਦਾ ਤੇ ਭਾਈਆ ਜੀ ਹੱਥ 'ਚ ਛੋਟੀ ਸ੍ਰੀ ਸਾਹਿਬ ਲੈ ਕੇ ਅਨੰਦ ਸਾਹਿਬ ਦੀਆਂ ਪੰਜ ਪਉੜੀਆਂ ਪੜ੍ਹ ਕੇ ਅਰਦਾਸਾ ਸੋਧਦੇ। ਮੈਨੂੰ ਯਾਦ ਆਉਂਦੈ, ਉਹ ਕਦੇ ਵੀ ਅਰਦਾਸ ਵਿਚ ਮੇਰੇ ਜਨਮ ਦਿਨ ਦਾ ਜ਼ਿਕਰ ਨਹੀਂ ਸਨ ਕਰਦੇ। ਸਗੋਂ ਸਮੁੱਚੇ ਪਰਿਵਾਰ ਅਤੇ ਪੰਥ ਦੀ ਚੜ੍ਹਦੀ ਕਲਾ ਮੰਗ ਕੇ ਬਾਣੀ ਨਾਲ ਜੁੜੇ ਰਹਿਣ ਦੀ ਕਾਮਨਾ ਹੀ ਕਰਦੇ ਹੁੰਦੇ ਸਨ। ਸਾਰੀਆਂ ਰਸਤਾਂ-ਵਸਤਾਂ ਕਿਰਪਾਨ ਭੇਟ ਕਰਨ ਉਪਰੰਤ ਜੈਕਾਰਾ ਛੱਡਿਆ ਜਾਂਦਾ। ਕੜਾਹ ਪ੍ਰਸ਼ਾਦ ਦੀ ਭਰੀ ਪਰਾਤ ਵਲ ਦੇਖ ਦੇਖ ਮੂੰਹ 'ਚ ਪਾਣੀ ਭਰ ਭਰ ਆਉਂਦਾ, ਪਰ ਪਹਿਲਾਂ ਪੰਜਾਂ ਸਿੰਘਾਂ ਨੂੰ ਸ਼ਰਧਾ ਸਹਿਤ ਪ੍ਰਸ਼ਾਦਾ ਛਕਾਇਆ ਜਾਂਦਾ। ਉਸਤੋਂ ਮਗਰੋਂ ਸਾਡੀ ਵਾਰੀ ਆਉਂਦੀ। ਫਿਰ ਛੰਨਿਆਂ ਵਿਚ ਜਾਂ ਥਾਲੀਆਂ ਵਿਚ ਕੜਾਹ ਪ੍ਰਸ਼ਾਦਿ ਜਾਂ ਫੁਲਕੇ ਸਬਜ਼ੀਆਂ ਆਂਢ ਗੁਆਂਢ ਦੇ ਘਰਾਂ ਵਿਚ ਵੰਡਿਆ ਜਾਂਦਾ। ਉਸ ਦਿਨ ਸਾਡੀ ਗਲੀ ਵਿਚੋਂ ਕੋਈ ਵੀ ਫੇਰੀ ਵਾਲਾ ਜਾਂ ਕੋਈ ਹੋਰ ਅਜਨਬੀ ਲੰਘਦਾ ਤਾਂ ਉਸਨੂੰ ਵੀ ਪ੍ਰਸ਼ਾਦਾ ਛਕਾਇਆ ਜਾਂਦਾ। ਜਾਡਲੇ ਵਾਲਾ ਸੋਨਾ ਰਾਮ ਡਾਕੀਆ ਛੰਨੇ 'ਚ ਕੜਾਹ ਪਾ ਕੇ ਛਕਦਾ ਹੁੰਦਾ ਸੀ। ਜੇ ਕੋਈ ਸਿਗਰਟ ਬੀੜੀ ਪੀਣ ਵਾਲਾ ਭਾਈ ਆ ਜਾਂਦਾ ਤਾਂ ਪਹਿਲਾਂ ਨਲਕੇ 'ਤੇ ਉਸਦਾ ਹੱਥ ਮੂੰਹ ਧੁਆਇਆ ਜਾਂਦਾ। ਫਿਰ ਉਸਨੂੰ ਰੋਟੀ ਖੁਆਈ ਜਾਂਦੀ ਸੀ। ਛਕਣ-ਛਕਾਈ ਤੋਂ ਬਾਅਦ ਖੁੱਲ੍ਹੇ ਵਿਹੜੇ ਵਿਚ ਨਿੰਮ ਹੇਠਾਂ 'ਦਰਬਾਰ' ਸਜਾਇਆ ਜਾਂਦਾ। ਮੈਨੂੰ ਤੇ ਮੇਰੇ ਛੋਟੇ ਭਰਾਵਾਂ ਨੂੰ ਖੜ੍ਹੇ ਹੋ ਕੇ ਸਿੱਖ ਇਤਿਹਾਸ ਦਾ ਕੋਈ ਪ੍ਰਸੰਗ ਸੁਣਾਉਣ ਲਈ ਆਖਿਆ ਜਾਂਦਾ। ਸਾਡੇ ਮੋਹਰੇ ਰੱਖਣ ਲਈ ਇਕ ਛੋਟਾ ਮੇਜ਼, ਭਾਈਆ ਜੀ ਨੇ ਆਪਣੇ ਮਿੱਤਰ ਰਾਣੇ ਵਾਲੀਏ ਬਚਨੇ ਮਿਸਤਰੀ ਤੋਂ ਉਚੇਚੇ ਤੌਰ 'ਤੇ ਬਣਵਾਇਆ ਹੋਇਆ ਸੀ। ਭਾਈ ਜੀ ਨੇ ਹੀ ਸਾਨੂੰ ਟ੍ਰੇਨਿੰਗ ਦਿੰਦਿਆਂ ਹੋਇਆ ਸਮਝਾਇਆ ਹੁੰਦਾ ਸੀ ਕਿ ਇਤਿਹਾਸਕ ਵਾਰਤਾ ਸੁਣਾਉਂਦਿਆਂ ਕਿਸ ਨੁਕਤੇ 'ਤੇ ਮੇਜ਼ ਉੱਪਰ ਮੁੱਕਾ ਮਾਰਦਿਆਂ ਜੋਸ਼ੀਲੇ ਲਫਜ਼ ਕਹਿਣੇ ਹਨ। ਜਿਵੇਂ ਭਾਈ ਬਚਿੱਤਰ ਸਿੰਘ ਦੀ ਵਾਰ ਬੋਲਣ ਤੋਂ ਪਹਿਲਾਂ ਅਸੀਂ ਕਹਿੰਦੇ ਹੁੰਦੇ ਸਾਂ:

> ਲੈ ਕੇ ਹੱਥ ਵਿਚ ਨਾਗਣੀ ਬਰਛੀ,
> ਜੋਧਾ ਹੋਇਆ ਘੋੜੇ 'ਤੇ ਸਵਾਰ,
> ਲੈ ਕੇ ਗੁਰੂ ਕਲਗੀਧਰ ਦਾ ਥਾਪੜਾ,
> ਸਿੰਘ ਸੂਰਮਾ ਕਿਲੇ ਤੋਂ ਬਾਹਰ
> ਹੇ ਇੰਜ ਨਿਕਲਿਆ...!''

ਸਰੋਤਿਆਂ ਦੇ ਰੂਪ 'ਚ ਬੈਠੇ ਭਾਈਆ ਜੀ ਸਾਨੂੰ ਆਦੇਸ਼ ਦਿਆ ਕਰਦੇ ਸਨ ਕਿ ਹੁਣ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਸੁਣਾਉ? ਕਦੇ ਆਖਣਾ ਕਿ ਭਾਈ ਗਰਜਾ ਸਿੰਘ ਤੇ ਬੋਤਾ ਸਿੰਘ ਦੀ ਗਾਥਾ ਸੁਣਾਉ। ਉਸ ਦਿਨ ਸਾਡੇ ਮਾਂ ਬਾਪ ਦੇ ਚਿਹਰਿਆਂ ਉਪਰ ਅਨੋਖਾ ਹੀ ਜਲਾਲ ਛਾਇਆ ਦਿਖਾਈ ਦਿੰਦਾ ਹੁੰਦਾ ਸੀ। ਕਦੇ-ਕਦੇ ਸਾਡੇ ਮੂੰਹੋਂ ਸਿੱਖ ਇਤਿਹਾਸ ਦੀ ਕੋਈ ਦਰਦਨਾਕ ਦਾਸਤਾਂ ਸੁਣ ਕੇ ਭਾਈਆ ਜੀ ਦੀਆਂ ਅੱਖਾਂ 'ਚ ਹੰਝੂ ਵੀ ਆ ਜਾਂਦੇ ਹੁੰਦੇ ਸਨ। ਇਸ ਤੋਂ ਇਲਾਵਾ ਜਨਮ ਦਿਨ ਵਾਲੇ ਦਿਨ ਨਾ ਤਾਂ ਮੈਨੂੰ ਨਵੇਂ ਕੱਪੜੇ ਸਵਾ ਕੇ ਦਿੱਤੇ ਜਾਂਦੇ ਸਨ ਅਤੇ ਨਾ ਹੀ ਕੋਈ ਹੋਰ ਚੀਜ਼। ਹਾਂ, ਹਰੇਕ ਸਾਲ ਮੈਨੂੰ ਕੋਈ ਨਵਾਂ ਪ੍ਰਸੰਗ ਜ਼ਰੂਰ ਜ਼ੁਬਾਨੀ ਕੰਠ ਕਰਵਾਇਆ ਜਾਂਦਾ ਸੀ।

ਹੁਣ ਸੁਣ ਲਉ ਫੂਕਾਂ ਮਾਰ ਕੇ ਝਿੜਕਾਂ ਖਾਣ ਵਾਲੀ ਗੱਲ ਦਾ ਬਿਓਰਾ! ਇੱਕ ਸਾਲ ਮੇਰੇ ਜਨਮ ਦਿਨ ਵਾਲੇ ਦਿਨ ਦੁਪਹਿਰ ਢਲੇ ਬੀਬੀ ਜੀ ਚੁੱਲ੍ਹੇ 'ਤੇ ਚਾਹ ਬਣਾ ਰਹੇ ਸਨ। ਪੱਤੀ ਅਤੇ ਦੁੱਧ ਪਾਉਣ ਤੋਂ ਬਾਅਦ ਉਹ ਭਾਂਡੇ ਧੋਣ ਨਲਕੇ 'ਤੇ ਚਲੇ ਗਏ। ਮੈਨੂੰ ਚੁੱਲ੍ਹੇ ਕੋਲ ਇਹ ਕਹਿ ਕੇ ਬਹਾਲ ਗਏ ਕਿ ਜਦੋਂ ਚਾਹ ਉਬਲਣ ਲੱਗੇ ਮੈਂ ਬਾਲਣ ਬਾਹਰ ਨੂੰ ਖਿੱਚ ਦੇਵਾਂ। ਮੈਂ ਆਪਣੇ ਭਰਾਵਾਂ ਨਾਲ ਗੋਲ਼ੇ ਖੇਡਣ 'ਚ ਮਸਤ ਹੋ ਗਿਆ। ਖੇਡਦਿਆਂ ਖੇਡਦਿਆਂ ਮੇਰਾ ਗੋਲ਼ਾ ਚੁੱਲ੍ਹੇ ਵਲ ਨੂੰ ਰੁੜ੍ਹਦਾ ਗਿਆ। ਇਕ ਦਮ ਮੇਰਾ ਧਿਆਨ ਚੁੱਲ੍ਹੇ 'ਤੇ ਪਏ ਪਤੀਲੇ ਵਲ ਗਿਆ। ਚਾਹ ਨੂੰ ਉਬਾਲਾ ਆ ਗਿਆ ਤੇ ਝੱਗ ਜਿਹੀ ਪਤੀਲੇ ਦੇ ਕੰਢਿਆਂ ਤੱਕ ਪਹੁੰਚ ਚੁੱਕੀ ਸੀ। ਮੈਨੂੰ ਘਬਰਾਏ ਹੋਏ ਨੂੰ ਬਾਲਣ ਪਿੱਛੇ ਵਲ ਖਿੱਚਣ ਦਾ ਚੇਤਾ ਭੁੱਲ ਗਿਆ। ਮੈਂ ਡਰ ਕੇ ਉਬਲ ਰਹੀ ਝੱਗ ਉਪਰ ਫੂਕਾਂ ਮਾਰਨ ਲੱਗ ਪਿਆ। ਐਨ ਉਸੇ ਮੌਕੇ ਭਾਈਆ ਜੀ ਬਾਹਰੋਂ ਆ ਗਏ। ਅਸਮਾਨੀ ਬਿਜਲੀ ਗੜ੍ਹਕਣ ਵਾਂਗ ਉਨ੍ਹਾਂ ਮੈਨੂੰ ਝਿੜਕ ਮਾਰੀ- ''ਸਹੁਰਿਆ ਬਾਂਦਰਾ, ਹੁਣ ਇਹ ਜੂਠੀ ਨੀ ਹੋ ਗਈ ਤੇਰੀ ਲਗਦੀ?'' ਰੱਬ ਦਾ ਸ਼ੁਕਰ ਕਿ ਉਸ ਦਿਨ ਮੇਰਾ ਜਨਮ ਦਿਨ ਸੀ, ਨਹੀਂ ਤਾਂ ਵਜੰਤਰ ਪੱਕਾ ਹੀ ਹੋਣਾ ਸੀ।

ਮੈਨੂੰ ਨਸੀਹਤ ਦੇਣ ਲਈ ਬਣੀ ਬਣਾਈ ਚਾਹ ਦਾ ਉਹ ਭਰਿਆ ਪਤੀਲਾ ਮੇਰੇ ਹੱਥੋਂ ਹੀ ਨਾਲ਼ੀ 'ਚ ਸੁਟਵਾਇਆ। ਨਾਲੇ ਆਪਣੇ ਪੁੱਠੇ ਹੱਥ ਉਪਰ ਫੂਕ ਮਾਰ ਕੇ ਦਿਖਾਇਆ ਕਿ ਮੂੰਹ 'ਚੋਂ ਨਿਕਲੇ ਸਾਹ ਵਿਚ ਥੁੱਕ ਦੇ ਬਰੀਕ ਬਰੀਕ ਅੰਸ਼ ਹੁੰਦੇ ਹਨ, ਜੋ ਦਿਖਾਈ ਨਹੀਂ ਦਿੰਦੇ।

ਅਮਰੀਕਨ ਸਟਾਈਲ ਬਰਥ-ਡੇ-ਪਾਰਟੀ ਵਿਚ ਕੇਕ ਉਪਰ ਫੂਕਾਂ ਵੱਜਦੀਆਂ ਦੇਖ ਕੇ ਮੈਨੂੰ ਆਪਣੇ ਜਨਮ ਦਿਨ ਵਾਲੇ ਦਿਨ ਉਬਲਦੀ ਚਾਹ 'ਤੇ ਮਾਰੀਆਂ ਫੂਕਾਂ ਯਾਦ ਆ ਗਈਆਂ। ਦੇਵ ਨੇਤ ਨਾਲ ਮਹੀਨਾ ਵੀ ਅਕਤੂਬਰ ਚੜ੍ਹਿਆ ਹੋਇਆ ਹੈ। ਇਸ ਮਹੀਨੇ ਦੀ ਸਤਾਰਾਂ ਤਰੀਕ ਨੂੰ ਮੈਂ ਉਮਰ ਦੀ ਪੌੜੀ ਦੇ ਤਰਵੰਜਵੇਂ ਪੌਡੇ 'ਤੇ ਜਾ ਪੈਰ ਟਿਕਾਉਣਾ ਹੈ। ਦੂਸਰੇ ਗੁਰੂ ਸਾਹਿਬ ਮਨੁੱਖੀ ਉਮਰ ਦਾ ਚਿਤਰਣ ਇਸ ਤਰ੍ਹਾਂ ਕਰਦੇ ਨੇ;

> ਦਸ ਬਾਲਤਣ ਬੀਸ ਰਵਣ
> ਤੀਸਾ ਕਾ ਸੁੰਦਰ ਕਹਾਵੈ।
> ਚਾਲੀਸੀ ਪੁਰ ਹੋਇ
> ਪਚਾਸੀ ਪਗ ਖਿਸੈ
> ਸਠੀ ਕੋ ਬੁਢੇਪਾ ਆਵੈ।।
> ਸਤਰ ਕਾ ਮਤਿ ਹੀਣ
> ਅਸੀਹਾਂ ਕਾ ਬਿਉਹਾਰ ਨਾ ਪਾਵੈ॥
> ਨਵੇ ਕਾ ਸਿਹਜਾਸਣੀ
> ਮੂਲ ਨਾ ਜਾਣੇ ਅਪ ਬਲਿ॥
> ਢੰਡੋਲਿਮ ਢੂਡਿਮ ਡਿੱਠ ਮੈਂ ਨਾਨਕ
> ਜਗ ਧੂੰਏਂ ਕਾ ਧਵਲਹਰ॥

ਦੁਨੀਆਂ ਆਪਣੇ ਤੇ ਆਪਣੇ ਬੱਚਿਆਂ ਦੇ ਜਨਮ ਦਿਨ ਬੜੇ ਮਹਿੰਗੇ ਤੇ ਭੜਕੀਲੇ ਢੰਗਾਂ ਨਾਲ ਮਨਾਉਂਦੀ ਹੈ। ਮਨਾਉਣ ਵਾਲਿਆਂ ਨੂੰ ਮੁਬਾਰਕਾਂ ਹੋਣ। ਪਰ ਭਗਤ ਕਬੀਰ ਜੀ ਜਨਮ ਦਿਨ ਪ੍ਰਥਾਏ ਆਖਦੇ ਨੇ:

> ਜਨਨੀ ਜਾਨਤ ਸੁਤ ਵੱਡਾ ਹੋਤ ਹੈ॥
> ਇਤਨਾ ਕੁ ਨਾ ਜਾਨੈ
> ਜਿ ਦਿਨ ਦਿਨ ਅਵਧੁ ਘਟਤ ਹੈ॥

ਬਜ਼ੁਰਗ ਅਕਸਰ ਸੁਣਾਉਂਦੇ ਹੁੰਦੇ ਨੇ ਕਿ ਕਿਸੇ ਵੇਸਵਾ ਨੇ ਇਕ ਮਹਾਤਮਾ ਨੂੰ ਮਖੌਲ ਵਜੋਂ ਸਵਾਲ ਕੀਤਾ ਸੀ ਕਿ ਤੁਹਾਡੀ ਦਾਹੜੀ ਚੰਗੀ ਹੈ ਜਾਂ ਮੇਰੇ ਕੁੱਤੇ ਦੀ ਪੂਛ? ਮਹਾਤਮਾ ਜੀ ਨੇ ਕਿਹਾ ਕਿ ਕਿਸੇ ਸਮੇਂ ਤੇਰੇ ਸਵਾਲ ਦਾ ਜਵਾਬ ਦਿਆਂਗਾ। ਆਪਣੇ ਆਖਰੀ ਸਾਹ ਲੈਂਦਿਆਂ ਮਹਾਤਮਾ ਨੇ ਵੇਸਵਾ ਨੂੰ ਬੁਲਾ ਕੇ ਆਖਿਆ ਕਿ ਭਾਈ ਬੀਬਾ ਮੇਰੀ ਦਾਹੜੀ ਚੰਗੀ ਹੈ, ਤੇਰੇ ਕੁੱਤੇ ਦੀ ਪੂਛ ਨਾਲੋਂ। ਵੇਸਵਾ ਬੋਲੀ ਕਿ ਏਹੀ ਗੱਲ ਪਹਿਲੋਂ ਹੀ ਕਿਉਂ ਨਾ ਆਖੀ?

''ਬੀਬੀ, ਦੁਨੀਆਂ ਬੜੀ ਤਿਲਕਣਬਾਜ਼ੀ ਏ। ਪਤਾ ਨਹੀਂ ਕਦੋਂ ਕਿਸੇ ਦਾ ਪੈਰ ਫਿਸਲ ਜਾਏ। ਦੁਰਾਚਾਰੀ ਦਾਹੜੀਆਂ ਨਾਲੋਂ ਕੁੱਤੇ ਦੀ ਪੂਛ ਹੀ ਚੰਗੀ ਹੁੰਦੀ ਹੈ!!'' ਮਹਾਤਮਾ ਦਾ ਜਵਾਬ ਸੀ।

ਇਸ ਅਣ-ਕਿਆਸੇ ਖਤਰੇ ਵਲ ਇਸ਼ਾਰਾ ਕਰਦਿਆਂ ਗ੍ਰੰਥਕਾਰਾਂ ਨੇ ਦੋ ਸਤਰੀਆ ਲਿਖਿਆ ਹੈ:

> ਬਹੁ ਬੀਤੀ ਥੋੜ੍ਹੀ ਰਹੀ
> ਛਿਨ ਛਿਨ ਰਹੀ ਵਿਹਾਇ।
> ਏਕ ਘੜੀ ਕੇ ਕਾਰਣੇ
> ਮਤਿ ਕਲੰਕ ਲੱਗ ਜਾਇ।

ਕਲੰਕਿਤ ਕਰਨ ਵਾਲੀਆਂ ਕੁਲਹਿਣੀਆਂ ਘੜੀਆਂ ਤੋਂ ਰੱਬ ਇੱਜ਼ਤਦਾਰਾਂ ਨੂੰ ਬਚਾ ਕੇ ਹੀ ਰੱਖੇ!!

> ਆਪ ਇਸ ਪਰ ਚਾਹੇ ਜਿਤਨੇ
> ਤਬਸਿਰੇ ਕਰਤੇ ਰਹੇਂ,
> ਰੇਤ ਪਰ ਤਾਮੀਰ
> ਆਲੀਸ਼ਾਨ ਘਰ ਹੈ ਜ਼ਿੰਦਗੀ।

## ਕਾਵਿ-ਮੰਚ

### ਰਾਵੀ

ਰਾਵੀ ਮੇਰੇ ਦਿਲ ਵਿਚ ਵੱਸਦੀ
ਰਾਵੀ ਮੇਰੇ ਸੀਨੇ ਰੱਸਦੀ
ਇਹ ਰਾਵੀ ਕਦੇ ਭੁੱਲੇ ਨਾ
ਪਿਆਰ ਏਸ ਦਾ ਡੁੱਲੇ ਨਾ।
ਰਾਵੀ ਵੱਗਦੀ ਅੱਧ ਵਿਚਕਾਰ
ਗੱਲਾਂ ਕਰਦੀ ਆਰ ਤੇ ਪਾਰ
ਲਹਿੰਦੇ ਚੜ੍ਹਦੇ ਨਾਲ ਪੰਜਾਬ
ਦੋਹਾਂ ਕੋਲੋਂ ਲਵੇ ਇਕਰਾਰ
ਮੁੜ ਸੰਤਾਲੀ ਆਵੇ ਨਾ
ਮੇਰੇ ਸੀਨੇ ਅੱਗ ਲਾਵੇ ਨਾ।
ਪੈਂਡਾ ਏਦ੍ਹਾ ਟੇਢਾ-ਮੇਢਾ
ਕਿਧਰੇ ਕਰੇ ਨਾ ਸ਼ੋਰ
ਕਿਧਰੇ ਵਗਦੀ ਵਾਂਗ ਹਨੇਰੀ
ਲੈ ਜਾਏ ਸਭ ਕੁਝ ਰੋੜ੍ਹ।
ਕਈਆਂ ਨੂੰ ਇਸ ਪਾਰ ਲੰਘਾਇਆ
ਕਈ ਡੋਬੇ ਅੱਧ ਵਿਚਕਾਰ
ਨਾਨਕ ਤੇ ਗੁਰ ਅਰਜਨ ਉਤੋਂ
ਰਾਵੀ ਗਈ ਬਲਿਹਾਰ।
ਇਸ ਰਾਵੀ ਦੇ ਦੋਹੀਂ ਪਾਸੀਂ
ਕਿੱਕਰ, ਕਾਹੀਆ, ਜੰਡ, ਕਰੀਰਾਂ
ਪਾਣੀ ਇਸ ਦਾ ਅੰਮ੍ਰਿਤ ਵਰਗਾ
ਠੰਡਾ ਸੀਤਲ ਮਾਂ ਦੁੱਧ ਵਰਗਾ।
ਜੋ ਵੀ ਇਸ ਪਾਣੀ ਵਿਚ ਨਾਵ੍ਹੇ
ਉਸ ਨੂੰ ਨਵਾਂ ਨਜ਼ਾਰਾ ਆਵੇ
ਜਿਸ ਧਰਤੀ ਨੂੰ ਪਾਣੀ ਜਾਵੇ
ਲੱਖ ਬਰਕਤਾਂ ਫਸਲ ਉਹ ਪਾਵੇ
ਗੰਧਲਾ ਇਸ ਨੂੰ ਕਰਨਾ ਨਾ
ਇਹ ਰਾਵੀ ਦਾ ਪਰਤਾਪ।
ਇਕ ਦਿਨ ਤੜਕੇ ਸੁਪਨਾ ਆਇਆ
ਬੋਲ ਰਾਵੀ ਦਾ ਕੰਨੀਂ ਧਾਇਆ
ਬੋਲਾਂ ਦੇ ਵਿਚ ਬੜਾ ਸੀ ਜੋਸ਼
ਕਹਿੰਦੀ ਸੁਣ ਲੈ ਕਰਕੇ ਹੋਸ਼
''ਦਈਂ ਸੁਨੇਹਾ ਸ਼ਾਹਾਂ ਤਾਈਂ
ਰੋਕ ਲਉ ਇਹ ਕਹਿਰ ਬਲਾਈਂ
ਪਵਨ-ਪਾਣੀ ਗੁਰ-ਪਿਤਾ ਨਹੀਂ ਮੰਨਦੇ
ਕਿਉਂ ਇਹ ਆਪਣੀ ਮੌਤ ਨੇ ਮਰਦੇ
ਰੰਗ ਰੂਪ ਤੇ ਮਸਤ ਰਵਾਨੀ
ਇਹ ਮੈਨੂੰ ਕੁਦਰਤ ਦੀ ਦੇਣ
ਮੈਂ ਉਸਦੇ ਦਸਤੂਰ 'ਚ ਰਹਿਣਾ
ਆਪਣੇ ਮਨ ਦੀ ਮੌਜ 'ਚ ਵਹਿਣਾ
ਇਹ ਮੇਰਾ ਪੈਗਾਮ।''
ਇਕ ਦਿਨ ਫੇਰ ਸੁਨੇਹਾ ਦੇ ਗਈ
ਗੱਲ ਬੜੀ ਪਤੇ ਦੀ ਕਹਿ ਗਈ
''ਦੋਹੀਂ ਪਾਸੀਂ ਜੋ ਪਿੰਡ ਵੱਸਦੇ
ਇਕ ਦੂਜੇ ਲਈ ਰਹਿਮਤ ਮੰਗਦੇ
ਵੰਡ ਪਾਉਣੀਆਂ ਕੰਧਾਂ ਰਾਹੀਂ
ਆਪਣੇ ਦਿਲ ਦੀਆਂ ਗੱਲਾਂ ਕਰਦੇ
ਪੰਛੀ, ਹਵਾ ਤੇ ਪਾਣੀ, ਸੁਪਨੇ
ਕਿੰਝ ਇਨ੍ਹਾਂ ਨੂੰ ਰੋਕੋਗੇ
ਇਹ ਤੁਹਾਡੇ ਵੱਸ ਨਾ ਆਈ ਦਾ।''
ਹੱਥ ਰੱਖ ਮੋਢੇ ਆਣ ਜਗਾਇਆ
ਕਹਿੰਦੀ ਕਿਸੇ ਮੇਰਾ ਭੇਦ ਨਾ ਪਾਇਆ
''ਮੇਰੇ ਦਿਲ ਵਿਚ ਲੱਖਾਂ ਰਾਜ
ਹਰ ਸੂਰਜ ਵੱਖਰਾ ਇਕ ਖਾਬ
ਲਾਹੌਰ ਸ਼ਹਿਰ ਮੇਰੇ ਦਿਲ ਦਾ ਜਾਨੀ
ਰੱਖੀ ਹਰ ਇਕ ਸਾਂਭ ਨਿਸ਼ਾਨੀ
ਕਿੰਨੀਆਂ ਪੀੜਾਂ ਕਿੰਨੇ ਹਾਸੇ
ਮੈਂ ਜਾਣਾ ਭੇਦ ਲੁਕਾਈ ਦਾ।''
''ਜਦ ਹਾਕਮ ਨੇ ਤੱਤੀ ਤਵੀ 'ਤੇ
ਰੱਬ ਦਾ ਰੂਪ ਬਿਠਾਇਆ
ਮੀਆਂ ਮੀਰ ਸਾਂਈ ਨੇ ਆ ਕੇ
ਸਤਿਗੁਰ ਤਾਈਂ ਫੁਰਮਾਇਆ
ਦਿਉ ਇਜਾਜ਼ਤ ਮਿੱਤਰ ਪਿਆਰੇ
ਦਿੱਲੀ ਟੱਕਰ ਲੈ ਸਾਂ
ਹੱਸ ਕੇ ਸਤਿਗੁਰ ਮੁੱਖ ਤੋਂ ਬੋਲੇ
ਭਾਣਾ ਮਿੱਠਾ ਮੰਨਸਾਂ।''
ਰਾਜੇ ਸੰਗ ਕਿਲੇ ਨਹੀਂ ਰਹਿਣਾ
ਇਸ ਠਾਣੇ ਤੋਂ ਦੂਰ ਜਾ ਵਹਿਣਾ
ਮੈਂ ਹੋਰ ਨਾ ਸਕਦੀ ਵੇਖ
ਇਹ ਤਾਂ ਜ਼ੁਲਮ ਖੁਦਾਈ ਦਾ।
ਕਿਰਸਾਨੀ ਦਾ ਹੱਲ ਚਲਾਇਆ
ਸਬਰ-ਸੰਤੋਖ ਸੁਹਾਗਾ ਲਾਇਆ
ਕਰਤਾਰਪੁਰੇ ਦੀ ਨਗਰੀ ਵੇਖੋ
ਜਿਥੇ ਜਾ ਮੈਂ ਹਾਰ ਬਣਾਇਆ
ਧੁਰ ਕੀ ਬਾਣੀ ਰਾਗ ਸੀ ਗਾਇਆ
ਉਦੋਂ ਸੀ ਮੈਂ ਚਾਲ ਰੋਕਦੀ
ਜਾ ਚਰਨੀ ਸਾਂ ਮੱਥਾ ਟੇਕਦੀ
ਕਣਕ, ਬਾਜਰਾ, ਮੱਕੀ, ਛੋਲੇ
ਸਰੋਂ, ਤਿਲਾਂ ਨਾਲ ਬਾਤਾਂ ਪਾਉਂਦੀ
ਜਦ ਉਨ੍ਹਾਂ ਨੂੰ ਪਿਆਸ ਸਤਾਉਂਦੀ
ਲਾ ਸੀਨੇ ਮੈਂ ਠੰਢਕ ਪਾਉਂਦੀ
ਨਾਨਕ ਦਾ ਵਰਦਾਨ ਸੀ ਮੈਨੂੰ
ਚੱਲ ਸੱਚੇ ਰਾਹ ਫੁਰਮਾਨ ਸੀ ਮੈਨੂੰ।
ਸੁਣੋ ਰਾਹੀਓ ਆਰ ਤੇ ਪਾਰ ਦਿਉ
ਇਹ ਹਾਕਮ ਸਾਰੇ ਚੋਰ
ਦੋਹੀਂ ਪਾਸੀਂ ਸਭ ਕੁਝ ਇਕੋ
ਵਾਹਗਾ ਅਤੇ ਲਾਹੌਰ
ਵੰਡੀਆਂ ਵਾਲਾ ਫੀਤਾ ਸੁੱਟੋ
ਨਫ਼ਰਤ ਵਾਲਾ ਬੂਟਾ ਪੁੱਟੋ
ਸਮਝੋ ਚਾਲ ਸਰਕਾਰਾਂ ਦੀ
ਖੁਦਗ਼ਰਜ ਮੰਨਸਬਦਾਰਾਂ ਦੀ
ਨਾਲ ਧਰਮ ਏਹ ਰਾਵੀ ਦੀ ਲਲਕਾਰ।

*-ਧਰਮ ਸਿੰਘ ਗੁਰਾਇਆ*

### ਗ਼ਜ਼ਲ

ਹਰ ਮਸਲੇ ਨੂੰ ਸੁਲਝਾਉਣ ਦੀਆਂ,
ਨਿੱਤ ਕਸਮਾਂ ਖਾਈ ਜਾਂਦੇ ਓ,
ਫਿਰ ਵਾਅਦੇ ਤੋੜ ਨਿਭਾਉਣ ਦੀ ਥਾਂ,
ਬਸ ਨਾਅਰੇ ਲਾਈ ਜਾਂਦੇ ਓ।
ਕਹਿੰਦੇ ਹੋ, ''ਰਾਜ ਤੁਹਾਡਾ ਹੈ,
ਬਸ, ਮੈਂ ਤਾਂ ਸੇਵਾ ਕਰਦਾ ਹਾਂ,''
ਕੁਰਸੀ ਤੇ ਬਹਿ ਕੇ ਆਪਣੇ ਹੀ,
ਕਿਉਂ ਬਾਲ ਖਿਡਾਈ ਜਾਂਦੇ ਓ?
ਕੁਝ ਦਿਲ ਵਿਚ ਰੱਬ ਦਾ ਖ਼ੌਫ ਕਰੋ,
ਹੁਣ ਕੈਸੀ ਇਹ ਹਮਦਰਦੀ ਹੈ?
ਇਸ ਖੁਦਕੁਸ਼ੀਆਂ ਦੀ ਬਸਤੀ ਵਿਚ,
ਬੈਠੇ ਮੁਸਕਾਈ ਜਾਂਦੇ ਓ!
ਕਰਜ਼ਾ, ਬੀਮਾਰੀ ਭੁੱਲ ਬੈਠੇ,
ਚੇਤੇ ਹੈ ਸੈਰ ਪਹਾੜਾਂ ਦੀ,
ਪੰਜਾਬ ਦਾ ਅੱਜ ਕਲ੍ਹ ਰਹਿਬਰ ਜੀ,
ਕੀ ਹਾਲ ਬਣਾਈ ਜਾਂਦੇ ਓ।
ਇਹ ਪਾਪ ਦਾ ਭਰਿਆ ਭਾਂਡਾ ਤਾਂ,
ਹੁਣ ਫੁੱਟਣ ਫੁੱਟਣ ਕਰਦਾ ਐ।
ਬਸ, ਚਾਲ ਸਮੇਂ ਦੀ ਵੇਖੋ,
ਕਿਉਂ ਐਵੇਂ ਘਬਰਾਈ ਜਾਂਦੇ ਓ।

*-ਸੁਰਜੀਤ ਸਖੀ*

# ਇਕ ਗਾਂਧੀ ਹੋਰ-ਕੋਬਾਦ ਗਾਂਧੀ

**ਪ੍ਰੋ. ਕੁਲਵੰਤ ਸਿੰਘ ਰੋਮਾਣਾ**

ਪਿਛਲੇ 15-20 ਦਿਨਾਂ ਤੋਂ ਭਾਰਤੀ ਮੀਡੀਏ ਵਿਚ ਇਕ ਅਜਿਹੇ ਗਾਂਧੀ ਦੀ ਚਰਚਾ ਬੜੇ ਜ਼ੋਰਾਂ 'ਤੇ ਹੈ ਜਿਸਦਾ ਨਾ ਤਾਂ ਮਹਾਤਮਾ ਗਾਂਧੀ ਜਾਂ ਉਸਦੇ ਪਰਿਵਾਰ ਨਾਲ ਕੋਈ ਸਬੰਧ ਹੈ ਅਤੇ ਨਾ ਹੀ ਇੰਦਰਾ ਗਾਂਧੀ ਜਾਂ ਸੋਨੀਆ ਗਾਂਧੀ ਦੇ ਪਰਿਵਾਰ ਨਾਲ। ਇਸ 63 ਸਾਲਾ ਗਾਂਧੀ ਦਾ ਪੂਰਾ ਨਾਂ ਹੈ ਕੋਬਾਦ ਗਾਂਧੀ ਜਿਸਨੂੰ ਦਿੱਲੀ ਪੁਲਿਸ ਦੇ ਸਪੈਸ਼ਲ ਸੈਲ ਅਤੇ ਆਂਧਰਾ ਪ੍ਰਦੇਸ਼ ਦੀ ਪੁਲਿਸ ਦੀ ਸਾਂਝੀ ਕਾਰਵਾਈ ਰਾਹੀਂ ਦੱਖਣੀ ਦਿੱਲੀ ਦੇ ਭੀਕਾ ਜੀ ਕਾਮਾ ਪਲੇਸ ਤੋਂ ਗ੍ਰਿਫਤਾਰ ਕੀਤਾ ਗਿਆ ਹੈ।

ਭਾਰਤ ਦੇ ਗ੍ਰਹਿ ਵਿਭਾਗ ਅਤੇ ਅੰਦਰੂਨੀ ਸੁਰੱਖਿਆ ਮਾਹਰਾਂ ਅਨੁਸਾਰ ਕੋਬਾਦ ਗਾਂਧੀ ਦੀ ਗ੍ਰਿਫਤਾਰੀ ਸਰਕਾਰੀ ਏਜੰਸੀਆਂ ਲਈ ਇਕ ਵੱਡੀ ਉਪਲਬਧੀ ਹੈ। ਪੁਲਿਸ ਦਾ ਦਾਅਵਾ ਹੈ ਕਿ ਉਸਨੂੰ 21 ਸਤੰਬਰ ਨੂੰ ਗ੍ਰਿਫਤਾਰ ਕੀਤਾ ਗਿਆ ਪਰ ਕੋਬਾਦ ਗਾਂਧੀ ਅਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਦਾ ਕਹਿਣਾ ਹੈ ਕਿ ਅਸਲ 'ਚ ਉਸਨੂੰ 17 ਸਤੰਬਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਸ ਗ੍ਰਿਫਤਾਰੀ ਤੋਂ ਪਹਿਲਾਂ ਉਹ ਭਾਰਤ ਦੀ ਆਮ ਜਨਤਾ ਲਈ ਜਾਂ ਰਾਜਨੀਤਕ ਵਿਸ਼ਲੇਸ਼ਕਾਂ ਅਤੇ ਮੀਡੀਏ ਲਈ ਕੋਈ ਬਹੁਤੀ ਜਾਣੀ-ਪਹਿਚਾਣੀ ਸ਼ਖਸੀਅਤ ਨਹੀਂ ਸੀ। ਫਿਰ ਕੌਣ ਹੈ ਇਹ ਗਾਂਧੀ ਜਿਸਨੂੰ ਸਰਕਾਰ ਤੇ ਮੀਡੀਆ ਇੰਨੀ ਮਹੱਤਤਾ ਦੇ ਰਹੇ ਹਨ। ਬਿਜਲਈ ਅਤੇ ਪ੍ਰਿੰਟ ਮੀਡੀਏ ਤੋਂ ਕੁਲ ਮਿਲਾ ਕੇ ਇਹ ਪਤਾ ਲੱਗਦਾ ਹੈ ਕਿ ਅੱਜ ਕੱਲ੍ਹ ਭਾਰਤ ਸਰਕਾਰ ਲਈ ਵੱਡੀ ਸਿਰਦਰਦੀ ਅਤੇ ਚਿੰਤਾ ਦਾ ਕਾਰਨ ਬਣੀ ਸੀ.ਪੀ.ਆਈ (ਮਾਓਇਸਟ) ਪਾਰਟੀ ਦੀ ਸੈਂਟਰਲ ਕਮੇਟੀ (ਸੀ.ਸੀ.) ਅਤੇ ਪੋਲਿਟ ਬਿਊਰੋ ਦਾ ਬੜਾ ਅਹਿਮ ਮੈਂਬਰ ਹੈ ਇਹ ਗਾਂਧੀ। ਇਸ ਪਾਰਟੀ ਦਾ ਮੁੱਖ ਨੀਤੀਘਾੜਾ ਅਤੇ ਪਾਰਟੀ ਦੇ ਪਬਲੀਕੇਸ਼ਨ ਵਿਭਾਗ ਦਾ ਇੰਚਾਰਜ ਵੀ ਹੈ ਇਹ ਗਾਂਧੀ। ਸ਼ਹਿਰੀ ਮੱਧ ਵਰਗ ਅਤੇ ਬੁੱਧੀਜੀਵੀ ਵਰਗ 'ਚ ਪਾਰਟੀ ਦਾ ਆਧਾਰ ਬਣਾਉਣ ਅਤੇ ਵਧਾਉਣ ਦੀ ਜ਼ਿੰਮੇਵਾਰੀ ਵੀ ਇਸੇ ਗਾਂਧੀ ਕੋਲ ਹੈ। ਵਿਦੇਸ਼ੀ ਮਾਓਇਸਟ ਪਾਰਟੀਆਂ ਜਿਵੇਂ ਬੈਲਜ਼ੀਅਮ, ਜਰਮਨੀ, ਫਿਲੀਪੀਨ, ਪੇਰੂ, ਨੇਪਾਲ ਆਦਿ ਨਾਲ ਤਾਲਮੇਲ ਕਰਨ ਦੀ ਡਿਊਟੀ ਵੀ ਇਸੇ ਗਾਂਧੀ ਦੀ ਹੈ। ਇਸੇ ਲਈ ਸਰਕਾਰ ਅਤੇ ਮੀਡੀਏ ਲਈ ਉਹ ਮਹੱਤਵਪੂਰਨ ਹੈ।

ਕੋਬਾਦ ਗਾਂਧੀ ਦੀ ਪਹਿਲੀ ਜ਼ਿੰਦਗੀ ਬਾਰੇ ਤਾਂ ਉਸਦੇ ਪੁਰਾਣੇ ਦੋਸਤਾਂ ਮਿੱਤਰਾਂ ਜਿਵੇਂ ਲੇਖਕ ਤੇ ਪੱਤਰਕਾਰ ਜੋਤੀ ਪੁਨਵਾਨੀ, ਅਸਗਰ ਅਲੀ ਇੰਜੀਨੀਅਰ, ਏ.ਪੀ. ਸਬਸਤੀਅਨ ਆਦਿ ਤੋਂ ਕਾਫੀ ਕੁਝ ਪਤਾ ਲਗਦਾ ਹੈ ਪਰ ਉਸਦੀ ਪਿਛਲੇ 20 ਸਾਲ ਦੀ ਅੰਡਰ ਗਰਾਉਂਡ ਜ਼ਿੰਦਗੀ ਬਾਰੇ ਕੁਝ ਮੋਟੇ ਵੇਰਵੇ ਤਾਂ ਹਾਸਲ ਹਨ ਪਰ ਜ਼ਿਆਦਾ ਕੁਝ ਕਿਸੇ ਨੂੰ ਨਹੀਂ ਪਤਾ। ਬੀ.ਬੀ.ਸੀ. ਦੇ ਬੰਗਾਲੀ ਪੱਤਰਕਾਰ ਸੁਵੋਜੀਤ ਬਾਗਚੀ ਨਾਲ 2008 'ਚ ਉਸਦੀ ਇੰਟਰਵਿਊ ਜਾਂ ਬੀ.ਬੀ.ਸੀ. ਦੇ ਹੀ ਪੱਤਰਕਾਰ ਪਗਚੀ ਪਿੰਗਲੇ ਵਲੋਂ ਉਸ ਬਾਰੇ ਇਕ ਲੇਖ ਤੋਂ ਪਤਾ ਲਗਦਾ ਹੈ ਕਿ ਇਹ ਗਾਂਧੀ ਸਮਝਦਾ ਹੈ ਕਿ ਭਾਰਤੀ ਸਮਾਜ ਇਕ ਅਰਧ-ਜਗੀਰੂ ਅਤੇ ਅਰਧ-ਬਸਤੀਵਾਦੀ ਸਮਾਜ ਹੈ ਜਿਥੇ ਅਜਿਹੇ ਲੋਕਤੰਤਰ ਦੀ ਲੋੜ ਹੈ ਜੋ ਮਿਹਨਤ ਤੇ ਮਨੁੱਖ ਦੀ ਪੂਰੀ-ਪੂਰੀ ਕਦਰ ਕਰਦਾ ਹੋਵੇ। ਇਕ ਅਮੀਰ ਖੋਜ਼ਾ ਪਾਰਸੀ ਪਰਿਵਾਰ 'ਚ ਉਸਦਾ ਜਨਮ ਹੋਇਆ। ਉਸਦੇ ਪਿਤਾ ਅਦੀ ਗਾਂਧੀ ਨੂੰ ਆਪਣੇ ਜ਼ਮਾਨੇ 'ਚ ਆਈਸ-ਕਰੀਮ ਦੇ ਬਾਦਸ਼ਾਹ ਦੇ ਤੌਰ 'ਤੇ ਜਾਣਿਆ ਜਾਂਦਾ ਸੀ ਜਿਸ ਦੀ ਕੰਨਟਕੀ ਆਈਸ ਕਰੀਮ ਭਾਰਤ ਦੇ ਕੋਨੇ ਕੋਨੇ 'ਚ ਵਿਕਦੀ ਸੀ। ਉਸਦਾ ਬੰਗਲੇ ਵਰਗਾ ਖੁੱਲ੍ਹਾ-ਡੁੱਲ੍ਹਾ ਫਲੈਟ ਬੰਬਈ ਦੇ ਸਭ ਤੋਂ ਮਹਿੰਗੇ ਇਲਾਕੇ ਵੋਰਲੀ 'ਚ ਸਮੁੰਦਰ ਦੇ ਕੰਢੇ 'ਤੇ ਬਣਿਆ ਹੋਇਆ ਹੈ ਜਿਥੇ ਉਹ ਆਪਣੀ ਪਤਨੀ ਪ੍ਰੋ. ਅਨੁਰਾਧਾ ਨਾਲ ਲਗਭਗ 1980-82 ਤੱਕ ਰਿਹਾ। ਕਾਲਜ ਡਿਗਰੀ ਦੀ ਪੜ੍ਹਾਈ ਭਾਰਤ ਦੇ ਸਭ ਤੋਂ ਮਹਿੰਗੇ ਸਕੂਲ ਦੂਨ (ਦੇਹਰਾਦੂਨ) ਸਕੂਲ 'ਚ ਹੋਈ। ਕਾਲਜ ਡਿਗਰੀ ਉਸਨੇ ਬੰਬਈ ਦੇ ਵੱਕਾਰੀ ਕਾਲਜ ਸੇਂਟ ਜ਼ੇਵੀਅਰ ਕਾਲਜ 'ਚੋਂ ਪਾਸ ਕੀਤੀ ਤੇ ਫਿਰ ਚਾਰਟਰਡ ਅਕਾਊਂਟੈਂਸੀ ਦੀ ਡਿਗਰੀ ਉਸਨੇ ਲੰਡਨ ਤੋਂ ਹਾਸਲ ਕੀਤੀ।



ਕੋਬਾਦ ਗਾਂਧੀ

ਉਸਦੇ ਨਿਜੀ ਦੋਸਤਾਂ ਨੇ ਦੱਸਿਆ ਹੈ ਕਿ ਮਾਰਕਸਵਾਦ ਅਤੇ ਕਮਿਊਨਿਜ਼ਮ ਵਲ ਉਸਦਾ ਝੁਕਾ ਲੰਡਨ ਵਿਚ ਪੜ੍ਹਾਈ ਦੌਰਾਨ ਹੋਇਆ। ਉਥੋਂ ਵਾਪਸ ਆ ਕੇ ਉਸਨੇ ਕੋਈ ਨੌਕਰੀ ਕਰਨ ਦੀ ਬਜਾਏ ਰਾਜਨੀਤਕ ਅਤੇ ਸਮਾਜਕ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ। ਸਭ ਤੋਂ ਪਹਿਲਾਂ ਉਸਨੇ ਅਸਗਰ ਅਲੀ ਇੰਜੀਨੀਅਰ ਅਤੇ ਸਬਤੀਅਨ ਵਰਗੇ ਕੁਝ ਦੋਸਤਾਂ ਨਾਲ ਰਲ ਕੇ ਬੰਬਈ ਵਿਚ ਸੀ.ਪੀ.ਡੀ.ਆਰ. (Committee for the protection of decocratic rights) ਨਾਂ ਦੀ ਇਕ ਜਮਹੂਰੀ ਜਥੇਬੰਦੀ ਬਣਾਈ ਜੋ ਅੱਜ ਕੱਲ੍ਹ ਕਾਫੀ ਸਰਗਰਮ ਹੈ। ਫਿਰ ਉਸਨੇ ਬੰਬਈ ਵਿਚ ਹੀ ਮਾਰਕਸਿਸਟ ਲੈਨਿਨਿਸਟ ਫੋਰਮ ਨਾਂ ਦੀ ਪੂਰੀ ਤਰ੍ਹਾਂ ਰਾਜਨੀਤਕ ਜਥੇਬੰਦੀ ਕਾਇਮ ਕੀਤੀ। ਹੌਲੀ ਹੌਲੀ ਉਸਨੇ 'ਪੀਪਲਜ਼ ਵਾਰ ਗਰੁਪ' ਨਾਂ ਦੇ ਨਕਸਲੀ ਗਰੁਪ ਨਾਲ ਨਾਤਾ ਜੋੜ ਲਿਆ। ਉਪਰੋਕਤ ਸਾਰੀਆਂ ਸਰਗਰਮੀਆਂ 'ਚ ਬੰਬਈ ਦੇ ਐਲਫਿਨ ਸਟਾਈਨ ਕਾਲਜ ਦੀ ਇਕ ਪ੍ਰੋਫੈਸਰ ਅਨੁਰਾਧਾ ਵੀ ਪੂਰੀ ਤਰ੍ਹਾਂ ਸਰਗਰਮ ਰਹੀ ਤੇ ਕੁਝ ਚਿਰ ਬਾਅਦ 'ਚ ਉਸਨੇ ਕੋਬਾਦ ਗਾਂਧੀ ਨਾਲ ਵਿਆਹ ਕਰਵਾ ਲਿਆ ਅਤੇ ਰਾਜਨੀਤੀ 'ਚ ਪੂਰੀ ਤਰ੍ਹਾਂ ਸਰਗਰਮ ਹੋ ਗਈ। ਹੁਣ ਉਹ 'ਪੀਪਲਜ਼ ਵਾਰ ਗਰੁਪ' ਨਾਲ ਪੂਰੀ ਤਰ੍ਹਾਂ ਜੁੜ ਗਏ ਕੁਲਵਕਤੀਆਂ ਵਾਂਗ ਕੰਮ ਕਰਨ ਲੱਗੇ।

ਪਾਰਟੀ ਜਰੂਰਤਾਂ ਕਾਰਨ ਦੋਵਾਂ ਨੂੰ ਨਾਗਪੁਰ ਤਬਦੀਲ ਹੋਣਾ ਪੈ ਗਿਆ ਕਿਉਂਕਿ ਉਥੇ ਮਜ਼ਦੂਰਾਂ ਦੇ ਸੰਗਠਨ ਵੀ ਬਹੁਤੇ ਸਨ ਅਤੇ ਕੰਮ ਵੀ ਜ਼ਿਆਦਾ ਸੀ। ਅਨੁਰਾਧਾ ਨੇ ਵੀ ਕਾਲਜ ਦੀ ਨੌਕਰੀ ਛੱਡ ਦਿੱਤੀ ਅਤੇ ਉਸਨੇ ਵੀ ਗਾਂਧੀ ਨਾਲ ਬੀੜੀ ਮਜਦੂਰਾਂ, ਘਰੇਲੂ ਨੌਕਰਾਣੀਆਂ ਦੀ ਜਥੇਬੰਦੀ ਆਦਿ 'ਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਪਰ ਉਸਨੂੰ ਅਰਜ਼ੀ ਦੇਣ 'ਤੇ ਹੀ ਨਾਗਪੁਰ ਯੂਨੀਵਰਸਿਟੀ ਦੇ ਸੋਸ਼ਿਆਲੋਜ਼ੀ ਵਿਭਾਗ 'ਚ ਸੀਨੀਅਰ ਪ੍ਰੋਫੈਸਰ ਦੀ ਨੌਕਰੀ ਮਿਲ ਗਈ। ਜਿਥੇ ਉਹ ਪੜ੍ਹਾਉਂਦੀ ਵੀ ਰਹੀ, ਮਜ਼ਦੂਰਾਂ 'ਚ ਕੰਮ ਵੀ ਕਰਦੀ ਰਹੀ ਅਤੇ ਜੇਲ੍ਹ ਵੀ ਜਾਂਦੀ ਰਹੀ। ਜਦੋਂ ਅਕਾਲ ਪੈਣ ਤੇ ਉਸਨੂੰ ਬਸਤਰ ਦੇ ਇਲਾਕੇ 'ਚ ਜਾਣਾ ਪਿਆ ਤਾਂ ਉਸ ਨੇ ਯੂਨੀਵਰਸਿਟੀ ਦੀ ਨੌਕਰੀ ਛੱਡ ਕੇ ਉਥੇ ਆਦਿਵਾਸੀ ਔਰਤਾਂ 'ਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਫਿਰ ਉਹ ਤੇ ਕੋਬਾਦ ਗਾਂਧੀ ਝਾਰਖੰਡ ਆਦਿਵਾਸੀਆਂ 'ਚ ਕੰਮ ਕਰਨ ਲੱਗ ਪਏ ਅਤੇ ਹੁਣ ਤੱਕ ਕਰਦੇ ਰਹੇ। ਬੰਬਈ ਦੇ ਉਨ੍ਹਾਂ ਦੇ ਜਾਣਕਾਰ ਦਸਦੇ ਹਨ ਕਿ ਅਨੁਰਾਧਾ ਨੇ ਸਵੈ-

## ਦੁਖਦੀ ਰਗ

ਰੱਖਿਆ ਲਈ ਬਾਕਾਇਦਾ ਗੁਰੀਲਾ-ਰਾਈਫਲ ਟਰੇਨਿੰਗ ਵੀ ਲਈ ਸੀ ਤੇ ਜੰਗਲਾਂ 'ਚ ਸਵੈ-ਰੱਖਿਆ ਲਈ ਉਹ ਪੂਰੀ ਤਰ੍ਹਾਂ ਬਾ-ਵਰਦੀ ਤੇ ਹਥਿਆਰਬੰਦ ਹੀ ਰਹਿੰਦੀ ਸੀ। ਇਸ ਸਾਲ ਦੇ ਸ਼ੁਰੂ 'ਚ ਪ੍ਰੋ. ਅਨੁਰਾਧਾ ਨੂੰ ਜੰਗਲਾਂ 'ਚ ਬੜੀ ਭਿਆਨਕ ਕਿਸਮ ਦਾ ਮਲੇਰੀਆ ਹੋ ਗਿਆ ਤੇ ਠੀਕ ਤਰ੍ਹਾਂ ਇਲਾਜ ਨਾ ਹੋਣ ਕਰਕੇ ਪਿਛਲੇ ਸਾਲ 54 ਸਾਲ ਦੀ ਉਮਰ 'ਚ ਉਸਦੀ ਮੌਤ ਹੋ ਗਈ।

ਦਿੱਲੀ ਦੇ ਮਨੁੱਖੀ ਅਧਿਕਾਰ ਸੰਗਠਨਾਂ ਦੀਆਂ ਰਿਪੋਰਟਾਂ ਅਨੁਸਾਰ ਜੰਗਲਾਂ 'ਚ ਲਗਭਗ 20 ਸਾਲ ਅੰਡਰਗਰਾਊਂਡ ਜੀਵਨ ਜਿਊਣ ਕਾਰਨ ਕੋਬਾਦ ਗਾਂਧੀ ਵੀ ਕਈ ਕਿਸਮ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੈ ਜਿਸ ਕਰਕੇ ਉਨ੍ਹਾਂ ਮੰਗ ਕੀਤੀ ਹੈ ਕਿ ਉਸਦਾ ਇਲਾਜ ਮਾਹਿਰ ਡਾਕਟਰਾਂ ਤੋਂ ਕਰਵਾਇਆ ਜਾਵੇ। ਉਸਨੂੰ ਦਿਲ ਅਤੇ ਕਿਡਨੀ ਦੀ ਤਕਲੀਫ ਦੇ ਨਾਲ ਨਾਲ ਪ੍ਰੋਸਟਰੇਟ ਕੈਂਸਰ ਵੀ ਹੈ ਜਿਨ੍ਹਾਂ ਦੇ ਇਲਾਜ ਲਈ ਉਸ ਨੇ ਦਿੱਲੀ ਨੂੰ ਆਪਣੇ ਕੰਮਕਾਰ ਦਾ ਕੇਂਦਰ ਬਣਾਇਆ ਸੀ। ਉਸਦੀ ਪਾਰਟੀ ਅਨੁਸਾਰ ਉਸ ਦੇ ਕੋਰੀਅਰ (ਹਰਕਾਰੇ) ਨੇ ਹੀ ਉਸਨੂੰ ਗ੍ਰਿਫਤਾਰ ਕਰਵਾ ਦਿੱਤਾ। ਰਿਪੋਰਟਾਂ ਅਨੁਸਾਰ ਉਹ ਸੈਲ ਫੋਨ ਦੀ ਬਿਲਕੁਲ ਵੀ ਵਰਤੋਂ ਨਹੀਂ ਸੀ ਕਰਦਾ। ਸੰਪਰਕ ਲਈ ਪਾਰਟੀ ਦੇ ਕੋਰੀਅਰ ਹੀ ਵਰਤਦਾ ਸੀ। ਉਸਦੀ ਪਾਰਟੀ 'ਚ ਵੀ ਉਸਦੇ ਅਸਲੀ ਨਾਂ ਦਾ ਉੱਚ ਕੋਟੀ ਦੇ ਲੀਡਰਾਂ ਨੂੰ ਹੀ ਪਤਾ ਹੈ। ਛੱਤੀਸਗੜ੍ਹ ਦੇ ਇਕ ਪੁਲਿਸ ਅਫਸਰ ਨੇ ਦੱਸਿਆ ਹੈ ਕਿ ਕਾਫੀ ਪਹਿਲਾਂ ਗ੍ਰਿਫਤਾਰ ਕੀਤੇ ਗਏ ਇਕ ਮਾਓਇਸਟ ਖੇਤਰੀ ਕਮਾਂਡਰ ਨੂੰ ਪਤਾ ਹੀ ਨਹੀਂ ਸੀ ਕਿ ਕੋਬਾਦ ਗਾਂਧੀ ਨਾਂ ਦਾ ਬੰਦਾ ਵੀ ਉਨ੍ਹਾਂ ਦੀ ਪਾਰਟੀ 'ਚ ਹੈ। ਖੁਫੀਆ ਏਜੰਸੀ ਦੇ ਖੁਲਾਸੇ ਅਨੁਸਾਰ ਉਹ ਪਾਰਟੀ 'ਚ ਕਈ ਨਾਵਾਂ ਜਿਵੇਂ 'ਕਮਲ', 'ਅਜ਼ਾਦ' ਆਦਿ ਨਾਲ ਵਿਚਰਦਾ ਸੀ। ਉਸਦੇ ਪੁਰਾਣੇ ਮਿਤਰਾਂ ਅਨੁਸਾਰ ਆਰਥਿਕ ਸਮੱਸਿਆਵਾਂ ਤੇ ਨੀਤੀਆਂ ਬਾਰੇ ਉਸਦੇ ਲੇਖ ਦੇਸ਼ ਦੇ ਬੜੇ ਮਹੱਤਵਪੂਰਨ ਰਸਾਲਿਆਂ 'ਚ ਅਰਵਿੰਦ ਦੇ ਨਾਂ ਤੇ ਛਪਦੇ ਰਹੇ ਹਨ।


ਆਪਣੇ ਅਤੇ ਆਪਣੇ ਪਰਿਵਾਰ ਲਈ
ਵਧੀਆ ਕੁਆਲਿਟੀ ਅਤੇ ਸਸਤੀਆਂ ਦਰਾਂ ਤੇ
ਮੈਡੀਕਲ ਇੰਸ਼ੋਰੈਂਸ
ਲੈਣ ਲਈ ਇਕੋ ਇਕ ਭਰੋਸੇਮੰਦ ਨਾਮ
ਹਮੇਸ਼ਾ ਯਾਦ ਰੱਖੋ
ਮੇਜਰ ਸਿੰਘ ਚੌਹਾਨ



Major Singh Chauhan
AGENT
CA Ins. Lic #0D36632
New York Life Insurance Company

Sacramento Office :
120 Hoxsie Ct,
Folsom CA 95630

Fremont Office :
39650 Liberty St. #200
Fremont CA 94538

Bakersfield Office :
PO Box 40728
Bakersfield CA 93384

Cell : 916-337-1683
Off : 916-983-4890
Off : 510-624-4190
Fax : 916-984-0110

mc101048@gmail.com
THE COMPANY YOU KEEP



ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ
ਮਰਦਾਨਾ ਤਾਕਤ ਲਈ ਸਿਹਤ ਰੀਫੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)
ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।
ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ
ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।
ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।
ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।
ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੂਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

AP AMERICAN PETRO TRAVEL CENTER

CITGO

ਖੁਸ਼ਖਬਰੀ



# TASTE OF INDIA

Now Open




BRAND NEW TRAVEL CENTER
at SPICE LAND INDIANA I-70, EXIT

## Diesel/Gas

ਚਾਹੇ ਕੈਸ਼ ਹੋਵੇ,
ਚਾਹੇ CREDIT CARD ਹੋਵੇ,
ਚਾਹੇ FLEET CARD ਹੋਵੇ,
ਸਾਰਿਆਂ ਦੀ ਇਕੋ ਕੀਮਤ ਅਤੇ
ਸਾਰਿਆਂ ਉਪਰ 2 ਸੈਂਟ
ਰਿਬੇਟ ਦਿੱਤਾ ਜਾਵੇਗਾ

ਟਰੱਕਾਂ ਵਾਲੇ ਭਰਾਵਾਂ ਲਈ ਖੁੱਲ੍ਹ ਗਿਆ

# ਪੰਜਾਬੀ ਢਾਬਾ

Brand New Shower ਹੈ ਨਹਾਓ ਤੇ ਫਰੈਸ਼ ਹੋ ਕੇ ਕੰਮ ਉਪਰ ਜਾਓ

ਇਥੇ ਹਰ ਰੋਜ਼
ਮੱਕੀ ਦੀਆਂ ਤਾਜ਼ੀਆਂ ਰੋਟੀਆਂ
ਤੇ ਤਾਜ਼ਾ ਸਾਗ ਮਿਲਦਾ ਹੈ।

ਇਥੇ ਮੰਜਿਆ ਉਪਰ ਬੈਠਕੇ ਖਾਓ,
ਪੀਓ ਅਤੇ ਨਾਲ ਲੈ ਕੇ ਜਾਵੋ..
ਸੁਆਦ ਅਤੇ ਮਾਹੌਲ,
ਜਿਵੇ ਅਪਣਾ ਪੰਜਾਬ ਹੋਵੇ ਤੇ ਘਰ ਦੀ..



ਸਹੂਲਤਾਂ

- ਪੰਜਾਬੀ ਢਾਬਾ
- ਸਸਤਾ Diesel
- Liquor Store
- Liquor Bar

ਕੀਮਤਾਂ ਬਹੁਤ
ਹੀ ਵਾਜਬ !



Imperial Truck Wash, Repair, Tire Alignment

Phone : 765.987.1000

# ਪਰਵਾਸੀ ਪੰਜਾਬੀ ਪੰਜਾਬ ਦੀ ਰਾਜਨੀਤੀ ਵਿਚ ਸਰਗਰਮ ਹੋਣ:ਜੱਸੀ ਖੰਘੂੜਾ

**ਡਿਟਰਾਇਟ, ਮਿਸ਼ੀਗਨ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੀ ਆਰਥਿਕ ਹਾਲਤ ਜੇ ਇਸੇ ਤਰ੍ਹਾਂ ਨਿਘਰਦੀ ਚਲੀ ਗਈ ਅਤੇ ਇਸ ਨੂੰ ਮੋੜਾ ਪਾਉਣ ਲਈ ਕੋਈ ਨਿੱਗਰ ਉਪਰਾਲੇ ਨਾ ਕੀਤੇ ਗਏ ਤਾਂ ਕਿਸੇ ਸਮੇਂ ਦੇਸ਼ ਦਾ ਨੰਬਰ ਇਕ ਗਿਣਿਆ ਜਾਂਦਾ ਇਹ ਸੂਬਾ ਸਭ ਤੋਂ ਫਾਡੀ ਰਹਿ ਜਾਵੇਗਾ। ਇਹ ਵਿਚਾਰ ਇਥੇ ਪਰਵਾਸੀ ਪੰਜਾਬੀਆਂ ਦੇ ਇਕ ਇਕੱਠ ਨੂੰ ਸੰਬੋਧਨ ਕਰਦਿਆਂ ਕਿਲਾ ਰਾਏਪੁਰ ਤੋਂ ਵਿਧਾਇਕ ਸ੍ਰੀ ਜੱਸੀ ਖੰਘੂੜਾ ਨੇ ਪ੍ਰਗਟਾਏ।



ਏਅਰਪੋਰਟ ਉਤੇ ਸ੍ਰੀ ਜੱਸੀ ਖੰਘੂੜਾ ਦਾ ਸਵਾਗਤ ਕਰਦੇ ਹੋਏ (ਖੱਬਿਓਂ ਸੱਜੇ) ਸ੍ਰੀਮਤੀ ਗੁਰਮੇਲ ਸਿੰਘ ਗਰੇਵਾਲ, ਕੁਲਦੀਪ ਸਿੰਘ ਧਾਲੀਵਾਲ, ਗੈਰੀ ਗਰੇਵਾਲ (ਲਾਸ ਏਂਜਲਸ), ਕੰਵਲ ਖੰਘੂੜਾ (ਸੈਨ ਹੋਜ਼ੇ), ਦਰਸ਼ਨ ਸਿੰਘ ਗਰੇਵਾਲ, ਬਲਬੀਰ ਸਿੰਘ ਗਰੇਵਾਲ, ਗੁਰਮੇਲ ਸਿੰਘ ਗਰੇਵਾਲ, ਜੱਸੀ ਖੰਘੂੜਾ, ਸਾਹਬ ਗਰੇਵਾਲ, ਸ੍ਰੀ ਰਾਕੇਸ਼ ਮਹਾਜਨ, ਕੰਵਲਜੀਤ ਖੰਘੂੜਾ ਅਤੇ ਸ੍ਰੀ ਬੁਟਾਰੀ

ਪਰਵਾਸੀ ਪੰਜਾਬੀਆਂ ਵਲੋਂ ਪੰਜਾਬ ਦੀ ਮਾਲੀ ਤਰੱਕੀ ਲਈ ਪਾਏ ਜਾ ਰਹੇ ਯੋਗਦਾਨ ਦੀ ਭਰਪੂਰ ਸ਼ਲਾਘਾ ਕਰਦਿਆਂ ਉਨ੍ਹਾਂ ਆਖਿਆ ਕਿ ਜੇ ਪੰਜਾਬ ਅੱਜ ਖੜ੍ਹਾ ਹੈ ਤਾਂ ਪਰਵਾਸੀ ਪੰਜਾਬੀਆਂ ਦੇ ਸਹਾਰੇ ਖੜ੍ਹਾ ਹੈ। ਨਾਲ ਹੀ ਉਨ੍ਹਾਂ ਪਰਵਾਸੀ ਪੰਜਾਬੀਆਂ ਨੂੰ ਤਾਕੀਦ ਕੀਤੀ ਕਿ ਉਹ ਪੰਜਾਬ ਦੀ ਸਿਆਸਤ ਵਿਚ ਵੀ ਸਰਗਰਮ ਹੋਣ। ਇਥੇ ਆਉਣ ਵਾਲੇ ਪੰਜਾਬ ਦੇ ਸਿਆਸੀ ਆਗੂਆਂ ਨੂੰ ਔਖੇ ਸਵਾਲ ਪੁੱਛਣ ਕਿ ਉਹ ਪੰਜਾਬ ਦੀ ਤਰੱਕੀ ਲਈ ਕੀ ਕਰ ਰਹੇ ਹਨ? ਉਨ੍ਹਾਂ ਕਿਹਾ ਕਿ ਪੰਜਾਬ ਵਿਚ ਇਸ ਵੇਲੇ ਸਿਖਿਆ ਦੇ ਪੱਧਰ ਨੂੰ ਸੁਧਾਰਨ ਦੀ ਛੋਟੇ




ਖੱਬਿਓਂ ਸੱਜੇ ਸਾਹਬ ਗਰੇਵਾਲ, ਗੈਰੀ ਗਰੇਵਾਲ, ਜੱਸੀ ਖੰਘੂੜਾ, ਪਾਲ ਵੈਲਡੇ, ਚੈਨ ਸਿੰਘ ਸੰਧੂ ਅਤੇ ਗੁਰਮੇਲ ਸਿੰਘ ਗਰੇਵਾਲ

ਪੈਮਾਨੇ 'ਤੇ ਸਥਾਨਕ ਪੱਧਰ ਉਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੀ ਲੋੜ ਹੈ। ਪਰਵਾਸੀ ਪੰਜਾਬੀ ਜਦੋਂ ਪੰਜਾਬ ਦੀਆਂ ਚੋਣਾਂ ਵਿਚ ਹਿੱਸਾ ਲੈਣ ਤਾਂ ਉਹ ਜ਼ਿੰਮੇਵਾਰ ਅਤੇ ਲੋਕਹਿੱਤਾਂ ਲਈ ਕੰਮ ਕਰਨ ਵਾਲੇ ਇਮਾਨਦਾਰ ਲੋਕਾਂ ਨੂੰ ਜਿਤਾਉਣ ਲਈ ਹੀ ਯਤਨ ਕਰਨ।



ਸਮਾਗਮ ਵਿਚ ਹਾਜ਼ਰ ਸ੍ਰੀ ਖੰਘੂੜਾ ਦੇ ਪ੍ਰਸ਼ੰਸਕ

ਆਜ਼ਾਦੀ ਤੋਂ ਬਾਅਦ 60 ਸਾਲ ਦੇ ਸਮੇਂ ਵਿਚ ਪਹਿਲੀ ਵਾਰ ਕਿਲਾ ਰਾਏਪੁਰ ਤੋਂ ਕਾਂਗਰਸ ਦੀ ਟਿਕਟ ਉਤੇ ਜਿੱਤੇ ਸ੍ਰੀ ਖੰਘੂੜਾ ਨੇ ਪੰਜਾਬ ਦੇ ਆਰਥਿਕ ਮੰਦੇ ਦੀ ਗੱਲ ਕਰਦਿਆਂ ਆਖਿਆ ਕਿ ਉਸ ਦਾ ਸਭ ਤੋਂ ਵੱਡਾ ਕਾਰਨ ਪੰਜਾਬ ਦੀ ਸਵਾਰਥੀ ਅਤੇ ਬੇਈਮਾਨ ਲੀਡਰਸ਼ਿਪ ਹੈ। ਇਹ ਲੋਕ ਆਪਣੀਆਂ ਜੇਬਾਂ ਭਰਨ ਤੋਂ ਇਲਾਵਾ ਕੁਝ ਨਹੀਂ ਕਰਦੇ। ਇਸ ਸਮੇਂ ਅਕਾਲੀ ਲੀਡਰਸ਼ਿਪ ਵੀ ਇਸੇ ਪਾਸੇ ਵੱਲ ਤੁਰੀ ਹੋਈ ਹੈ। ਪੰਜਾਬ ਦੀ ਤਰੱਕੀ ਦਾ ਕਿਸੇ ਨੂੰ ਫਿਕਰ ਨਹੀਂ। ਲੀਡਰਸ਼ਿਪ ਦੀ ਕਮਜ਼ੋਰੀ ਕਰਕੇ ਹੀ ਅਫਸਰਸ਼ਾਹੀ ਮਨਮਾਨੀਆਂ ਉਤੇ ਉਤਰੀ ਹੋਈ ਹੈ ਜੋ ਪ੍ਰਸ਼ਾਸਨ ਨੂੰ ਸਹੀ ਤਰ੍ਹਾਂ ਚਲਾਉਣ ਦੀ ਥਾਂ 'ਤੇ ਆਪਣੀ ਐਸ਼ੋ-ਇਸ਼ਰਤ ਉਤੇ ਹੀ ਕੇਂਦਰਿਤ ਹੈ। ਮੌਜੂਦਾ ਸਰਕਾਰ ਦਾ ਹਾਲ ਇਹ ਹੈ ਕਿ ਇਹ ਆਪਣੇ ਰੋਜ਼ਾਨਾ ਦੇ ਖਰਚੇ ਪੂਰੇ ਕਰਨ ਦੇ ਕਾਬਲ ਵੀ ਨਹੀਂ ਰਹੀ। ਇਸੇ ਕਰਕੇ ਇਸ ਨੇ ਸਰਕਾਰੀ ਜ਼ਮੀਨਾਂ ਨੂੰ ਵਾਢਾ ਧਰ ਲਿਆ ਹੋਇਆ ਹੈ। ਉਨ੍ਹਾਂ ਆਖਿਆ ਕਿ ਅੱਜ ਫਿਰ ਪੰਜਾਬ ਨੂੰ ਸ. ਪ੍ਰਤਾਪ ਸਿੰਘ ਕੈਰੋਂ ਵਰਗੇ ਨਿੱਗਰ ਲੀਡਰਾਂ ਦੀ ਲੋੜ ਹੈ। ਜ਼ਿਕਰਯੋਗ ਹੈ ਕਿ ਦੋ ਸਾਲ ਦੀ ਉਮਰ ਵਿਚ ਆਪਣੇ ਮਾਪਿਆਂ ਦੇ ਨਾਲ ਇੰਗਲੈਂਡ ਚਲੇ ਗਏ ਹੋਏ ਸ੍ਰੀ ਖੰਘੂੜਾ 2007 ਵਿਚ ਵਿਧਾਇਕ ਚੁਣੇ ਜਾਣ ਤੋਂ ਕੁਝ ਹੀ ਸਾਲ ਪਹਿਲਾਂ ਬਰਤਾਨਵੀ ਨਾਗਰਿਕਤਾ ਛੱਡ ਕੇ ਮੁੜ ਭਾਰਤੀ ਨਾਗਰਿਕ ਬਣੇ ਸਨ। ਉਹ ਸ. ਪ੍ਰਤਾਪ ਸਿੰਘ ਕੈਰੋਂ ਦੇ ਪੋਤ-ਜਵਾਈ ਹਨ।

ਵੱਡੇ ਅਤੇ ਛੋਟੇ ਬਾਦਲ ਨੂੰ ਲੰਮੇ ਹੱਥੀਂ ਲੈਣ ਕਰਕੇ ਜਾਣੇ ਜਾਂਦੇ ਸ੍ਰੀ ਖੰਘੂੜਾ ਨੇ ਪਰਵਾਸੀ ਭਾਰਤੀਆਂ ਨੂੰ ਸੱਦਾ ਦਿੱਤਾ ਕਿ ਕਿਸੇ ਵੀ ਮੁਸ਼ਕਿਲ 'ਤੇ ਉਹ ਉਨ੍ਹਾਂ ਨਾਲ ਸੰਪਰਕ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਸਬੰਧੀ ਉਨ੍ਹਾਂ ਦੇ ਫੋਨ, ਈਮੇਲ ਅਤੇ ਵੈਬਸਾਈਟ ਦੀ ਵਰਤੋਂ ਕੀਤੀ ਜਾ ਸਕਦੀ ਹੈ। ਸ੍ਰੀ ਖੰਘੂੜਾ ਦਾ ਵੈਬਸਾਈਟ www.qilaraipur.org ਹੈ। ਇਸ ਸਾਈਟ 'ਤੇ ਪੰਜਾਬ ਦੀ ਰਾਜਨੀਤੀ ਲੈਣ ਲਈ ਆਪਣਾ ਨਾਂ ਰਜਿਸਟਰ ਕਰਾਉਣ ਲਈ ਵੀ ਉਨ੍ਹਾਂ ਸੱਦਾ ਦਿੱਤਾ।

ਇਸ ਤੋਂ ਪਹਿਲਾਂ ਸ੍ਰੀ ਖੰਘੂੜਾ ਨੂੰ ਜੀ ਆਇਆਂ ਆਖਦਿਆਂ ਵੱਖ ਵੱਖ ਬੁਲਾਰਿਆਂ ਨੇ ਉਨ੍ਹਾਂ ਨੂੰ ਪੰਜਾਬ ਦੇ ਨੌਜਵਾਨਾਂ ਦੀ ਆਸ ਅਤੇ ਪੰਜਾਬ ਦਾ ਭਵਿੱਖ ਕਰਾਰ ਦਿੱਤਾ। ਸ੍ਰੀ ਖੰਘੂੜਾ ਦੇ ਪ੍ਰਸ਼ੰਸਕਾਂ ਅਤੇ ਦੋਸਤਾਂ ਵਲੋਂ ਕੀਤੀ ਗਈ ਇਸ ਦਾਅਵਤ ਵਿਚ ਡਿਟਰਾਇਟ ਤੋਂ ਇਲਾਵਾ ਕੈਲਮਜ਼ੂ, ਲੈਨਸਿੰਗ, ਗਰੈਂਡ ਰੈਪਿਡਜ਼ ਅਤੇ ਕੈਨੇਡਾ ਦੇ ਵਿੰਡਸਰ ਸ਼ਹਿਰ ਤੋਂ ਵੀ ਲੋਕ ਪਹੁੰਚੇ ਹੋਏ ਸਨ। ਸਮਾਗਮ ਦਾ ਪ੍ਰਬੰਧ ਸਾਹਿਬ ਸਿੰਘ ਗਰੇਵਾਲ (ਸਿੰਘ ਡਿਵੈਲਪਮੈਂਟ), ਬਲਬੀਰ ਸਿੰਘ ਗਰੇਵਾਲ (ਐਨ ਆਰਬਰ), ਕੁਲਦੀਪ ਸਿੰਘ ਧਾਲੀਵਾਲ (ਰੌਚੈਸਟਰ ਹਿਲਜ਼) ਅਤੇ ਰਾਕੇਸ਼ ਮਹਾਜਨ (ਬਲੂਮਫੀਲਡ) ਨੇ ਕੀਤਾ।


Bob Lynn Edwards, Jr.
Free Initial Consultation
Attorney at Law

Over 17 Years Handling Family Law Cases in Fremont, CA, All Aspects of Divorce Including Child Support, Child Custody, Spousal Support, Property Division, Restraining Orders, Modification of Support, Etc.
Ph:510-770-0500
www.BobEdwards.com
3869 Peralta Boulevard, Fremont CA 94536-3712

Attention Business Owners!!

Are You Worried About Your Business When You`re Not There?
Are Worries Keeping You Awake?
Watch Your Business AnyTime Any Place.
NO PAYMENTS For 3 Months
Financing & Lease Options For 12, 24, 36 Months Available.
Promotion For July Free Cash Register Interface With Purchase Of Our DVR System
ਵਾਜਬ ਕੀਮਤ, ਸਹੀ ਕੰਮ
ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ
DVR UNLIMITED
Call:1-800-780-0032 www.dvrunlimited.com

We go Global with Indian Values & Life Skills
CT Public School
Pre Nry. to 10+2 (Affiliated to CBSE)
G.T. Road, Maqsudan, JALANDHAR (Pb.)

Teaching & Caring Together !
AIR CONDITIONED HOSTELS
- International Standards
- NRI Students pick up Indian Values
- Hundred percent Board Results of boarders
- Mint House for Doctors, Engineers and other upcoming fields
- Parental Attention to draw out the best
Learning Centre
For Bridging Sessional & Educational Gap of the NRI Students

Catering a Global Perspective with International Tours & Excursions
ਜਲੰਧਰ (ਪੰਜਾਬ) ਵਿੱਚ ਅੰਤਰਰਾਸ਼ਟਰੀ ਪੱਧਰ ਦਾ ਭਾਰਤੀ ਕਦਰਾਂ ਕੀਮਤਾਂ ਵਾਲਾ ਨਵੇਕਲਾ ਸਕੂਲ
PIVOTAL FEATURES :
1. Personalized attention
2. Dedicated Teaching Faculty
3. Hi Tech Audio Visual Lab for communication Skills
4. Well equipped Maths Lab
5. Emphasis on Personality Development
6. Regular Swimming and Skating Classes for Primary Wing
7. Seminars & Workshops for Parents
Its worth your visit !
ASSOCIATE CT INSTITUTIONS
❖ Engineering ❖ Pharmacy
❖ Management & I.T. ❖ Education (B.Ed.)
❖ Polytechnic ❖ Hotel Management
❖ Insurance Mgt. ❖ Retail Mgt.
Charanjit Singh 'Channi' Chairman, CT Group of Institutions
Mrs. Lakhvinder Kaur Principal, CTPS
+ 91-181-2250775, 2258802-03
+ 91-98149-20839, 98760-62638
www.ctpublicschool.com www.ctgroup.in
E-mail : ctps_school@yahoo.co.in

# ਕਰਤਾਰਪੁਰ ਸਾਹਿਬ ਲਾਂਘੇ ਲਈ ਤੇਰੀ ਸਿੱਖੀ ਸੰਸਥਾ ਦੀ ਮੁਹਿੰਮ ਨੂੰ ਹੁੰਗਾਰਾ

**ਸੈਨ ਹੋਜ਼ੇ (ਪੰਜਾਬ ਟਾਈਮਜ਼ ਬਿਊਰੋ):** ਪਾਕਿਸਤਾਨ ਵਿਚ ਰਹਿ ਗਏ ਗੁਰਦੁਆਰਾ ਕਰਤਾਰਪੁਰ ਸਾਹਿਬ ਅਤੇ ਜ਼ਿਲਾ ਗੁਰਦਾਸਪੁਰ ਵਿਚ ਪੈਂਦੇ ਡੇਰਾ ਬਾਬਾ ਨਾਨਕ ਵਿਚਾਲੇ ਲਾਂਘਾ ਦੇਣ ਲਈ ਮੁਹਿੰਮ ਚਲਾ ਰਹੀ ਸੰਸਥਾ 'ਤੇਰੀ ਸਿੱਖੀ' ਵਲੋਂ ਆਉਂਦੀ 7 ਨਵੰਬਰ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਇਕ ਵਿਸ਼ੇਸ਼ ਕੌਮਾਂਤਰੀ ਸੰਮੇਲਨ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਸਮੂਹ ਧਰਮਾਂ ਦੇ ਲੋਕ ਸ਼ਾਮਿਲ ਹੋਣਗੇ। ਸੰਮੇਲਨ ਦਾ ਮਨੋਰਥ ਕੌਮਾਂਤਰੀ ਮੀਡੀਏ ਰਾਹੀਂ ਗੁਰੂ ਨਾਨਕ ਦੇਵ ਜੀ ਦੇ ਸਾਂਝੀਵਾਲਤਾ ਦੇ ਸੁਨੇਹੇ ਨੂੰ ਸਭ ਲੋਕਾਂ ਤੱਕ ਪਹੁੰਚਦਾ ਕਰਨਾ ਹੈ। ਜ਼ਿਕਰਯੋਗ ਹੈ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਉਸ ਥਾਂ ਸੁਸ਼ੋਭਿਤ ਹੈ ਜਿਥੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਆਖਰੀ 17 ਸਾਲ ਗੁਜ਼ਾਰੇ ਸਨ।



ਤੇਰੀ ਸਿੱਖੀ ਸੰਸਥਾ ਵਲੋਂ ਬੇ-ਏਰੀਆ ਦੇ ਗੁਰਦੁਆਰਾ ਐਲ ਸਬਰਾਂਟੇ ਵਿਖੇ ਸੰਗਤਾਂ ਨੂੰ ਇਸ ਪ੍ਰਾਜੈਕਟ ਬਾਰੇ ਜਾਣਕਾਰੀ ਦੇਣ ਦਾ ਉਪਰਾਲਾ ਕੀਤਾ ਗਿਆ। ਸੰਸਥਾ ਦੀ ਤਰਫੋਂ ਸ. ਜਸਪਾਲ ਸਿੰਘ ਸੰਧੂ ਨੇ ਸੰਗਤਾਂ ਨੂੰ ਦੱਸਿਆ ਕਿ ਇਹ ਲਾਂਘਾ ਬਣਨ ਨਾਲ ਦੋਹਾਂ ਦੇਸ਼ਾਂ ਦੇ ਲੋਕ ਇਨ੍ਹਾਂ ਦੋਹਾਂ ਗੁਰਧਾਮਾਂ ਦੇ ਦਰਸ਼ਨ ਕਰ ਸਕਿਆ ਕਰਨਗੇ। ਗੁਰਬਚਨ ਸਿੰਘ ਢਿੱਲੋਂ ਅਤੇ ਪਰਮਿੰਦਰ ਸਿੰਘ ਸੰਧੂ ਨੇ ਸਟਾਲ ਲਾ ਕੇ ਇਸ ਪ੍ਰਾਜੈਕਟ ਬਾਰੇ ਜਾਣਕਾਰੀ ਵਿਚ ਦੱਸਿਆ ਕਿ 'ਤੇਰੀ ਸਿੱਖੀ' ਸੰਸਥਾ ਦੇ ਨੁਮਾਇੰਦੇ ਭਾਰਤ ਦੇ ਵਿਦੇਸ਼ ਰਾਜ ਮੰਤਰੀ ਸ੍ਰੀ ਸ਼ਸ਼ੀ ਥਰੂਰ ਨੂੰ ਮਿਲ ਕੇ ਇਸ ਸਬੰਧੀ ਇਕ ਯਾਦ-ਪੱਤਰ ਦੇਣਗੇ।

ਇਸ ਮੌਕੇ ਗੁਰਦੁਆਰਾ ਐਲ ਸਬਰਾਂਟੇ ਦੀ ਪ੍ਰਬੰਧਕ ਕਮੇਟੀ ਦੀ ਤਰਫੋਂ ਗੁਰਬਚਨ ਸਿੰਘ ਜੌਹਲ, ਗੁਰਮੇਲ ਸਿੰਘ ਸੈਣੀ, ਸਰਗਣ ਸਿੰਘ ਸ਼ੇਰਗਿੱਲ, ਕਸ਼ਮੀਰ ਸਿੰਘ ਹੇਅਰ, ਰਵਿੰਦਰ ਸਿੰਘ ਬਾਠ, ਝਿਲਮਿਲ ਸਿੰਘ, ਬੀਬੀ ਕੁਲਵੰਤ ਕੌਰ ਮੱਲ੍ਹੀ ਅਤੇ ਹੋਰ ਸੱਜਣਾਂ ਨੇ ਮਾਲੀ ਮਦਦ ਦੇ ਨਾਲ ਹਰ ਤਰ੍ਹਾਂ ਦੀ ਮਦਦ ਦੇਣ ਦਾ ਭਰੋਸਾ ਦਿੱਤਾ। ਭੁਪਿੰਦਰ ਸਿੰਘ ਦਦੇਹਰ, ਬੈਂਸ ਟਰੱਕਿੰਗ ਫੇਅਰਫੀਲਡ, ਰੈਂਡੀ ਬੈਂਸ ਤੇ ਦੀਪ ਬੈਂਸ ਨੇ ਵੀ ਮਾਲੀ ਮਦਦ ਦਿੱਤੀ।

## ਅਲਕਾਇਦਾ ਵਲੋਂ ਹੁਣ ਚੀਨ ਨੂੰ ਚੇਤਾਵਨੀ

**ਦੁਬਈ:** ਅਤਿਵਾਦੀ ਸੰਗਠਨ ਅਲਕਾਇਦਾ ਨੇ ਚੀਨ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇ ਉਸ ਨੇ ਮੁਸਲਮਾਨਾਂ ਪ੍ਰਤੀ ਆਪਣਾ ਰਵੱਈਆ ਨਾ ਬਦਲਿਆ ਤਾਂ ਰੂਸ ਵਾਂਗ ਉਸ ਦੇ ਵੀ ਕਈ ਟੁਕੜੇ ਹੋ ਜਾਣਗੇ।

ਅਲਕਾਇਦਾ ਦੇ ਇਕ ਪ੍ਰਮੁੱਖ ਅੱਤਵਾਦੀ ਕਮਾਂਡਰ ਅਬੂ ਯਾਹੀਯਾ ਨੇ ਇਸ ਦੇ ਨਾਲ ਹੀ ਚੀਨ ਦੇ ਸ਼ਿਨਝਿਆਂਗ ਸੂਬੇ ਵਿਚ ਘੱਟ ਗਿਣਤੀ ਉਈਗਰ ਭਾਈਚਾਰੇ ਦੇ ਲੋਕਾਂ ਤੋਂ ਚੀਨ ਸਰਕਾਰ ਵਿਰੁਧ ਮੁਹਿੰਮ ਛੇੜਨ ਅਤੇ ਮੁਸਲਮਾਨਾਂ ਨੂੰ ਉਨ੍ਹਾਂ ਨੂੰ ਹਮਾਇਤ ਦੇਣ ਦਾ ਸੱਦਾ ਦਿੱਤਾ। ਅਲਕਾਇਦਾ ਦੇ ਇਕ ਪ੍ਰਮੁੱਖ ਅੱਤਵਾਦੀ ਕਮਾਂਡਰ ਯਬੂਯਾਹੀਆ ਨੇ ਮੁਸਲਿਮ ਵੈੱਬਸਾਈਟਾਂ 'ਤੇ ਜਾਰੀ ਇਕ ਵੀਡੀਓ ਟੇਪ ਵਿਚ ਚੀਨ ਨੂੰ ਚੇਤਾਵਨੀ ਦਿੱਤੀ ਕਿ ਜੇ ਉਸਨੇ ਆਪਣਾ ਰਵੱਈਆ ਨਾਂ ਬਦਲਿਆ ਤਾਂ ਉਹ ਵੀ ਉਸੇ ਤਰ੍ਹਾਂ ਛੋਟੇ-ਛੋਟੇ ਟੁਕੜਿਆਂ ਵਿਚ ਵੰਡਿਆ ਜਾਵੇਗਾ ਜਿਵੇਂ ਦੋ ਦਹਾਕੇ ਪਹਿਲਾਂ ਸੋਵੀਅਤ ਸੰਘ ਵੰਡਿਆ ਗਿਆ ਸੀ। ਵੀਡੀਓ ਟੇਪ ਵਿਚ ਚੀਨ 'ਤੇ ਉਈਗਰ ਭਾਈਚਾਰੇ ਦੇ ਲੋਕਾਂ ਦਾ ਕਤਲੇਆਮ ਕਰਕੇ ਉਨ੍ਹਾਂ ਦੀ ਪਛਾਣ ਖਤਮ ਕਰਨ ਦਾ ਦੋਸ਼ ਲਗਾਉਂਦੇ ਹੋਏ ਕਿਹਾ ਗਿਆ ਹੈ ਕਿ ਚੀਨ ਵੀ ਆਪਣੇ ਮਾੜੇ ਦਿਨਾਂ ਵਲ ਵਧ ਰਿਹਾ ਹੈ।


ਸਮੂਹ ਪੰਜਾਬੀ ਭਾਈਚਾਰੇ ਨੂੰ

ਦੀਵਾਲੀ ਮੁਬਾਰਕ !

ਮਕਬੂਲ ਗੀਤ
ਦੋ ਪੈਗ ਲਾ ਕੇ (ਹਰਭਜਨ ਸ਼ੇਰਾ)
ਤੇਰੇ ਬਿਨ (ਮਾਸਟਰ ਸਲੀਮ)
ਚੰਨਾ ਵੇ ਚੰਨਾ (ਹਰਭਜਨ ਸ਼ੇਰਾ)
ਨੱਚੂੰਗੀ ਤੇਰੇ ਨਾਲ (ਡੌਲੀ ਸਿੰਘ)
ਗੱਲ ਸੁਣ ਕੁੜੀਏ (ਸਤਨਾਮ-ਜਸਵੰਤ)
ਸਾਡੇ ਨਾਲ ਭੰਗੜਾ (ਗਾਇਕ ਗੁਰਬਾਵਾ)
ਕਲੀ ਜੋਟਾ (ਕੁਲਬੀਰ)
ਆਏ ਜੱਟ ਬਿਲੋ ਰਾਣੀਏ (ਮੀਤ ਮਲਕੀਤ)
ਹਾਏ ਓ ਮੇਰੀ ਬੱਲੀ (ਹਰਭਜਨ ਸ਼ੇਰਾ)
ਰੁੱਤ ਪਿਆਰ ਦੀ (ਸਤਨਾਮ-ਜਸਵੰਤ)
ਬੋਲ ਲੱਛੀਏ (ਕੁਲਬੀਰ)



ਵਲੋਂ :ਹਰਜੀਤ ਹਰ (ਗੀਤਕਾਰ) ਫੋਨ:317-937-9810
ਮਨਿੰਦਰ ਕੌਰ (ਪਤਨੀ), ਹਰਜੋਤ (ਬੇਟੀ) ਅਤੇ ਪਰਿਵਾਰ



ਖੁਸ਼ੀਆਂ ਭਰੀ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀ ਸਾਰੇ ਸੰਸਾਰ ਨੂੰ

ਲੱਖ ਲੱਖ ਵਧਾਈ !

ਵਲੋਂ:
ਨੀਟੂ ਸਿੰਘ ਕਾਹਲੋਂ
ਅਤੇ ਸਮੂਹ ਪਰਿਵਾਰ



ਸ. ਨੀਟੂ ਸਿੰਘ ਕਾਹਲੋਂ
ਫੋਨ:408-624-6525
neetuk15@yahoo.com

# ਕਬੱਡੀ ਖਿਡਾਰੀ ਹੈਪੀ ਸੰਧੂ ਦਾ ਸਨਮਾਨ

**ਫਰੀਮਾਂਟ (ਅਸ਼ੋਕ ਭੌਰਾ):** ਹਾਲ ਹੀ ਵਿਚ ਰੁੜਕਾ ਕਲਾਂ ਦੇ ਨਵਜਿੰਦਰ ਸਿੰਘ ਉਰਫ ਹੈਪੀ ਸੰਧੂ ਨੇ ਜਿਹੜਾ ਇਤਿਹਾਸ ਰਚਿਆ ਹੈ, ਵਾਪਿਸ ਵਤਨ ਪਰਤਣ ਤੇ ਉਹਦੇ ਸਨਮਾਨ ਵਿਚ ਇਕ ਵਿਸ਼ਾਲ ਸਮਾਗਮ ਬੀਤੇ ਦਿਨੀਂ ਜਲੰਧਰ ਜ਼ਿਲੇ ਦੇ ਖੇਡਾਂ ਦਾ ਵੱਖਰਾ ਇਤਿਹਾਸ ਬਣਾਉਣ ਵਾਲੇ ਇਸ ਪਿੰਡ ਰੁੜਕਾ ਕਲਾਂ ਵਿਚ ਬੇ-ਏਰੀਆ ਸਪੋਰਟਸ ਕਲੱਬ ਅਤੇ ਪਿੰਡ ਵਾਲਿਆਂ ਵਲੋਂ ਕੀਤਾ ਗਿਆ। ਕੁਲਵੰਤ ਸਿੰਘ ਸੰਧੂ, ਮੇਲਾ ਸਿੰਘ ਰੁੜਕਾ, ਗੁਰਕੰਵਲ ਦਾਸ ਸੋਨੀ ਅਤੇ ਐਸ.ਪੀ. ਸੁਰਜੀਤ ਸਿੰਘ ਸੰਧੂ ਵਲੋਂ ਹੈਪੀ ਨੂੰ ਮਾਣ ਵਿਚ ਤੋਹਫਿਆਂ ਨਾਲ ਲੱਦ ਦਿੱਤਾ ਗਿਆ।



ਜ਼ਿਕਰਯੋਗ ਹੈ ਕਿ ਹੈਪੀ ਸੰਧੂ ਅਮਰੀਕਾ ਵੱਸਦੇ ਲਹਿੰਬਰ ਸਿੰਘ ਸੰਧੂ ਦਾ ਹੋਣਹਾਰ ਬੇਟਾ ਹੈ। ਪਿਉ ਨੇ ਪੁੱਤ ਦੀ ਚੜ੍ਹਾਈ ਦੀਆਂ ਖਬਰਾਂ ਇੰਟਰਨੈਟ ਤੇ ਅਖਬਾਰਾਂ ਜ਼ਰੀਏ ਹੀ ਵੇਖੀਆਂ ਹਨ ਤੇ ਅਗਲੇ ਕੁਝ ਮਹੀਨਿਆਂ ਤੱਕ ਪਿਓ-ਪੁੱਤਰ ਵੀਹ ਸਾਲਾਂ ਬਾਅਦ ਅਮਰੀਕਾ 'ਚ ਗਲਵੱਕੜੀ ਹੋਣਗੇ। ਲਹਿੰਬਰ ਸਿੰਘ ਨੇ ਪੰਜਾਬ ਰਾਜ ਬਿਜਲੀ ਬੋਰਡ ਲਈ ਲੰਮਾ ਸਮਾਂ ਫੁੱਟਬਾਲ ਵਿਚ ਸਟਾਪਰ ਵਜੋਂ ਖੇਡ ਖੇਡੀ। ਉਦੋਂ ਇਕ ਪਾਸੇ ਸ਼ੰਕਰੀਆ ਘੁੱਗਾ ਤੇ ਦੂਜੇ ਪਾਸੇ ਲਹਿੰਬਰ ਹੁੰਦਾ ਸੀ। ਇਥੇ ਇਹ ਵੀ ਦੱਸਣਯੋਗ ਹੈ ਕਿ ਹੈਪੀ ਬੇ-ਏਰੀਆ ਸਪੋਰਟਸ ਕਲੱਬ ਦੇ ਕਬੱਡੀ ਖਿਡਾਰੀ ਹਰਮਨਪ੍ਰੀਤ ਦੇ ਤਾਏ ਦਾ ਮੁੰਡਾ ਹੈ ਤੇ ਹੈਪੀ ਅਗਲੇ ਕੁਝ ਮਹੀਨਿਆਂ ਵਿਚ ਇਸੇ ਕਲੱਬ ਦੀ ਟੀਮ ਦੀ ਸ਼ਾਨ ਬਣੇਗਾ। ਕਲੱਬ ਦੇ ਚੇਅਰਮੈਨ ਬਲਜੀਤ ਸੰਧੂ ਅਨੁਸਾਰ ਹੈਪੀ ਦੇ ਸਨਮਾਨ ਵਿਚ ਹੁਣ ਤੋਂ ਹੀ ਵਿਸ਼ਾਲ ਸਮਾਗਮ ਦਾ ਪ੍ਰਬੰਧ ਕੀਤੇ ਜਾਣ ਦੀਆਂ ਤਿਆਰੀਆਂ ਅਰੰਭ ਦਿੱਤੀਆਂ ਹਨ।


No.1 Money Exchange

We Provide Highest Exchange Rate in market. Fast and 100% Reliable Service to send money to India, Pakistan and many other countries.

Contact:Jaswinder Singh

916-538-1567

Security Cameras For Your Business

WWW.PROLYNKS.COM



ਕੀ ਤੁਹਾਨੂੰ ਆਪਣੇ ਬਿਜਨਸ ਦੀ ਚਿੰਤਾ ਰਹਿੰਦੀ ਹੈ

ਸੌ ਫੀਸਦੀ ਨਤੀਜੇ ਦੀ ਗਾਰੰਟੀ



- ਮੁਲਾਜ਼ਮਾਂ ਵਲੋਂ ਚੋਰੀ
- ਮੁਲਾਜ਼ਮਾਂ ਦੇ ਕੰਮ ਉਤੇ ਨਿਗਾਹ
- ਲੁੱਟ-ਖੋਹ
- ਟਰੈਸਪਾਸਿੰਗ ਦੀ ਸਮੱਸਿਆ
- ਗਾਹਕਾਂ ਵਲੋਂ ਚੋਰੀ
- ਹਥਿਆਰਬੰਦ ਡਾਕੇ ਤੇ ਚੋਰੀਆਂ

ਦੂਰ ਬੈਠਿਆਂ ਇੰਟਰਨੈਟ ਰਾਹੀਂ ਆਪਣੇ ਬਿਜਨਸ ਉਤੇ ਨਿਗਾਹ ਰੱਖੋ



We will beat any competitor prices!!!

4 Camera System Prices Starting At $59.99/mo*

FREE ESTIMATE

PROFESSIONAL INSTALLATION

408-294-9900

1-888-PRO-LYNK

Serving Bay Area Businesses For Past 7 Years

ProLynks LINKING OUR WORLD

1194 S 2nd St.
San Jose, CA 95112


## ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਦੀਵਾਲੀ ਮੁਬਾਰਕ !




Manjit Gill, Prisident
CA Lic#OB23990

Civil Service Employees Insurance Group

ਇੰਸ਼ੋਰੈਂਸ

ਕਾਰ, ਘਰ, ਜੀਵਨ ਤੇ ਬਿਜਨਸ

ਵਾਜਬ ਭਾਅ 'ਤੇ ਬੀਮੇ ਦੀਆਂ ਆਪਣੀਆਂ ਸਭ ਲੋੜਾਂ ਲਈ ਕਾਲ ਕਰੋ

Truck Insurance
Liquor Store/Gas Stations
Workers Compensation

Gill Financial & Insurance Services

510-415-2368, 209-524-4008

www.gillfinancial.com

Real Estate/Loans

Bank Owne/Foreclosed Homes

*Central Valley Specialist*

*Your Dream House @ Right Price.
*Loan approvals with-in minutes.
*Free list of homes available.

American Realty & Business Corp
2937 Veneman Ave, Suite B-150 Modesto CA

Call: Manjit Gill 510-415-2368
Dre#01524555 209-524-4008

Loan Modifiacation

Lower Your Home
Mortgage Payment
Stop Foreclousers

# ਵਾਹ ਬਈ ਵਾਹ ! ਰੁੜਕੇ ਵਾਲੇ ਸੰਧੂ ਭਰਾਵਾਂ ਦਾ ਕਬੱਡੀ ਇਸ਼ਕ

**ਐਸ. ਅਸ਼ੋਕ ਭੌਰਾ**

ਦਸਤਖਤ ਹੱਥਾਂ ਨਾਲ ਕਰਨ ਵਾਲੇ ਹੀ ਨਹੀਂ ਸਗੋਂ ਸੋਹਣੀਆਂ ਸ਼ਕਲਾਂ-ਸੂਰਤਾਂ ਵੀ ਆਪਣੇ ਆਪ ਵਿਚ ਵਧੀਆ ਹਸਤਾਖਰ ਹੁੰਦੀਆਂ ਹਨ। ਕਈ ਬੰਦੇ ਹੁੰਦੇ ਤਾਂ ਅੰਗੂਠਾ ਛਾਪ ਨੇ ਪਰ ਛਾਪਣਗੇ ਅਜਿਹਾ ਕਿ ਬੰਦਾ ਐਨਕਾਂ ਲਾ ਲਾ ਕੇ ਵੇਖਦੈ ਰੇਖਾਵਾਂ ਕਿੰਨੀਆਂ ਵਧੀਆ ਨੇ। ਸਿਆਣੇ ਕਹਿੰਦੇ ਨੇ ਬੰਦੇ ਦੀ ਗੱਲਾਂ ਕਰਕੇ ਨਹੀਂ ਕੰਮਾਂ ਕਰਕੇ ਵਾਹਵਾ ਵਾਹਵਾ ਹੁੰਦੀ ਐ। ਕਈ ਟੱਬਰਾਂ, ਪਰਿਵਾਰਾਂ ਤੇ ਬੰਦਿਆਂ ਦੀ ਅੱਲ ਪੈ ਜਾਂਦੀ ਹੈ ਤੇ ਕਈ ਬੰਦੇ ਅੱਲਾਂ ਪਾ ਦਿੰਦੇ ਨੇ। ਜਲੰਧਰ ਜ਼ਿਲੇ ਦਾ ਪਿੰਡ ਐ ਰੁੜਕਾ ਕਲਾਂ। ਜਦੋਂ ਚੰਨ ਗੁਰਾਇਆ ਦਾ ਗੀਤਕਾਰੀ ਵਿਚ ਨਰਿੰਦਰ ਬੀਬਾ ਤੇ ਐਚ ਦੇਵ ਦੇ ਇਕ ਗੀਤ 'ਚੰਡੀਗੜ੍ਹ ਰਹਿਣ ਵਾਲੀਏ ਅਸੀਂ ਪੇਂਡੂ ਨੀਂ ਦਿਲਾਂ ਦੇ ਮਾੜੇ' ਦੀ ਆਖਰੀ ਸਤਰ 'ਫਿਲਮ ਗੁਰਾਈਂ ਵੇਖਣ ਚੱਲੀਏ ਫੈਸ਼ਨ ਕਰਕੇ ਪੂਰਾ' ਨਾਲ ਬਹਿ ਜਾ ਬਹਿ ਜਾ ਹੋਈ ਤਾਂ ਲੋਕ ਕਹਿੰਦੇ ਸਨ ਗੁਰਾਇਆ ਲਾਗੇ ਐ ਰੁੜਕਾ ਤੇ ਜਦੋਂ ਬਲਜੀਤ ਸੰਧੂ, ਸੁਰਜੀਤ ਸੰਧੂ ਤੇ ਚਰਨਜੀਤ ਸੰਧੂ ਹੋਰਾਂ ਨੇ ਦੁਨੀਆਂ ਦੀ ਵੱਡੀ ਤਾਕਤ ਵਾਲੇ ਅਮਰੀਕਾ ਵਿਚ 'ਕੌਡੀ ਕੌਡੀ' ਕਰਦਿਆਂ 'ਕੌਡੀ ਕੌਡੀ' ਕਰਵਾਈ ਤਾਂ ਫਿਰ ਕਿਹਾ ਜਾਣ ਲੱਗ ਪਿਆ 'ਰੁੜਕੇ ਲਾਗੇ ਐ ਗੁਰਾਇਆ। ਦੁਨੀਆਂ ਉਤੇ ਮਾੜੇ ਤੇ ਮਹਾਨ ਬੰਦਿਆਂ ਦੀ ਘਾਟ ਨਹੀਂ ਪਰ ਜਿਹੜੇ ਇਹ ਪੜ੍ਹ ਜਾਂਦੇ ਨੇ 'ਖੇਡਾਂ ਬੀਬਾ ਖੇਡਣ ਲਈ ਜਿੱਤ ਜਿੱਤ ਕੇ ਹਰਨਾ ਪੈਂਦਾ ਏ' ਉਹ ਜਾਣ ਜਾਂਦੇ ਨੇ ਪਾਪੜ ਵੇਲਣੇ ਨਹੀਂ ਖਾਣੇ ਚਾਹੀਦੇ ਐ।

ਅੱਲਾਂ ਦੀ ਗੱਲ ਚੱਲੀ ਸੀ ਜੇ ਖੇਡਾਂ ਨਾਲ ਤਿਹੁ-ਮੋਹ ਹੈ ਤਾਂ ਜਾਣਦੇ ਹੋਵੋਂਗੇ ਕਿਲਾ ਰਾਏਪੁਰ ਦੀਆਂ ਖੇਡਾਂ ਗਰੇਵਾਲਾਂ ਨਾਲ ਜੁੜੀਆਂ ਹੋਈਆਂ ਨੇ, ਗੁੱਜਰਵਾਲ ਦੀਆਂ ਵੀ। ਹਕੀਮਪੁਰ ਪੁਰੇਵਾਲ ਭਰਾਵਾਂ ਦੇ ਨਾਂ ਹੋ ਗਿਆ ਹੈ। ਮੰਨਣਹਾਣੇ ਦਾ ਕੁਸ਼ਤੀ ਕੁੰਭ ਅਮਰੀਕਾ ਵੱਸਦੇ ਜੰਗ ਬਹਾਦਰ ਸਿੰਘ ਪਰਮਾਰ ਦੇ ਨਾਂ। ਜਲੰਧਰ ਵਾਲੀਆਂ ਖੇਡਾਂ ਇੰਗਲੈਂਡ ਵਾਲੇ ਧਨੋਏ ਭਰਾਵਾਂ ਦੇ ਨਾਂ ਤੇ ਕੈਲੀਫੋਰਨੀਆ ਵਾਲਾ 'ਬੇ-ਏਰੀਆ ਸਪੋਰਟਸ ਕਲੱਬ' ਸਾਰੇ ਦਾ ਸਾਰਾ ਸੰਧੂ ਭਰਾਵਾਂ ਦੀ ਵਸੀਅਤ ਹੈ। ਸੰਧੂਆਂ ਤੇ ਕਲੱਬ ਨੂੰ ਅਲਹਿਦਾ ਅਲਹਿਦਾ ਕਰਕੇ ਨਹੀਂ ਵੇਖਿਆ ਜਾ ਸਕਦਾ। ਇਸੇ ਕਲੱਬ ਦੀ ਸੱਜੀ-ਖੱਬੀ ਬਾਂਹ ਦਿਲਬਾਗ ਸੰਧੂ ਤੇ ਬਲਜੋਗ ਸੰਧੂ ਨੇ ਤੇ ਰਿਸ਼ਤਿਆਂ ਵਿਚ ਇਹ ਗੂੜ੍ਹੇ ਰਿਸ਼ਤੇ ਮਾਸੀਆਂ ਦੇ ਪੁੱਤ ਨੇ।

ਇਤਿਹਾਸ ਦੀ ਪੈੜ 'ਚ ਪੈਰ ਰੱਖ ਕੇ ਵੇਖੋ ਤਾਂ ਲੱਗੇਗਾ 1980 ਤੋਂ 89 ਤੱਕ ਰੁੜਕੇ ਦੇ ਸੱਤ ਖਿਡਾਰੀ ਅਮਰੀਕਾ ਦੀ ਕਬੱਡੀ 'ਚ ਖੇਡਦੇ ਰਹੇ। ਇਨ੍ਹਾਂ ਵਿਚ ਕਲੱਬ ਦਾ ਦਿਲਬਾਗ ਸੰਧੂ ਕੋਚ, ਬਲਜੋਗ ਸੰਧੂ, ਬਲਜੀਤ ਸੰਧੂ ਸ਼ਾਮਿਲ ਸਨ। ਕੁਲਵੰਤ ਸਿੰਘ ਪੱਡਾ, ਪਾਲੀ ਸਰਹਾਲ ਕਾਜੀਆਂ, ਬਲਬੀਰ ਬੀਰੀ, ਰਵਿੰਦਰ ਗਾਂਧੀ ਉਨ੍ਹਾਂ ਦਿਨਾਂ ਵਿਚ ਤੋਤੇ ਵਾਂਗ ਸੰਧੂਰੀ ਅੰਬ ਟੁੱਕਦੇ ਰਹੇ।

ਜਿਹੜੇ ਹਾਲੇ ਤੀਕਰ ਰੁੜਕਾ ਕਲਾਂ ਬਾਰੇ ਨਹੀਂ ਜਾਣਦੇ, ਉਨ੍ਹਾਂ ਦੀ ਜਾਣਕਾਰੀ ਵਿਚ ਵਾਧਾ ਕਰ ਦਿਆਂ ਕਿ ਇਹ ਉਹੀ ਪਿੰਡ ਹੈ ਜਿਥੇ ਰਾਜਨੀਤੀ ਵੀ ਬੜੀ ਹੈ, ਬੜਾ ਪਿੰਡ ਹੋਣ ਕਰਕੇ ਪੱਤੀਆਂ 'ਚ ਵੰਡਣਾ ਪੈ ਗਿਐ, ਇਥੋਂ ਦਾ ਕਿੰਗ ਆਫ ਰੁੜਕਾ ਕਲਾਂ ਬਚਿੰਤ ਸਿੰਘ ਸੀ ਜਿਸ ਨੇ ਅੰਗਰੇਜ਼ਾਂ ਦੀ ਹੁਕਮ ਅਦੂਲੀ ਕਰਕੇ ਉਨ੍ਹਾਂ ਵਿਚ ਬਗਾਵਤ ਦੀ ਪੰਚਾਇਤ ਬਣਾ ਦਿੱਤੀ ਸੀ। ਰੁੜਕੇ ਦਾ ਲੰਮਾ ਸਮਾਂ ਸਰਪੰਚ ਰਿਹਾ ਕਾਮਰੇਡ ਕੁਲਵੰਤ ਸਿੰਘ ਸੰਧੂ ਫਗਵਾੜੇ 'ਚ ਮੇਰਾ ਹਮਜਮਾਤੀ ਰਿਹੈ ਤੇ ਇਹ ਕਾਂਗਰਸੀਆਂ ਦਾ ਵੀ ਹੈ, ਕਾਮਰੇਡਾਂ ਦਾ ਵੀ, ਅਕਾਲੀਆਂ ਦਾ ਵੀ ਤੇ ਹਾਥੀ ਵਾਲਿਆਂ ਦਾ ਵੀ। ਇਸੇ ਪਿੰਡ ਦੇ ਬਾਬਾ ਭਾਈ ਸਾਧੂ ਤੇ ਬਾਬਾ ਚਿੰਤਾ ਜੀ ਪੂਜਣਯੋਗ ਅਸਥਾਨ ਹਨ। ਮੰਨੋਗੇ ਕਿ ਹਰ ਸਾਲ 26 ਜਨਵਰੀ ਨੂੰ ਗੁਰਦਾਸ ਮਾਨ ਸਾਰੇ ਸਰਕਾਰੀ ਪ੍ਰੋਗਰਾਮ ਛੱਡ ਕੇ ਬਾਬਾ ਚਿੰਤਾ ਦੀ ਜਗ੍ਹਾ 'ਤੇ ਪੁੱਜਦੈ ਤੇ ਉਹਦੇ ਨਾਲ ਹੀ ਮੈਨੂੰ ਵੀ ਕਈ ਵਾਰ ਜਾਣ ਦਾ ਮੌਕਾ ਮਿਲਿਐ। ਇਸੇ ਲਈ ਲੋਕੀਂ ਸੋਚਦੇ ਨੇ ਛੱਡੋ 26 ਜਨਵਰੀ ਕੀ ਵੇਖਣੀ ਆ ਬਾਬਾ ਚਿੰਤੇ ਦੀ ਜਗ੍ਹਾ 'ਤੇ ਚੱਲਦੇ ਹਾਂ ਨਾਲੇ ਸੁਰਮਾ ਨਾਲੇ ਗਾਉਣ ਪਾਣੀ, ਯਾਨਿ ਨਾਲੇ ਪੁੰਨ ਨਾਲੇ ਫਲੀਆਂ!

ਗੱਲ ਕਬੱਡੀ ਦੇ ਇਸ਼ਕ ਦੀ ਕਰਦੇ ਹਾਂ। ਭਰਾ ਤਾਂ ਤਿੰਨ ਨੇ ਸੁਰਜੀਤ, ਚਰਨਜੀਤ ਤੇ ਬਲਜੀਤ ਸੰਧੂ ਪਰ ਪਤਾ ਨਹੀਂ ਕਿਹੜੇ ਪੀਰਾਂ-ਫਕੀਰਾਂ ਵਾਂਗ ਤਿੰਨ ਬਚਨ ਮਿਲੇ ਕਿ ਤਿੰਨੋਂ ਕਬੱਡੀ ਦੇ ਆਸ਼ਕ ਹੋ ਗਏ। ਜਲੰਧਰ ਪੜ੍ਹਦਿਆਂ ਬਲਜੀਤ ਇੰਟਰ 'ਵਰਸਿਟੀ ਖੇਡਿਆ ਤੇ ਫਿਰ ਅਮਰੀਕਾ 'ਚ 'ਫੜ੍ਹ ਲੋ ਫੜ੍ਹ ਲੋ' ਕਰਵਾਈ ਰੱਖੀ। ਜਿਹੜੀ ਉਹਦੀ ਸ਼ਖਸੀਅਤ ਬਾਰੇ ਖਾਸ ਗੱਲ ਹੈ, ਉਹ ਇਹ ਕਿ ਗੁਰਦਾਸ ਮਾਨ ਵਾਂਗ ਸਿਰੇ ਦੀ ਨਿਮਰਤਾ ਹੈ। ਉਹ ਭੱਜ ਭੱਜ ਕੇ ਗਲਵੱਕੜੀਆਂ ਪਾਉਣ ਨੂੰ ਕਾਹਲਾ ਪਿਆ ਰਹਿੰਦੈ। ਖਿਡਾਰੀਆਂ ਨਾਲ ਇਸ ਹੱਦ ਤੱਕ ਇਸ਼ਕ ਹੈ ਕਿ ਖੇਡਦੇ ਮੁੰਡੇ ਨੇ ਤੇ ਲੁੱਡੀਆਂ ਬਲਜੀਤ ਪਾ ਰਿਹਾ ਹੁੰਦੈ।

ਚੱਲਦੇ ਮੈਚ ਵਿਚ ਜਾਫੀਆਂ, ਰੇਡਰਾਂ ਦੁਆਲੇ ਪਾਣੀ ਦੀਆਂ ਬੋਤਲਾਂ ਲੈ ਲੈ ਕੇ ਘੁੰਮਦੈ। ਪ੍ਰਧਾਨ ਦਿਲਬਾਗ ਸੰਧੂ ਮੈਚ ਵਾਲੇ ਸਮੇਂ ਵਿਚ ਕੋਈ ਗੱਲ ਵੀ ਕਰੇ ਤਾਂ ਹੁੰਗਾਰਾ ਨਹੀਂ ਭਰਦੈ। ਬਲਜੋਗ ਊਂ ਕੁਹਣੀਆਂ ਭੰਨ ਰਿਹਾ ਹੁੰਦੈ। ਚਰਨਜੀਤ ਪਾਲੇ ਵਾਲੀ ਕਤਾਰ ਤੋਂ ਬਾਹਰ ਹੀ ਭਲਵਾਨੀ ਗੇੜੀ ਰੱਖਦੈ ਤੇ ਸੁਰਜੀਤ ਸੈਟੇਲਾਈਟ ਵਾਂਗ ਸਭ ਕੁਝ ਦੂਰੋਂ ਵੇਖੀ ਜਾਂਦਾ।

ਕਿਸੇ ਵੇਲੇ ਕਿਲਾ ਰਾਏਪੁਰ ਦੀਆਂ ਖੇਡਾਂ ਦਾ ਬਜਟ ਪੰਜਾਬ ਸਰਕਾਰ ਦੇ ਸਪੋਰਟਸ ਵਿਭਾਗ ਦੇ ਫੰਡ ਨਾਲੋਂ ਵੀ ਚੁੱਗਣਾ ਹੋ ਜਾਂਦਾ ਸੀ। ਬੇ-ਏਰੀਆ ਸਪੋਰਟਸ ਕਲੱਬ ਦਾ ਅਮਰੀਕਾ ਦੀਆਂ ਕਈ ਕਬੱਡੀ ਕਲੱਬਾਂ ਨਾਲੋਂ ਹੀ ਨਹੀਂ ਕੈਨੇਡਾ ਦੀਆਂ ਕਬੱਡੀ ਸੰਸਥਾਵਾਂ ਤੋਂ ਵੀ ਵੱਧ ਹੈ। ਬਲਜੀਤ ਸੰਧੂ ਨੇ ਮਦਦ ਲੈਣ ਆਏ ਕਿਸੇ ਸਵਾਲੀ ਨੂੰ ਜੇ ਕਦੇ ਖਾਲੀ ਹੱਥ ਨਹੀਂ ਤੋਰਿਆ ਤਾਂ ਇਹ ਵੀ ਯਕੀਨ ਵਾਲੀ ਗੱਲ ਹੈ ਕਿ ਆਪਣੇ ਕਲੱਬ ਲਈ ਮਾਇਆ ਦੇ ਅੰਬਾਰ ਲਾਉਣੇ ਉਹਦੇ ਸਬੰਧਾਂ ਤੇ ਮਿੱਠੀ ਜ਼ੁਬਾਨ ਦਾ ਅਸਰ-ਰਸੂਖ ਹੈ।



*ਬਲਜੀਤ ਸਿੰਘ ਸੰਧੂ*

ਭਾਵੇਂ ਬੇ-ਏਰੀਆ ਸਪੋਰਟਸ ਕਲੱਬ ਦਾ ਕੇਂਦਰ ਬਿੰਦੂ ਕੈਲੀਫੋਰਨੀਆ ਵਿਚ ਹੇਵਰਡ ਹੈ ਪਰ ਇਸ ਦੇ ਖਿਡਾਰੀ, ਸਪਾਂਸਰ ਤੇ ਕਮੇਟੀ ਮੈਂਬਰ ਪੂਰੀ ਸਟੇਟ 'ਚੋਂ ਹਨ। ਪ੍ਰਾਪਤੀਆਂ ਦੇ ਮੁੱਖ ਬੰਦ 'ਤੇ ਸਰਸਰੀ ਨਜ਼ਰ ਮਾਰੋ ਤਾਂ ਕਬੱਡੀ ਦੇ ਸ਼ੌਕੀਨਾਂ ਨੂੰ ਚਿਤਮਣੀ ਲੱਗੇਗੀ ਕਿ ਹੈਂ ਇਹ ਕੀ? ਇਸ ਵਰ੍ਹੇ ਯਾਨਿ ਕਿ 2009 ਦੇ ਹੁਣ ਤੱਕ ਦੇ ਹੋਏ ਵੱਡੇ ਕਬੱਡੀ ਟੂਰਨਾਮੈਂਟਾਂ 'ਚੋਂ ਸੱਤ ਵਾਰ ਪਹਿਲਾ ਸਥਾਨ ਉਪਰੋਕਤ ਕਲੱਬ ਨੇ ਹਾਸਿਲ ਕੀਤਾ ਹੈ। ਦੋ ਵਾਰ ਦੂਜੀ ਤੇ ਇਕ ਵਾਰ ਤੀਜੀ ਪੁਜੀਸ਼ਨ ਹਾਸਿਲ ਕੀਤੀ ਹੈ। ਅੰਡਰ-21 ਦੇ ਕਬੱਡੀ ਮੈਚਾਂ 'ਚੋਂ ਛੇਆਂ ਵਿਚੋਂ ਦੋ ਵਾਰ ਦੂਜੀ ਤੇ ਤਿੰਨ ਵਾਰ ਤੀਜੀ ਪੁਜੀਸ਼ਨ ਲਈ ਹੈ। ਅਠਾਰਾਂ ਤੋਂ ਘੱਟ ਉਮਰ ਦੇ ਵਰਗ ਵਿਚ ਚਾਰ ਵਾਰ ਪਹਿਲੇ ਤੇ ਦੋ ਵਾਰ ਦੂਜੇ ਸਥਾਨ ਉਤੇ ਰਹਿਣ ਦਾ ਇਤਿਹਾਸ ਬਣਾਇਆ ਹੈ। ਪਿਛਲੇ ਵਰ੍ਹੇ ਦੇ ਦਸ ਵੱਡੇ ਕਬੱਡੀ ਖੇਡ ਮੇਲਿਆਂ 'ਚੋਂ ਦਸਾਂ ਵਿਚੋਂ ਤਿੰਨ, ਦੋ, ਤਿੰਨ ਨਾਲ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਦਰਜਾ ਹਥਿਆਇਆ ਹੈ। ਅਸਚਰਜਨਕ ਗੱਲ ਇਹ ਹੈ ਕਿ ਕਬੱਡੀ ਲਈ ਸਰਕਾਰ ਭਾਵੇਂ ਕਲੱਬ ਦੀ ਚੱਲੇ ਪਰ ਸਤਿਕਾਰ ਵਿਚ ਬਾਦਸ਼ਾਹੀ ਬਲਜੀਤ ਦੇ ਹੱਥ ਹੀ ਹੁੰਦੀ ਹੈ। ਇਸ ਲਈ ਵੀ ਕਿ ਤਿੰਨੇ ਭਰਾ ਕਲੱਬ ਤੇ ਖਿਡਾਰੀਆਂ ਲਈ ਡਾਲਰਾਂ ਦੀਆਂ ਪੂਣੀਆਂ ਬਣਾ ਕੇ ਆਪਣੇ ਹੱਕ ਦੀ ਕਮਾਈ 'ਚੋਂ ਵਾਰਦੇ ਹਨ।

ਕਲੱਬ ਦੀਆਂ ਮਾਲੀ ਬਰਕਤਾਂ ਦਾ ਨਮੂਨਾ ਵੇਖੋ ਕਿ ਸਤੰਬਰ ਤੱਕ ਸਵਾ ਲੱਖ ਡਾਲਰ ਤੋਂ ਵੱਧ ਹਿਤੈਸ਼ੀਆਂ ਨੇ ਜਿਵੇਂ ਵਿਆਹ ਵਾਲੇ ਦਿਨ ਵਾਜੇ ਵਾਲਿਆਂ ਤੋਂ ਵਾਰ ਵਾਰ ਪੈਸੇ ਸੁੱਟੇ ਜਾਂਦੇ ਨੇ ਇਵੇਂ 'ਕੱਠੇ ਹੋਏ ਹਨ। ਇਨ੍ਹਾਂ ਵਿਚ ਬਲਜੋਗ ਸੰਧੂ, ਦਿਲਬਾਗ ਸੰਧੂ, ਬਲਜੀਤ, ਚਰਨਜੀਤ ਤੇ ਸੁਰਜੀਤ, ਰਾਜ ਭਨੋਟ, ਮੰਗਲ ਢਿੱਲੋਂ, ਕੁਲਦੀਪ ਸੰਧੜ, ਹਰਦੇਵ ਤੇ ਦਵਿੰਦਰ ਚਾਨਾ, ਰਾਜਾ ਸਵੀਟਸ, ਨਰਿੰਦਰ ਸੁੱਜੋਂ, ਗਣੇਸ਼ ਲਾਲ, ਤੀਰਥ ਸਿੰਘ ਪਲਾਹੀ, ਅਮਰਜੀਤ ਸਿੰਘ ਤੀਰਥ, ਮਹਿੰਦਰ ਸਿੰਘ ਗਿੱਲ, ਸਾਹਿਬਦੀਪ ਸਿੰਘ ਸੰਧੜ, ਕਿੰਦਾ ਬਿਹਾਰੀਪੁਰੀਆ, ਅਰਸ਼ਪ੍ਰੀਤ ਸੰਧੂ, ਬੀਰਾ ਸਿਧਵਾਂਵਾਲਾ, ਜਗਰੂਪ ਸਿੰਘ, ਜੋਗੀ ਕੈਨੇਡਾ, ਜਸਵੀਰ ਸਿੰਘ ਜੱਸਾ ਤੇ ਬਲਜੀਤ ਸਿੰਘ ਬਾਲੀ ਸ਼ਾਮਲ ਹਨ।

ਜਿਹੜੇ ਕਲੱਬ ਦੀ ਸ਼ਾਨ ਬਣੇ ਕਬੱਡੀ ਖਿਡਾਰੀ ਪੱਕੇ ਤੌਰ 'ਤੇ ਕੰਟਰੈਕਟ ਵਿਚ ਹਨ ਉਨ੍ਹਾਂ ਵਿਚ ਮਹਿੰਦਰ ਸਿੰਘ ਜੂਨੀ, ਜਸਕਰਨ ਸਿੰਘ, ਸਾਹਿਬਦੀਪ ਸੰਧੜ, ਅਮਰਜੀਤ ਸਿੱਧੂ (ਬਿੱਟੂ), ਬਲਦੇਵ ਸਿੰਘ, ਅੰਕਿਤ ਸਿੰਘ ਤੇ ਹਰਪ੍ਰੀਤ ਸੰਧੂ ਸ਼ਾਮਿਲ ਹਨ। ਕਲੱਬ ਤੇ ਸੰਧੂ ਭਰਾ ਭਵਿੱਖ ਵਿਚ ਸ਼ਾਮਲ ਹੋਣ ਵਾਲੇ ਜਿਨ੍ਹਾਂ ਖਿਡਾਰੀਆਂ ਦੀ ਬੇਸਬਰੀ ਨਾਲ ਉਡੀਕ ਵਿਚ ਹਨ ਉਨ੍ਹਾਂ ਵਿਚ ਜਸਜੀਤ ਸੰਧੂ (ਸਨੀ), ਸੁਖਜੋਤ ਸੰਧੂ (ਸਿਮਰਨ), ਜਸਕੀਰਤ ਸੰਧੂ (ਜੈਸਨ), ਇਕਬਾਲ ਸੰਧੂ (ਕੈਵਿਨ) ਅਤੇ ਹਰਪ੍ਰੀਤ ਸੰਧੂ (ਹੈਪੀ ਸੰਧੂ) ਸ਼ਾਮਿਲ ਹਨ।

ਇਹ ਘਟਨਾ ਵੀ ਹੈਰਾਨੀ ਤੋਂ ਘੱਟ ਨਹੀਂ ਕਿ ਨਵੇਂ ਸਾਲ 2010 ਦਾ ਸੂਰਜ ਹਾਲੇ ਚੜ੍ਹਨਾ ਹੈ ਪਰ ਕਲੱਬ ਨੇ ਕਰੀਬ ਸੱਤਰ ਹਜ਼ਾਰ ਡਾਲਰ ਮਾਇਆ ਦਾ ਪ੍ਰਬੰਧ ਕਰ ਲਿਆ ਹੈ। ਇਨ੍ਹਾਂ 'ਚੋਂ ਸਣੇ ਦਿਲਬਾਗ, ਬਲਜੋਗ ਤੇ ਤਿੰਨੋਂ ਸੰਧੂ ਭਰਾਵਾਂ ਦਾ ਕਰੀਬ ਪੈਂਤੀ ਹਜ਼ਾਰ ਦਾ ਲਕਸ਼ਮੀ ਮਿੱਤਲ ਵਾਂਗ ਹਿੱਸਾ ਹੈ। ਸੱਚ ਇਹ ਹੈ ਕਿ ਇਹ ਕਬੱਡੀ ਦੇ ਪੰਜੇ ਪੀਰ ਪੰਜਾਬੀਆਂ ਦੀ ਸਭ ਤੋਂ ਪਿਆਰੀ ਖੇਡ ਤੋਂ ਵਾਰੇ ਵਾਰੇ ਫਿਰ ਰਹੇ ਹਨ।

ਕਲੱਬ ਦੀਆਂ ਸਰਦਾਰੀਆਂ ਦਾ ਸਿਹਰਾ ਜਿਨ੍ਹਾਂ ਸਿਰ ਹੈ ਉਨ੍ਹਾਂ ਵਿਚ ਚੇਅਰਮੈਨ ਹੈ ਬਲਜੀਤ ਸੰਧੂ, ਪ੍ਰਧਾਨ ਹੈ ਦਿਲਬਾਗ ਸੰਧੂ, ਖਜ਼ਾਨਾ ਮੰਤਰੀ ਹੈ ਬਲਜੋਗ ਸੰਧੂ, ਮੁੱਖ ਨਿਰਦੇਸ਼ਕ ਅਵਤਾਰ ਤਾਰੀ ਦੇ ਨਾਲ ਨਿਰਦੇਸ਼ਕ ਹਨ ਮੰਗਲ ਢਿੱਲੋਂ, ਭੁਪਿੰਦਰ ਸਿੰਘ ਸਿੱਧੂ, ਗੁਰਦਿਆਲ ਢਿੱਲੋਂ, ਬਲਵੀਰ ਜੌਹਲ, ਲਖਬੀਰ ਸਹੋਤਾ, ਕਾਲਾ ਟਰੇਸੀ, ਅਮਰਜੀਤ ਤੀਰਥ, ਰਾਜ ਭਨੋਟ, ਮੱਖਣ ਬੈਂਸ, ਮਾਸਟਰ ਦੀਪਕ, ਦਵਿੰਦਰ ਚਾਨਾ ਤੇ ਲਖਵੀਰ ਚਾਨਾ। ਪਿਛਲੀਆਂ ਪੈੜਾਂ ਵਿਚ ਪ੍ਰਬੰਧਕ ਦੇ ਅੰਗ-ਸੰਗ ਹਨ ਕੁਲਦੀਪ ਸੰਧੂ, ਸੁੱਚਾ ਸੰਧੂ, ਗਣੇਸ਼ ਲਾਲ, ਨਰਿੰਦਰ ਸੁੱਜੋਂ, ਜੀਤੀ ਤੇ ਬਲਵੀਰ ਮਹੇ, ਬਲਵੀਰ ਸੂਬੇਦਾਰ, ਗੱਜਣ ਸਿੰਘ, ਕਰਮਜੀਤ ਸੰਧੂ, ਲਹਿੰਬਰ ਸਿੰਘ, ਚਰਨਜੀਤ ਪਰਾਗਪੁਰ, ਕੁਲਵਿੰਦਰ ਕਿੰਦਾ, ਬਲਕਾਰ ਸਿੰਘ ਅਤੇ ਹੋਰਨਾਂ ਅਨੇਕਾਂ ਸਮੇਤ ਕਬੱਡੀ ਨੂੰ ਸਿਰੇ ਤੱਕ ਲਿਜਾਣ ਵਾਲੀ ਕਮਾਂਡਰ ਬਲਜੀਤ ਦੀ ਤਾਕਤਵਰ ਫੌਜ ਹੈ। ਕਬੱਡੀ ਦੇ ਗੁਰ ਸਿਖਾਉਣ ਵਾਲਿਆਂ ਵਿਚ ਬਲਜੋਗ, ਨੇਕੀ ਸਿਧਵਾਂ, ਰੋਨੀ ਸੰਧੂ ਤੇ ਬਲਵੀਰ ਸੂਬੇਦਾਰ ਮੋਹਰੀ ਹਨ।

ਜਿਵੇਂ ਫੁੱਟਬਾਲ ਲਈ ਮੋਹਨ ਬਾਗਾਨ ਤੇ ਜੇ ਸੀ ਟੀ ਨੇ ਖਿਡਾਰੀਆਂ ਨੂੰ ਭਰਵੀਆਂ ਅਦਾਇਗੀਆਂ ਖੇਡਾਂ ਦੇ ਇਵਜਾਨੇ ਲਈ ਦਿੱਤੀਆਂ ਹਨ ਇਵੇਂ ਇਸ ਕਲੱਬ ਨੇ ਕਬੱਡੀ ਖਿਡਾਰੀਆਂ ਨੂੰ ਗੱਫੇ ਦੇਣ ਵਿਚ ਕੋਈ ਕਸਰ ਨਹੀਂ ਛੱਡੀ ਪਰ ਕਲੱਬ ਦੀਆਂ ਬਾਰਾਂ ਸ਼ਰਤਾਂ ਵਾਲਾ ਇਕਰਾਰਨਾਮਾ ਜ਼ਰੂਰ ਭਰਨਾ ਪੈਂਦਾ ਹੈ।

ਬਲਜੀਤ ਮਾਣ ਨਾਲ ਦੱਸੇਗਾ ਕਿ ਤੀਰਥ ਗਾਖਲ ਦੀ ਕਪਤਾਨੀ ਹੇਠ ਜਿਹੜੇ ਖਿਡਾਰੀ ਇਸ ਵੇਲੇ ਖੇਡ ਰਹੇ ਹਨ ਉਨ੍ਹਾਂ ਵਿਚ ਮਹਿੰਦਰ ਸਿੰਘ ਗਿੱਲ, ਕਿੰਦਾ ਬਿਹਾਰੀਪੁਰੀਆ, ਜਗਰੂਪ ਅਰਚੀਵਾਲ, ਸਾਹਿਬਦੀਪ ਸੰਧੜ, ਅੰਕਿਤ ਸਿੰਘ (ਰੇਡਰ) ਤੇ ਜੱਸਾ, ਬੀਰਾ ਸਿੱਧਵਾਂਵਾਲਾ, ਮੀਕਾ ਸੱਤੇਵਾਲੀਆ, ਅਮਰਜੀਤ ਤੀਰਥ, ਹਰਪ੍ਰੀਤ ਸੰਧੂ, ਅਮਰਜੀਤ ਸਿੱਧੂ, ਬਲਦੇਵ ਲਾਲੀ (ਸਾਰੇ ਸਟਾਪਰ), ਰਿਜ਼ਰਵ ਵਿਚ ਸੁਖਜੋਤ ਸੰਧੂ,

(ਬਾਕੀ ਸਫਾ 24 'ਤੇ)

















# ‘ਖਾਲਿਸਤਾਨ ਬਨਾਮ ਹਿੰਦੂ ਅਤਿਵਾਦ’ ਬਾਰੇ ਸੈਮੀਨਾਰ

**ਸੈਨ ਹੋਜ਼ੇ (ਸਰਬਜੋਤ ਸਿੰਘ ਸਵੱਦੀ):** ਕੌਂਸਲ ਆਫ ਖਾਲਿਸਤਾਨ ਵਲੋਂ ਗੁਰਦਆਰਾ ਸੈਨ ਹੋਜ਼ੇ ਵਿਚ ‘ਖਾਲਿਸਤਾਨ ਬਨਾਮ ਹਿੰਦੂ ਅਤਿਵਾਦ’ ਵਿਸ਼ੇ ’ਤੇ ਸੈਮੀਨਾਰ ਕੀਤਾ ਗਿਆ। ਸੈਮੀਨਾਰ ਦਾ ਅਰੰਭ ਗੁਰਦਆਰਾ ਸੈਨ ਹੋਜ਼ੇ ਦੀ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਗੁਰਮੇਲ ਸਿੰਘ ਬਾਠ ਨੇ ਅਰਦਾਸ ਕਰਕੇ ਅਤੇ ਸੁਖਦੇਵ ਸਿੰਘ ਬੈਣੀਵਾਲ ਨੇ ਜੀ ਆਇਆਂ ਕਹਿ ਕੇ ਕੀਤਾ। 29 ਅਪਰੈਲ 1986 ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਥਾਪਤ ਕੀਤੀ ਗਈ ਕੌਂਸਲ ਆਫ ਖਾਲਿਸਤਾਨ ਦੇ ਮੁਖੀ ਡਾ. ਗੁਰਮੀਤ ਸਿੰਘ ਔਲਖ ਨੇ ਆਪਣੀ ਤਕਰੀਰ ਵਿਚ ‘ਸਿੱਖ ਕੌਮ ਨੂੰ ਖਾਲਿਸਤਾਨ ਦੀ ਲੋੜ ਕਿਉਂ?’ ਵਿਸ਼ੇ ’ਤੇ ਬੋਲਦਿਆਂ ਕਿਹਾ ਕਿ 1947 ਤੋਂ ਲੈ ਕੇ ਹੁਣ ਤੱਕ ਹਿੰਦੂ ਸਰਕਾਰ ਵਲੋਂ ਸਿੱਖ ਕੌਮ ਨੂੰ ਗੁਲਾਮ ਬਣਾ ਕੇ ਰੱਖਣ ਅਤੇ ਕੌਮਾਂਤਰੀ ਪੱਧਰ ’ਤੇ ਅਤਿਵਾਦੀ ਸਿੱਧ ਕਰਨ ਦੀਆਂ ਕੋਸ਼ਿਸ਼ਾਂ ਜ਼ਾਰੀ ਹਨ। ਹਿੰਦੂ ਸਰਕਾਰ ਨੇ ਸਿੱਖ ਕੌਮ ਨੂੰ ਧਾਰਮਿਕ, ਰਾਜਨੀਤਕ, ਸਮਾਜਕ ਅਤੇ ਆਰਥਿਕ ਤੌਰ ’ਤੇ ਤਹਿਸ-ਨਹਿਸ ਕਰਕੇ ਰੱਖ ਦਿੱਤਾ ਹੈ। ਸਿੱਖਾਂ ਦੀ ਕਿਤੇ ਕੋਈ ਸੁਣਵਾਈ ਨਹੀਂ, ਅਗਰ ਹਿੰਦੂ ਉੜੀਸਾ ਵਿਚ ਜਾਂ ਹੋਰ ਕਿਤੇ ਇਸਾਈ ਮਿਸ਼ਨਰੀਆਂ ਨੂੰ ਜਿੰਦਾ ਸਾੜ ਦੇਣ ਤਾਂ ਉਹ ਫਿਰ ਵੀ ਧਾਰਮਿਕ ਸਤਿਵਾਦੀ, ਜੇਕਰ ਸਿੱਖ ਸੌਦਾ ਸਾਧ ਵਰਗੇ ਡੇਰੇਦਾਰਾਂ ਦੇ ਖਿਲਾਫ ਸ਼ਾਂਤਮਈ ਮੁਜਾਹਰਾ ਕਰਨ ਤਾਂ ਅਤਿਵਾਦੀ ਕਹਿ ਕਿ ਜੇਲ੍ਹਾਂ ਵਿਚ ਡੱਕ ਦਿੱਤਾ ਜਾਂਦਾ ਹੈ ਜਾਂ ਫਿਰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਜਾਂਦਾ ਹੈ। ਇਥੋਂ ਤੱਕ ਪਰਵੀਨ ਕੌਰ ਵਰਗੀ ਮਸੂਮ ਲੜਕੀ ’ਤੇ ਅਣਮਨੁੱਖੀ ਤਸ਼ੱਦਦ ਢਾਹਿਆ ਗਿਆ। ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਫਾਂਸੀ ਦੀ ਸਜਾ ਸੁਣਾਈ ਗਈ ਹੈ, ਹੋਰ ਸਿੱਖ ਨੌਜਵਾਨਾਂ ਨੂੰ ਕਈ ਵਰ੍ਹਿਆਂ ਤੋਂ ਜੇਲ੍ਹ ਵਿਚ ਬੰਦ ਕੀਤਾ ਹੋਇਆ ਹੈ ਜਦੋਂ ਕਿ ਨਵੰਬਰ 84 ਦੇ ਸਿੱਖ ਕਤਲੇਆਮ ਦੇ ਜਗਦੀਸ਼ ਟਾਈਟਲਰ ਵਰਗੇ ਮੁਲਜ਼ਿਮ ਸ਼ਰ੍ਹੇਆਮ ਤੁਰੇ ਫਿਰਦੇ ਹਨ, ਕੋਈ ਸਜ਼ਾ ਨਹੀਂ। ਉਨ੍ਹਾਂ ਕਿਹਾ ਕਿ ਹਿੰਦੂ ਸਰਕਾਰ ਅਤੇ ਸਿੱਖ ਲੀਡਰਸ਼ਿਪ ਦੀ ਨਾਲਾਇਕੀ ਦੀ ਬਦੌਲਤ ਪੰਜਾਬ ਦਾ ਸਿੱਖ ਬੇਬੱਸ ਹੋ ਗਿਆ ਹੈ। ਯਹੂਦੀਆਂ ਵਾਂਗ ਸਿੱਖਾਂ ਤੋਂ ਸਿੱਖ ਨੂੰ ਹੀ ਮਰਵਾਇਆ ਗਿਆ, ਸਿੱਖ ਜਵਾਨੀ ਪੜ੍ਹਾਈ ਪੱਖੋਂ ਪਛੜ ਗਈ ਹੈ, ਬਾਹਰਲੇ ਸੂਬਿਆਂ ਤੋਂ ਅਫਸਰ ਲਿਆ ਕਿ ਪੰਜਾਬ ਵਿਚ ਲਾਏ ਜਾਂਦੇ ਹਨ, ਪੰਜਾਬ ਦੀ ਸਿੱਖ ਕਿਰਸਾਨੀ ਤਬਾਹ ਹੋ ਗਈ ਹੈ, ਕਿਸਾਨ ਕਰਜ਼ਿਆਂ ਦੇ ਬੋਝ ਥੱਲੇ ਖੁਦਕੁਸ਼ੀਆਂ ਕਰ ਰਿਹਾ ਹੈ ਜਾਂ ਆਪਣੀਆਂ ਜ਼ਮੀਨਾਂ ਵੇਚ ਰਿਹਾ ਹੈ।

ਖਾਲਿਸਤਾਨੀ ਆਗੂ ਨੇ ਕਿਹਾ ਕਿ ਆਰ.ਐਸ.ਐਸ. ਦੀ ਪੈਦਾਇਸ਼ ਡੇਰੇਦਾਰ ਸਿੱਖਾਂ ਦਾ ਧਾਰਮਿਕ ਸ਼ੋਸ਼ਣ ਕਰ ਰਹੇ ਹਨ। ਅਕਾਲੀਆਂ ਨੇ ਆਪਣੀ ਜ਼ਮੀਰ ਹਿੰਦੂ ਕੱਟੜਵਾਦੀ ਪਾਰਟੀ ਬੀ.ਜੇ.ਪੀ. ਦੇ ਅੱਗੇ ਗਹਿਣੇ ਰੱਖ ਦਿੱਤੀ ਹੈ। ਡਾ. ਔਲਖ ਨੇ ਵਿਦੇਸ਼ਾਂ ਵਿਚ ਵਸਦੇ ਸਿੱਖਾਂ ਨੂੰ ਸੰਬੋਧਤ ਹੁੰਦਿਆਂ ਕਿਹਾ ਕਿ ਵਿਦੇਸ਼ੀ ਸਿੱਖ ਪੰਜਾਬ ਵਿਚਲੇ ਸਿੱਖਾਂ ਵੱਲ ਧਿਆਨ ਦੇਣ ਕਿਉਂਕਿ ਪਹਿਲਾਂ ਵੀ ਅਗਰ ਵਿਦੇਸ਼ੀ ਸਿੱਖ, ਵਿਦੇਸ਼ਾਂ ਵਿਚ ਆਵਾਜ਼ ਬਲੰਦ ਨਾ ਕਰਦੇ ਤਾਂ ਹਿੰਦੂ ਸਰਕਾਰ ਨੇ ਲੱਖਾਂ ਦੀ ਤਾਦਾਦ ਵਿਚ ਹੋਰ ਸਿੱਖ ਕਤਲ ਕਰ ਦੇਣੇ ਸਨ ਅਤੇ ਕਤਲ ਕਰਕੇ ਵੀ ਕੌਮਾਂਤਰੀ ਪੱਧਰ ‘ਤੇ ਅਤਿਵਾਦੀ ਬਣਾ ਕੇ ਪੇਸ਼ ਕਰ ਦੇਣਾ ਸੀ। ਹੁਣ ਵੀ ਪੰਜਾਬ ਦੇ ਸਿੱਖਾਂ ਦਾ ਮਨੋਬਲ ਉਚਾ ਕਰਨ ਲਈ ਵਿਦੇਸ਼ੀ ਸਿੱਖ ਬਹੁਤ ਕੁਝ ਕਰ ਸਕਦੇ ਹਨ।

ਇਸ ਮੌਕੇ ਯੂ.ਐਨ.ਓ. ਤੱਕ ਸਿੱਖਾਂ ਦੀ ਆਵਾਜ਼ ਪਹੁੰਚਾਉਣ ਵਾਲੇ ਡਾ. ਅਵਤਾਰ ਸਿੰਘ ਸੇਖੋਂ ਨੇ ਦੋਸ਼ ਲਾਇਆ ਕਿ ਭਾਰਤੀ ਖੁਫੀਆ ਏਜੰਸੀਆਂ ਨੇ ਸਿੱਖਾਂ ਨੂੰ ਅਤਿਵਾਦੀ ਸਿੱਧ ਕਰਨ ਲਈ ਏਅਰ ਇੰਡੀਆ ਦੇ ਜਹਾਜ਼ ਨੂੰ ਅਧ ਅਸਮਾਨੇ ਤਬਾਹ ਕਰਕੇ ਸਿੱਖਾਂ ਦੇ ਹੀ ਗਲ ਮੜ੍ਹ ਦੇਣਾ ਸੀ ਪਰ ਮਾਣਯੋਗ ਅਦਾਲਤ ਨੇ ਸਿੱਖਾਂ ਨਾਲ ਇਨਸਾਫ ਕਰਕੇ ਅਸਲੀਅਤ ਨੂੰ ਸੰਸਾਰ ਸਾਹਮਣੇ ਲਿਆਂਦਾ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਤਰਾਸਦੀ ਹੈ ਕਿ ਅਮਰੀਕਾ-ਕੈਨੇਡਾ ਵਰਗੇ ਆਜ਼ਾਦ ਦੇਸ਼ਾਂ ਵਿਚ ਬੈਠੇ ਸਿੱਖ ਵੀ ਆਪਣੇ ਵਿਰਸੇ ਤੋਂ ਮੁਨਕਰ ਹੁੰਦੇ ਜਾ ਰਹੇ ਹਨ।

ਸ੍ਰੀ ਗੁਰਬਚਨ ਸਿੰਘ ਜੌਹਲ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਕਿੰਨੇ ਅਫਸੋਸ ਦੀ ਗੱਲ ਹੈ ਕਿ ਖਾਲਿਸਤਾਨ ਦੇ ਨਾਂ ਤੋ ਡਰਦੇ ਅਤੇ ਧੜੇਬੰਦੀਆਂ ਦਾ ਸ਼ਿਕਾਰ ਗੁਰਦੁਆਰਾ ਕਮੇਟੀ ਮੈਂਬਰ ਅਤੇ ਹੋਰ ਆਗੂ ਕੌਮੀ ਕਾਰਜਾਂ ਲਈ ਰੱਖੇ ਇਹੋ ਜਿਹੇ ਸੈਮੀਨਾਰਾਂ ਤੋਂ ਕੰਨੀ ਕਤਰਾਉਂਦੇ ਹਨ। ਕਾਲੀਆਂ ਸੂਚੀਆਂ ਖਤਮ ਕਰਾਉਣ ਤੇ ਵੀਜ਼ੇ ਲੈਣ ਲਈ ਅਕਾਲੀਆਂ ਅਤੇ ਕਾਂਗਰਸੀਆਂ ਦੀਆਂ ਲੇਲ੍ਹੜੀਆ ਕੱਢਦੇ ਫਿਰਦੇ ਹਨ।

ਸ੍ਰੀ ਜਸਵੰਤ ਸਿੰਘ ਧਾਲੀਵਾਲ ਨੇ ਕਿਹਾ ਕਿ ਜਦੋਂ ਗੁਰਦੁਆਰਿਆਂ ਦੇ ਪ੍ਰਬੰਧਕ ਡਰੱਗ ਡੀਲਰ ਜਾਂ ਗੁੰਡਾ ਅਨਸਰ ਬਣ ਜਾਣ ਤਾਂ ਫਿਰ ਇਨ੍ਹਾਂ ਤੋਂ ਸਿੱਖ ਧਰਮ ਦੇ ਪ੍ਰਚਾਰ ਦੀ ਕੀ ਆਸ ਰੱਖੀ ਜਾ ਸਕਦੀ ਹੈ? ਉਨ੍ਹਾਂ ਆਪਣੇ ਲੜਕੇ ਉਤੇ ਇੱਕ ਸਿੱਖ ਆਗੂ ਦੇ ਲੜਕੇ ਵਲੋਂ ਦੋ ਅਫਗਾਨੀਆਂ ਨਾਲ ਮਿਲ ਕੇ ਕਿਰਪਾਨ ਨਾਲ ਕੀਤੇ ਹਮਲੇ ਦੀ ਗੱਲ ਸੁਣਾਉਂਦਿਆ ਉਸ ਲੀਡਰ ਦਾ ਨਾਂ ਲੈ ਕੇ ਚੰਗੀ ਖਿਚਾਈ ਕਰਦਿਆਂ ਕਿਹਾ ਕਿ ਇਹੋ ਜਿਹੇ ਤਾਂ ਅੱਜ ਸਿੱਖਾਂ ਦੇ ਅਖਬਾਰੀ ਲੀਡਰ ਬਣੇ ਫਿਰਦੇ ਹਨ। ਉਨ੍ਹਾਂ ਕਿਹਾ ਕਿ ਉਹ ਪੈਸੇ ਖਰਚਣ ਲਈ ਤਿਆਰ ਹਨ ਅਤੇ ਵਿਦੇਸ਼ਾਂ ਵਿਚ ਆਏ ਸਾਰੇ ਸਿੱਖ ਲੀਡਰਾਂ ਦੇ ਪਿਛੋਕੜ ਬਾਰੇ ਪਤਾ ਕੀਤਾ ਜਾਵੇ ਕਿ ਉਹ ਕੌਣ ਹਨ ਅਤੇ ਕਿਥੋਂ ਆਏ ਹਨ? ਉਹ ਕਿਹੜੇ ਲੋਕ ਹਨ ਜਿਨ੍ਹਾਂ ਨੇ ਖਾਲਿਸਤਾਨ ਦੇ ਨਾਂ ‘ਤੇ ਲੁੱਟ ਮਚਾਈ ਹੈ ਅਤੇ ਆਮ ਸਿੱਖਾਂ ਦਾ ਖਾਲਿਸਤਾਨ ਸ਼ਬਦ ਤੋਂ ਵਿਸ਼ਵਾਸ ਤੋੜਿਆ ਹੈ? ਅਗਰ ਅਸੀਂ ਉਨ੍ਹਾਂ ਲੋਕਾਂ ਦਾ ਪਤਾ ਲਾ ਲਵਾਂਗੇ ਫਿਰ ਹੀ ਸਹੀ ਤਰੀਕੇ ਨਾਲ ਖਾਲਿਸਤਾਨ ਦੀ ਗੱਲ ਅੱਗੇ ਤੁਰ ਸਕਦੀ ਹੈ। ਗੁਰਨਾਮ ਸਿੰਘ ਨੇ ਕਿਹਾ ਕਿ ਗੁਰੂ ਸਾਹਿਬ ਦੇ ਬਚਨ ਹਨ “ਜਬ ਲਗ ਖਾਲਸਾ ਰਹੇ ਨਿਆਰਾ ਤਬ ਲਗ ਤੇਜ ਦੀਉ ਮੈ ਸਾਰਾ, ਜਬ ਇਹੈ ਗਏ ਬਿਪਰਨ ਕੀ ਰੀਤ ਮੈ ਨ ਕਰੂ ਇਨਕੀ ਪਰਤੀਤ॥” ਅੱਜ ਖਾਲਸਾ ਗੁਰੂ ਦਾ ਬਚਨ ਭੁੱਲ ਕੇ ਬਿਪਰਨ ਦੀ ਰੀਤ ਦਾ ਧਾਰਨੀ ਬਣ ਕੇ ਬ੍ਰਹਮਣਵਾਦੀ ਕਰਮਕਾਂਡਾਂ ਵਿਚ ਗ੍ਰਸਿਆ ਫਿਰਦਾ ਹੈ। ਉਨ੍ਹਾਂ ਆਖਿਆ ਕਿ ਪਹਿਲਾਂ ਸਿੱਖ ਨੂੰ ਬ੍ਰਹਮਣਵਾਦ ਤੋਂ ਆਜ਼ਾਦ ਹੋਣਾ ਪਵੇਗਾ, ਫਿਰ ਖਾਲਿਸਤਾਨ ਬਹੁਤੀ ਦੂਰ ਦੀ ਗੱਲ ਨਹੀਂ। ਮਨਮੋਹਣ ਸਿੰਘ ਰੰਧਾਵਾ ਨੇ ਇਸ ਸਵਾਲ ਕਿ ਪੰਜਾਬ ਛੋਟਾ ਜਿਹਾ ਹੈ ਅਤੇ ਨਾ ਹੀ ਕੋਈ ਸਮੁੰਦਰ ਲੱਗਦਾ ਹੈ ਫਿਰ ਖਾਲਿਸਤਾਨ ਬਣਾ ਕੇ ਕੀ ਕਰਾਂਗੇ? ਦਾ ਜਵਾਬ ਦਿੰਦਿਆਂ ਕਿਹਾ ਕਿ ਦੁਨੀਆਂ ਵਿਚ 29 ਮੁਲਕ ਹਨ ਜੋ ਪੰਜਾਬ ਨਾਲੋਂ ਆਬਾਦੀ ਅਤੇ ਰਕਬੇ ਪੱਖੋਂ ਛੋਟੇ ਹਨ ਅਤੇ ਕਈ ਮੁਲਕ ਅਜਿਹੇ ਹਨ ਜਿਨ੍ਹਾਂ ਨੂੰ ਕੋਈ ਸਮੁੰਦਰ ਵੀ ਨਹੀਂ ਲੱਗਦਾ। ਨੌਜਵਾਨ ਆਗੂ ਹਰਪਾਲ ਸਿੰਘ ਨੇ ਵੱਖ-ਵੱਖ ਆਜ਼ਾਦ ਦੇਸ਼ਾਂ ਦੇ ਆਜ਼ਾਦ ਹੋਏ ਲੋਕਾਂ ਦੀ ਮਿਸਾਲ ਦਿੰਦਿਆਂ ਕਿਹਾ ਕਿ ਸਾਨੂੰ ਆਪਣੇ ਦਿਮਾਗ ਵਿਚ ਖਾਲਿਸਤਾਨ ਸ਼ਬਦ ਵਸਾਉਣ ਦੀ ਜਰੂਰਤ ਹੈ, ਖਾਲਿਸਤਾਨ ਬਣਾਉਣਾ ਕੋਈ ਔਖਾ ਨਹੀਂ।





ਇਸ ਸੈਮੀਨਾਰ ਵਿਚ ਸਿੱਖ ਧਰਮ ਵਿਚ ਜਾਤ-ਪਾਤ, ਭਰੂਨ ਹੱਤਿਆ, ਡੇਰਾਵਾਦ ਅਤੇ ਹੋਰ ਕਈ ਪੰਥਕ ਮਸਲਿਆਂ ‘ਤੇ ਵੀ ਵਿਚਾਰ ਵਟਾਂਦਰਾ ਹੋਇਆ। ਇਸ ਸਮੇਂ ਹੋਰਨਾਂ ਤੋਂ ਇਲਾਵਾ ਪਰਮਜੀਤ ਸਿੰਘ ਦਾਖਾ, ਅਵਤਾਰ ਸਿੰਘ ਧਾਮੀ, ਲਖਵੀਰ ਸਿੰਘ ਪਟਵਾਰੀ, ਗੁਰਦਿਆਲ ਸਿੰਘ, ਅਮਰੀਕ ਸਿੰਘ, ਤਰਸੇਮ ਸਿੰਘ ਟੂਲੇਰੀ, ਕਰਨੈਲ ਸਿੰਘ ਖਾਲਸਾ, ਝਿਲਮਣ ਸਿੰਘ, ਡਾ. ਆਲਾ ਸਿੰਘ, ਰਣਜੀਤ ਸਿੰਘ ਅਖਾੜਾ ਅਤੇ ਪਰਮਜੀਤ ਸਿੰਘ ਪਹੁਵਿੰਡ ਨੇ ਆਪਣੇ ਵਿਚਾਰ ਪੇਸ਼ ਕੀਤੇ।

ਸਮਾਗਮ ਵਿਚ ਸਿੱਖ ਐਜੂਕੇਸ਼ਨ ਟਰੱਸਟ ਕੈਨੇਡਾ, ਅਕਾਲੀ ਦਲ ਅੰਮ੍ਰਿਤਸਰ, ਧਰਮ ਪ੍ਰਚਾਰ ਕਮੇਟੀ ਸੈਨ ਹੋਜ਼ੇ, ਦਲ ਖਾਲਸਾ ਅਲਾਇੰਸ, ਗੁਰਮਤਿ ਚੇਤਨਾ ਲਹਿਰ ਅਤੇ ਅਮੈਰਿਕਨ ਗੁਰਦੁਆਰਾ ਕੌਂਸਲ ਤੋਂ ਇਲਾਵਾ ਵੱਖ ਵੱਖ ਗੁਰਦੁਆਰਾ ਕਮੇਟੀਆਂ ਦੇ ਨੁਮਾਇੰਦੇ ਸ਼ਾਮਲ ਹੋਏ।

ਇਸ ਮੌਕੇ ਛੇ ਪੁਸਤਕਾਂ ਰਿਲੀਜ਼ ਕੀਤੀਆਂ ਗਈਆਂ ਜਿਨ੍ਹਾਂ ਵਿਚ ‘25 ਯੀਅਰਜ਼ ਆਫਟਰ 1984 ਅਸਾਲਟ ਆਨ ਦਰਬਾਰ ਸਾਹਿਬ ਲੇਇੰਗ ਦਾ ਫਾਊਂਡੇਸ਼ਨ ਆਫ ਖਾਲਿਸਤਾਨ’-ਸੰਪਾਦਕ ਡਾ. ਅਵਤਾਰ ਸਿੰਘ ਸੇਖੋਂ, ਸਰਕਾਰੀ ਦਹਿਸ਼ਤਵਾਦ:ਪੂਹਲੇ ਦੀ ਅੱਤ ਦਾ ਅੰਤ-ਲੇਖਕ ਸੁਖਪ੍ਰੀਤ ਸਿੰਘ ਉਦੋਕੇ, ਬਿਟਰੇਅਲ ਆਫ ਸਿੱਖ ਨੇਸ਼ਨ ਬਾਈ ਮਾਸਟਰ ਤਾਰਾ ਸਿੰਘ-ਲੇਖਕ ਰਾਮ ਸਿੰਘ, ਵਿਚਾਰ ਇਕ ਹਥਿਆਰ:ਪੰਜ ਹਜ਼ਾਰ ਕੀਮਤੀ ਵਿਚਾਰ-ਲੇਖਕ ਪਰਮਜੀਤ ਸਿੰਘ ਦਾਖਾ, ਸਿੱਖ ਕੌਮ ਦੀ ਜਨਮ ਭੂਮੀ ਦਾ ਇਤਿਹਾਸ-ਲੇਖਕ ਸੁਖਦੇਵ ਸਿੰਘ ਜਲਬੇੜ੍ਹਾ ਅਤੇ ਖਾਲਿਸਤਾਨੀ ਜਾਹੋ ਜਲਾਲ ਤੇ ਦੇਹਧਾਰੀ ਗੁਰੂਡੰਮ-ਲੇਖਕ ਸੁਖਪ੍ਰੀਤ ਸਿੰਘ ਉਦੋਕੇ ਸ਼ਾਮਲ ਹਨ।

## ਗੁਰਮਤਿ ਸਮਾਗਮ 16 ਤੋਂ

**ਸੈਕਰਾਮੈਂਟੋ (ਪੰਜਾਬ ਟਾਈਮਜ਼ ਬਿਊਰੋ):** ਇਥੇ ਗੁਰਦੁਆਰਾ ‘ਪ੍ਰਭ ਮਿਲਣੈ ਕਾ ਚਾਉ’ ਵਿਖੇ ਅਕਥ ਕਥਾ ਅਤੇ ਨਾਮ ਸਿਮਰਨ ਅਭਿਆਸ ਦਾ ਗੁਰਮਤਿ ਸਾਮਗਮ 16 ਤੋਂ 18 ਅਕਤੂਬਰ ਤੱਕ ਕਰਵਾਇਆ ਜਾ ਰਿਹਾ ਹੈ ਜਿਸ ਦੌਰਾਨ ਗੁਰਮੰਤਰ ਦਾ ਜਾਪ (ਸਿਮਰਨ), ਅਕਥ ਕਥਾ ਅਤੇ ਕੀਰਤਨ ਦਾ ਪਰਵਾਹ ਚੱਲੇਗਾ। ਸਮਾਗਮ ਵਿਚ ਸਿਆਟਲ, ਨਿਊ ਯਾਰਕ ਅਤੇ ਸ਼ਿਕਾਗੋ ਤੋਂ ਪਹੁੰਚ ਰਹੇ ਗੁਰਮੁਖ ਪਿਆਰੇ ਗੁਰਮਤਿ ਵਿਚਾਰ ਸਾਂਝੇ ਕਰਨਗੇ।

ਹੋਰ ਜਾਣਕਾਰੀ ਗੁਰੂ ਘਰ ਦੇ ਫੋਨ ਨੰਬਰ 916-835-3173 ਤੋਂ ਹਾਸਲ ਕੀਤੀ ਜਾ ਸਕਦੀ ਹੈ।



## ਚੋਣਾਂ ਹਰਿਆਣੇ ਦੀਆਂ

# ਹਰਿਆਣਾ ਪ੍ਰਦੇਸ ਭਾਜਪਾ ਬਾਦਲ ਪਰਿਵਾਰ ਤੋਂ ਨਾਖੁਸ਼

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਦੇ ਹਰਿਆਣਾ ਬਾਰੇ ਪ੍ਰਧਾਨ ਵਿਜੇ ਗੋਇਲ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੇ ਵਰਕਰ ਸ਼੍ਰੋਮਣੀ ਅਕਾਲੀ ਦਲ ਵਲੋਂ ਹਰਿਆਣਾ ਵਿਚ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੀ ਹਮਾਇਤ ਤੋਂ ਨਾਖੁਸ਼ ਹਨ। ਦੂਜੇ ਪਾਸੇ ਭਾਜਪਾ ਪ੍ਰਧਾਨ ਰਾਜਨਾਥ ਸਿੰਘ ਨੇ ਹਾਲ ਹੀ ਵਿਚ ਕਿਹਾ ਹੈ ਕਿ ਅਕਾਲੀਆਂ ਵਲੋਂ ਹਰਿਆਣਾ ਵਿਚ ਇਨੈਲੋ ਦੀ ਹਮਾਇਤ ਕਰਨ 'ਤੇ ਭਾਰਤੀ ਜਨਤਾ ਪਾਰਟੀ ਨੂੰ ਕੋਈ ਇਤਰਾਜ ਨਹੀਂ ਹੈ। ਹਰਿਆਣਾ ਦੀਆਂ ਵਿਧਾਨ ਸਭਾ ਚੋਣਾਂ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਇਕੱਲਿਆਂ ਇਕੱਲਿਆਂ ਲੜ ਰਹੀਆਂ ਹਨ ਜਦਕਿ ਇਨੈਲੋ ਦਾ ਅਕਾਲੀਆਂ ਨਾਲ ਗੱਠਜੋੜ ਹੈ।

ਇਥੇ ਚੰਡੀਗੜ੍ਹ ਪ੍ਰੈਸ ਕਲੱਬ ਵਿਚ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਗੋਇਲ ਨੇ ਕਈ ਸੁਆਲਾਂ ਦੇ ਜਵਾਬ ਵਿਚ ਸ਼੍ਰੋਮਣੀ ਅਕਾਲੀ ਦਲ ਬਾਰੇ ਹੋਰ ਕੁਝ ਕਹਿਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕੇਵਲ ਇੰਨਾ ਹੀ ਕਿਹਾ ਕਿ ਭਾਜਪਾ ਵਰਕਰ ਸ਼੍ਰੋਮਣੀ ਅਕਾਲੀ ਦਲ ਦੇ ਫੈਸਲੇ ਤੋਂ ਨਾਖੁਸ਼ ਹਨ। ਉਨ੍ਹਾਂ ਕਿਹਾ ਕਿ ਹਰਿਆਣਾ ਵਿਚ ਸ਼੍ਰੋਮਣੀ ਅਕਾਲੀ ਦਲ ਦਾ ਕੋਈ ਆਧਾਰ ਨਹੀਂ ਹੈ ਤੇ ਇਸ ਕਰਕੇ ਭਾਜਪਾ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਸਮਝੌਤਾ ਨਹੀਂ ਕੀਤਾ। ਵਰਨਣਯੋਗ ਹੈ ਕਿ ਇਨੈਲੋ ਨੇ ਗੱਠਜੋੜ ਤਹਿਤ ਸ਼੍ਰੋਮਣੀ ਅਕਾਲੀ ਦਲ ਲਈ ਅੰਬਾਲਾ ਸ਼ਹਿਰ ਅਤੇ ਕਾਲਾਂਵਾਲੀ ਸੀਟਾਂ ਛੱਡੀਆਂ ਹਨ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਨ੍ਹਾਂ ਦੋ ਸੀਟਾਂ ਤੋਂ ਇਲਾਵਾ ਹਰਿਆਣਾ ਦੇ ਪੰਜਾਬੀ ਤੇ ਸਿੱਖ ਵਸੋਂ ਵਾਲੇ ਹੋਰਨਾਂ ਇਲਾਕਿਆਂ ਵਿਚ ਵੀ ਇਨੈਲੋ ਉਮੀਦਵਾਰਾਂ ਦੇ ਹੱਕ ਵਿਚ ਪ੍ਰਚਾਰ ਕੀਤਾ।

ਸ੍ਰੀ ਗੋਇਲ ਨੇ ਕਿਹਾ ਕਿ ਕਾਂਗਰਸ ਅਤੇ ਇਨੈਲੋ ਦੋਵੇਂ ਹੀ ਇਕੋ ਜਿੰਨੀਆਂ ਮਾੜੀਆਂ ਪਾਰਟੀਆਂ ਹਨ। ਇਸ ਲਈ ਰਾਜ ਦੇ ਲੋਕਾਂ ਨੂੰ ਦੋਵਾਂ ਨੂੰ ਚਲਦਾ ਕਰਨਾ ਚਾਹੀਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਨੇ ਹਰਿਆਣਾ ਵਿਚ ਸੱਤਾ ਦਾ ਵੱਡੇ ਪੱਧਰ 'ਤੇ ਦੁਰਉਪਯੋਗ ਕੀਤਾ ਹੈ ਤੇ ਭਾਜਪਾ ਨੇ ਇਸ ਦੀਆਂ ਸ਼ਿਕਾਇਤਾਂ ਚੋਣ ਕਮਿਸ਼ਨ ਕੋਲ ਵੀ ਕੀਤੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਹਰਿਆਣਾ ਸਰਕਾਰ ਵਲੋਂ ਆਪਣੀ ਇਸ਼ਤਿਹਾਰਬਾਜ਼ੀ ਲਈ ਬਣਾਈ ਫ਼ਿਲਮ ਤੇ ਵੀਡੀਓ-ਆਡੀਓ ਕਲਿੱਪਾਂ ਨੂੰ ਹੁਣ ਕਾਂਗਰਸ ਪਾਰਟੀ ਆਪਣੇ ਚੋਣ ਪ੍ਰਚਾਰ ਵਿਚ ਵਰਤਦੀ ਰਹੀ ਹੈ ਹਾਲਾਂਕਿ ਇਸ ਲਈ ਧਨ, ਸਰਕਾਰੀ ਵਰਤਿਆ ਗਿਆ ਸੀ। ਇਹ ਪੁੱਛੇ ਜਾਣ 'ਤੇ ਕਿ ਭਾਜਪਾ ਨੂੰ ਚੋਣ ਕਮਿਸ਼ਨ ਖਿਲਾਫ ਕੋਈ ਸ਼ਿਕਾਇਤ ਤਾਂ ਨਹੀਂ ਤਾਂ ਉਨ੍ਹਾਂ ਕਿਹਾ ਕਿ ਅਜੇ ਤਕ ਕੋਈ ਨਹੀਂ। ਕਮਿਸ਼ਨ ਨੇ ਠੀਕ ਢੰਗ ਨਾਲ ਕੰਮ ਕਾਜ ਕੀਤਾ ਹੈ।

ਹਰਿਆਣਾ ਵਿਧਾਨ ਸਭਾ ਚੋਣਾਂ ਦੀ ਮੁਹਿੰਮ ਦੌਰਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਇਨੈਲੋ ਦੇ ਉਮੀਦਵਾਰਾਂ ਦਾ ਚੋਣ ਪ੍ਰਚਾਰ ਜ਼ੋਰ ਨਾਲ ਕੀਤਾ । ਅੰਬਾਲਾ ਅਤੇ ਕਾਲਾਂਵਾਲੀ ਚੋਣ ਹਲਕੇ ਤੋਂ ਮੈਦਾਨ ਵਿਚ ਡਟੇ ਉਮੀਦਵਾਰਾਂ ਦੇ ਹੱਕ ਵਿਚ ਪ੍ਰਚਾਰ ਕਰਨ ਲਈ ਦਿੱਲੀ ਤੋਂ ਇਕ ਹੋਰ ਟੀਮ ਵੀ ਹਰਿਆਣਾ ਭੇਜੀ ਗਈ ਸੀ । ਇਸ ਟੀਮ ਵਿਚ ਦਿੱਲੀ ਗੁਰਦੁਆਰਾ ਕਮੇਟੀ ਦੇ ਮੈਂਬਰ ਅਮਰਜੀਤ ਸਿੰਘ ਪੱਪੂ, ਰਮਨਦੀਪ ਸਿੰਘ ਸੋਨੂੰ, ਹਰਜੀਤ ਸਿੰਘ ਟੈਕਨੋ, ਜਗਜੀਤ ਸਿੰਘ ਕਾਨੂੰ, ਬਲਬੀਰ ਸਿੰਘ ਬਿੱਟੂ, ਬਲਵੰਤ ਸਿੰਘ, ਇਕਬਾਲ ਸਿੰਘ ਸ਼ੇਰਾ ਸ਼ਾਮਲ ਹਨ।ਪੰਜਾਬ ਤੋਂ ਵੀ ਇਸ ਪ੍ਰਚਾਰ ਲਈ ਟੀਮਾਂ ਭੇਜੀਆਂ ਗਈਆਂ ਸਨ।

# ਹਰਿਆਣਾ 'ਚ ਸਿਆਸਤ ਬਣੀ ਵਪਾਰ : ਕਾਰਤ

**ਬਰਵਾਲਾ (ਹਿਸਾਰ)** : ਹਰਿਆਣਾ ਵਿਚ ਸਿਆਸਤ ਵਿਚ ਇਕ ਵਪਾਰ ਬਣ ਚੁੱਕੀ ਹੈ ਤੇ



ਖੱਬੀਆਂ ਪਾਰਟੀਆਂ ਹੀ ਇਸ ਵਪਾਰ ਨੁਮਾ ਸਿਆਸਤ ਦਾ ਅੰਤ ਕਰ ਸਕਦੀਆਂ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ (ਐਮ) ਦੇ ਕੁੱਲ ਹਿੰਦ ਜਨਰਲ ਸਕੱਤਰ ਕਾਮਰੇਡ ਪ੍ਰਕਾਸ਼ ਕਾਰਤ ਨੇ ਹਿਸਾਰ ਦੇ ਬਰਵਾਲਾ ਵਿਧਾਨ ਖੇਤਰ ਤੋਂ ਪਾਰਟੀ ਉਮੀਦਵਾਰ ਸੁਰੇਸ਼ ਕੁਮਾਰ ਦੇ ਹੱਕ ਵਿਚ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਕੀਤਾ। ਕਾਮਰੇਡ ਕਾਰਤ ਨੇ ਕਿਹਾ ਕਿ ਜ਼ਰੂਰਤੀ ਵਸਤਾਂ ਦੀਆਂ ਵਧਦੀਆਂ ਕੀਮਤਾਂ ਲਈ ਕੇਂਦਰ ਤੇ ਹਰਿਆਣਾ ਸਰਕਾਰ ਜ਼ਿੰਮੇਵਾਰ ਹੈ ਕਿਉਂਕਿ ਇਹ ਸਰਕਾਰ ਸੱਟੇਬਾਜ਼ੀ ਤੇ ਭਵਿੱਖੀ ਵਪਾਰ ਨੂੰ ਰੋਕਣ ਵਿਚ ਨਾਕਾਮ ਰਹੀ ਹੈ। ਇਹ ਸਭ ਕੁਝ ਵਪਾਰੀਆਂ ਨੂੰ ਲਾਭ ਦੇਣ ਲਈ ਕੀਤਾ ਜਾ ਰਿਹਾ ਹੈ। ਕਾਮਰੇਡ ਕਾਰਤ ਨੇ ਕਿਹਾ ਕਿ ਸੂਬੇ ਦੀ ਸਰਕਾਰ ਜ਼ਖ਼ੀਰੇਬਾਜ਼ਾਂ ਤੇ ਕਾਲੇਬਾਜ਼ਾਰੀਆਂ ਦੇ ਦਬਾਅ ਹੇਠ ਕੰਮ ਕਰ ਰਹੀ ਹੈ। ਚੋਣ ਰੈਲੀ ਦੌਰਾਨ ਕਾਮਰੇਡ ਕਾਰਤ ਨੇ ਪਿਛਲੇ ਦਿਨੀਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਲੋਂ ਅੰਬਾਲਾ 'ਚ ਦਿੱਤੇ ਗਏ ਉਸ ਬਿਆਨ ਨੂੰ ਬੇਬੁਨਿਆਦ ਤੇ ਤੱਥਹੀਣ ਦੱਸਿਆ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਮਹਿੰਗਾਈ ਲਈ ਕੌਮਾਂਤਰੀ ਕਾਰਨ ਜ਼ਿੰਮੇਵਾਰ ਹਨ। ਕਾਮਰੇਡ ਕਾਰਤ ਨੇ ਮੌਜੂਦਾ ਸਰਕਾਰ ਵਲੋਂ ਅਪਣਾਈਆਂ ਨੀਤੀਆਂ ਨੂੰ ਲੋਕ ਮਾਰੂ ਦੱਸਦਿਆਂ ਹਰਿਆਣਾ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਮ ਲੋਕਾਂ ਦੇ ਹਿੱਤਾਂ ਦੀ ਅਗਵਾਈ ਕਰਨ ਵਾਲੀਆਂ ਖੱਬੀਆਂ ਪਾਰਟੀਆਂ ਨੂੰ ਅੱਗੇ ਲਿਆਉਣ ਤਾਂ ਜੋ ਬਦਲਵਾਂ ਪ੍ਰੋਗਰਾਮ ਲਾਗੂ ਕੀਤਾ ਜਾ ਸਕੇ। ਕਾਮਰੇਡ ਕਾਰਤ ਨੇ ਕਿਹਾ ਕਿ ਹਰਿਆਣਾ ਤੇ ਕੇਂਦਰ ਸਰਕਾਰ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਪਰਿਵਾਰਾਂ ਦੀ ਗਿਣਤੀ ਵਿਚ ਲਗਾਤਾਰ ਕਮੀ ਕਰ ਰਹੀ ਹੈ, ਜਦੋਂ ਕਿ ਕੇਰਲ ਸਰਕਾਰ ਇਸ ਤਰ੍ਹਾਂ ਦੇ ਲੋਕਾਂ ਦੀ ਪਹਿਚਾਣ ਕਰਕੇ ਉਨ੍ਹਾਂ ਨੂੰ ਵਧ ਤੋਂ ਵਧ ਸਹਾਇਤਾ ਮੁਹੱਈਆ ਕਰਵਾ ਰਹੀ ਹੈ। ਕਾਮਰੇਡ ਕਾਰਤ ਨੇ ਕਿਹਾ ਕਿ ਪੇਂਡੂ ਰੁਜ਼ਗਾਰ ਗਾਰੰਟੀ ਸਕੀਮ ਨੂੰ ਸ਼ਹਿਰੀ ਖੇਤਰਾਂ ਵਿਚ ਲਾਗੂ ਕਰਨ ਦੀ ਮੰਗ ਵੀ ਕੀਤੀ। ਕਾਮਰੇਡ ਕਾਰਤ ਨੇ ਕਿਹਾ ਕਿ ਤ੍ਰਿਪੁਰਾ ਸਰਕਾਰ ਵਲੋਂ ਇਹ ਸਕੀਮ ਸ਼ਹਿਰੀ ਖੇਤਰਾਂ ਵਿਚ ਵੀ ਲਾਗੂ ਕੀਤੀ ਜਾ ਰਹੀ ਹੈ। ਸਰਕਾਰ ਦੀ ਨੀਅਤ ਬਾਰੇ ਗੱਲ ਕਰਦਿਆਂ ਕਾਮਰੇਡ ਕਾਰਤ ਨੇ ਕਿਹਾ ਕਿ ਇੱਕ ਪਾਸੇ ਤਾਂ ਇਹ ਸਰਕਾਰ ਗਰੀਬਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਖਤਮ ਕਰ ਰਹੀ ਹੈ, ਦੂਜੇ ਪਾਸੇ ਕਾਰਪੋਰੇਟ ਸੈਕਟਰਾਂ ਨੂੰ ਵੱਡੇ-ਵੱਡੇ ਲਾਭ ਦਿੱਤੇ ਜਾ ਰਹੇ ਹਨ। ਕਾਮਰੇਡ ਕਾਰਤ ਨੇ ਇਸ ਮੌਕੇ ਬਰਵਾਲਾ ਤੋਂ ਉਮੀਦਵਾਰ ਸੁਰੇਸ਼ ਕੁਮਾਰ ਨੂੰ ਵੱਡੀ ਲੀਡ ਤੋਂ ਜਿਤਾਉਣ ਦੀ ਅਪੀਲ ਵੀ ਕੀਤੀ। ਕਾਮਰੇਡ ਕਾਰਤ ਨੇ ਕਿਹਾ ਕਿ ਖੱਬੀਆਂ ਪਾਰਟੀਆਂ ਦੇ ਉਮੀਦਵਾਰ ਕਦੇ ਵੀ ਦਲ ਬਦਲ ਕੇ ਪੈਸੇ ਦੀ ਸਿਆਸਤ ਨਹੀਂ ਕਰਦੇ।

ਰੈਲੀ ਨੂੰ ਸੰਬੋਧਨ ਕਰਦਿਆਂ ਹਰਿਆਣਾ 'ਚ ਸੀ ਪੀ ਆਈ (ਐਮ) ਦੇ ਸੂਬਾ ਸਕੱਤਰ ਕਾਮਰੇਡ ਇੰਦਰਜੀਤ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਨਿੱਜੀਕਰਨ ਤੇ ਉਦਾਰੀਕਰਨ ਦੀਆਂ ਨੀਤੀਆਂ ਨੂੰ ਉਤਸ਼ਾਹ ਦੇ ਕੇ ਸੂਬੇ ਅੰਦਰ ਸੰਕਟ ਪੈਦਾ ਕਰ ਰਹੀ ਹੈ। ਇਨ੍ਹਾਂ ਨੀਤੀਆਂ ਨਾਲ ਆਮ ਲੋਕਾਂ ਨੂੰ ਵੱਡਾ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਮਾਰਕਸੀ ਪਾਰਟੀ ਦੇ ਉਮੀਦਵਾਰਾਂ ਨੂੰ ਜਿਤਾਉਣ ਦੀ ਅਪੀਲ ਕੀਤੀ।

# ਭੂਪਿੰਦਰ ਸਿੰਘ ਹੁੱਡਾ ਨੇ ਪਾਣੀ ਨੂੰ ਬਣਾਇਆ ਮੁੱਦਾ



**ਡੱਬਵਾਲੀ:** ਲੰਘੀ 13 ਅਕਤੂਬਰ ਨੂੰ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਡੱਬਵਾਲੀ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਉਮੀਦਵਾਰ ਡਾ. ਕੇ ਵੀ ਸਿੰਘ ਨੂੰ ਭਾਰੀ ਬਹੁਮਤ ਨਾਲ ਜਿੱਤ ਹਾਸਲ ਕਰਾਉਣ ਲਈ ਹਰਿਆਣਾ ਦੇ ਮੁੱਖ ਮੰਤਰੀ ਚੌਧਰੀ ਭੁਪਿੰਦਰ ਸਿੰਘ ਹੁੱਡਾ ਨੇ ਡੱਬਵਾਲੀ ਦੀ ਨਵੀਂ ਅਨਾਜ ਮੰਡੀ ਵਿਚ ਭਾਰੀ ਜਨ ਸਭਾ ਨੂੰ ਸੰਬੋਧਨ ਕਰਕੇ ਲੋਕਾਂ ਨੂੰ ਕਾਂਗਰਸ ਉਮੀਦਵਾਰ ਦੇ ਪੱਖ ਵਿਚ ਵੋਟ ਪਾਉਣ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਹਰਿਆਣੇ ਦੇ ਹਿੱਸੇ ਦੀ ਇਕ ਬੂੰਦ ਪਾਣੀ ਦੀ ਵੀ ਕਿਸੇ ਹੋਰ ਕੋਲ ਨਹੀਂ ਛੱਡੀ ਜਾਵੇਗੀ। ਉਨ੍ਹਾਂ ਦਾ ਇਹ ਇਸ਼ਾਰਾ ਪੰਜਾਬ ਵਲ ਸੀ। ਸ੍ਰੀ ਹੁੱਡਾ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਇੱਕ ਪਾਸੇ ਬਾਦਲ ਹਰਿਆਣਾ ਵਿਚ ਲੋਕਾਂ ਨੂੰ ਇਨੈਲੋ ਪਾਰਟੀ ਦੇ ਹੱਕ ਵਿਚ ਵੋਟ ਪਾਉਣ ਦੀ ਅਪੀਲ ਕਰ ਰਿਹਾ ਹੈ, ਪਰ ਦੂਜੇ ਪਾਸੇ ਉਹ ਐਸ ਵਾਈ ਐਲ ਦਾ ਪਾਣੀ ਹਰਿਆਣਾ ਵਿਚ ਨਹੀਂ ਜਾਣ ਦਿੱਤਾ ਜਾਵੇਗਾ, ਜਿਹੇ ਬਿਆਨ ਦੇ ਰਿਹਾ ਹੈ। ਮੁੱਖ ਮੰਤਰੀ ਹੁੱਡਾ ਨੇ ਕਿਹਾ ਕਿ ਬਾਦਲ ਚਾਹੇ ਕਿੰਨਾਂ ਵੀ ਜ਼ੋਰ ਲਾ ਦੇਵੇ, ਹਰਿਆਣਾ ਆਪਣੇ ਹੱਕ ਦੀ ਇੱਕ ਬੂੰਦ ਵੀ ਨਹੀਂ ਛੱਡੇਗਾ।

ਸ੍ਰੀ ਹੁੱਡਾ ਨੇ ਕਿਹਾ ਕਿ ਹਰਿਆਣਾ ਦੇ ਵਿਕਾਸ ਵਿਚ ਕਾਂਗਰਸ ਪਾਰਟੀ ਦਾ ਅਹਿਮ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਸ਼ਾਸਨ ਵਿਚ ਜਿਹੜਾ ਪੈਸਾ ਵਿਕਾਸ ਕੰਮਾਂ ਅਤੇ ਨਵੀਆਂ ਸਕੀਮਾਂ 'ਤੇ ਖਰਚ ਕੀਤਾ ਜਾ ਰਿਹਾ ਹੈ, ਉਹ ਪੈਸਾ ਹੋਰਾਂ ਪਾਰਟੀਆਂ ਦੇ ਸ਼ਾਸਨਕਾਲ ਦੌਰਾਨ ਉਨ੍ਹਾਂ ਦੇ ਨੇਤਾਵਾਂ ਨੇ ਆਪਣੀਆਂ ਜੇਬਾਂ ਵਿਚ ਪਾਇਆ ਸੀ।

ਉਨ੍ਹਾਂ ਇਸ ਗੱਲ ਦਾ ਵੀ ਦਾਅਵਾ ਕੀਤਾ ਕਿ ਸੂਬੇ ਵਿਚ ਕਾਂਗਰਸ ਦੇ ਸ਼ਾਸਨਕਾਲ ਦੌਰਾਨ ਕਿਸੇ 'ਤੇ ਅੱਤਿਆਚਾਰ ਨਹੀਂ ਹੋਇਆ, ਜਦ ਕਿ ਇਸ ਤੋਂ ਪਹਿਲਾਂ ਰਹੀ ਇਨੈਲੋ ਦੀ ਸਰਕਾਰ ਨੇ ਆਪਣੇ ਸ਼ਾਸਨਕਾਲ ਦੌਰਾਨ ਨਾ ਸਿਰਫ਼ ਹਰਿਆਣਾ ਵਿਚ ਡਰ ਦਾ ਮਹੌਲ ਬਣਾਈ ਰੱਖਿਆ ਬਲਕਿ ਭ੍ਰਿਸ਼ਟਾਚਾਰ ਵਿਚ ਬੇਤਹਾਸ਼ਾ ਵਾਧਾ ਕਰਕੇ ਲੋਕਾਂ ਦਾ ਜਿਊਣਾ ਵੀ ਦੁੱਭਰ ਕੀਤਾ ਸੀ। ਸ੍ਰੀ ਹੁੱਡਾ ਨੇ ਕਿਹਾ ਕਿ ਹਰਿਆਣਾ ਵਿਚ ਕਾਂਗਰਸ ਦੀ ਸਰਕਾਰ ਆਉਂਦਿਆਂ ਹੀ 1600 ਕਰੋੜ ਰੁਪਏ ਦੇ ਬਿਜਲੀ ਬਿੱਲ ਮੁਆਫ਼ ਕੀਤੇ ਹਨ।

## ਭਾਰਤੀ ਹਵਾਈ ਫੌਜ ਨੇ ਵਰ੍ਹੇਗੰਢ ਮਨਾਈ

**ਅੰਮ੍ਰਿਤਸਰ :** ਭਾਰਤੀ ਹਵਾਈ ਫੌਜ ਦੀ 77ਵੀਂ ਵਰ੍ਹੇਗੰਢ ਮੌਕੇ ਏਅਰਫੋਰਸ ਸਟੇਸ਼ਨ ਅੰਮ੍ਰਿਤਸਰ ਕੈਂਟ ਵਿਖੇ ਲੰਘੇ ਦਿਨੀਂ ਪ੍ਰਭਾਵਸ਼ਾਲੀ ਸਮਾਗਮ ਦਾ ਆਯੋਜਨ ਕੀਤਾ ਗਿਆ। ਕੈਪਟਨ ਅਲੋਕ ਚੌਧਰੀ (ਵੀਐਮ) ਦੀ "ਪ੍ਰਧਾਨਗੀ ਹੇਠ ਆਯੋਜਤ ਇਸ ਸਮਾਗਮ ਵਿਚ ਇਸ ਯੂਨਿਟ ਦੇ ਸਮੂਹ ਵਿਅਕਤੀਆਂ ਨੇ ਦੇਸ਼ ਦੀ ਸੇਵਾ ਲਈ ਤਤਪਰ ਰਹਿਣ ਦੀ ਸਹੁੰ ਚੁੱਕੀ। ਇਸ ਮੌਕੇ ਕੈਪਟਨ ਚੌਧਰੀ ਨੇ ਦੱਸਿਆ ਕਿ ਏਅਰਫੋਰਸ ਸਟੇਸ਼ਨ ਅੰਮ੍ਰਿਤਸਰ ਕੈਂਟ ਇਕ ਸਿਗਨਲ ਯੂਨਿਟ ਹੈ, ਜਿਸ ਦੀ ਸਥਾਪਨਾ ਭਾਰਤ-ਚੀਨ (1962) ਅਤੇ ਭਾਰਤ-ਪਾਕਿ (1965) ਜੰਗਾਂ ਵਿਚ ਪੈਂਦੇ ਸਮੇਂ ਦੌਰਾਨ ਹੋਈ ।

# ਹਰਿਆਣਾ ਦੇ ਪੰਜਾਬੀ ਬਾਦਲਕਿਆਂ ਦੇ ਮਨਸੂਬੇ ਸਫਲ ਨਹੀਂ ਹੋਣ ਦੇਣਗੇ-ਝੀਂਡਾ

**ਕਾਲਾਂਵਾਲੀ :** ਹਰਿਆਣਾ ਦੇ ਪੰਜਾਬੀ ਖਾਸਕਰ ਸਿੱਖ, ਬਾਦਲਕਿਆਂ ਦੇ ਮਨਸੂਬਿਆਂ ਨੂੰ ਬੂਰ ਨਹੀਂ ਪੈਣ ਦੇਣਗੇ, ਕਿਉਂਕਿ ਆਪਣੀ ਖੁਦਗਰਜ਼ੀ ਦੀ ਪੂਰਤੀ ਲਈ ਪੰਜਾਬ ਦੇ ਅਕਾਲੀਆਂ ਵਲੋਂ ਪ੍ਰਵਾਨ ਕੀਤੇ ਲੰਗੜੇ ਪੰਜਾਬੀ ਸੂਬੇ ਦਾ ਹੀ ਇਹ ਸਿੱਟਾ ਹੈ ਕਿ ਉਨ੍ਹਾਂ ਦੇ ਬੱਚੇ ਮਾਂ ਬੋਲੀ ਪੰਜਾਬੀ ਦੇ ਗਿਆਨ ਤੋਂ ਸੱਖਣੇ ਹੋ ਚੁੱਕੇ ਹਨ। ਇਹ ਵਿਚਾਰ ਹਰਿਆਣਾ ਲਈ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਲਈ ਮੋਹਰੀ ਭੂਮਿਕਾ ਨਿਭਾਉਣ ਵਾਲੇ ਜਥੇਦਾਰ ਜਗਦੀਸ਼ ਸਿੰਘ ਝੀਂਡਾ ਨੇ ਪ੍ਰਗਟ ਕੀਤੇ।

ਇੱਕ ਵਿਸ਼ੇਸ਼ ਮੁਲਾਕਾਤ ਦੌਰਾਨ ਕੁਝ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਦਾਰ ਝੀਂਡਾ ਨੇ ਕਿਹਾ ਕਿ ਜਿਸ ਵੇਲੇ ਦੇਸ਼ ਵਿਚ ਭਾਸ਼ਾ ਦੇ ਅਧਾਰ 'ਤੇ ਸੂਬਿਆਂ ਦਾ ਗਠਨ ਹੋ ਰਿਹਾ ਸੀ, ਠੀਕ ਉਸ ਵੇਲੇ ਗ਼ੈਰ ਤਰਕ ਪੂਰਨ ਪਹੁੰਚ ਅਪਣਾਉਂਦਿਆਂ ਪੰਜਾਬ ਦੀ ਉਸ ਵੇਲੇ ਦੀ ਅਕਾਲੀ ਲੀਡਰਸ਼ਿਪ ਜਿਸ ਵਿਚ ਪ੍ਰਕਾਸ਼ ਸਿੰਘ ਬਾਦਲ ਵੀ ਸ਼ਾਮਲ ਸਨ, ਨੇ ਇੱਕ ਅਜਿਹੀ ਮੰਗ ਨੂੰ ਲੈ ਕੇ ਮੋਰਚਿਆਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ , ਜਿਸ ਵਿਚ ਪੰਜਾਬੀ ਬੋਲਦੇ ਇਲਾਕਿਆਂ ਦੀ ਬਜਾਏ ਸਿਰਫ ਤੇ ਸਿਰਫ ਇੱਕ ਵੱਖਰੇ ਧਰਮ ਨੂੰ ਆਧਾਰ ਬਣਾ ਲਿਆ ਗਿਆ। ਮੌਕਾ ਮਿਲਣ 'ਤੇ ਮਰਹੂਮ ਚੌਧਰੀ ਦੇਵੀ ਲਾਲ ਨਾਲ ਕੀਤੀ ਮਿਲੀਭੁਗਤ ਦੇ ਚਲਦਿਆਂ ਅਜਿਹਾ ਲੰਗੜਾ ਪੰਜਾਬੀ ਸੂਬਾ ਪ੍ਰਵਾਨ ਕਰ ਲਿਆ, ਜਿਸ ਦੇ ਹੋਂਦ ਵਿਚ ਆਉਣ ਨਾਲ ਪੰਜਾਬੀ ਬੋਲਦੇ ਇਲਾਕੇ ਇਸ ਵਿਚੋਂ ਬਾਹਰ ਹੋ ਗਏ। ਇਹ ਸਪਸ਼ਟ ਕਰਦਿਆਂ ਕਿ ਉਹ ਬੋਲੀ ਦੇ ਅਧਾਰ 'ਤੇ ਬਣਨ ਵਾਲੇ ਸੂਬਿਆਂ ਦੇ ਕਤਈ ਵਿਰੋਧੀ ਨਹੀਂ ਪਰ ਇਹ ਉਸ ਵੇਲੇ ਦੀ ਅਕਾਲੀ ਲੀਡਰਸ਼ਿਪ ਦੀ ਮੌਕਾਪ੍ਰਸਤ ਪਹੁੰਚ ਦਾ ਹੀ ਸਿੱਟਾ ਹੈ ਕਿ ਹਰਿਆਣਾ ਵਿਚ ਰਹਿ ਗਏ ਪੰਜਾਬੀਆਂ ਖਾਸਕਰ ਸਿੱਖਾਂ ਦੀ ਸਥਿਤੀ ਅੱਜ-ਕੱਲ੍ਹ ਇਹ ਹੈ ਕਿ ਉਨ੍ਹਾਂ ਦੇ ਬੱਚੇ ਪੰਜਾਬ ਵਿਚ ਰਹਿ ਰਹੇ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਨਾਲ ਵੀ ਪੰਜਾਬੀ ਵਿਚ ਚਿੱਠੀ-ਪੱਤਰ ਕਰਨ ਦੇ ਵੀ ਸਮਰੱਥ ਨਹੀਂ ਰਹੇ। ਹਰਿਆਣਾ ਵਿਚ ਪੰਜਾਬੀ ਪੰਜਾਬ ਦੀ ਤਰ੍ਹਾਂ ਪੜ੍ਹਾਈ ਹੀ ਨਹੀਂ ਜਾ ਰਹੀ। ਇਸ ਵਰਤਾਰੇ ਨੂੰ ਬੋਲੀ ਅਤੇ ਸੱਭਿਆਚਾਰ ਲਈ ਗੰਭੀਰ ਸੰਕਟ ਕਰਾਰ ਦਿੰਦਿਆਂ ਜਥੇਦਾਰ ਝੀਂਡਾ ਨੇ ਸ. ਬਾਦਲ ਨੂੰ ਸਵਾਲ ਕੀਤਾ ਕਿ ਉਹ ਇਹ ਤਾਂ ਸਪਸ਼ਟ ਕਰਨ ਕਿ ਹਰਿਆਣਾ ਦੇ ਪੰਜਾਬੀਆਂ ਤੋਂ ਉਹ ਹੁਣ ਕਿਸ ਮੂੰਹ ਨਾਲ ਵੋਟਾਂ ਮੰਗ ਰਹੇ ਹਨ, ਜੋ ਉਨ੍ਹਾਂ ਵਲੋਂ ਲਾਏ ਮੋਰਚਿਆਂ ਦੀ ਵਜ੍ਹਾ ਕਾਰਨ ਹੀ ਅਜੀਬੋ-ਗਰੀਬ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ। ਹਰਿਆਣਾ ਲਈ ਬਣਨ ਵਾਲੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੰਦਰਭ ਵਿਚ ਸ. ਬਾਦਲ ਵਲੋਂ ਲਾਏ ਜਾ ਰਹੇ ਇਸ ਦੋਸ਼ ਕਿ ਕਾਂਗਰਸ ਪਾਰਟੀ ਸਿੱਖਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖਲਅੰਦਾਜ਼ੀ ਕਰ ਰਹੀ ਹੈ, ਦੇ ਬਖੀਏ ਉਧੇੜਦਿਆਂ ਸ. ਝੀਂਡਾ ਨੇ ਉਨ੍ਹਾਂ ਨੂੰ ਸੁਆਲ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਵੀ ਕਿਉਂਕਿ ਧਾਰਮਿਕ ਦੀ ਬਜਾਏ ਇਕ ਸਿਆਸੀ ਪਾਰਟੀ ਹੈ, ਇਸ ਲਈ ਉਹ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਰੋਧ ਵਿਚ ਭੁਗਤ ਕੇ ਹਰਿਆਣਾ ਦੇ ਸਿੱਖਾਂ ਨਾਲ ਖਿਲਵਾੜ ਕਿਉਂ ਕਰ ਰਹੇ ਹਨ?

## ਸੰਧੂ ਭਰਾਵਾਂ ਦਾ ਕਬੱਡੀ ਇਸ਼ਕ

*(ਸਫਾ 22 ਦੀ ਬਾਕੀ)*

ਜਸਜੀਤ ਸੰਧੂ, ਇਕਬਾਲ ਸੰਧੂ, ਜਸਕੀਰਤ ਸੰਧੂ ਦੇ ਨਾਂ ਹਨ।

ਬਲਜੋਗ ਤੇ ਦਿਲਬਾਗ ਉਮਰ ਦੇ ਵਧਣ ਨਾਲ ਭਾਵੇਂ ਮਾੜਕੂ ਜਿਹੇ ਲੱਗਦੇ ਹੋਣ ਪਰ ਦੋਹਾਂ ਨੇ ਬੜਾ ਚਿਰ 'ਅਹੁ ਗਿਆ, ਅਹੁ ਗਿਆ' ਕਰਵਾਈ। ਇਕ ਮੁਲਾਕਾਤ ਵਿਚ ਦੀਦਾਰ ਸੰਧੂ ਨੂੰ ਇਕ ਕੁੜੀ ਨੇ ਸਵਾਲ ਕੀਤਾ 'ਤੁਸੀਂ ਗੀਤ ਵੀ ਆਪ ਹੀ ਲਿਖਦੇ ਹੋ, ਗਾਉਂਦੇ ਵੀ ਆਪ ਹੀ ਹੋ, ਤਰਜਾਂ ਵੀ ਆਪ ਬਣਾਉਂਦੇ ਹੋ, ਤੂੰਬੀ ਵੀ ਆਪ ਵਜਾਉਂਦੇ ਹੋ? ਤਾਂ ਦੀਦਾਰ ਦਾ ਜੁਆਬ ਸੀ, 'ਬੀਬੀ ਸੰਧੂਆਂ ਨੂੰ ਐਵੇਂ ਸਮਝਦੀ ਐਂ? ਤੇ ਰੁੜਕੇ ਵਾਲੇ ਸੰਧੂਆਂ ਦਾ ਕਬੱਡੀ ਨਾਲ ਇਸ਼ਕ ਹੀਰ-ਰਾਂਝੇ ਤੋਂ ਵੀ ਅੱਗੇ ਹੈ ਇਸੇ ਲਈ ਕਬੱਡੀ ਦੇ ਸ਼ੁਦਾਈਆਂ ਨੂੰ ਪ੍ਰਣਾਮ ਤੇ ਸਲਾਮ ਹੈ।

## ਰੀਗਲ ਸਿਨੇਮਾ ਘੋਲ ਦੇ ਸ਼ਹੀਦਾਂ ਦੀ ਵਰ੍ਹੇਗੰਢ ਮਨਾਈ

**ਚੰਡੀਗੜ੍ਹ:** ਸਟੂਡੈਂਟਸ ਫੈਡਰੇਸ਼ਨ ਆਫ਼ ਇੰਡੀਆ (ਐਸ ਐਫ਼ ਆਈ) ਵਲੋਂ ਮੋਗੇ ਦੇ ਰੀਗਲ ਸਿਨੇਮਾ ਘੋਲ ਦੇ ਵਿਦਿਆਰਥੀ ਸ਼ਹੀਦਾਂ ਹਰਜੀਤ ਸਿੰਘ ਅਤੇ ਸਵਰਨ ਸਿੰਘ ਆਦਿ ਦੀ 37ਵੀਂ ਵਰ੍ਹੇਗੰਢ ਸਮੁੱਚੇ ਪੰਜਾਬ 'ਚ ਵੱਖ-ਵੱਖ ਵਿਦਿਅਕ ਸੰਸਥਾਵਾਂ ਵਿਚ ਰੈਲੀਆਂ ਤੇ ਸਮਾਗਮ ਕਰਕੇ 'ਸੰਕਲਪ ਦਿਵਸ' ਵਜੋਂ ਮਨਾਈ। ਇੱਥੇ ਐਸ ਐਫ਼ ਆਈ ਦੇ ਸੂਬਾ ਪ੍ਰਧਾਨ ਗੁਰਪਾਲ ਸਿੰਘ ਧਾਲੀਵਾਲ ਅਤੇ ਸੂਬਾ ਸਕੱਤਰ ਸਵਰਨਜੀਤ ਸਿੰਘ ਦਲਿਓ ਨੇ ਪ੍ਰੁੱਜੀਆਂ ਰਿਪੋਰਟਾਂ ਦੇ ਆਧਾਰ 'ਤੇ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸਮਾਗਮ ਅਤੇ ਨਾਟਕਾਂ ਦਾ ਆਯੋਜਨ ਕਰਕੇ ਵਰ੍ਹੇਗੰਢ ਮਨਾਈ ਗਈ। ਬੁਢਲਾਡਾ, ਸੁਨਾਮ, ਰਾਜਪੁਰਾ, ਗੜ੍ਹਸ਼ੰਕਰ, ਨੰਗਲ, ਅਬੋਹਰ, ਮਾਨਸਾ ਦੀਆਂ ਵਿੱਦਿਅਕ ਸੰਸਥਾਵਾਂ ਵਿਚ ਸੰਕਲਪ ਦਿਵਸ ਮਨਾਉਣ ਦੀਆਂ ਸੂਚਨਾਵਾਂ ਮਿਲੀਆਂ ਹਨ।


**Attention Homeowners**



Nirmal Singh Mann

**ਤੁਹਾਡੇ ਘਰ ਦਾ ਲੋਨ ਮੋਡੀਫਾਈ ਹੋ ਸਕਦਾ ਹੈ ਬੇਸ਼ੱਕ:**

- ਤੁਹਾਡਾ ਕਰੈਡਿਟ ਅੱਛਾ ਹੈ ਜਾਂ ਬਿਲਕੁਲ ਖਰਾਬ?
- ਕੀ ਤੁਸੀਂ ਮਾਲੀ ਤੌਰ 'ਤੇ ਔਖੇ ਸਮੇਂ 'ਚੋਂ ਲੰਘ ਰਹੇ ਹੋ?
- ਤੁਹਾਡੇ ਘਰ ਦੀ ਕੀਮਤ ਘਟ ਗਈ ਹੈ?
- ਕੀ ਤੁਸੀਂ Neg ARM/Option ARM ਲੋਨ ਵਿਚ ਹੋ?
- ਰੀਫਾਇਨਾਂਸ ਕਰਾਉਣ ਵਿਚ ਤੁਹਾਨੂੰ ਦਿੱਕਤ ਆ ਰਹੀ ਹੈ?

ਕਰਜੇ ਦੀ ਆਪਣੀ ਮੂਲ ਰਕਮ ਦਾ ਚੋਖਾ ਹਿੱਸਾ ਘਟਾਓ,
ਆਪਣਾ ਵਿਆਜ ਦਰ 1% ਤੱਕ ਘਟਾਓ

ਮੈਂ ਤੁਹਾਡੀ ਮਦਦ ਕਰ ਸਕਦਾ ਹਾਂ, ਸਲਾਹ ਲਈ ਕਾਲ ਕਰੋ

**Nirmal Singh Mann can help reduce your payment as low as 1%**

Free Consultation Call (877) 899-6244

or www.tryemc.com

ਬਾਦਲਾਂ ਦੀ ਵਕਾਲਤ ਦੀ ਥਾਂ ਪੰਥਪ੍ਰਸਤ ਬਣਨ ਦੀ ਸਲਾਹ

# ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਅਵਤਾਰ ਸਿੰਘ ਮੱਕੜ ਨੂੰ ਖਰੀਆਂ-ਖਰੀਆਂ ਸੁਣਾਈਆਂ

**ਅੰਮ੍ਰਿਤਸਰ :** ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਮੁੱਖ ਸੇਵਾਦਾਰ ਭਾਈ ਰਣਜੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੂੰ ਸੁਝਾਅ ਦਿਤਾ ਹੈ ਕਿ ਉਹ ਬਾਦਲ ਪ੍ਰਸਤ ਬਣਨ ਦੀ ਬਜਾਏ ਪੰਥ ਪ੍ਰਸਤ ਬਣਨ। ਆਪਣੇ ਨਿਵਾਸ 'ਤੇ ਬੀਤੇ ਦਿਨੀਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਈ ਰਣਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਅਖ਼ਬਾਰਾਂ 'ਚ ਸ. ਮੱਕੜ ਦਾ ਉਨ੍ਹਾਂ ਤੋਂ ਕੋਠੀ ਖ਼ਾਲੀ ਕਰਵਾਉਣ ਸਬੰਧੀ ਬਿਆਨ ਪੜ੍ਹਿਆ ਹੈ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਸ. ਮੱਕੜ ਨੇ ਉਨ੍ਹਾਂ ਨੂੰ ਕੁਝ ਦਿਨ ਪਹਿਲਾਂ ਫ਼ੋਨ 'ਤੇ ਨਿੱਜੀ ਤੌਰ 'ਤੇ ਵੀ ਸ੍ਰੀ ਗੁਰੂ ਰਾਮਦਾਸ ਹਸਪਤਾਲ ਵਿਚਲੀ ਕੋਠੀ ਖ਼ਾਲੀ ਕਰਨ ਲਈ ਬੇਨਤੀ ਕੀਤੀ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਸ. ਮੱਕੜ ਨੂੰ ਉਦੋਂ ਵੀ ਕਿਹਾ ਸੀ ਕਿ ਉਹ ਕੋਠੀ ਦੀ ਚਿੰਤਾ ਛੱਡ ਕੇ ਬਾਦਲਕਿਆਂ ਵਲੋਂ ਗੁਰੂ ਘਰ ਦੀ ਦੋਹੀਂ ਹੱਥੀਂ ਲੁੱਟੀ ਜਾ ਰਹੀ ਜਾਇਦਾਦ ਨੂੰ ਬਚਾਉਣ ਲਈ ਉਪਰਾਲੇ ਕਰਨ।



ਉਨ੍ਹਾਂ ਕਿਹਾ ਕਿ ਮੱਕੜ ਨੂੰ ਉਨ੍ਹਾਂ ਮੀਰੀ ਪੀਰੀ ਟਰੱਸਟ ਸ਼ਾਹਬਾਦ ਮਾਰਕੰਡਾ ਦੀ ਜ਼ਮੀਨ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਹ ਟਰੱਸਟ ਗੁਰੂ ਘਰ ਦੇ ਪੈਸੇ ਨਾਲ ਗੁਰੂ ਘਰ ਦੀ ਜ਼ਮੀਨ 'ਤੇ ਬਣਿਆ ਹੋਇਆ ਹੈ। ਇਹ ਬਾਦਲ ਪਰਵਾਰ ਦੀ ਨਿੱਜੀ ਜਾਇਦਾਦ ਕਿਵੇਂ ਬਣ ਗਿਆ? ਉਨ੍ਹਾਂ ਕਿਹਾ ਕਿ ਉਨ੍ਹਾਂ ਸ. ਮੱਕੜ ਨੂੰ ਫੋਨ ਤੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਦੀ 20 ਹਜ਼ਾਰ ਏਕੜ ਵਾਹੀਯੋਗ ਜ਼ਮੀਨ ਸਿਰਫ ਦੋ ਸੌ ਰੁਪਏ ਠੇਕੇ ਤੇ ਬਾਦਲਕਿਆਂ ਦੇ ਚਹੇਤਿਆਂ ਨੂੰ ਦਿਤੀ ਹੋਈ ਹੈ। ਦੋ ਹਜ਼ਾਰ ਏਕੜ ਜ਼ਮੀਨ ਡੇਰਾ ਬਾਬਾ ਨਾਨਕ ਵਿਖੇ ਕੁਝ ਸਮਾਂ ਪਹਿਲਾਂ ਸਿਰਫ ਦੋ ਸੌ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਬਾਦਲਕਿਆਂ ਦੇ ਚਹੇਤਿਆਂ ਨੂੰ ਠੇਕੇ 'ਤੇ ਦਿਤੀ ਗਈ। ਉਸ ਬਾਰੇ ਤਾਂ ਸ. ਮੱਕੜ ਨੂੰ ਕਦੇ ਚਿੰਤਾ ਨਹੀਂ ਹੋਈ। ਉਨ੍ਹਾਂ ਭੇਦ ਖੋਲ੍ਹਿਆ ਕਿ ਲੁਧਿਆਣਾ ਵਿਚ ਸ. ਮੱਕੜ ਦੀ ਇਕ ਹਜ਼ਾਰ ਗਜ਼ ਵਿਚ ਤਿਆਰ ਹੋ ਰਹੀ ਨਵੀਂ ਕੋਠੀ ਦੇ ਬਿਲਕੁਲ ਨੇੜੇ ਅਰਬਾਂ ਰੁਪਏ ਦੀ ਗੁਰੂ ਘਰ ਦੀ ਜਾਇਦਾਦ 'ਤੇ ਕਾਲੋਨੀ ਕੱਟਣ ਦੀ ਅੰਦਰਖਾਤੇ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਸ. ਮੱਕੜ ਨੂੰ ਸਵਾਲ ਕੀਤਾ ਕਿ ਤੁਸੀਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹੋ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਮ ਲਗਦੀ ਜ਼ਮੀਨ ਦੀ ਕਿਸੇ ਵਿਅਕਤੀ ਦੇ ਨਾਮ ਰਜਿਸਟਰੀ ਨਹੀਂ ਹੋ ਸਕਦੀ ਪਰ ਸ਼੍ਰੋਮਣੀ ਕਮੇਟੀ ਨੇ ਗਿਆਨੀ ਪੂਰਨ ਸਿੰਘ ਦੇ ਨਾਮ ਰਜਿਸਟਰੀ ਕਰਵਾਈ ਜੋ ਕਿ ਕਾਨੂੰਨੀ ਤੌਰ 'ਤੇ ਗ਼ਲਤ ਹੈ। ਉਨ੍ਹਾਂ ਕਿਹਾ ਕਿ ਗੁਰੂ ਘਰ ਦੀ ਜ਼ਮੀਨ 'ਤੇ ਬਣੀ ਹੋਈ ਕੋਠੀ ਤਾਂ ਉਹ ਹੱਥ ਜੋੜ ਕੇ ਪੰਥ ਨੂੰ ਵਾਪਸ ਕਰਨਗੇ ਪਰ ਅਕਾਲੀਆਂ ਦੀ ਨਲਾਇਕ ਔਲਾਦ ਨੂੰ ਐਨ.ਆਰ.ਆਈ. ਕੋਟੇ 'ਚੋਂ ਸ੍ਰੀ ਗੁਰੂ ਰਾਮਦਾਸ ਡੈਂਟਲ ਕਾਲਜ ਅਤੇ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ 'ਚ ਬਿਨਾਂ ਫ਼ੀਸ ਤੋਂ ਕਿਵੇਂ ਪੜ੍ਹਾਇਆ ਜਾ ਰਿਹਾ ਹੈ? ਉਹ ਗੁਰੂ ਘਰ ਦਾ ਘਾਟਾ ਕਿਵੇਂ ਪੂਰਾ ਕਰਨਾ ਹੈ? ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਪੱਛਮੀ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਜਸਵਿੰਦਰ ਸਿੰਘ ਐਡਵੋਕੇਟ ਵਲੋਂ ਵੇਈਂ ਪੂਈ ਨੇੜੇ ਚਲਾਏ ਜਾ ਰਹੇ ਸਕੂਲਾਂ ਲਈ ਬੱਸ ਅਤੇ ਡਰਾਈਵਰ, ਧਰਮ ਪ੍ਰਚਾਰ ਕਮੇਟੀ ਦੇ ਖ਼ਜ਼ਾਨੇ 'ਚੋਂ ਦਿੱਤਾ ਜਾ ਰਿਹਾ ਹੈ। ਉਨ੍ਹਾਂ ਸ. ਮੱਕੜ ਨੂੰ ਸੁਝਾਅ ਦਿਤਾ ਕਿ ਗੁਰੂ ਘਰ ਦੇ ਖ਼ਜ਼ਾਨੇ ਨੂੰ ਨਿਰਦੈਤਾ ਨਾਲ ਨਾ ਲੁਟਾਉ। ਉਨ੍ਹਾਂ ਕਿਹਾ ਕਿ ਗੁਰੂ ਰਾਮਦਾਸ ਹਸਪਤਾਲ ਜਿਸ ਦੇ ਟਰੱਸਟ ਦੀ ਗਰੰਟੀ 'ਤੇ 20 ਕਰੋੜ ਰੁਪਏ ਮਸ਼ੀਨਰੀ ਲਈ ਬੈਂਕ ਤੋਂ ਕਰਜ਼ਾ ਲਿਆ ਹੈ, ਉਸ ਵਿਚੋਂ ਸਿਰਫ 8 ਕਰੋੜ ਰੁਪਏ ਦੀ ਹੀ ਮਸ਼ੀਨਰੀ ਖਰੀਦੀ ਗਈ ਹੈ, ਜਦ ਕਿ ਬਾਕੀ ਪੈਸਾ ਖੁਰਦ ਬੁਰਦ ਹੋ ਚੁੱਕਾ ਹੈ। ਉਨ੍ਹਾਂ ਸਵਾਲ ਕੀਤਾ ਕਿ ਗੁਰੂ ਰਾਮਦਾਸ ਹਸਪਤਾਲ 'ਚ ਤਾਂ ਕਾਂ ਬੋਲਦੇ ਪਏ ਹਨ।

ਹਰ ਸਾਲ 1 ਕਰੋੜ 69 ਲੱਖ ਰੁਪਏ ਵਿਆਜ ਕਿਥੋਂ ਦਿਤਾ ਜਾਵੇਗਾ? ਉਨ੍ਹਾਂ ਕਿਹਾ ਕਿ ਮੱਕੜ ਨੂੰ ਇਕ ਕੋਠੀ ਦੀ ਤਾਂ ਚਿੰਤਾ ਵੱਢ-ਵੱਢ ਕੇ ਖਾ ਰਹੀ ਹੈ ਜਦਕਿ 250 ਦੇ ਕਰੀਬ ਮੁਲਾਜ਼ਮ ਜਿਨ੍ਹਾਂ ਦੀਆਂ ਤਨਖਾਹਾਂ ਗੁਰੂਘਰ ਦੇ ਖਜ਼ਾਨੇ 'ਚੋਂ ਦਿਤੀਆਂ ਜਾ ਰਹੀਆਂ ਹਨ, ਬਾਦਲ ਦੇ ਚਾਪਲੂਸਾਂ ਦੇ ਘਰ ਸੇਵਾ ਕਰ ਰਹੇ ਹਨ। ਉਨ੍ਹਾਂ ਸਵਾਲ ਕੀਤਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਮੁੱਖ ਸੇਵਾਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੂੰ ਸੇਵਾਦਾਰ, ਗੰਨਮੈਨ ਤੇ ਗੱਡੀਆਂ ਕਿਵੇਂ ਦਿੱਤੀਆਂ ਹਨ? ਉਨ੍ਹਾਂ ਕਿਹਾ ਕਿ ਸ. ਮੱਕੜ ਬਚਕਾਨੇ ਬਿਆਨ ਦੇਣ ਤੋਂ ਗੁਰੇਜ਼ ਕਰਨ।

ਪਾਕਿਸਤਾਨ ਵਿਚ ਸਥਿਤ ਗੁਰਧਾਮਾਂ ਦੀ ਜ਼ਮੀਨ ਖੁਰਦ ਬੁਰਦ ਕੀਤੇ ਜਾਣ ਬਾਰੇ ਪੁਛੇ ਜਾਣ 'ਤੇ ਭਾਈ ਰਣਜੀਤ ਸਿੰਘ ਨੇ ਕਿਹਾ ਕਿ ਮੱਕੜ ਬੇਲੋੜੀ ਸਿਰਦਰਦੀ ਲੈ ਕੇ ਪਾਕਿਸਤਾਨ ਦੀ ਜ਼ਮੀਨ ਦੀ ਚਿੰਤਾ ਕਰਦਾ ਹੈ। ਉਥੇ ਸ. ਸਰਨਾ ਇਕ ਪਾਲਕੀ ਛੱਡ ਕੇ ਆਏ ਸਨ, ਉਸਦੀ ਰਾਖੀ ਲਈ ਪਾਕਿਸਤਾਨ ਸਰਕਾਰ ਨੇ ਪੁਲਿਸ ਲਾਈ ਹੋਈ ਹੈ ਤਾਂ ਜ਼ਮੀਨ ਕਿਵੇਂ ਤੇ ਕਿੱਥੇ ਖੁਰਦ ਬੁਰਦ ਹੋ ਸਕਦੀ ਹੈ,ਇਹ ਦੱਸਣਾ ਹੀ ਪਵੇਗਾ।

# ਜਥੇਦਾਰ ਭਾਈ ਰਣਜੀਤ ਸਿੰਘ ਨੂੰ ਆਪਣੇ ਰੁਤਬੇ ਦੇ ਅਨੁਕੂਲ ਹੀ ਕੁਝ ਕਹਿਣਾ ਚਾਹੀਦੈ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਵਲੋਂ ਸ਼੍ਰੋਮਣੀ ਕਮੇਟੀ ਦੀ ਕਾਰਗੁਜ਼ਾਰੀ 'ਤੇ ਕਿੰਤੂ-ਪ੍ਰੰਤੂ ਕੀਤੇ ਜਾਣ 'ਤੇ ਤਿੱਖਾ ਪ੍ਰਤੀਕਰਮ ਪ੍ਰਗਟ ਕਰਦਿਆਂ ਇਸਨੂੰ ਬੇਬੁਨਿਆਦ, ਤੱਥਾਂ ਤੋਂ ਰਹਿਤ ਤੇ ਗੁਮਰਾਹਕੁੰਨ ਕਰਾਰ ਦਿੰਦਿਆਂ ਕਿਹਾ ਕਿ ਮੈਂ ਇਕ ਨਿਮਾਣੇ ਸੇਵਕ ਵਜੋਂ ਸਿੱਖ ਜਗਤ ਦੀ ਸਿਰਮੌਰ ਸੰਸਥਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਗੁਰਧਾਮਾਂ ਦੇ ਪ੍ਰਬੰਧ ਨੂੰ ਸੁਚਾਰੂ ਬਨਾਉਣ ਤੇ ਸਿੱਖੀ ਦੇ ਪ੍ਰਚਾਰ-ਪ੍ਰਸਾਰ ਹਿੱਤ ਤਨਦੇਹੀ ਨਾਲ ਕੰਮ ਕਰ ਰਿਹਾ ਹਾਂ।



ਉਨ੍ਹਾਂ ਭਾਈ ਰਣਜੀਤ ਸਿੰਘ ਵਲੋਂ ਗੁਰਦੁਆਰਾ ਸਾਹਿਬਾਨ ਦੀਆਂ ਜ਼ਮੀਨਾਂ 200 ਜਾਂ 300 ਰੁਪਏ ਪ੍ਰਤੀ ਏਕੜ ਠੇਕੇ ਪੁਰ ਦਿਤੇ ਜਾਣ ਦੇ ਉਤਰ 'ਚ ਕਿਹਾ ਕਿ ਏਨਾ ਘੱਟ ਠੇਕਾ ਬੀਤੇ ਸਮੇਂ ਦੀਆਂ ਗੱਲਾਂ ਹਨ ਅਤੇ ਗੁਰਦੁਆਰਾ ਸਾਹਿਬ ਦੀ ਕੋਈ ਵੀ ਵਾਹੀ ਯੋਗ ਜ਼ਮੀਨ ਅਜਿਹੀ ਨਹੀਂ ਜਿਸ ਦਾ ਸਾਲਾਨਾ ਠੇਕਾ 6 ਹਜ਼ਾਰ ਤੋਂ ਘੱਟ ਹੋਵੇ। ਉਨ੍ਹਾਂ ਸਪਸ਼ਟ ਕੀਤਾ ਕਿ ਉਨ੍ਹਾਂ ਨੇ ਆਪਣੇ ਪਿਛਲੇ 4 ਸਾਲਾਂ ਦੇ ਕਾਰਜ-ਕਾਲ ਦੌਰਾਨ ਗੁਰਦੁਆਰਾ ਸਾਹਿਬਾਨ ਦੀਆਂ ਮਲਕੀਅਤੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਛੁਡਾਏ ਹਨ, ਜਿਨ੍ਹਾਂ ਵਿਚ ਨਿਹੰਗ ਸਿੰਘ ਬੁੱਢਾ ਦਲ ਪਾਸੋਂ 200 ਏਕੜ, ਲੁਧਿਆਣਾ ਵਿਖੇ ਵੱਖ-ਵੱਖ ਥਾਵਾਂ 'ਤੇ 18 ਤੇ 20 ਏਕੜ, ਫਤਹਿਗੜ੍ਹ ਸਾਹਿਬ ਵਿਖੇ 56 ਏਕੜ, ਪਟਿਆਲਾ ਵਿਖੇ 60 ਏਕੜ ਅਤੇ ਲੁਧਿਆਣਾ ਵਿਖੇ 100 ਏਕੜ ਰਕਬਾ ਸ਼ਾਮਿਲ ਹੈ। ਲੁਧਿਆਣਾ ਵਿਖੇ 100 ਏਕੜ ਜ਼ਮੀਨ ਦਾ ਕਬਜ਼ਾ ਪ੍ਰਾਪਤ ਕਰਨ ਲਈ ਮਾਨਯੋਗ ਅਦਾਲਤ ਪਾਸੋਂ ਵਾਰੰਟ ਪ੍ਰਾਪਤ ਕੀਤੇ ਹਨ। ਉਨ੍ਹਾਂ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਦੀਆਂ ਬਕਾਇਦਾ ਫੀਸਾਂ ਦੇ ਸਬੰਧ 'ਚ ਸਪਸ਼ਟ ਕੀਤਾ ਕਿ ਕਾਲਜ ਦੀਆਂ ਬਕਾਇਆ ਫੀਸਾਂ 'ਚੋਂ 80 ਫੀਸਦੀ ਦੀ ਵਸੂਲੀ ਹੋ ਚੁੱਕੀ ਹੈ। ਰਣਜੀਤ ਸਿੰਘ ਵਲੋਂ ਉਨ੍ਹਾਂ ਪੁਰ ਇੱਕ ਹਜ਼ਾਰ ਗਜ਼ ਵਿਚ ਲੁਧਿਆਣਾ ਵਿਖੇ ਕੋਠੀ ਤਿਆਰ ਕੀਤੇ ਜਾਣ ਦੇ ਲਗਾਏ ਦੋਸ਼ਾਂ ਦੇ ਸਬੰਧ 'ਚ ਉਨ੍ਹਾਂ ਕਿਹਾ ਕਿ ਮੈਂ ਇਸ ਸਮੇਂ ਆਪਣੇ ਦੋ ਬੇਟਿਆਂ ਨਾਲ 100 ਗਜ਼ ਦੇ ਮਕਾਨ ਵਿਚ ਰਹਿ ਰਿਹਾ ਹਾਂ ਅਤੇ ਮੇਰਾ ਇਕ ਬੇਟਾ 100 ਗਜ਼ ਦੇ ਵੱਖਰੇ ਘਰ ਵਿਚ ਰਹਿ ਰਿਹਾ ਹੈ। ਉਨ੍ਹਾਂ ਕਿਹਾ ਕਿ ਲੁਧਿਆਣਾ 'ਚ ਕਿਧਰੇ ਵੀ ਇਕ ਹਜ਼ਾਰ ਗਜ਼ ਰਕਬੇ 'ਚ ਮੇਰੀ ਕੋਈ ਕੋਠੀ ਨਹੀਂ ਬਣ ਰਹੀ।

ਉਨ੍ਹਾਂ ਕਿਹਾ ਕਿ ਇਕ ਹਜ਼ਾਰ ਗਜ਼ 'ਚ ਕੋਠੀ ਦੀ ਉਸਾਰੀ ਤਾਂ ਕਿਧਰੇ ਰਹੀ, ਭਾਈ ਰਣਜੀਤ ਸਿੰਘ ਮੇਰੇ ਵਲੋਂ ਲੁਧਿਆਣਾ ਵਿਖੇ ਕਿਸੇ ਵੀ ਪ੍ਰਕਾਰ ਦੀ ਉਸਾਰੀ 'ਚ ਇਕ ਇੱਟ ਵੀ ਲੱਗੀ ਸਾਬਤ ਕਰ ਦੇਣ ਤਾਂ ਮੈਂ ਸੰਗਤਾਂ ਦੀ ਕਚਹਿਰੀ ਵਿਚ ਦੇਣਦਾਰ ਹਾਂ।

# ਗੁਰਦਾਸਪੁਰ ਜੇਲ੍ਹ 'ਚ ਨੂਰਮਹਿਲੀਏ ਦੇ ਚੇਲਿਆਂ ਦਾ ਸਿੱਕਾ

**ਬਟਾਲਾ:** ਭਾਰਤੀ ਵਿਧਾਨ ਮੁਤਾਬਕ ਕੋਈ ਵੀ ਵਿਅਕਤੀ ਚਾਹੇ ਉਹ ਕਿਸੇ ਵੀ ਧਰਮ ਦਾ ਹੋਵੇ, ਆਪਣੇ ਰੱਬ ਦਾ ਨਾਮ ਲੈ ਕੇ ਜਾਪ ਜਾਂ ਪਾਠ ਕਰ ਸਕਦਾ ਹੈ ਪਰ ਗੁਰਦਾਸਪੁਰ ਦੀ ਜੇਲ੍ਹ ਵਿਚਲੇ ਕੈਦੀਆਂ ਉਤੇ ਸ਼ਾਇਦ ਇਹ ਵਿਧਾਨ ਲਾਗੂ ਨਹੀਂ ਹੁੰਦਾ। ਮਿਲੀ ਜਾਣਕਾਰੀ ਅਨੁਸਾਰ ਗੁਰਦਾਸਪੁਰ ਜੇਲ੍ਹ ਵਿਚ ਉੱਚ ਅਧਿਕਾਰੀਆਂ ਨੂੰ ਗੁੰਮਰਾਹ ਕਰਦਿਆਂ ਹੇਠਲੇ ਕੁਝ ਕਰਮਚਾਰੀ ਤੇ ਆਸ਼ੂਤੋਸ਼ ਨੂਰ ਮਹਿਲੀਏ ਦੇ ਚੇਲੇ ਨੂਰ ਮਹਿਲੀਏ ਦਾ ਪ੍ਰਚਾਰ ਕਰਦੇ ਹਨ ਅਤੇ ਕੈਦੀਆਂ ਨੂੰ ਵੀ ਉਸ ਨੂੰ 'ਗੁਰੂ' ਧਾਰਨ ਕਰਨ ਲਈ ਪ੍ਰੇਰਦੇ ਹਨ। ਚਿੱਠੀ ਅਨੁਸਾਰ ਜੋ ਵੀ ਕੈਦੀ ਇਸ ਦਾ ਵਿਰੋਧ ਕਰਦਾ ਹੈ, ਤਾਂ ਉਸਨੂੰ ਜ਼ਲੀਲ ਕੀਤਾ ਜਾਂਦਾ ਹੈ। ਜਾਣਕਾਰੀ ਅਨੁਸਾਰ ਜਗੀਰ ਨਾਮ ਦਾ ਇਕ ਪੁਲਿਸ ਕਰਮਚਾਰੀ ਆਸ਼ੂਤੋਸ਼ ਨੂਰ ਮਹਿਲੀਏ ਦਾ ਚੇਲਾ ਹੈ ਅਤੇ ਉਸਨੇ ਕੁਝ ਮੁਲਾਜ਼ਮ ਵੀ ਨਾਲ ਮਿਲਾਏ ਹੋਏ ਹਨ। ਪਤਾ ਲੱਗਾ ਹੈ ਕਿ ਵਿਰੋਧ ਕਰਨ ਵਾਲਾ ਇਕ ਕੈਦੀ ਅਜਮੇਰ ਸਿੰਘ ਬੀਮਾਰ ਸੀ। ਉਸ ਨੇ ਦਵਾਈ ਲੈਣ ਦੀ ਬੇਨਤੀ ਕੀਤੀ ਪਰ ਉਸ ਨਾਲ ਰੜਕ ਕਢਦਿਆਂ ਦਵਾਈ ਨਾ ਦਿਤੀ ਗਈ ਸਗੋਂ ਉਸਨੂੰ ਕੁੱਟਿਆ ਗਿਆ। ਹਾਲਤ ਖ਼ਰਾਬ ਹੋਣ ਪਿਛੋਂ ਉਸਨੂੰ ਜੇਲ੍ਹ ਵਿਚਲੇ ਹਸਪਤਾਲ ਵਿਚ ਦਾਖ਼ਲ ਕਰਵਾਉਣਾ ਪਿਆ।

ਪਤਾ ਲੱਗਾ ਹੈ ਕਿ ਕੁੱਟ ਮਾਰ ਤੋਂ ਬਾਅਦ ਉੱਚ ਅਧਿਕਾਰੀਆਂ ਨੇ ਹੇਠਲੇ ਕਰਮਚਾਰੀਆਂ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ। ਜੇਲ੍ਹ ਤੋਂ ਆਈ ਚਿੱਠੀ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ, ਦਮਦਮੀ ਟਕਸਾਲ ਦੇ ਮੁੱਖ ਆਗੂ, ਸਿੱਖ ਸਟੂਡੈਂਟਸ ਫ਼ੈਡਰੇਸ਼ਨ ਆਗੂ ਅਤੇ ਸਾਰੇ ਧਰਮਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਆਖਿਆ ਗਿਆ ਹੈ ਕਿ ਸਾਰੇ ਹੀ ਆਗੂ ਲਾਮਬੰਦ ਹੋ ਕੇ ਇਸ ਧੱਕੇਸ਼ਾਹੀ ਵਿਰੁਧ ਆਵਾਜ਼ ਚੁੱਕ ਕੇ ਸਭ ਕੁਝ ਸਾਹਮਣੇ ਲਿਆਉਣ। ਜਥੇਬੰਦੀਆਂ ਨੂੰ ਵਾਰ-ਵਾਰ ਅੱਗੇ ਆਉਣ ਦੀ ਬੇਨਤੀ ਕੀਤੀ ਗਈ ਹੈ। ਇਸ ਸਬੰਧੀ ਜਦੋਂ ਜੇਲ ਦੇ ਉੱਚ ਅਧਿਕਾਰੀ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਆਖਿਆ ਕਿ ਇਹੋ ਜਿਹੀ ਕੋਈ ਵੀ ਗੱਲਬਾਤ ਉਨ੍ਹਾਂ ਦੇ ਧਿਆਨ ਵਿਚ ਨਹੀਂ ਆਈ।

ਉਨ੍ਹਾਂ ਕਿਹਾ, ''ਅਸੀਂ ਇਕ ਕੈਦੀ ਵਲੋਂ ਫਾਹਾ ਲੈ ਕੇ ਆਤਮ ਹਤਿਆ ਕਰ ਲੈਣ ਦੇ ਮਾਮਲੇ ਵਿਚ ਬਹੁਤ ਹੀ ਰੁਝੇ ਹੋਏ ਹਾਂ।''


SUPER TRAVEL
847-676-9090
E-mail: supertravel2003@yahoo.com
Lowest Fares With Excellent Service
AMERICAN AIR,
CONTINENTAL AIR

JET AIRWAYS
DELTA, AIR INDIA,
KLM, LUFTHANSA.
For Emergency
Call anytime at
847-673-3825
EARLY BIRD SALE!!!!
India $545
London $250

ਡਾਇਮੰਡ ਹੇਅਰ ਕਟਿੰਗ ਸਲੂਨ
ਜ਼ਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।

TONY
26655 Mission Blvd.
Hayward, CA 94544
For men, women & Children
Make-up
Hair cut
Perm
Hair styler

Color
Facial, Threading
Bridal Make-up
Body Art (Henna)
Wednesday thru Monday 10 am to 7pm,
Sunday 11 am to 6.00 pm Tuesday closed
Ph: 510-582-2472 Cell: (510) 825-0820

Realtor & Mortgage Specialist
Bay Area & Central Valley
ਚੰਗੀ ਜੁਗਤਤ-ਚਿੰਤਾ ਮੁਕਤਤ
ਪੰਜਾਬੀ 'ਚ ਪਹਿਲੀ ਵਾਰ ਪੜ੍ਹੋ ਰਾਜ ਸਿੰਘ ਦੀ ਪੁਸਤਕ 'ਅਮਰੀਕਾ ਵਿਚ ਘਰ ਤੇ ਜਾਇਦਾਦ ਦੀ ਖਰੀਦੋ-ਫਰੋਖ਼ਤ' (ਸੇਵਾ 10 ਡਾਲਰ)
ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ

RAJ SINGH
M.A., M.Ed Retd. Principal
Realtor & Financial Adviser
Lic#01776459 & OG22467
ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।
Refinance, Home Loan, SBA Loan
(All at Best Rates)
RAJ SINGH
Cell:510-452-7370
Notary Free
30 ਸਾਲਾ ਲੋਨ 10 ਜਾਂ 15 ਸਾਲਾਂ ਵਿਚ ਖਤਮ ਕਰਕੇ ਤੁਹਾਨੂੰ ਛੇਤੀ ਸੁਰਖ਼ਰੂ ਕਰ ਸਕਦੇ ਹਾਂ।
MISSIONPEAK BROKERS, INC.
46560 Fremont Blvd.
Suite #111 Fremont,
CA 94538
singhrajpaul@yahoo.com

# ਪਾਕਿਸਤਾਨ ਸਬੰਧੀ ਅਮਰੀਕੀ ਬਿਲ ਉਪਰ ਵਿਵਾਦ ਭਖਿਆ

–ਸਈਅਦ ਤਲਤ ਹੁਸੈਨ

**ਇਸ ਬਿੱਲ ਵਿਚ ਇਹ ਮੱਦ ਮੌਜੂਦ ਹੈ ਕਿ ਅਮਰੀਕਾ ਦੇ ਵਿਦੇਸ਼ ਮੰਤਰੀ ਨੂੰ ਆਪਣੇ ਪ੍ਰਸ਼ਾਸਨ ਦੇ ਸਨਮੁੱਖ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐਸ ਆਈ ਅਤੇ ਫੌਜ ਵਲੋਂ ਪ੍ਰਮਾਣ ਪੱਤਰ ਪੇਸ਼ ਕਰਨਾ ਪਵੇਗਾ। ਇਸ ਪੱਤਰ ਵਿਚ ਆਈ ਐਸ ਆਈ ਅਤੇ ਫੌਜ ਨੂੰ ਇਹ ਪ੍ਰਮਾਣਤ ਕਰਨਾ ਹੋਵੇਗਾ ਕਿ ਉਹ ਤਾਲਿਬਾਨ ਜਾਂ ਕਿਸੇ ਹੋਰ ਅਤਿਵਾਦੀ ਸਮੂਹ ਪ੍ਰਤੀ ਸਖਤੀ ਨੂੰ ਲੈ ਕੇ ਪ੍ਰਤੀਬੱਧ ਹਨ।**

ਕੈਰੀ ਲੂਗਰ ਸਹਾਇਤਾ ਬਿੱਲ ਦੇ ਸਹੀ ਜਾਂ ਗਲਤ ਹੋਣ ਨੂੰ ਲੈ ਕੇ ਇਨ੍ਹੀਂ ਦਿਨੀਂ ਪਾਕਿਸਤਾਨ ਦੇ ਸੱਤਾ ਸੰਗਠਨਾਂ ਵਿਚ ਗਰਮਾ ਗਰਮ ਬਹਿਸ ਚੱਲ ਰਹੀ ਹੈ। ਪਾਕਿਸਤਾਨ ਨੂੰ ਸਮਾਜਕ ਅਤੇ ਆਰਥਕ ਖੇਤਰ ਲਈ ਅਮਰੀਕਾ ਵਲੋਂ ਸਲਾਨਾ ਡੇਢ ਅਰਬ ਡਾਲਰ ਦੀ ਮਦਦ ਦੀ ਪੇਸ਼ਕਸ਼ ਕੀਤੀ ਗਈ ਹੈ। ਆਰਥਿਕ ਦ੍ਰਿਸ਼ਟੀ ਤੋਂ ਤੰਗਹਾਲ ਕਿਸੇ ਵੀ ਮੁਲਕ ਦੇ ਇਸ ਸਹਾਇਤਾ ਨੂੰ ਵੇਖ ਕੇ ਮੂੰਹ ਵਿਚ ਪਾਣੀ ਆ ਸਕਦਾ ਹੈ। ਪਰ ਦਿੱਕਤ ਇਹ ਹੈ ਕਿ ਇਸ ਬਿੱਲ ਨਾਲ ਜੁੜੀਆਂ ਸ਼ਰਤਾਂ ਨੂੰ ਲੈ ਕੇ ਬੜਾ ਕੁਝ ਟੁੱਟ ਭੱਜ ਰਿਹਾ ਹੈ।

ਇਨਾਂ ਸ਼ਰਤਾਂ ਦੀ ਵਜ੍ਹਾ ਕਰਕੇ ਹੀ ਪਾਕਿਸਤਾਨ ਦੇ ਸ਼ਾਸਨ ਤੰਤਰ ਵਿਚ ਮੱਤਭੇਦ ਉਭਰ ਆਏ ਹਨ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਕੋਲ ਇਸ ਬਿੱਲ ਉਪਰ ਦਸਤਖਤਾਂ ਲਈ ਭੇਜਣ ਤੋਂ ਪਹਿਲਾਂ ਹੀ ਇਹ ਸਾਫ ਹੋ ਗਿਆ ਸੀ ਕਿ ਇਸ ਬਿੱਲ ਨਾਲ ਪਾਕਿਸਤਾਨ ਦੀ ਰਾਸ਼ਟਰੀ ਸੰਵੇਦਨਾ ਨੂੰ ਝਟਕਾ ਜ਼ਰੂਰ ਲੱਗੇਗਾ। ਇਸ ਬਿੱਲ ਉਪਰ ਦਸਤਖਤ ਹੋਣੇ ਹਾਲੇ ਬਾਕੀ ਹਨ ਪਰ ਵਿਵਾਦ ਰੁਕਣ ਦਾ ਨਾਂ ਨਹੀਂ ਲੈ ਰਿਹਾ।

ਇਸ ਬਿੱਲ ਵਿਚ ਇਹ ਮੱਦ ਮੌਜੂਦ ਹੈ ਕਿ ਅਮਰੀਕਾ ਦੇ ਵਿਦੇਸ਼ ਮੰਤਰੀ ਨੂੰ ਆਪਣੇ ਪ੍ਰਸ਼ਾਸਨ ਦੇ ਸਨਮੁਖ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐਸ ਆਈ ਅਤੇ ਫੌਜ ਵਲੋਂ ਪ੍ਰਮਾਣ ਪੱਤਰ ਪੇਸ਼ ਕਰਨਾ ਪਵੇਗਾ। ਇਸ ਪੱਤਰ ਵਿਚ ਆਈ ਐਸ ਆਈ ਅਤੇ ਫੌਜ ਨੂੰ ਇਹ ਪ੍ਰਮਾਣਤ ਕਰਨਾ ਹੋਵੇਗਾ ਕਿ ਉਹ ਤਾਲਿਬਾਨ ਜਾਂ ਕਿਸੇ ਹੋਰ ਅਤਿਵਾਦੀ ਸਮੂਹ ਪ੍ਰਤੀ ਸਖਤੀ ਨੂੰ ਲੈ ਕੇ ਪ੍ਰਤੀਬੱਧ ਹਨ। ਇਨਾ ਹੀ ਨਹੀਂ ਇਨ੍ਹਾਂ ਸੰਸਥਾਵਾਂ ਤੋਂ ਇਹ ਆਸ ਵੀ ਕੀਤੀ ਜਾਵੇਗੀ ਕਿ ਇਹ ਲੋਕਤੰਤਰਿਕ ਸਰਕਾਰ ਦੇ ਅਧੀਨ ਹੋ ਕੇ ਚੱਲਣ। ਇਸ ਲਈ ਇਸ ਗੱਲ ਉਪਰ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਫੌਜ ਵਿਚ ਇਸ ਬਿੱਲ ਦੀਆਂ ਸ਼ਰਤਾਂ ਨੂੰ ਲੈ ਕੇ ਵਿਆਪਕ ਰੂਪ ਵਿਚ ਚਿੰਤਾ ਜ਼ਾਹਰ ਕੀਤੀ ਜਾ ਰਹੀ ਹੈ। ਫੌਜ ਦੇ ਕਮਾਂਡਰਾਂ ਦੀ ਬੈਠਕ ਤੋਂ ਬਾਅਦ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਪਾਕਿ ਇਕ ਪ੍ਰਭੂਸੱਤਾ ਪੂਰਨ ਰਾਸ਼ਟਰ ਹੈ।

ਇਸ ਲਈ ਉਹ ਆਪਣੀ ਸੁਰਖਿਆ ਨੂੰ ਪ੍ਰਭਾਸ਼ਿਤ ਕਰਨ ਲਈ ਆਜ਼ਾਦ ਹੈ। ਯਾਦ ਰਹੇ ਕਿ ਪਾਕਿਸਤਾਨੀ ਫੌਜ ਦੁਆਰਾ ਜਨਤਕ ਰੂਪ ਵਿਚ ਬਿਆਨ ਜਾਰੀ ਕਰਨ ਦਾ ਇਹ ਦੁਰਲਭ ਮੌਕਾ ਸੀ। ਬਿਲ ਦੀਆਂ ਸ਼ਰਤਾਂ ਉੱਪਰ ਅਸੰਤੁਸ਼ਟੀ ਨੂੰ ਲੈ ਕੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਦੀ ਸੱਤਾਧਾਰੀ ਪਾਕਿਸਤਾਨ ਪੀਪਲਜ਼ ਪਾਰਟੀ ਨੂੰ ਪਹਿਲਾਂ ਤੋਂ ਹੀ ਅੰਦਾਜ਼ਾ ਸੀ। ਪਾਰਟੀ ਨੇ ਸੈਨਿਕ ਕਮਾਂਡਰਾਂ ਦੇ ਬਿਆਨ ਉੱਤੇ ਇਕ ਰਾਤ ਪਹਿਲਾਂ ਹੀ ਬਿਲ ਦਾ ਬਚਾਓ ਕਰਨ ਦੀ ਕਸਮ ਖਾਧੀ ਸੀ। ਪਾਰਟੀ ਨੇ ਸਾਫ ਤੌਰ ਤੇ ਕਿਹਾ ਸੀ ਕਿ ਅਮਰੀਕੀ ਬਿਲ ਦੀ ਆਲੋਚਨਾ ਉਨ੍ਹਾਂ ਦੇ ਨੇਤਾ ਆਸਿਫ ਅਲੀ ਜ਼ਰਦਾਰੀ ਦੀ ਸ਼ਖਸੀਅਤ ਨੂੰ ਕਮਜ਼ੋਰ ਕਰਨ ਦੇ ਮਕਸਦ ਨਾਲ ਕੀਤੀ ਜਾ ਰਹੀ ਹੈ। ਪਰ ਇਹ ਜਨਤਕ ਰੂਪ ਵਿਚ ਕੀਤੀ ਬਿਆਨਬਾਜ਼ੀ ਵੀ ਸੈਨਿਕ ਕਮਾਂਡਰਾਂ ਨੂੰ ਬਿਆਨ ਜਾਰੀ ਕਰਨੋਂ ਰੋਕ ਨਹੀਂ ਸਕੀ। ਹੁਣ ਸਾਫ ਹੈ ਕਿ ਇਸ ਮਾਮਲੇ ਨੂੰ ਲੈ ਕੇ ਪਾਕਿਸਤਾਨ ਫੌਜ ਅਤੇ ਸੱਤਾਧਾਰੀ ਪਾਰਟੀ ਆਹਮੋ ਸਾਹਮਣੇ ਆ ਗਈ ਹੈ। ਸੈਨਿਕ ਕਮਾਂਡਰਾਂ ਨੂੰ ਬਿਆਨ ਜਾਰੀ ਕਰਨ ਲਈ ਉਨ੍ਹਾਂ ਅਲੋਚਨਾਵਾਂ ਤੋਂ ਵੀ ਪ੍ਰੇਰਣਾ ਮਿਲੀ ਜਿਹੜੀਆਂ ਬਿੱਲ ਦੇ ਆਰਥਿਕ ਪ੍ਰਭਾਵਾਂ ਨੂੰ ਲੈ ਕੇ ਕੀਤੀਆਂ ਜਾ ਰਹੀਆਂ ਸਨ। ਬਿੱਲ ਦੇ ਪੱਖ ਵਿਚ ਇਕ ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਇਸ ਨਾਲ ਪਾਕਿਸਤਾਨ ਦੀ ਆਮ ਜਨਤਾ ਦੇ ਜੀਵਨ ਦੇ ਪੱਧਰ ਨੂੰ ਸੁਧਾਰਨ ਵਿਚ ਮਦਦ ਮਿਲੇਗੀ। ਪਰ ਬਹੁਤ ਸਾਰੇ ਲੋਕ ਇਸ ਨਾਲ ਬਿਲਕੁਲ ਸਹਿਮਤ ਨਹੀਂ ਹਨ। ਜਨਰਲ ਪ੍ਰਵੇਜ਼ ਮੁਸ਼ੱਰਫ ਦੇ ਕਾਰਜਕਾਲ ਵਿਚ ਵਿੱਤੀ ਸਲਾਹਕਾਰ ਰਹੇ ਡਾਕਟਰ ਅਸ਼ਫਾਕ ਅਹਿਮਦ ਖਾਨ ਦਾ ਮੰਨਣਾ ਹੈ ਕਿ ਬਿੱਲ ਪਾਕਿਸਤਾਨ ਦੀ ਜਨਤਾ ਦੇ ਆਰਥਿਕ ਵਿਕਾਸ ਉਪਰ ਕੋਈ ਸਾਕਾਰਾਤਮਕ ਅਸਰ ਨਹੀਂ ਪਵੇਗਾ। ਇਸ ਦੇ ਪੱਖ ਵਿਚ ਉਨ੍ਹਾਂ ਦੇ ਆਪਣੇ ਤਰਕ ਹਨ। ਅਸ਼ਫਾਕ ਖਾਨ ਦੇ ਮੁਤਾਬਕ ਅਮਰੀਕਾ ਨੇ ਡੇਢ ਅਰਬ ਡਾਲਰ ਦੀ ਜੋ ਸਾਲਾਨਾ ਸਹਾਇਤਾ ਦੇਣ ਦਾ ਵਾਅਦਾ ਕੀਤਾ ਹੈ ਉਸ ਨਾਲ 20 ਕਰੋੜ ਡਾਲਰ ਇਸ ਅਮਰੀਕੀ ਬੁਨਿਆਦੀ ਢਾਂਚੇ ਉੱਪਰ ਹੀ ਖਰਚ ਕੀਤਾ ਜਾਣਾ ਹੈ। ਜਿਸਦਾ ਮਕਸਦ ਸਹਾਇਤਾ ਪ੍ਰੋਜੈਕਟ ਉੱਪਰ ਨਜ਼ਰ ਰੱਖਣਾ ਹੈ। ਪਰ ਸੁਆਲ ਇਹ ਵੀ ਹੈ ਕਿ ਇਹ ਪੂਰਾ ਪੈਸਾ ਪਾਕਿਸਤਾਨ ਸਰਕਾਰ ਨੂੰ ਮਿਲ ਸਕੇਗਾ। ਮੰਨ ਲਓ ਇਹ ਪੂਰੀ ਰਕਮ ਪਾਕਿਸਤਾਨ ਸਰਕਾਰ ਦੇ ਮਾਧਿਆਮ ਰਾਹੀਂ ਖਰਚ ਕੀਤੀ ਜਾਂਦੀ ਹੈ। ਤਾਂ ਪ੍ਰਤੀ ਸਾਲ ਪ੍ਰਤੀ ਨਾਗਰਿਕ ਨੂੰ ਇਹ ਰਾਸ਼ੀ ਅੱਠ ਡਾਲਰ ਬਣਦੀ ਹੈ। ਅਸ਼ਫਾਕ ਪੁੱਛਦੇ ਹਨ ਕਿ ਕੀ ਅਸੀਂ ਹਰ ਨਾਗਰਿਕ ਉੱਪਰ ਸਾਲ ਭਰ ਵਿਚ ਮਹਿਜ 8 ਡਾਲਰ ਖਰਚ ਕਰਕੇ ਉਨ੍ਹਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕ ਸਕਦੇ ਹਾਂ? ਇਨ੍ਹਾਂ ਵਿਰੋਧਤਾਈਆਂ ਦੇ ਵਿਚਕਾਰ ਸਭ ਤੋਂ ਵੱਡਾ ਮਾਮਲਾ ਇਹ ਹੈ ਕਿ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਫੌਜ ਉੱਪਰ ਕਾਬੂ ਰੱਖਣ ਦੀ ਖਾਤਿਰ ਅਮਰੀਕੀ ਪ੍ਰਭਾਵ ਦਾ ਇਸਤੇਮਾਲ ਕਰ ਰਹੇ ਹਨ। ਪਾਕਿਸਤਾਨ ਵਿਚ ਇਸ ਵਿਚਾਰ ਨਾਲ ਇਤਫਾਕ ਰਖਣ ਵਾਲੇ ਲੋਕਾਂ ਦੀ ਵੱਡੀ ਗਿਣਤੀ ਹੈ। ਪਰ ਇਸ ਪ੍ਰਕ੍ਰਿਆ ਵਿਚ ਜ਼ਰਦਾਰੀ ਵਾਸ਼ਿੰਗਟਨ ਦੀ ਪਾਕਿਸਤਾਨ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਦੇਣ ਦੀ ਜੋ ਰਾਹ ਮੁਹੱਈਆ ਕਰ ਰਿਹਾ ਹੈ ਉਹ ਇਸ ਮੁਲਕ ਲਈ ਕਾਫੀ ਖਤਰਨਾਕ ਸਾਬਿਤ ਹੋ ਸਕਦੀ ਹੈ। ਹਾਲ ਹੀ ਵਿਚ ਪ੍ਰਕਾਸ਼ਿਤ ਕੁਝ ਰਿਪੋਰਟਾਂ ਇਨ੍ਹਾਂ ਸ਼ੰਕਿਆਂ ਨੂੰ ਬਲ ਪ੍ਰਦਾਨ ਕਰਦੀਆਂ ਹਨ, ਜਿਨ੍ਹਾਂ ਵਿਚ ਕਿਹਾ ਗਿਆ ਹੈ ਕਿ ਅਮਰੀਕਾ ਆਪਣੇ ਪਾਕਿਸਤਾਨੀ ਦੂਤਾਵਾਸ ਦਾ ਵਿਸਥਾਰ ਕਰ ਰਿਹਾ ਹੈ ਅਤੇ ਇਸ ਮਕਸਦ ਲਈ ਉਸਨੇ ਸੈਂਕੜੇ ਮਕਾਨ ਕਿਰਾਏ ਉੱਪਰ ਲਏ ਹਨ। ਇਹ ਸ਼ੱਕ ਕੀਤਾ ਜਾ ਰਿਹਾ ਹੈ ਕਿ ਇਨ੍ਹਾਂ ਵਿਚ ਅਮਰੀਕੀ ਫੌਜੀਆਂ ਨੂੰ ਰੱਖਿਆ ਜਾਵੇਗਾ ਜਾਂ ਬਲੈਕ ਵਾਟਰ ਦੇ ਉਨ੍ਹਾਂ ਸਿਪਾਹੀਆਂ ਨੂੰ ਜਿਨ੍ਹਾਂ ਨੂੰ ਅਮਰੀਕਾ ਦੂਸਰੇ ਮੁਲਕਾਂ ਵਿਚ ਗੜਬੜ ਕਰਵਾਉਣ ਲਈ ਅਕਸਰ ਭਾੜੇ ਤੇ ਲੈਂਦਾ ਆਇਆ ਹੈ। ਇਕ ਸਥਾਨਕ ਪ੍ਰਾਈਵੇਟ ਫਰਮ ਇੰਟਰ ਰਿਸਕ ਅਮਰੀਕੀ ਦੂਤਾਵਾਸ ਦੀ ਸੁਰਖਿਆ ਵਿਚ ਲੱਗੀ ਹੋਈ ਹੈ। ਇਸਨੇ ਅਤਿ ਆਧੁਨਿਕ ਹਥਿਆਰਾਂ ਦਾ ਆਯਾਤ ਕੀਤਾ ਹੈ ਅਤੇ ਨਾਲ ਹੀ ਸੇਵਾ ਮੁਕਤ ਫੌਜੀ ਕਮਾਂਡਰਾਂ ਨੂੰ ਵੀ ਨਿਯੁਕਤ ਕੀਤਾ ਹੈ। ਇਸ ਦਾ ਉਦੇਸ਼ ਇਹੀ ਹੈ ਕਿ ਅਮਰੀਕੀ ਅਧਿਕਾਰੀਆਂ ਅਤੇ ਉਨ੍ਹਾਂ ਦੇ ਦਫਤਰਾਂ ਤੇ ਰਿਹਾਇਸ਼ਾਂ ਦੀ ਸੁਰਖਿਆ ਸੁਨਿਸ਼ਚਤ ਕੀਤੀ ਜਾਵੇ।

ਰਾਜਧਾਨੀ ਵਿਚ ਸ਼ਸਤਰਾਂ ਨਾਲ ਲੈਸ ਕੁਝ ਵਿਦੇਸ਼ੀਆਂ ਦੁਆਰਾ ਸਥਾਨਕ ਪੁਲਿਸ ਦੇ ਨਾਲ ਦੁਰਵਿਹਾਰ ਕਰਨ ਅਤੇ ਫਿਰ ਆਪਣੇ ਅਮਰੀਕੀ ਅਧਿਕਾਰੀਆਂ ਦੁਆਰਾ ਕਿਰਾਏ ਉਪਰ ਲਏ ਗਏ ਰਿਹਾਇਸ਼ੀ ਮਕਾਨਾਂ ਵਿਚ ਛਿਪ ਜਾਣ ਦੀਆਂ ਘਟਨਾਵਾਂ ਵੀ ਪਾਕਿਸਤਾਨ ਸਰਕਾਰ ਨੂੰ ਮੁਸੀਬਤ ਵਿਚ ਫਸਾ ਰਹੀਆਂ ਹਨ। ਇਨ੍ਹਾਂ ਸਾਰੀਆਂ ਘਟਨਾਵਾਂ ਦੀ ਵਜ੍ਹਾ ਨਾਲ ਪਾਕਿਸਤਾਨ ਵਿਚ ਅਮਰੀਕੀ ਲੋਕਪ੍ਰਿਯਤਾ ਕਾਫੀ ਜਿਆਦਾ ਘਟੀ ਹੈ। ਇਕ ਸਰਵੇ ਮੁਤਾਬਕ ਕੇਵਲ 13 ਫੀਸਦੀ ਪਾਕਿਸਤਾਨੀ ਹੀ ਬਰਾਕ ਓਬਾਮਾ ਦੀਆਂ ਨੀਤੀਆਂ ਦੀ ਮਦਦ ਕਰਦੇ ਹਨ। ਜਦਕਿ ਬਾਕੀ ਉਨ੍ਹਾਂ ਤੋਂ ਬਿਲਕੁਲ ਨਿਰਾਸ਼ ਹਨ। ਇਸ ਦਾ ਮਤਲਬ ਇਹੀ ਹੈ ਕਿ ਆਰਥਿਕ ਸਹਾਇਤਾ ਦੇ ਕੇ ਪਾਕਿਸਤਾਨੀ ਲੋਕਾਂ ਦਾ ਦਿਲ ਤੇ ਦਿਮਾਗ ਜਿੱਤਣ ਦੀ ਅਮਰੀਕੀ ਨੀਤੀ ਦਾ ਮਕਸਦ ਕੈਰੀ ਲੂਗਰ ਬਿਲ ਦੇ ਲਾਗੂ ਹੋਣ ਤੋਂ ਪਹਿਲਾਂ ਹੀ ਮਾਤ ਖਾ ਚੁੱਕਾ ਹੈ।

ਬਿਲ ਦਾ ਦੂਜਾ ਮਕਸਦ ਜਨੂੰਨ ਅਤੇ ਆਪਸੀ ਸੰਘਰਸ਼ ਨਾਲ ਗ੍ਰਸਤ ਪਾਕਿਸਤਾਨ ਨੂੰ ਸਥਿਰਤਾ ਪ੍ਰਦਾਨ ਕਰਨਾ ਹੈ। ਪਰ ਇਹ ਵੀ ਦੂਰ ਦੀ ਗੱਲ ਜਾਪਦੀ ਹੈ। ਪਾਕਿਸਤਾਨ ਦੀ ਸੈਨਾ ਦੁਆਰਾ ਜਨਤਕ ਰੂਪ ਨਾਲ ਬਿਆਨ ਜਾਰੀ ਕਰਨਾ ਇਸ ਗੱਲ ਵਲ ਇਸ਼ਾਰਾ ਕਰਦਾ ਹੈ ਕਿ ਮੁਲਕ ਦਾ ਰਾਜਨੀਤਿਕ ਤੰਤਰ ਲਗਭਗ ਤਹਿਸ-ਨਹਿਸ਼ ਹੋਣ ਦੇ ਕਗਾਰ ਉੱਤੇ ਖੜਾ ਹੈ। ਹਾਲਾਂਕਿ ਸੱਤਾ ਉੱਪਰ ਫੌਜ ਵਲੋਂ ਕਬਜ਼ਾ ਕਰਨ ਦੀਆਂ ਸ਼ੰਕਾਵਾਂ ਨੂੰ ਤਾਂ ਖਾਰਿਜ ਕੀਤਾ ਜਾ ਸਕਦਾ ਹੈ ਪਰ ਇਹ ਤਾਂ ਸਾਫ ਹੀ ਹੈ ਕਿ ਸੱਤਾਧਾਰੀ ਪਾਕਿਸਤਾਨ ਪੀਪਲਜ਼ ਪਾਰਟੀ ਤੇ ਫੌਜ ਵਿਚਕਾਰ ਮਤਭੇਦਾਂ ਦੀ ਖਾਈ ਗਹਿਰੀ ਹੋ ਚੁੱਕੀ ਹੈ। ਉਸਨੂੰ ਭਰਨਾ ਹੁਣ ਨਾਮੁਮਕਿਨ ਨਜ਼ਰ ਆਉਂਦਾ ਹੈ। ਇਸੇ ਕਰਕੇ ਪਾਕਿਸਤਾਨ ਮੁਸਲਿਮ ਲੀਗ ਦੇ ਦੋਵੇਂ ਧੜਿਆਂ ਸਮੇਤ ਵਿਰੋਧੀ ਪਾਰਟੀਆਂ ਨੇ ਮੱਧ ਵਰਤੀ ਚੋਣਾਂ ਲਈ ਕਮਰ ਕਸਣੀ ਸ਼ੁਰੂ ਕਰ ਦਿੱਤੀ ਹੈ। ਇਹ ਸਾਰਾ ਘਟਨਾਕ੍ਰਮ ਵਿਸ਼ਵ ਵਿਆਪੀ ਤਾਕਤਾਂ ਲਈ ਚੰਗੀ ਖਬਰ ਨਹੀਂ ਹੈ ਜੋ ਅਫਗਾਨਿਸਤਾਨ ਵਿਚ ਤਾਲਿਬਾਨ ਨਾਲ ਸੰਘਰਸ਼ ਉਪਰ ਕੇਂਦਰਿਤ ਕਰਨਾ ਚਾਹੁੰਦੀਆਂ ਹਨ।

## ਕੈਰੀ ਲੂਗਰ ਬਿੱਲ 'ਤੇ ਪਾਕਿ ਸਰਕਾਰ ਤੇ ਫੌਜ 'ਚ ਠਣੀ

ਇਸਲਾਮਾਬਾਦ: ਪਾਕਿਸਤਾਨ ਦੀਆਂ ਹਥਿਆਰਬੰਦ ਫੌਜਾਂ ਨੇ ਕੈਰੀ ਲੂਗਰ ਬਿੱਲ ਨੂੰ ਕੌਮੀ ਸਲਾਮਤੀ ਦੇ ਵਿਰੁਧ ਕਰਾਰ ਦਿੱਤਾ ਹੈ ਤੇ ਇਸ ਤਰ੍ਹਾਂ ਪਾਕਿ ਸਰਕਾਰ ਨਾਲ ਉਨ੍ਹਾਂ ਦੀ ਠਣ ਗਈ ਹੈ। ਫੌਜਾਂ ਮਹਿਸੂਸ ਕਰਦੀਆਂ ਹਨ ਕਿ ਇਹ ਬਿੱਲ ਪਾਕਿ ਦੀ ਸਲਾਮਤੀ ਦੇ ਵਿਰੁਧ ਹੈ। ਪਾਕਿ ਦੀ ਵਿਰੋਧੀ ਧਿਰ ਨੇ ਵੀ ਇਸ ਵਿਰੁਧ ਅੰਦੋਲਨ ਛੇੜ ਦਿੱਤਾ ਹੈ। ਵਿਰੋਧੀ ਨੇਤਾ ਅਕਰਮ ਦੁਰਾਨੀ ਨੇ ਕਿਹਾ ਹੈ ਕਿ ਅਜਿਹੇ ਬਿੱਲ ਹੇਠ ਆਉਣ ਨਾਲੋਂ ਰੁੱਖੀ-ਸੁੱਖੀ ਖਾਣ ਨੂੰ ਤਰਜੀਹ ਦੇਣੀ ਚਾਹੀਦੀ ਹੈ। ਪਾਕਿ ਥਲ ਸੈਨਾ ਮੁਖੀ ਜਨਰਲ ਅਸ਼ਫਾਕ ਪ੍ਰਵੇਜ਼ ਕਿਆਨੀ ਨੇ ਫੌਜ ਦੇ ਕੋਰ ਕਮਾਂਡਰਾਂ ਦੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਇਸ ਵਿਚ ਕੈਰੀ ਲੂਗਰ ਬਿੱਲ, ਅੱਤਵਾਦ ਵਿਰੋਧੀ ਜੰਗ, ਪਾਕਿ ਦੇ ਉੱਤਰੀ ਇਲਾਕਿਆਂ ਵਿਚ ਤਾਲਿਬਾਨ ਵਿਰੁਧ ਵੱਡਾ ਆਪ੍ਰੇਸ਼ਨ, ਬ੍ਰਿਟੇਨ ਨਾਲ ਮਿਲ ਕੇ ਨਵੇਂ ਸੁਰੱਖਿਆ ਅਦਾਰੇ ਬਣਾਉਣ, ਅਮਰੀਕਾ ਤੋਂ ਮਿਲਣ ਵਾਲੀ ਫੌਜੀ ਤੇ ਆਰਥਿਕ ਮਦਦ ਆਦਿ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਫੌਜ ਵਲੋਂ ਰੱਖਿਆ ਮੰਤਰਾਲੇ ਨੂੰ ਪੇਸ਼ ਕੀਤੀ ਜਾਣ ਵਾਲੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਸ ਬਿੱਲ ਦੀਆਂ ਕਈ ਧਾਰਾਵਾਂ ਪ੍ਰਮਾਣੂ ਪ੍ਰੋਗਰਾਮ ਬੰਦ ਕਰਵਾਉਣ ਨਾਲ ਸੰਬੰਧਤ ਹਨ ਤੇ ਸਰਕਾਰੀ ਅਦਾਰਿਆਂ ਵਿਚ ਸਿੱਧੇ ਅਮਰੀਕੀ ਦਖ਼ਲ ਦੀਆਂ ਗੱਲਾਂ ਹਨ। ਦੂਜੇ ਪਾਸੇ ਇਨ੍ਹਾਂ ਖਦਸ਼ਿਆਂ ਦਾ ਖੰਡਨ ਕਰਦਿਆਂ ਅਮਰੀਕਾ ਦੇ ਪ੍ਰਭਾਵਸ਼ਾਲੀ ਸੈਨੇਟਰ ਅਤੇ ਪਾਕਿਸਤਾਨ ਨੂੰ ਅਰਬਾਂ ਡਾਲਰ ਦੀ ਸਹਾਇਤਾ ਦੇਣ ਦੇ ਬਿੱਲ ਦਾ ਖਾਕਾ ਤਿਆਰ ਕਰਨ ਵਾਲੇ, ਸੈਨੇਟ ਦੀ ਵਿਦੇਸ਼ ਮਾਮਲਿਆਂ ਬਾਰੇ ਕਮੇਟੀ ਦੇ ਮੁਖੀ ਜਾਨ ਕੈਰੀ ਨੇ ਕਿਹਾ ਹੈ ਕਿ ਪਾਕਿ ਸਰਕਾਰ 'ਤੇ ਇਸ ਗੈਰ-ਫੌਜੀ ਸਹਾਇਤਾ ਦੇ ਬਦਲੇ ਕੋਈ ਸ਼ਰਤ ਨਹੀਂ ਲਾਈ ਗਈ। ਕੈਰੀ ਨੇ ਕਿਹਾ ਕਿ ਇਹ ਮੰਦਭਾਗਾ ਹੈ ਕਿ ਕੁਝ ਹਲਕਿਆਂ ਵਲੋਂ ਇਸ ਪ੍ਰਸਤਾਵ ਦੀਆਂ ਵਿਸ਼ੇਸ਼ਤਾਵਾਂ ਸਹੀ ਤਰੀਕੇ ਨਾਲ ਨਹੀਂ ਦੱਸੀਆਂ ਜਾ ਰਹੀਆਂ। ਜਾਨ ਕੈਰੀ ਅਤੇ ਕਮੇਟੀ ਦੇ ਮੈਂਬਰ ਰਿਚਰਡ ਲੂਗਰ ਨੇ ਪ੍ਰਸਤਾਵ ਦਾ ਖਾਕਾ ਤਿਆਰ ਕੀਤਾ ਹੈ ਜਿਸ ਦੇ ਤਹਿਤ ਪਾਕਿਸਤਾਨ ਨੂੰ ਅਗਲੇ ਪੰਜ ਸਾਲਾਂ ਦੌਰਾਨ ਸਿਵਲ ਸਹਾਇਤਾ ਦੇ ਤੌਰ 'ਤੇ 7.5 ਅਰਬ ਡਾਲਰ ਦੇਣ ਦੀ ਵਚਨਬੱਧਤਾ ਜਤਾਈ ਗਈ ਹੈ। ਪ੍ਰਸਤਾਵ ਨੂੰ ਪ੍ਰਤੀਨਿਧ ਸਭਾ ਅਤੇ ਸੈਨੇਟ ਵਿਚ ਸਰਬਸੰਮਤੀ ਨਾਲ ਪਾਸ ਕੀਤਾ ਜਾ ਚੁੱਕਾ ਹੈ।

# ਦੇਸ਼ ਵਿਚਲੀ ਮਹਿੰਗਾਈ ਲਈ ਕੌਮਾਂਤਰੀ ਮੰਦੇ ਨੂੰ ਦੋਸ਼

**ਅੰਬਾਲਾ :** ਕੁਝ ਦਿਨ ਪਹਿਲਾਂ ਕੌਮਾਂਤਰੀ ਮੰਦੇ ਦਾ ਭਾਰਤ 'ਤੇ ਕੋਈ ਅਸਰ ਨਾ ਹੋਣ ਦਾ ਬਿਆਨ ਦੇਣ ਵਾਲੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਹੁਣ ਆਪਣੇ ਬਿਆਨ ਤੋਂ ਪਲਟੀ ਮਾਰਦਿਆਂ ਮਹਿੰਗਾਈ ਲਈ ਕੌਮਾਂਤਰੀ ਮੰਦੇ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਵਿਰੋਧੀ ਪਾਰਟੀਆਂ ਵਲੋਂ ਮਹਿੰਗਾਈ ਨੂੰ ਮੁੱਖ ਮੁੱਦਾ ਬਣਾਏ ਜਾਣ ਬਾਰੇ ਬੋਲਦਿਆਂ ਡਾ. ਸਿੰਘ ਨੇ ਕਿਹਾ ਕਿ ਕੌਮਾਂਤਰੀ ਮੰਦੇ ਕਾਰਨ ਵੱਖ-ਵੱਖ ਵਸਤਾਂ ਦੀਆਂ ਕੀਮਤਾਂ ਵਿਚ ਵਾਧਾ ਹੋਇਆ ਹੈ। ਇਸ ਦੇ ਨਾਲ ਹੀ ਮੌਨਸੂਨ ਨੇ ਵੀ ਮਹਿੰਗਾਈ ਨੂੰ ਵਧਾਉਣ ਵਿਚ ਵੱਡੀ ਭੂਮਿਕਾ ਨਿਭਾਈ ਹੈ। ਕਿਸਾਨਾਂ ਦੀ ਮਾੜੀ ਆਰਥਿਕ ਹਾਲਤ ਨੂੰ ਠੀਕ ਕਰਨ ਲਈ ਉਨ੍ਹਾਂ ਨੂੰ ਵਾਜਬ ਕੀਮਤਾਂ ਦੇਣ ਦੀ ਗੱਲ ਕਰਨ ਵਾਲੇ ਡਾ. ਸਿੰਘ ਨੇ ਲੰਘੀ 7 ਅਕਤੂਬਰ ਨੂੰ ਕਿਸਾਨਾਂ ਲਈ ਉਸ ਸਮੇਂ ਨਵੀਂ ਮੁਸੀਬਤ ਖੜੀ ਕਰ ਦਿੱਤੀ, ਜਦੋਂ ਉਨ੍ਹਾਂ ਘੱਟੋ-ਘੱਟ ਸਮਰਥਨ ਮੁੱਲ ਵਿਚ ਕੀਤੇ ਗਏ ਵਾਧੇ ਨੂੰ ਵੀ ਮਹਿੰਗਾਈ ਲਈ ਇਕ ਕਾਰਨ ਦੱਸਿਆ। ਮਹਿੰਗਾਈ ਨੂੰ ਨੱਥ ਪਾਉਣ ਲਈ ਜਮ੍ਹਾਖੋਰਾਂ ਖਿਲਾਫ ਕਾਰਵਾਈ ਦੀ ਗੱਲ ਕਰਦਿਆਂ ਡਾ. ਸਿੰਘ ਨੇ ਕਿਹਾ ਕਿ ਸਰਕਾਰ ਇਸ ਤਰ੍ਹਾਂ ਦੀਆਂ ਕਾਰਵਾਈਆਂ ਨੂੰ ਅੰਜਾਮ ਦੇਣ ਵਾਲਿਆਂ ਨਾਲ ਪੂਰੀ ਸਖ਼ਤੀ ਨਾਲ ਨਜਿੱਠੇਗੀ। ਡਾ. ਸਿੰਘ ਨੇ ਅਗਲੇ ਸਾਲ ਮਹਿੰਗਾਈ ਘੱਟ ਹੋਣ ਦੀ ਉਮੀਦ ਵੀ ਪ੍ਰਗਟਾਈ।

ਹਰਿਆਣਾ ਵਿਚ ਵਿਕਾਸ ਦੇ ਨਾਂ 'ਤੇ ਕਾਂਗਰਸ ਨੂੰ ਵੋਟਾਂ ਪਾਉਣ ਦੀ ਅਪੀਲ ਕਰਦਿਆਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਅੰਬਾਲਾ ਵਿਖੇ ਇੱਕ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਹਰਿਆਣਾ ਵਿਚ ਪਾਰਟੀ ਮੁੜ ਸੱਤਾ ਵਿਚ ਆਉਂਦੀ ਹੈ ਤਾਂ ਕੇਂਦਰ ਸਰਕਾਰ ਵਲੋਂ ਉਸ ਦੀ ਹਰ ਸੰਭਵ ਮਦਦ ਕਰਦਿਆਂ ਵਿਕਾਸ ਗਤੀ ਨੂੰ ਜਾਰੀ ਰੱਖਿਆ ਜਾਵੇਗਾ।

ਹਰਿਆਣਾ ਦੀ ਆਪਣੀ ਪਹਿਲੀ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਡਾ. ਸਿੰਘ ਨੇ ਕਿਹਾ ਕਿ ਹਰਿਆਣਾ ਨੂੰ ਅਜਿਹੀ ਸਰਕਾਰ ਚਾਹੀਦੀ ਹੈ ਜੋ ਵਿਕਾਸ ਪ੍ਰਕਿਰਿਆ ਨੂੰ ਜਾਰੀ ਰੱਖ ਸਕੇ।



**ਮੌਨਸੂਨ ਨੇ ਵੀ ਮਹਿੰਗਾਈ ਨੂੰ ਵਧਾਉਣ ਵਿਚ ਵੱਡੀ ਭੂਮਿਕਾ ਨਿਭਾਈ – ਅਗਲੇ ਸਾਲ ਮਹਿੰਗਾਈ ਘੱਟ ਹੋਣ ਦੀ ਉਮੀਦ**

ਉਨ੍ਹਾਂ ਕਿਹਾ ਕਿ ਸੂਬੇ ਵਿਚ ਕਾਂਗਰਸ ਤੇ ਕੇਂਦਰ ਵਿਚ ਕਾਂਗਰਸ ਦੀ ਅਗਵਾਈ ਵਾਲੀ ਯੂ ਪੀ ਏ ਸਰਕਾਰ ਇਸ ਕੰਮ ਨੂੰ ਵਧੀਆ ਤਰੀਕੇ ਨਾਲ ਕਰ ਸਕਦੀ ਹੈ। ਅਸਿੱਧੇ ਤੌਰ 'ਤੇ ਫ਼ਿਰਕਾਪ੍ਰਸਤੀ ਦੀ ਗੱਲ ਕਰਦਿਆਂ ਡਾ. ਸਿੰਘ ਨੇ ਕਿਹਾ ਕਿ ਕਾਂਗਰਸ ਲੋਕਾਂ ਵਿਚ ਪਾੜ ਪਾ ਕੇ ਵੋਟਾਂ ਹਾਸਲ ਕਰਨ ਵਿਚ ਭਰੋਸਾ ਨਹੀਂ ਰੱਖਦੀ ਤੇ ਉਹ ਵਿਕਾਸ ਦੇ ਰਾਹ 'ਤੇ ਸਮਾਜ ਦੇ ਸਾਰੇ ਵਰਗਾਂ ਨੂੰ ਲੈ ਕੇ ਜਾਣਾ ਚਾਹੁੰਦੀ ਹੈ। "ਕਾਂਗਰਸ ਕਾ ਹਾਥ, ਆਮ ਆਦਮੀ ਕੇ ਸਾਥ" ਦੇ ਨਾਅਰੇ ਨੂੰ ਦੁਹਰਾਉਂਦਿਆਂ ਡਾ. ਸਿੰਘ ਨੇ ਕਿਹਾ ਕਿ ਕਾਂਗਰਸ ਮੁੱਢ ਤੋਂ ਹੀ ਗਰੀਬ ਤੇ ਆਮ ਆਦਮੀ ਦੀ ਪਾਰਟੀ ਰਹੀ ਹੈ। ਡਾ. ਸਿੰਘ ਨੇ ਭਰੋਸਾ ਦਿਵਾਇਆ ਕਿ ਕਾਂਗਰਸ ਹਰ ਤਬਕੇ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਇਸ ਮੌਕੇ ਡਾ. ਸਿੰਘ ਨੇ ਨਰੇਗਾ ਤੇ ਮਿਡ ਡੇ ਮੀਲ ਸਕੀਮ ਦਾ ਵਿਸ਼ੇਸ਼ ਜ਼ਿਕਰ ਕੀਤਾ ਤੇ ਇਸ ਨੂੰ ਕੇਂਦਰ ਸਰਕਾਰ ਦੀ ਇਕ ਵੱਡੀ ਪ੍ਰਾਪਤੀ ਦੱਸਿਆ।

ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੀ ਪ੍ਰਸ਼ੰਸਾ ਕਰਦਿਆਂ ਡਾ. ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਅਗਵਾਈ ਵਿਚ ਸਰਕਾਰ ਨੇ ਸਾਢੇ ਚਾਰ ਸਾਲ ਦੇ ਸ਼ਾਸਨ ਦੌਰਾਨ ਵੱਡੀਆਂ ਪੁਲਾਂਘਾਂ ਪੁੱਟੀਆਂ ਹਨ। ਉਨ੍ਹਾਂ ਕਰਜ਼ਦਾਰ ਕਿਸਾਨਾਂ ਦੀ ਜ਼ਮੀਨ ਦੀ ਨਿਲਾਮੀ ਰੋਕਣ ਲਈ ਕਾਨੂੰਨ ਬਣਾਏ ਜਾਣ 'ਤੇ ਵੀ ਸ੍ਰੀ ਹੁੱਡਾ ਦੀ ਸ਼ਲਾਘਾ ਕੀਤੀ। ਸੂਬੇ ਵਿਚ ਬਿਜਲੀ ਦੇ ਸੰਕਟ ਬਾਰੇ ਡਾ. ਸਿੰਘ ਨੇ ਕਿਹਾ ਕਿ ਸੂਬੇ ਵਿਚ ਉਸਾਰੀ ਅਧੀਨ ਵੱਖ-ਵੱਖ ਪ੍ਰੋਜੈਕਟਾਂ ਦੇ ਪੂਰੇ ਹੋ ਜਾਣ ਤੋਂ ਬਾਅਦ ਇਹ ਸਮੱਸਿਆ ਖ਼ਤਮ ਹੋ ਜਾਵੇਗੀ। ਡਾ. ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਵਲੋਂ ਵਿਸ਼ੇਸ਼ ਆਰਥਿਕ ਜ਼ੋਨ ਨਾਲ ਸਬੰਧਤ 100 ਪ੍ਰੋਜੈਕਟਾਂ ਵਿਚੋਂ 36 ਨੂੰ ਕੇਂਦਰ ਸਰਕਾਰ ਨੇ ਮਨਜ਼ੂਰੀ ਦੇ ਦਿੱਤੀ ਹੈ ਤੇ 64 ਅਜੇ ਵਿਚਾਰ ਅਧੀਨ ਹਨ।

ਇਸ ਦੌਰਾਨ ਮੁੰਬਈ ਬਲੋਚਿਸਤਾਨ ਵਿਚ ਭਾਰਤ ਵਲੋਂ ਸਮੱਸਿਆਵਾਂ ਵਧਾਏ ਜਾਣ ਸਬੰਧੀ ਪਾਕਿਸਤਾਨ ਵਲੋਂ ਲਗਾਏ ਜਾ ਰਹੇ ਦੋਸ਼ਾਂ ਨੂੰ ਸਿਰੇ ਤੋਂ ਖ਼ਾਰਜ ਕਰਦਿਆਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਭਾਰਤ ਦਾ ਕਿਸੇ ਵੀ ਦੇਸ਼ 'ਚ ਦਹਿਸ਼ਤਗਰਦੀ ਦੇ ਵਾਧੇ ਨਾਲ ਕੋਈ ਲੈਣਾ-ਦੇਣਾ ਨਹੀਂ। ਡਾ. ਸਿੰਘ ਨੇ ਇਕ ਪੱਤਰਕਾਰ ਸੰਮੇਲਨ 'ਚ ਕਿਹਾ ਕਿ ਇਹ ਦੋਸ਼ ਪੂਰੀ ਤਰ੍ਹਾਂ ਬੇਬੁਨਿਆਦ ਹਨ।

ਉਨ੍ਹਾਂ ਕਿਹਾ ਕਿ ਅਸੀਂ ਪਾਕਿਸਤਾਨ ਜਾਂ ਕਿਸੇ ਹੋਰ ਦੇਸ਼ 'ਚ ਦਹਿਸ਼ਤਵਾਦ ਦੇ ਵਾਧੇ 'ਚ ਸ਼ਾਮਲ ਨਹੀਂ ਹਾਂ। ਉਨ੍ਹਾਂ ਕਿਹਾ ਕਿ ਇਸ ਨਾਲ ਸਾਡਾ ਦੂਰ ਦਾ ਵੀ ਵਾਸਤਾ ਨਹੀਂ। ਡਾ. ਸਿੰਘ ਨੇ ਦਾਅਵਾ ਕੀਤਾ ਕਿ ਪਾਕਿਸਤਾਨ ਦੀ ਸਰਕਾਰ ਅਤੇ ਲੋਕ ਨਿਸ਼ਚਿਤ ਤੌਰ 'ਤੇ ਇਹ ਜਾਣ ਲੈਣਗੇ ਕਿ ਉਨ੍ਹਾਂ ਵਲੋਂ ਦਹਿਸ਼ਤਵਾਦ ਸਬੰਧੀ ਸਾਡੇ 'ਤੇ ਲਾਏ ਗਏ ਦੋਸ਼ ਬਿਲਕੁਲ ਗਲਤ ਹਨ।

ਡਾ. ਸਿੰਘ ਪਾਕਿਸਤਾਨ ਦੇ ਗ੍ਰਹਿ ਮੰਤਰੀ ਰਹਿਮਾਨ ਮਲਿਕ ਦੇ ਉਸ ਦੋਸ਼ ਬਾਰੇ ਪੁੱਛੇ ਜਾਣ 'ਤੇ ਟਿੱਪਣੀ ਕਰ ਰਹੇ ਸਨ ਜਿਸ ਵਿਚ ਕਿਹਾ ਗਿਆ ਹੈ ਕਿ ਭਾਰਤ ਬਲੋਚਿਸਤਾਨ 'ਚ ਦਹਿਸ਼ਤਗਰਦਾਂ ਨੂੰ ਮਦਦ ਦੇ ਰਿਹਾ ਹੈ। ਡਾ. ਸਿੰਘ ਨੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਆਪਣੇ ਗੁਆਂਢੀ ਦੇਸ਼ 'ਚ ਦਹਿਸ਼ਤਵਾਦ ਦੇ ਵਧਦੇ ਪ੍ਰਭਾਵ ਨਾਲ ਨਜਿੱਠਣ ਲਈ ਸਾਨੂੰ ਵਿਆਪਕ ਤਿਆਰੀ ਕਰਨੀ ਪਵੇਗੀ।

ਉਨ੍ਹਾਂ ਕਿਹਾ ਕਿ ਅਸੀਂ ਹਰ ਜ਼ਰੂਰੀ ਕਦਮ ਚੁੱਕ ਰਹੇ ਹਾਂ, ਪਰ ਅਜੇ ਵੀ ਮੈਨੂੰ ਭਰੋਸਾ ਹੈ ਕਿ ਪਾਕਿਸਤਾਨ ਅਤੇ ਉਥੋਂ ਦੇ ਲੋਕ ਮਹਿਸੂਸ ਕਰਨਗੇ ਕਿ ਦਹਿਸ਼ਤਗਰਦੀ ਜਥੇਬੰਦੀਆਂ ਨੂੰ ਪਨਾਹ ਦੇਣ ਨਾਲ ਦੱਖਣੀ ਏਸ਼ੀਆ 'ਚ ਕਾਫ਼ੀ ਨੁਕਸਾਨ ਹੋਇਆ ਹੈ। ਡਾ. ਸਿੰਘ ਨੇ ਕਿਹਾ ਕਿ ਦੇਸ਼ ਇਕੱਠੇ ਹੋ ਕੇ ਕੰਮ ਕਰਨ ਤਾਂ ਹੀ ਸਾਕਾਰਾਤਮਕ ਗੱਲਬਾਤ ਸਾਹਮਣੇ ਆ ਸਕਦੀ ਹੈ। ਪਾਕਿਸਤਾਨ 'ਚ ਸੈਨਾ ਦਫ਼ਤਰ ਦੇ ਬਾਹਰ ਦਹਿਸ਼ਤਗਰਦਾਂ ਦੇ ਹਮਲੇ ਅਤੇ ਕਾਬਲ ਸਥਿਤ ਭਾਰਤੀ ਸਫ਼ਾਰਤਖਾਨੇ ਦੇ ਬਾਹਰ ਧਮਾਕੇ ਸਬੰਧੀ ਪੁੱਛੇ ਜਾਣ 'ਤੇ ਡਾ. ਸਿੰਘ ਨੇ ਕਿਹਾ ਕਿ ਸਾਨੂੰ ਅਜਿਹਾ ਗੁਆਂਢ ਚਾਹੀਦਾ ਹੈ, ਜਿੱਥੇ ਸ਼ਾਂਤੀ ਅਤੇ ਮਿੱਤਰਤਾ ਦਾ ਮਾਹੌਲ ਹੋਵੇ। ਉਨ੍ਹਾਂ ਕਿਹਾ ਕਿ ਜੇਕਰ ਪਾਕਿਸਤਾਨ ਅਤੇ ਅਫ਼ਗਾਨਿਸਤਾਨ 'ਚ ਮੌਜੂਦਾ ਸਥਿਤੀ ਜਾਰੀ ਰਹਿੰਦੀ ਹੈ ਤਾਂ ਉਹੋ ਜਿਹਾ ਮਾਹੌਲ ਬਣ ਸਕੇਗਾ, ਜਿਹੋ ਜਿਹਾ ਹੋਣਾ ਚਾਹੀਦਾ ਹੈ। ਡਾ. ਸਿੰਘ ਨੇ ਕਿਹਾ ਕਿ ਦਹਿਸ਼ਤਗਰਦੀ ਜਥੇਬੰਦੀਆਂ ਦੀ ਵਧਦੀ ਹੋਈ ਭੂਮਿਕਾ ਚਿੰਤਾ ਦਾ ਵਿਸ਼ਾ ਹੈ।

**ਕੇਂਦਰ ਸਰਕਾਰ ਮਹਿੰਗਾਈ ਰੋਕਣ 'ਚ ਨਾਕਾਮ – ਸੀ ਪੀ ਐਮ :** ਸੀਪੀਆਈ (ਐਮ) ਪੋਲਿਟ ਬਿਊਰੋ ਦੀ ਇਕ ਅਹਿਮ ਮੀਟਿੰਗ ਨਵੀਂ ਦਿੱਲੀ ਵਿਖੇ 11 ਅਕਤੂਬਰ ਨੂੰ ਹੋਈ। ਮੀਟਿੰਗ 'ਚ ਹੋਏ ਫ਼ੈਸਲਿਆਂ ਦੀ ਜਾਣਕਾਰੀ ਬਾਰੇ ਪਾਰਟੀ ਨੇ ਹੇਠ ਲਿਖਿਆ ਬਿਆਨ ਜਾਰੀ ਕੀਤਾ ਹੈ।

ਪੋਲਿਟ ਬਿਊਰੋ ਨੇ ਵੱਧ ਰਹੀ ਮਹਿੰਗਾਈ 'ਤੇ ਕੇਂਦਰ ਸਰਕਾਰ ਨੂੰ ਘੇਰਦਿਆਂ ਇਸ ਸਰਕਾਰ ਵਲੋਂ ਅਪਣਾਈਆਂ ਨੀਤੀਆਂ ਦੀ ਆਲੋਚਨਾ ਵੀ ਕੀਤੀ। ਪੋਲਿਟ ਬਿਊਰੋ ਨੇ ਕਿਹਾ ਕਿ ਕੇਂਦਰ ਸਰਕਾਰ ਵਧ ਰਹੀ ਮਹਿੰਗਾਈ ਨੂੰ ਨੱਥ ਪਾਉਣ 'ਚ ਪੂਰੀ ਤਰ੍ਹਾਂ ਨਾਕਾਮ ਹੋ ਚੁੱਕੀ ਹੈ। ਮੀਟਿੰਗ 'ਚ ਖੱਬੀਆਂ ਪਾਰਟੀਆਂ ਵਲੋਂ ਮਹਿੰਗਾਈ ਰੋਕਣ ਲਈ ਕੀਤੀਆਂ ਜਾਣ ਵਾਲੀਆਂ ਕਾਨਫਰੰਸਾਂ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ।

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਸਾਹਿਬ ਯੂਬਾ ਸਿਟੀ

## ਸਮੂਹ ਸੰਗਤਾਂ ਨੂੰ ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀ ਲਖ ਲਖ ਵਧਾਈ !




ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਿਹ।।

ਆਪ ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਯੂਬਾ ਸਿਟੀ (ਟਾਇਰਾ ਬਿਊਨਾ ਰੋਡ) ਵਿਖੇ ਜੁਗੋ ਜੁਗ ਅਟੱਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 301 ਸਾਲਾ ਗੁਰਗੱਦੀ ਦਿਵਸ ਦੇ ਸੰਬੰਧ ਵਿਚ ਹਰ ਸਾਲ ਦੀ ਤਰ੍ਹਾਂ ਮਹਾਨ ਨਗਰ ਕੀਰਤਨ 1 ਨਵੰਬਰ, 2009 (ਦਿਨ ਐਤਵਾਰ) ਨੂੰ ਧੂਮਧਾਮ ਅਤੇ ਬੜੀ ਸ਼ਰਧਾ ਸਹਿਤ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ। ਇਸ ਮਹਾਨ ਗੁਰਪੁਰਬ ਦਾ ਵੇਰਵਾ ਇਸ ਤਰ੍ਹਾਂ ਹੈ:

### ਕੀਰਤਨੀ ਜਥੇ

ਸਤੰਬਰ 2, 2009 ਤੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਪ੍ਰਾਰੰਭ ਹੈ, ਇਹ ਲੜੀ ਨਿਰੰਤਰ ਪਹਿਲੀ ਨਵੰਬਰ, 2009 ਤੱਕ ਜਾਰੀ ਰਹੇਗੀ। ਨਗਰ ਕੀਰਤਨ ਦੇ ਇਸ ਸਮਾਗਮ ਵਿਚ ਭਾਗ ਲੈਣ ਲਈ ਪੰਥ ਪ੍ਰਸਿੱਧ ਕੀਰਤਨੀ ਜਥੇ, ਕਥਾ ਵਾਚਕ ਅਤੇ ਢਾਡੀ ਜਥੇ ਪਹੁੰਚ ਰਹੇ ਹਨ। ਇਨ੍ਹਾਂ ਵਿਚ ਸ਼ਾਮਲ ਹੋਣਗੇ-ਭਾਈ ਸਰਬਜੀਤ ਸਿੰਘ ਹਜ਼ੂਰੀ ਰਾਗੀ, ਭਾਈ ਸੁਰਿੰਦਰ ਸਿੰਘ ਜੋਧਪੁਰੀ, ਭਾਈ ਹਰਪ੍ਰੀਤ ਸਿੰਘ, ਹਜ਼ੂਰੀ ਰਾਗੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਪ੍ਰੀਤਮ ਸਿੰਘ ਜੀ ਮਿੱਠੇ ਟਿਵਾਣੇ ਵਾਲੇ, ਭਾਈ ਮਨਜੀਤ ਸਿੰਘ ਪਠਾਨਕੋਟ ਵਾਲੇ, ਭਾਈ ਅਜੀਤ ਸਿੰਘ ਨਿਮਾਣਾ ਦਾ ਕੀਰਤਨੀ ਜਥਾ, ਕਥਾ ਵਾਚਕ ਭਾਈ ਬਲਜੀਤ ਸਿੰਘ ਦਮਦਮੀ ਟਕਸਾਲ ਵਾਲੇ, ਭਾਈ ਅਵਤਾਰ ਸਿੰਘ ਅਤੇ ਭਾਈ ਅਮਰਜੀਤ ਸਿੰਘ ਅਤੇ ਭਾਈ ਗੁਰਦੇਵ ਸਿੰਘ। ਇਹ ਜਥੇ 15 ਅਕਤੂਬਰ ਤੋਂ ਹਰ ਰੋਜ਼ ਸ਼ਾਮ ਦੇ ਦੀਵਾਨਾਂ ਵਿਚ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਿਆ ਕਰਨਗੇ।

### ਸ੍ਰੀ ਅਖੰਡ ਪਾਠ ਦੇ ਭੋਗ ਤੇ ਅਮ੍ਰਿਤ ਸੰਚਾਰ

30 ਅਕਤੂਬਰ, 2009 (ਸ਼ੁਕਰਵਾਰ) ਸਵੇਰੇ 10 ਵਜੇ ਅਖੰਡ ਪਾਠਾਂ ਦੀ ਲੜੀ ਦੇ ਅਖੀਰਲੇ ਪਾਠ ਸਮੂਹ ਸੰਗਤ ਵਲੋਂ ਪ੍ਰਾਰੰਭ ਹੋਣਗੇ। ਸ਼ੁਕਰਵਾਰ ਦੀ ਸ਼ਾਮ ਦੇ 7 ਵਜੇ ਸਮੂਹ ਸੰਗਤ ਵਲੋਂ ਗੁਰਦੁਆਰਾ ਸਾਹਿਬ ਦੀ ਸਪੋਰਟਸ ਗਰਾਊਂਡ ਵਿਚੋਂ ਆਤਿਸ਼ਬਾਜ਼ੀ ਚਲਾਈ ਜਾਵੇਗੀ। ਇਹ ਸਾਰੇ ਪ੍ਰੋਗਰਾਮ ਸੰਗਤ ਦੇ ਸਹਿਯੋਗ ਨਾਲ ਉਲੀਕੇ ਗਏ ਹਨ। 31 ਅਕਤੂਬਰ (ਸਨਿਚਰਵਾਰ) ਸਵੇਰੇ 6 ਵਜੇ ਖੰਡੇ ਬਾਟੇ ਦਾ ਅੰਮ੍ਰਿਤ ਸੰਚਾਰ ਹੋਵੇਗਾ। ਜਿਨ੍ਹਾਂ ਸੰਗਤਾਂ ਨੇ ਅੰਮ੍ਰਿਤ ਛਕਣਾ ਹੈ, ਉਹ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਭਾਈ ਪ੍ਰੀਤਮ ਸਿੰਘ ਜੀ ਕੋਲ ਆਪਣੇ ਨਾਮ ਲਿਖਾਉਣ ਦੀ ਕ੍ਰਿਪਾਲਤਾ ਕਰਨ। ਸਨਿਚਰਵਾਰ ਹੀ ਸਵੇਰੇ 10 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਸਮੂਹ ਸੰਗਤ ਵੱਲੋਂ ਕੀਤੀ ਜਾਵੇਗੀ। 31 ਅਕਤੂਬਰ ਦੀ ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਮਹਾਨ ਰੈਣ ਸਵਾਈ ਕੀਰਤਨ ਦਰਬਾਰ ਹੋਵੇਗਾ, ਢਾਡੀ ਵਾਰਾਂ ਅਤੇ ਪੰਥਕ ਵਿਚਾਰਾਂ ਦੇ ਪ੍ਰੋਗਰਾਮ ਹੋਣਗੇ। ਪਹਿਲੀ ਨਵੰਬਰ (ਐਤਵਾਰ) ਸਵੇਰੇ 8ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣਗੇ, ਉਪਰੰਤ ਦੀਵਾਨ ਸਜਣਗੇ, ਜਿਸ ਵਿਚ ਕੀਰਤਨੀ ਜਥੇ ਰਸਮਈ ਕੀਰਤਨ ਕਰਨਗੇ। ਢਾਡੀ ਜਥੇ ਵਾਰਾਂ ਦੇ ਪ੍ਰੋਗਰਾਮ ਕਰਨਗੇ। ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਵੇਰੇ ਠੀਕ 10 ਵਜੇ ਨਗਰ ਕੀਰਤਨ ਪ੍ਰਾਰੰਭ ਹੋਣਗੇ। ਇਹ ਮਹਾਨ ਨਗਰ ਕੀਰਤਨ ਯੂਬਾ ਸਿਟੀ ਦੇ ਨਗਰ ਵਿਚੋਂ ਵਿਚਰਦਿਆਂ ਹੋਇਆਂ ਸ਼ਾਮ ਦੇ 4 ਵਜੇ ਗੁਰੂ ਘਰ ਵਿਖੇ ਪਹੁੰਚਕੇ ਸਮਾਪਤ ਹੋਵੇਗਾ।

ਵਧੇਰੇ ਜਾਣਕਾਰੀ ਲਈ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਪ੍ਰੀਤਮ ਸਿੰਘ (530-673-9918), ਤੇਜਿੰਦਰ ਸਿੰਘ ਦੁਸਾਂਝ (530-751-6322), ਪਵਿੰਦਰ ਸਿੰਘ ਕਰੀਹਾ (530-510-7095), ਗੁਰਮੇਜ ਸਿੰਘ ਗਿੱਲ (530-681-3112), ਬਲਵਿੰਦਰ ਬਸਰਾ (530-682-6163) ਜਾਂ ਪਰਮਿੰਦਰ ਸਿੰਘ ਗਰੇਵਾਲ (530-682-5860) ਨਾਲ ਸੰਪਰਕ ਕਰੋ ਜੀ।

ਗੁਰੂ ਪੰਥ ਦੇ ਦਾਸ

ਬਲਰਾਜ ਸਿੰਘ ਢਿੱਲੋਂ
ਪ੍ਰਧਾਨ
(530) 682-3979

ਹਰਭਜਨ ਸਿੰਘ ਜੌਹਲ
ਜਨਰਲ ਸਕੱਤਰ
(530) 301-3652

ਸੁਖਦੇਵ ਸਿੰਘ ਮੁੰਡੀ
ਖਜ਼ਾਨਚੀ
(530) 682-3925

# SIKH TEMPLE GURDWARA YUBA CITY

Tierra Buena Road, Yuba City, California 95993
Ph. (530) 673-9918 2468, PO Box 1353, Yuba City, CA 95992

# ਡਿੱਗਦੇ ਡਾਲਰ ਨੂੰ ਠੁੰਮ੍ਹਣਾ ਦੇਣ ਦੀ ਕੋਸ਼ਿਸ਼ ਓਬਾਮਾ ਦਾ ਨੋਬਲ ਇਨਾਮ

**–ਜਤਿੰਦਰ ਪੰਨੂ**

ਅਮਰੀਕਾ ਦੇ ਰਾਸ਼ਟਰਪਤੀ ਬਣੇ ਬਰਾਮ ਓਬਾਮਾ ਨੂੰ ਸੰਸਾਰ ਭਰ ਦਾ ਨਾਮਣੇ ਵਾਲਾ 'ਨੋਬਲ ਅਮਨ ਇਨਾਮ' ਦੇਣ ਦਾ ਐਲਾਨ ਕਰ ਦਿੱਤਾ ਗਿਆ ਹੈ। ਇਹ ਇਨਾਮ ਓਬਾਮਾ ਨੂੰ ਉਸ ਦੀਆਂ ਅਮਨ ਦੀ ਸਥਾਪਤੀ ਲਈ ਕੀਤੀਆਂ ਗਈਆਂ ਕੋਸ਼ਿਸ਼ਾਂ ਦੇ ਖਾਤੇ ਵਿਚ ਦਿੱਤਾ ਦੱਸਿਆ ਗਿਆ ਹੈ। ਕਿਹੜੀਆਂ ਕੋਸ਼ਿਸ਼ਾਂ ਕੀਤੀਆਂ ਹਨ ਬਰਾਕ ਓਬਾਮਾ ਨੇ? ਜਿੰਨਾ ਥੋੜ੍ਹਾ ਸਮਾਂ ਉਸ ਨੇ ਅਮਰੀਕੀ ਰਾਸ਼ਟਰਪਤੀ ਵਾਲੀ ਕੁਰਸੀ ਉੱਤੇ ਗੁਜ਼ਾਰਿਆ ਹੈ, ਓਨੇ ਨਾਲ ਤਾਂ ਸੰਸਾਰ ਅਮਨ ਦੀਆਂ ਸਮੱਸਿਆਵਾਂ ਦੀ ਪੂਰੀ ਸਮਝ ਵੀ ਉਸਨੂੰ ਹਾਲੇ ਨਹੀਂ ਆਈ ਹੋਣੀ। ਕੁਝ ਕਰ ਕੇ ਵਿਖਾਉਣ ਤੋਂ ਵੀ ਪਹਿਲਾਂ ਉਸ ਨੂੰ ਜਿਵੇਂ ਇਹ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਹੈ, ਮੀਡੀਏ ਦੇ ਇੱਕ ਹਿੱਸੇ ਨੇ ਉਸ ਦਾ ਮਜ਼ਾਕ ਉਡਾਉਂਦਿਆਂ 'ਬਰਾਕ ਹੁਸੈਨ ਓਬਾਮਾ' ਨੂੰ ਨਵਾਂ ਨਾਂਅ 'ਬਰਾਕ ਨੋਬਲ ਓਬਾਮਾ' ਦੇ ਕੇ ਖਬਰ ਦੀ ਪੇਸ਼ਕਾਰੀ ਕੀਤੀ ਹੈ।

ਇਹ ਹਾਲਾਤ ਦਾ ਬਹੁਤ ਵੱਡਾ ਵਿਅੰਗ ਹੈ। ਓਬਾਮਾ ਸਾਹਿਬ 'ਨੋਬਲ' ਵਾਲੇ ਬਣ ਗਏ ਹਨ। ਜਿੱਥੋਂ ਤੱਕ ਅਮਨ ਕਾਇਮ ਕਰਨ ਦੀਆਂ ਕੋਸ਼ਿਸ਼ਾਂ ਦਾ ਸੰਬੰਧ ਹੈ, ਬਰਾਕ ਓਬਾਮਾ ਨੇ ਇਸ ਦੀਆਂ ਕੁਝ ਅਪੀਲਾਂ ਜ਼ਰੂਰ ਕੀਤੀਆਂ ਹਨ, ਪਰ ਅਪੀਲਾਂ ਉਹਨਾਂ ਨੂੰ ਕੀਤੀਆਂ ਹਨ, ਜਿਨ੍ਹਾਂ ਨਾਲ ਅਮਰੀਕੀ ਫੌਜ ਸਿੱਧੀ ਲੜਾਈ ਲੜ ਰਹੀ ਹੈ। ਆਹਮੋ-ਸਾਹਮਣੀ ਜੰਗ ਵਿਚ ਜਦੋਂ ਕੋਈ ਵੱਡੀ ਧਿਰ ਅੱਗੇ ਵਧ ਰਹੀ ਹੋਵੇ, ਓਦੋਂ ਉਸ ਦਾ ਕਮਾਂਡਰ ਅਮਨ ਦੀਆਂ ਅਪੀਲਾਂ ਕਦੇ ਨਹੀਂ ਕਰਦਾ ਹੁੰਦਾ। ਅਫ਼ਗਾਨਿਸਤਾਨ ਅਤੇ ਉਸ ਤੋਂ ਬਾਅਦ ਹੁਣ ਪਾਕਿਸਤਾਨ ਦੇ ਇੱਕ ਕਾਫੀ ਵੱਡੇ ਖੇਤਰ ਵਿਚ ਵੀ ਅਮਰੀਕੀ ਫੌਜ ਤਾਲਿਬਾਨ ਨਾਲ ਬੜੀ ਕਸੂਤੀ ਲੜਾਈ ਵਿਚ ਉਲਝੀ ਪਈ ਹੈ। ਇਹ ਗੱਲ ਆਪਣੀ ਥਾਂ ਸੱਚ ਹੈ ਕਿ ਤਾਲਿਬਾਨ ਦੇ ਜਨੂੰਨੀ ਦਹਿਸ਼ਤਗਰਦ ਹੁਣ ਪੂਰੇ ਸੰਸਾਰ ਦੀ ਮਨੁੱਖਤਾ ਲਈ ਇਕ ਵੱਡਾ ਖ਼ਤਰਾ ਬਣ ਕੇ ਸਾਹਮਣੇ ਆ ਚੁੱਕੇ ਹਨ। ਉਹਨਾਂ ਨਾਲ ਇਹ ਲੜਾਈ ਲੜਨ ਤੋਂ ਸਿਵਾ ਕੋਈ ਚਾਰਾ ਵੀ ਨਹੀਂ। ਜੇ ਕੋਈ ਇਹ ਸਮਝੇ ਕਿ ਬਰਾਕ ਓਬਾਮਾ ਜਾਂ ਉਹਦੇ ਵਰਗੇ ਦੋ-ਚਾਰ ਹੋਰਨਾਂ ਦੀਆਂ ਅਪੀਲਾਂ ਸੁਣ ਕੇ ਤਾਲਿਬਾਨ ਜਾਂ ਅਲ-ਕਾਇਦਾ ਵਾਲੇ ਗੱਲਬਾਤ ਦਾ ਹੁੰਗਾਰਾ ਭਰ ਦੇਣਗੇ, ਤਾਂ ਉਹ ਮੂਰਖਾਂ ਦੀ ਦੁਨੀਆ ਵਿਚ ਵਸ ਰਹੇ ਹੋਣਗੇ। ਓਧਰ ਇਰਾਕ ਵਿਚ ਵੀ ਅਮਨ ਦੀ ਕਾਇਮੀ ਦਾ ਕੋਈ ਸੰਕੇਤ ਨਜ਼ਰ ਨਹੀਂ ਆਉਂਦਾ। ਜੇ ਓਬਾਮਾ ਵਲੋਂ ਤਾਲਿਬਾਨ ਨਾਲ ਅਮਨ ਦੀ ਕਾਇਮੀ ਲਈ ਗੱਲਬਾਤ ਦੇ ਸੰਕੇਤ ਦਿੱਤੇ ਨੋਟ ਕੀਤੇ ਗਏ ਹਨ ਤਾਂ ਇਹੋ ਜਿਹੇ ਸੰਕੇਤ ਉਸਨੇ ਇਰਾਕ ਵਿੱਚ ਨਹੀਂ ਦਿੱਤੇ, ਜਿੱਥੇ ਉਸ ਦੀ ਫ਼ੌਜ ਦਾ ਮੁਕੰਮਲ ਕਬਜ਼ਾ ਹੈ। ਫਿਰ ਇਹ ਵੀ ਸਭ ਨੂੰ ਪਤਾ ਹੈ ਕਿ ਜਿੰਨੀ ਵਾਰ ਓਬਾਮਾ ਨੇ ਅਮਨ ਦੀ ਇੱਛਾ ਪ੍ਰਗਟ ਕੀਤੀ, ਓਨੀ ਵਾਰ ਹੀ ਦਹਿਸ਼ਤਗਰਦੀ ਦੇ ਖ਼ਾਤਮੇ ਤੱਕ ਜੰਗ ਲੜਨ ਦਾ ਐਲਾਨ ਵੀ ਦੁਹਰਾ ਦਿੱਤਾ ਹੈ। ਇਸ ਹਾਲਤ ਵਿਚ ਪਤਾ ਨਹੀਂ ਉਹ ਕਿਹੜੀ ਖ਼ਾਸ ਪਹਿਲਕਦਮੀ ਸੀ, ਜਿਸਨੂੰ ਵੇਖਦੇ ਹੋਏ ਬਰਾਕ ਓਬਾਮਾ ਨੂੰ ਨੋਬਲ ਅਮਨ ਇਨਾਮ ਦੇਣ ਦਾ ਐਲਾਨ ਕਰ ਦਿੱਤਾ ਗਿਆ ਹੈ? ਆਮ ਆਦਮੀ ਦੀ ਨਜ਼ਰ ਵਿਚ ਇਹ ਐਲਾਨ 'ਇਕਲੌਤੀ ਮਹਾਂਸ਼ਕਤੀ' ਦੇ ਮੁਖੀ ਦੀ ਚਾਪਲੂਸੀ ਤੋਂ ਵਧ ਕੁਝ ਨਹੀਂ ਜਾਪਦਾ। ਕਮਾਲ ਦੀ ਗੱਲ ਇਹ ਕਿ ਬਰਾਕ ਓਬਾਮਾ ਨੂੰ ਬਾਹਰੋਂ ਤਾਂ ਨੋਬਲ ਇਨਾਮ ਮਿਲ ਰਿਹਾ ਹੈ, ਘਰ ਵਿਚ ਉਸ ਦੀ ਹਮਾਇਤ ਹੌਲੀ ਪੈ ਰਹੀ ਹੈ। ਹੁਣੇ-ਹੁਣੇ ਕਰਵਾਏ ਗਏ ਇਕ ਸਰਵੇਖਣ ਵਿਚ ਅਮਰੀਕੀ ਲੋਕਾਂ ਦੀ ਵੱਡੀ ਬਹੁ-ਗਿਣਤੀ ਨੇ ਇਹ ਰਾਏ ਪ੍ਰਗਟ ਕੀਤੀ ਹੈ ਕਿ ਅਮਰੀਕਾ ਅਫ਼ਗਾਨਿਸਤਾਨ ਅੰਦਰ ਹਾਰੀ ਹੋਈ ਲੜਾਈ ਲੜ ਰਿਹਾ ਹੈ। ਬਹੁਤ ਸਾਰੇ ਅਮਰੀਕੀ ਲੋਕ ਇਰਾਕ ਦੀ ਜੰਗ ਨੂੰ ਵੀ ਅਮਰੀਕਾ ਦੀ ਉਸ ਵੀਅਤਨਾਮ ਵਾਲੀ ਜੰਗ ਨਾਲ ਮੇਲ ਕੇ ਵੇਖ ਰਹੇ ਹਨ, ਜਿੱਥੋਂ ਅੰਤ ਨੂੰ ਉਹਨਾਂ ਦੀ ਫ਼ੌਜ ਸ਼ਰਮਨਾਕ ਹਾਰ ਪੱਲੇ ਪਵਾ ਕੇ ਮੁੜੀ ਸੀ। ਇਸ ਦੇ ਬਾਵਜੂਦ ਓਬਾਮਾ ਨੂੰ ਨੋਬਲ ਇਨਾਮ ਦੇ ਦਿੱਤਾ ਗਿਆ ਹੈ।

ਨੋਬਲ ਇਨਾਮ ਓਬਾਮਾ ਨੂੰ ਓਨਾ 'ਦਿੱਤਾ ਗਿਆ' ਨਹੀਂ ਜਾਪਦਾ, ਜਿੰਨਾ 'ਲਿਆ ਗਿਆ' ਮਹਿਸੂਸ ਹੁੰਦਾ ਹੈ। ਬਹੁਤ ਸਾਰੇ ਆਰਥਿਕ ਮਾਹਰ ਇਹ ਸਮਝਦੇ ਹਨ ਕਿ ਇਨਾਮ ਦੇ ਇਸ ਐਲਾਨ ਪਿੱਛੇ ਅਮਰੀਕਾ ਦੀ ਅੰਦਰੂਨੀ ਹਾਲਤ ਦੀ ਲੋੜ ਨੇ ਕੰਮ ਕੀਤਾ ਹੈ। ਪਿਛਲੇ ਸਾਲ ਆਏ ਕਾਰੋਬਾਰੀ ਮੰਦੇ ਨੇ ਸਾਰੇ ਸੰਸਾਰ ਨੂੰ ਹਿਲਾ ਕੇ ਰੱਖ ਦਿੱਤਾ ਸੀ। ਮੰਦੇ ਦਾ ਅਸਰ ਜਪਾਨ ਵਿਚ ਵੀ ਹੋਇਆ ਸੀ, ਜਰਮਨੀ, ਫਰਾਂਸ, ਇੰਗਲੈਂਡ ਤੇ ਸਾਡੇ ਹਿੰਦੁਸਤਾਨ ਵਿਚ ਵੀ, ਪਰ ਸਭ ਤੋਂ ਵੱਧ ਅਮਰੀਕਾ ਨੂੰ ਪਈ ਸੀ, ਜਿਸ ਦਾ ਸਾਰਾ ਤਾਣਾ ਬਾਣਾ ਹੀ ਝੰਜੋੜਿਆ ਗਿਆ ਸੀ। ਅਮਰੀਕੀ ਸਰਕਾਰ ਵਲੋਂ ਦਿੱਤੇ ਕਈ ਬਿਲੀਅਨ ਡਾਲਰਾਂ ਦੇ ਪੈਕੇਜ ਨਾਲ ਵੀ ਓਥੋਂ ਦੀਆਂ ਮੋਟਰ ਕੰਪਨੀਆਂ ਅਤੇ ਬੈਂਕਾਂ ਬੰਦ ਅਤੇ ਦੀਵਾਲੀਆ ਹੋਣ ਤੋਂ ਬਚਾਈਆਂ ਨਹੀਂ ਸਨ ਜਾ ਸਕੀਆਂ। ਦੁਨੀਆ ਭਰ ਵਿਚ ਸਭ ਤੋਂ ਵੱਧ ਬੈਂਕ ਇਸ ਮੰਦੇ ਦੀ ਮਾਰ ਕਾਰਨ ਅਮਰੀਕਾ ਵਿਚ ਹੀ ਬੰਦ ਹੋਏ ਸਨ ਤੇ ਉਹਨਾਂ ਵਿਚੋਂ ਕਈ ਬੈਂਕਾਂ ਦੀਆਂ ਬਰਾਂਚਾਂ ਦੂਜੇ ਦੇਸ਼ਾਂ ਵਿਚ ਵੀ ਹੋਣ ਕਾਰਨ ਓਥੋਂ ਤੱਕ ਦੇ ਕਰਮਚਾਰੀ ਨੌਕਰੀਆਂ ਖੁੱਸਣ ਮਗਰੋਂ ਸੜਕਾਂ ਉੱਪਰ ਆ ਗਏ ਸਨ।



ਦੂਜੇ ਪਾਸੇ ਭਾਰਤ ਵਰਗਾ ਦੇਸ਼ ਵੀ ਹੈ, ਜਿੱਥੇ ਹਫ਼ਤਾ-ਹਫ਼ਤਾ ਕਾਰਖਾਨੇ ਬੰਦ ਵੀ ਕੁਝ ਥਾਂਈਂ ਕਰਨੇ ਪਏ, ਕਿਤੇ-ਕਿਤੇ ਤਨਖ਼ਾਹਾਂ ਵੀ ਘਟਾਉਣ ਦੀ ਨੌਬਤ ਆਈ, ਪਰ ਇੱਕ ਵੀ ਬੈਂਕ ਜਾਂ ਹੋਰ ਅਦਾਰਾ ਪੱਕੇ ਤੌਰ 'ਤੇ ਬੰਦ ਨਹੀਂ ਕਰਨਾ ਪਿਆ ਜਾਂ ਦੀਵਾਲੀਆ ਨਹੀਂ ਹੋਇਆ। ਭਾਵ ਇਹ ਕਿ ਅਮਰੀਕਾ ਦੀ ਆਰਥਿਕਤਾ ਬਾਕੀ ਸਭ ਦੇਸ਼ਾਂ ਤੋਂ ਨਾਕਾਰਾ ਨਿਕਲੀ ਹੈ।

ਬਰਾਕ ਓਬਾਮਾ ਦੀ ਨਵੀਂ ਸਰਕਾਰ ਨੇ ਜੇ ਕੁਝ ਕਰਨਾ ਚਾਹਿਆ ਤਾਂ ਇਹ ਕਿ ਉਸਨੇ ਅਮਰੀਕੀ ਆਰਥਿਕਤਾ ਉੱਤੋਂ ਕਰਜ਼ੇ ਦਾ ਅਸਹਿ ਬੋਝ ਲਾਹੁਣ ਦੇ ਮਕਸਦ ਨਾਲ ਡਾਕਟਰ ਮਨਮੋਹਨ ਸਿੰਘ ਵਾਲਾ ਨੁਸਖਾ ਵਰਤਣ ਦੀ ਕੋਸ਼ਿਸ਼ ਕਰ ਦਿੱਤੀ। ਜਦੋਂ ਭਾਰਤ ਦਾ ਰਿਜ਼ਰਵ ਬੈਂਕ ਦੀਵਾਲੀਆ ਹੋਣ ਕੰਢੇ ਸੀ ਤੇ ਇਸ ਦਾ ਸੋਨੇ ਦਾ ਭੰਡਾਰ ਜਹਾਜ਼ਾਂ ਉੱਤੇ ਲੱਦ ਕੇ ਦੂਜੇ ਦੇਸ਼ਾਂ ਕੋਲ ਗਹਿਣੇ ਰੱਖਣ ਲਈ ਭੇਜਿਆ ਜਾ ਚੁੱਕਾ ਸੀ, ਓਦੋਂ ਨਰਸਿਮਹਾ ਰਾਓ ਸਰਕਾਰ ਦੇ ਖਜ਼ਾਨਾ ਮੰਤਰੀ ਵਜੋਂ ਡਾਕਟਰ ਮਨਮੋਹਨ ਸਿੰਘ ਨੇ ਜ਼ਿੰਮੇਵਾਰੀ ਸੰਭਾਲੀ ਸੀ। ਅਹੁਦਾ ਸਾਂਭਦੇ ਸਾਰ ਪਹਿਲਾ ਕੰਮ ਉਸਨੇ ਰੁਪਏ ਦੀ ਕੀਮਤ ਘਟਾਉਣ ਦਾ ਕੀਤਾ ਸੀ, ਤਾਂ ਕਿ ਭਾਰਤ ਵਿਚ ਬਣੇ ਸਮਾਨ ਦੀ ਕੀਮਤ ਏਥੇ ਭਾਵੇਂ ਜਿੰਨੀ ਵੀ ਰਹੇ, ਡਾਲਰਾਂ ਮੂਹਰੇ ਰੁਪਏ ਦੀ ਕੀਮਤ ਘੱਟ ਹੋਣ ਕਰਕੇ ਸੰਸਾਰ ਮੰਡੀ ਵਿਚ ਉਹ ਸਸਤੀ ਹੋ ਜਾਵੇ ਤੇ ਇਸਨੂੰ ਲਗਾਤਾਰ ਵੇਚਦੇ ਹੋਏ ਕਾਰੋਬਾਰ ਚੱਲਦਾ ਰੱਖ ਕੇ ਬਾਹਰੋਂ ਵਿਦੇਸ਼ੀ ਸਿੱਕਾ ਕਮਾਉਂਦਿਆਂ ਦੇਸ਼ ਅੰਦਰ ਰੁਜ਼ਗਾਰ ਦੇ ਵਸੀਲੇ ਵੀ ਕੁਝ ਨਾ ਕੁਝ ਵਧਾਏ ਜਾ ਸਕਣ। ਐਨ ਓਹੋ ਜਿਹਾ ਨੁਸਖਾ ਵਰਤਣ ਦੀਆਂ ਸਕੀਮਾਂ ਪਿਛਲੇ ਸਮੇਂ ਵਿਚ ਅਮਰੀਕਾ ਦੀ ਓਬਾਮਾ ਸਰਕਾਰ ਵੀ ਸੋਚਣ ਲੱਗ ਪਈ ਸੀ, ਪਰ ਕੁਝ ਕਰ ਕੇ ਵਿਖਾਉਣ ਤੋਂ ਪਹਿਲਾਂ ਹੀ ਗੱਲ ਬਾਹਰ ਨਿਕਲ ਗਈ। ਮਨਮੋਹਨ ਸਿੰਘ ਦਾ ਜਿਹੜਾ ਨੁਸਖਾ ਭਾਰਤ ਲਈ ਉਸ ਵਕਤ ਭਲੇ ਵਾਲਾ ਸਿੱਧ ਹੋਇਆ ਸੀ, ਉਹ ਅਮਰੀਕਾ ਨੂੰ ਉਲਟਾ ਪੈਣ ਲੱਗ ਪਿਆ। ਜ਼ਰਾ ਕੁ ਸੂਹ ਨਿਕਲਦੇ ਸਾਰ ਸੰਸਾਰ ਭਰ ਵਿਚ ਸੋਨੇ ਦੀ ਕੀਮਤ ਉੱਪਰ-ਹੇਠਾਂ ਭੁੜਕਣ ਲੱਗ ਪਈ ਤੇ ਮੀਟਿੰਗਾਂ ਦਾ ਨਵਾਂ ਦੌਰ ਸ਼ੁਰੂ ਹੋ ਗਿਆ।

ਪਹਿਲੀ ਖ਼ਬਰ ਇਹ ਆਈ ਕਿ ਖਾੜੀ ਦੇ ਤੇਲ ਵੇਚਣ ਵਾਲੇ ਦੇਸ਼ਾਂ ਵਿਚੋਂ ਸਿਖਰਲਿਆਂ ਨੇ ਗੁਪਤ ਮੀਟਿੰਗ ਕਰ ਕੇ ਇਹ ਰਾਏ ਬਣਾਈ ਹੈ ਕਿ ਅੱਗੇ ਤੋਂ ਸੰਸਾਰ ਭਰ ਦੇ ਦੇਸ਼ਾਂ ਨੂੰ ਤੇਲ ਦੀ ਵਿਕਰੀ ਅਮਰੀਕੀ ਡਾਲਰਾਂ ਦੇ ਹਿਸਾਬ ਨਾਲ ਕਰਨੀ ਬੰਦ ਕਰ ਦਿੱਤੀ ਜਾਵੇ। ਕਾਰਨ ਇਸ ਦਾ ਇਹ ਕਿ ਇਹਨਾਂ ਤੇਲ ਵੇਚਣ ਵਾਲੇ ਦੇਸ਼ਾਂ ਕੋਲ ਅਮਰੀਕੀ ਡਾਲਰਾਂ ਦੇ ਪਹਿਲਾਂ ਹੀ ਅੰਬਾਰ ਲੱਗ ਪਏ ਹਨ। ਜੇ ਅਮਰੀਕਾ ਦੀ ਓਬਾਮਾ ਸਰਕਾਰ ਨੇ ਮਨਮੋਹਨ ਸਿੰਘ ਵਾਲੇ ਫ਼ਾਰਮੂਲੇ ਅਧੀਨ ਡਾਲਰ ਦੀ ਕੀਮਤ ਘਟਾ ਦਿੱਤੀ ਤਾਂ ਇਹ ਨੋਟ ਹੁਣ ਵਾਂਗ ਸੋਹਣੇ ਲੱਗਣ ਦੀ ਥਾਂ ਰੱਦੀ ਦਾ ਢੇਰ ਬਣੇ ਜਾਪਣਗੇ। ਖਾੜੀ ਦੇ ਦੇਸ਼ਾਂ ਦੀ ਡਾਲਰ ਨਾਲ ਬੱਝੀ ਹੋਈ ਤਕਦੀਰ ਉਹਨਾਂ ਦੀ ਬੇੜੀ ਡੋਬਣ ਵਾਲੀ ਵੀ ਸਾਬਤ ਹੋ ਸਕਦੀ ਹੈ।

ਦੂਜੀ ਖ਼ਬਰ ਇਸ ਦੇ ਮਗਰੋਂ ਇਹ ਆ ਗਈ ਕਿ ਖਾੜੀ ਦੇ ਅਰਬ ਦੇਸ਼ਾਂ ਨੇ ਰੂਸ, ਚੀਨ, ਜਪਾਨ ਤੇ ਫ਼ਰਾਂਸ ਨਾਲ ਮਿਲ ਕੇ ਤੇਲ ਤੇ ਕੁਝ ਹੋਰ ਮਾਮਲਿਆਂ ਵਿਚ ਡਾਲਰ ਦੀ ਸਰਦਾਰੀ ਖ਼ਤਮ ਕਰਨ ਬਾਰੇ ਵੀ ਵਿਚਾਰ ਸ਼ੁਰੂ ਕਰ ਦਿੱਤੀ ਹੈ। ਡਾਲਰ ਦੇ ਬਦਲਵੇਂ ਪ੍ਰਬੰਧ ਵਜੋਂ ਸਾਰੇ ਯੂਰਪ ਦੇ ਸਾਂਝੇ ਸਿੱਕੇ 'ਯੂਰੋ', ਚੀਨ ਦੇ ਯੁਆਨ ਤੇ ਜਪਾਨ ਦੇ ਯੇਨ ਨੂੰ ਕਾਰੋਬਾਰੀ ਕਰੰਸੀ ਵਜੋਂ ਵਰਤਣ ਬਾਰੇ ਇੱਕਸੁਰਤਾ ਵੀ ਬਣਨ ਲੱਗ ਪਈ। ਫਿਰ ਇਕ 'ਯੂਨੀਫ਼ਾਈਡ ਕਰੰਸੀ' ਦੀ ਗੱਲ ਵੀ ਚੱਲ ਨਿਕਲੀ, ਜਿਹੜੀ ਖਾੜੀ ਦੇਸ਼ਾਂ ਦੀ ਸਹਿਯੋਗੀ ਕੌਂਸਲ ਦੇ ਸਾਊਦੀ ਅਰਬ, ਆਬੂ ਧਾਬੀ, ਕੁਵੈਤ ਤੇ ਕਤਰ ਆਦਿ ਮੁਲਕਾਂ ਦੀ ਸਾਂਝੀ ਹੋਵੇਗੀ ਤੇ ਤੇਲ ਦੇ ਲੈਣ-ਦੇਣ ਵਿਚ ਰੂਸ, ਚੀਨ, ਜਪਾਨ ਤੇ ਫ਼ਰਾਂਸ ਉਸ ਕਰੰਸੀ ਨੂੰ ਮਾਨਤਾ ਦੇਣਗੇ। ਇਹਨਾਂ ਦੇਸ਼ਾਂ ਦੇ ਖਜ਼ਾਨਾ ਮੰਤਰੀਆਂ ਤੇ ਰਿਜ਼ਰਵ ਬੈਂਕਾਂ ਦੇ ਗਵਰਨਰ ਦੀਆਂ ਗੁਪਤ ਬੈਠਕਾਂ ਵੀ ਆਪੋ ਵਿਚ ਹੋ ਗਈਆਂ।

ਜਿਵੇਂ ਬਰਾਕ ਓਬਾਮਾ ਸਰਕਾਰ ਦੀ ਇਹ ਸੋਚਣੀ ਛੁਪੀ ਨਹੀਂ ਸੀ ਰਹਿ ਸਕੀ ਕਿ ਡਾਲਰ ਦੀ ਕੀਮਤ ਘਟਾ ਕੇ ਮੰਦੇ ਦੀ ਮਾਰ ਤੋਂ ਛੁਟਕਾਰਾ ਪਾਇਆ ਜਾਵੇ, ਇਹ ਮੀਟਿੰਗਾਂ ਤੇ ਗੁਪਤ ਸਲਾਹ ਵੀ ਗੁੱਝੀਆਂ ਨਹੀਂ ਸਨ ਰਹਿ ਸਕੀਆਂ। ਬਰਾਕ ਓਬਾਮਾ ਦੀ ਸਰਕਾਰ ਨੇ ਖ਼ਬਰ ਮਿਲਦੇ ਸਾਰ ਗੱਲ ਅੱਗੇ ਵੱਧਣ ਤੋਂ ਰੋਕਣ ਦੀ ਸਰਗਰਮੀ ਆਰੰਭੀ ਤਾਂ ਅਮਰੀਕਾ ਦੇ ਪ੍ਰਮੁੱਖ ਕਾਰੋਬਾਰੀ ਮਾਹਰ ਡੈਨਿਸ ਗਾਰਟਮੈਨ ਨੇ ਆਪਣੇ ਪ੍ਰਸਿੱਧ ਕਲਾਮ 'ਗਾਰਟਮੈਨ ਲੈਟਰ' ਵਿਚ ਇਸ ਖੇਡ ਦਾ ਵਿਸਥਾਰ ਦੇ ਕੇ ਇਹ ਵੀ ਲਿਖ ਦਿਤਾ ਕਿ ਹੁਣ ਅਮਰੀਕੀ ਸਰਕਾਰ ਦੇ ਦਬਾਅ ਹੇਠ ਉਹਨਾਂ ਦੇਸ਼ਾਂ ਦੇ ਮੰਤਰੀ ਤੇ ਅਧਿਕਾਰੀ ਇਹਨਾਂ ਮੀਟਿੰਗਾਂ ਦੇ ਹੋਣ ਤੋਂ ਇਨਕਾਰ ਦੇ ਬਿਆਨ ਜਾਰੀ ਕਰਨਗੇ। ਅਗਲੇ ਦਿਨ ਹੀ ਇੱਕ-ਇੱਕ ਕਰ ਕੇ ਉਹਨਾਂ ਸਭਨਾਂ ਵਲੋਂ ਗੁਪਤ ਮੀਟਿੰਗਾਂ ਦਾ ਖੰਡਨ ਕੀਤਾ ਜਾਣ ਲੱਗ ਪਿਆ, ਪਰ ਇਹ ਖੰਡਨ ਰਸਮੀ ਜਿਹੇ ਹੋ ਕੇ ਰਹਿ ਗਏ। ਏਨੀ ਦੇਰ ਨੂੰ ਯੁਨਾਈਟਿਡ ਨੇਸ਼ਨਜ਼ ਦੇ ਇੱਕ ਸੀਨੀਅਰ ਅਧਿਕਾਰੀ ਨੇ ਇਹ ਰਾਏ ਪ੍ਰਗਟ ਕਰ ਕੇ ਨਵੀਂ ਹਲਚਲ ਮਚਾ ਦਿੱਤੀ ਕਿ ਸੰਸਾਰ ਭਰ ਦੇ ਦੇਸ਼ਾਂ ਦੀ ਕਰੰਸੀ ਦੇ ਮੁੱਲ ਬੰਨ੍ਹਣ ਤੇ ਤੋਲ-ਤੁਲਾਵੇ ਲਈ ਅਮਰੀਕੀ ਡਾਲਰ ਨੂੰ ਮੁੱਖ ਸਰੋਤ ਮੰਨਣ ਦੀ ਪਿਰਤ ਹੁਣ ਛੱਡ ਦੇਣੀ ਚਾਹੀਦੀ ਹੈ।

ਸਿਰਫ ਦੋ ਕੁ ਹਫਤਿਆਂ ਦੀਆਂ ਇਹਨਾਂ ਹਲੂਣਾ ਦੇਣ ਵਾਲੀਆਂ ਘਟਨਾਵਾਂ ਕਾਰਨ ਅਮਰੀਕੀ ਪ੍ਰਸ਼ਾਸਨ ਬੌਂਦਲਿਆ ਪਿਆ ਹੈ। ਅਮਰੀਕੀ ਲੋਕ ਵੀ ਆਪਣੀ ਸਰਕਾਰ ਬਾਰੇ ਕਈ ਕਿਸਮ ਦੇ ਵਿਸਵਿਸੇ ਪ੍ਰਗਟ ਕਰ ਰਹੇ ਹਨ, ਜਿਨ੍ਹਾਂ ਵਿਚੋਂ ਪਹਿਲਾ ਤਾਂ ਇਹੋ ਹੀ ਹੈ ਕਿ ਇਸ ਤੋਂ ਆਪਣੇ ਅੰਦਰ ਦੀਆਂ ਗੁੱਝੀਆਂ ਸਲਾਹਾਂ ਵੀ ਬਾਕੀ ਸੰਸਾਰ ਤੋਂ ਲੁਕਾਈਆਂ ਨਹੀਂ ਜਾ ਸਕੀਆਂ। ਦੂਜਾ ਵਿਸਵਿਸਾ ਇਸ ਗੱਲੋਂ ਹੈ ਕਿ ਜੇ ਸੰਸਾਰ ਦੇ ਇਹ ਪ੍ਰਮੁੱਖ ਦੇਸ਼ ਆਪਣੀ ਸਲਾਹ-ਸਕੀਮਾਂ ਉੱਤੇ ਅਮਲ ਕਰਨ ਤੁਰ ਪਏ ਤਾਂ ਅਮਰੀਕਾ ਇਕ ਨਵੇਂ ਮੰਦਵਾੜੇ ਦੀ ਮਾਰ ਹੇਠ ਵੀ ਆ ਸਕਦਾ ਹੈ। 'ਅੱਗ ਤੋਂ ਸੜੀ ਹੋਈ ਟਟਹਿਣਿਆਂ ਤੋਂ ਵੀ ਡਰਦੀ' ਦੇ ਅਖਾਣ ਵਾਂਗ ਅਮਰੀਕੀ ਲੋਕਾਂ ਦੀ ਮਾਨਸਿਕਤਾ ਇਸ ਵੇਲੇ ਵਾਹਵਾ ਡਰੀ ਹੋਈ ਹੈ।

'ਨੋਬਲ ਅਮਨ ਇਨਾਮ' ਲਈ ਬਰਾਕ ਓਬਾਮਾ ਦਾ ਗੁਣਾ ਉਹਦੀ ਕਿਸੇ ਖ਼ਾਸ ਕਾਰਗੁਜ਼ਾਰੀ ਕਰ ਕੇ ਨਹੀਂ, ਅਮਰੀਕਾ ਦੀ ਇਸੇ ਲੋੜ ਕਰ ਕੇ ਪਿਆ ਹੈ। ਓਬਾਮਾ ਦੀ ਟੀਮ ਨੇ ਆਪਣੇ ਰਾਸ਼ਟਰਪਤੀ ਲਈ ਸਾਸਾਰ ਦਾ ਸਿਖਰਲਾ ਐਵਾਰਡ ਐਲਾਨ ਕਰਵਾ ਕੇ ਆਪਣੇ ਲੋਕਾਂ ਨੂੰ ਇਹ ਸੁਨੇਹਾ ਦੇਣ ਦਾ ਯਤਨ ਕੀਤਾ ਹੈ ਕਿ ਉਹਨਾਂ ਦੇ ਦੇਸ਼ ਦੀ ਕਮਾਨ ਉਸ ਬੰਦੇ ਦੇ ਹੱਥ ਵਿਚ ਹੈ, ਜਿਸ ਦੀ ਸਿਆਸੀ ਸੂਝ ਦਾ ਸਿੱਕਾ ਦੁਨੀਆ ਮੰਨਦੀ ਹੈ। ਡਿੱਗਦੇ ਡਾਲਰ ਨੂੰ ਠੁੰਮਣਾ ਦੇਣ ਦੀ ਅਸਫ਼ਲ ਕੋਸ਼ਿਸ਼ ਤੋਂ ਸਿਵਾ ਓਬਾਮਾ ਨੇ ਹੋਰ ਕਿਹੜਾ ਕੱਦੂ ਵਿਚ ਤੀਰ ਮਾਰਿਆ ਹੈ, ਕਿਸੇ ਦੀ ਵੀ ਸਮਝ ਵਿਚ ਨਹੀਂ ਆ ਸਕਿਆ।

## ਰਾਸ਼ਟਰਪਤੀ ਬਰਾਕ ਓਬਾਮਾ ਨੂੰ ਨੋਬਲ ਸ਼ਾਂਤੀ ਪੁਰਸਕਾਰ



**ਓਸਲੋ:** ਸਾਲ 2009 ਦੇ ਨੋਬਲ ਸ਼ਾਂਤੀ ਪੁਰਸਕਾਰ ਲਈ ਲਾਈਆਂ ਜਾਂਦੀਆਂ ਕਿਆਸ ਅਰਾਈਆਂ ਦਰਮਿਆਨ ਸਭ ਨੂੰ ਹੈਰਾਨੀ ਵਿਚ ਪਾਉਂਦਿਆਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਇਸ ਪੁਰਸਕਾਰ ਲਈ ਚੁਣ ਲਿਆ ਗਿਆ। ਉਨ੍ਹਾਂ ਨੂੰ ਇਹ ਪੁਰਸਕਾਰ ਸੱਤਾ ਵਿਚ ਆਉਣ ਦੇ ਇਕ ਸਾਲ ਤੋਂ ਘੱਟ ਸਮੇਂ ਵਿਚ ਕੌਮਾਂਤਰੀ ਕੂਟਨੀਤੀ ਨੂੰ ਮਜ਼ਬੂਤੀ ਦੇਣ ਲਈ ਉਨ੍ਹਾਂ ਦੇ ਵੱਡਮੁੱਲੇ ਯਤਨਾਂ ਲਈ ਮਿਲਿਆ। ਦੁਨੀਆਂ ਵਿਚ ਪ੍ਰਮਾਣੂ ਹਥਿਆਰਾਂ ਦੀ ਦੌੜ ਘੱਟ ਕਰਕੇ ਸ਼ਾਂਤੀ ਲਈ ਕੀਤੇ ਯਤਨਾਂ, ਕੌਮਾਂਤਰੀ ਕੂਟਨੀਤਕ ਮਜ਼ਬੂਤੀ, ਲੋਕਾਂ ਵਿਚ ਸਹਿਯੋਗ ਵਧਾਉਣ ਅਤੇ ਸੰਸਾਰ ਵਿਚ ਚੰਗੇ ਭਵਿੱਖ ਦੀ ਆਸ ਪੈਦਾ ਕਰਨ ਬਦਲੇ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਨੋਬਲ ਪੁਰਸਕਾਰ ਲਈ ਚੁਣਿਆ। 14 ਲੱਖ ਡਾਲਰ ਦੀ ਰਾਸ਼ੀ ਵਾਲਾ ਇਹ ਪੁਰਸਕਾਰ 10 ਦਸੰਬਰ ਨੂੰ ਓਸਲੋ ਵਿਖੇ ਦਿੱਤਾ ਜਾਵੇਗਾ। ਰਾਸ਼ਟਰਪਤੀ ਬਰਾਕ ਓਬਾਮਾ ਦੀ ਚੋਣ ਨਾਰਵੇ ਦੀ ਪੰਜ ਮੈਂਬਰੀ ਕਮੇਟੀ ਨੇ ਕੀਤੀ ਅਤੇ ਐਤਕੀਂ ਰਿਕਾਰਡ 205 ਨਾਮਜ਼ਦਗੀਆਂ ਹੋਈਆਂ, ਜਿਨ੍ਹਾਂ ਵਿਚੋਂ 33 ਸੰਸਥਾਵਾਂ ਦੀਆਂ ਸਨ। ਨੋਬਲ ਕਮੇਟੀ ਨੇ ਬਰਾਕ ਓਬਾਮਾ ਦੀ ਪ੍ਰਸੰਸਾ ਕਰਦਿਆਂ ਕਿਹਾ, "ਉਨ੍ਹਾਂ ਦੇ ਕੌਮਾਂਤਰੀ ਕੂਟਨੀਤਕ ਮਜ਼ਬੂਤੀ, ਵਿਸ਼ਵ ਸ਼ਾਂਤੀ ਅਤੇ ਲੋਕਾਂ ਵਿਚ ਸਹਿਯੋਗ ਵਧਾਉਣ ਦੇ ਕੰਮ ਸ਼ਲਾਘਾਯੋਗ ਹਨ।"

ਕਮੇਟੀ ਵਲੋਂ ਜਾਰੀ ਬਿਆਨ ਵਿਚ ਆਖਿਆ ਗਿਆ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਉਨ੍ਹਾਂ ਨੇ ਕੌਮਾਂਤਰੀ ਸਿਆਸਤ ਵਿਚ ਇਕ ਨਵਾਂ ਵਾਤਾਵਰਣ ਸਿਰਜਿਆ ਹੈ ਤੇ ਸੰਸਾਰ ਨੂੰ ਪ੍ਰਮਾਣੂ ਹਥਿਆਰਾਂ ਤੋਂ ਸੱਖਣਾ ਰੱਖਣ ਲਈ ਪ੍ਰੇਰਿਆ ਹੈ। ਪੁਰਸਕਾਰ ਕਮੇਟੀ ਮੁਤਾਬਕ ਰਾਸ਼ਟਰਪਤੀ ਓਬਾਮਾ ਨੇ ਵਿਸ਼ਵ ਨੂੰ ਪ੍ਰਮਾਣੂ ਹਥਿਆਰਾਂ ਤੋਂ ਮੁਕਤੀ ਦਿਵਾਉਣ ਬਦਲੇ ਪ੍ਰਮਾਣੂ ਹਥਿਆਰਾਂ ਨੂੰ ਨਿਯੰਤਰਣ ਵਿਚ ਕਰਨ ਲਈ ਉਤਸ਼ਾਹਜਨਕ ਕੰਮ ਕੀਤਾ ਹੈ। ਸੰਸਾਰ ਨੂੰ ਭਵਿੱਖ ਵਿਚ ਦਰਪੇਸ਼ ਚੁਣੌਤੀਆਂ ਦੇ ਟਾਕਰੇ ਅਤੇ ਲੋਕਤੰਤਰ ਤੇ ਮਨੁੱਖੀ ਅਧਿਕਾਰਾਂ ਨੂੰ ਤਾਕਤਵਰ ਬਣਾਉਣ ਲਈ ਅਮਰੀਕਾ ਉਸਾਰੂ ਭੂਮਿਕਾ ਨਿਭਾਅ ਰਿਹਾ ਹੈ। ਨੋਬਲ ਕਮੇਟੀ ਅਨੁਸਾਰ ਪ੍ਰਮਾਣੂ ਹਥਿਆਰ ਰਹਿਤ ਸੰਸਾਰ ਦਾ ਓਬਾਮਾ ਦਾ ਦ੍ਰਿਸ਼ਟੀਕੋਣ ਵਿਸ਼ੇਸ਼ ਅਹਿਮੀਅਤ ਰੱਖਦਾ ਹੈ। ਕਮੇਟੀ ਨੇ ਆਪਣੀ ਵੈਬਸਾਈਟ ਵਿਚ ਕਿਹਾ ਹੈ, "ਓਬਾਮਾ ਨੇ ਬਤੌਰ ਰਾਸ਼ਟਰਪਤੀ ਅੰਤਰਰਾਸ਼ਟਰੀ ਰਾਜਨੀਤੀ ਵਿਚ ਨਵਾਂ ਮਾਹੌਲ ਸਿਰਜਿਆ ਹੈ।" ਕਮੇਟੀ ਅਨੁਸਾਰ, "ਓਬਾਮਾ ਵਰਗੀ ਸ਼ਖਸੀਅਤ ਵਾਲੇ ਬਹੁਤ ਘੱਟ ਲੋਕ ਹੁੰਦੇ ਹਨ ਜੋ ਦੁਨੀਆਂ ਦਾ ਧਿਆਨ ਆਪਣੇ ਵਲ ਖਿੱਚਦੇ ਹਨ ਅਤੇ ਲੋਕਾਂ ਵਿਚ ਚੰਗੇ ਭਵਿੱਖ ਦੀ ਆਸ ਜਗਾਉਂਦੇ ਹਨ। ਉਨ੍ਹਾਂ ਦੀ ਕੂਟਨੀਤੀ ਦਾ ਆਧਾਰ ਇਹੋ ਹੈ ਕਿ ਸੰਸਾਰ ਦੀ ਅਗਵਾਈ ਕਰਨ ਵਾਲੇ ਲੋਕ ਉਨ੍ਹਾਂ ਮੁੱਲਾਂ ਅਤੇ ਵਿਚਾਰਾਂ ਨੂੰ ਆਧਾਰ ਬਣਾਉਣ ਜਿਨ੍ਹਾਂ ਨੂੰ ਸੰਸਾਰ ਦੀ ਬਹੁਗਿਣਤੀ ਆਬਾਦੀ ਮੰਨਦੀ ਹੈ।" ਪਹਿਲੇ ਅਫਰੀਕੀ-ਅਮਰੀਕੀ ਰਾਸ਼ਟਰਪਤੀ ਓਬਾਮਾ ਨੇ ਨਵੰਬਰ, 2008 ਵਿਚ ਅਹੁਦਾ ਸੰਭਾਲਿਆ ਸੀ। ਕਮੇਟੀ ਨੇ ਓਬਾਮਾ ਵਲੋਂ ਕੀਤੀ ਅਪੀਲ ਦੀ ਭਰਵੀਂ ਤਾਰੀਫ ਕੀਤੀ ਜਿਸ ਵਿਚ ਰਾਸ਼ਟਰਪਤੀ ਓਬਾਮਾ ਨੇ ਕਿਹਾ ਕਿ "ਹੁਣ ਇਹ ਸਮਾਂ ਆ ਗਿਆ ਹੈ ਕਿ ਅਸੀਂ ਕੌਮਾਂਤਰੀ ਚੁਣੌਤੀਆਂ ਦੇ ਟਾਕਰੇ ਲਈ ਆਪਣੀ ਜ਼ਿੰਮੇਵਾਰੀ ਨਿਭਾਈਏ।" 48 ਸਾਲਾ ਬਰਾਕ ਓਬਾਮਾ ਨੋਬਲ ਪੁਰਸਕਾਰ ਜਿੱਤਣ ਵਾਲੇ ਅਮਰੀਕਾ ਦੇ ਚੌਥੇ ਰਾਸ਼ਟਰਪਤੀ ਹਨ। ਜ਼ਿਕਰਯੋਗ ਹੈ ਕਿ ਫਿਨਲੈਂਡ ਦੇ ਸਾਬਕਾ ਰਾਸ਼ਟਰਪਤੀ ਮਾਰਤੀ ਅਹਤੀਸਾਰੀ ਨੇ ਸਾਲ 2008 ਦਾ ਨੋਬਲ ਸ਼ਾਂਤੀ ਪੁਰਸਕਾਰ ਜਿੱਤਿਆ ਸੀ।

**ਸ਼ਿਕਾਗੋ:** ਰਾਸ਼ਟਰਪਤੀ ਓਬਾਮਾ ਨੂੰ ਨੋਬਲ ਇਨਾਮ ਮਿਲਣ 'ਤੇ ਬਹੁਤ ਸਾਰੇ ਲੋਕਾਂ ਨੂੰ ਹੈਰਾਨੀ ਹੋਈ ਹੈ। ਓਬਾਮਾ ਦੇ ਆਪਣੇ ਸ਼ਹਿਰ ਸ਼ਿਕਾਗੋ ਦੇ ਸਭ ਤੋਂ ਵੱਡੇ ਅਖਬਾਰ ਸ਼ਿਕਾਗੋ ਟ੍ਰਿਬਿਊਨ ਵਲੋਂ ਕਰਵਾਏ ਗਏ ਤੱਤ ਫੱਟ ਸਰਵੇ ਅਨੁਸਾਰ 71.3 ਫੀਸਦ ਵੋਟਰਾਂ ਨੇ ਆਖਿਆ ਕਿ ਓਬਾਮਾ ਨੂੰ ਇਹ ਪੁਰਸਕਾਰ ਨਹੀਂ ਸੀ ਮਿਲਣਾ ਚਾਹੀਦਾ।

ਉਧਰ ਰਿਪਬਲੀਕਨ ਪਾਰਟੀ ਨੇ ਇਕ ਬਿਆਨ ਵਿਚ ਓਬਾਮਾ ਨੂੰ ਪੁਰਸਕਾਰ ਮਿਲਣ ਦੀ ਆਲੋਚਨਾ ਕਰਦਿਆਂ ਕਿਹਾ ਹੈ ਕਿ ਅਮਰੀਕੀ ਲੋਕ ਇਹ ਸਵਾਲ ਪੁੱਛ ਰਹੇ ਹਨ ਕਿ ਆਖਿਰ ਰਾਸ਼ਟਰਪਤੀ ਓਬਾਮਾ ਨੇ ਅਜਿਹਾ ਕੀਤਾ ਵੀ ਕੀ ਹੈ? ਇਹ ਅਫਸੋਸ ਦੀ ਗੱਲ ਹੈ ਕਿ ਓਬਾਮਾ ਨੂੰ ਇਹ ਪੁਰਸਕਾਰ ਮਿਲਣ ਨਾਲ ਉਨ੍ਹਾਂ ਲੋਕਾਂ ਦਾ ਘਟਾਓ ਹੋਇਆ ਹੈ ਜਿਨ੍ਹਾਂ ਨੇ ਸੱਚ ਮੁੱਚ ਹੀ ਅਮਨ ਅਤੇ ਮਨੁੱਖੀ ਹੱਕਾਂ ਲਈ ਕੰਮ ਕੀਤਾ ਹੈ। ਦੂਜੇ ਪਾਸੇ ਡੈਮੋਕਰੈਟ ਪਾਰਟੀ ਨੇ ਆਖਿਆ ਹੈ ਕਿ ਇਹ ਪੁਰਸਕਾਰ ਇਸ ਗੱਲ ਦਾ ਸਬੂਤ ਹੈ ਕਿ ਅਮਰੀਕਾ ਮੁੜ ਵਿਸ਼ਵ ਦਾ ਮੋਹਰੀ ਬਣ ਗਿਆ ਹੈ।

# ਕੈਂਬਰਿਜ ਯੂਨੀਵਰਸਿਟੀ ਨਾਲ ਜੁੜੇ ਭਾਰਤੀ ਮੂਲ ਦੇ ਵਿਗਿਆਨੀ ਵੈਂਕਟਾਰਮਨ ਨੂੰ ਨੋਬਲ

**ਵਾਸ਼ਿੰਗਟਨ** : ਭਾਰਤੀ ਮੂਲ ਦੇ ਵਿਗਿਆਨੀ ਵੈਂਕਟਾਰਮਨ ਰਾਮ ਕ੍ਰਿਸ਼ਨ ਤੇ ਦੋ ਹੋਰਨਾਂ ਵਿਗਿਆਨੀਆਂ ਨੂੰ ਇਸ ਸਾਲ ਰਸਾਇਣ ਵਿਗਿਆਨ (ਕੈਮਿਸਟਰੀ) ਲਈ ਨੋਬੇਲ ਪੁਰਸਕਾਰ ਦਿੱਤੇ ਜਾਣ ਦਾ ਐਲਾਨ ਕੀਤਾ ਗਿਆ ਹੈ। ਅਮਰੀਕੀ ਨਾਗਰਿਕ ਡਾ. ਵੈਂਕਟਾਰਮਨ ਦੇ ਨਾਲ ਇਜ਼ਰਾਇਲੀ ਮਹਿਲਾ ਵਿਗਿਆਨੀ ਅਦਾ ਯੋਨੋਥ ਤੇ ਅਮਰੀਕਾ ਦੇ ਥੌਮਸ ਸਟੀਜ਼ ਨੂੰ ਵੀ ਇਸ ਪੁਰਸਕਾਰ ਲਈ ਚੁਣਿਆ ਗਿਆ ਹੈ। ਭਾਰਤ ਵਿਚ ਪੈਦਾ ਹੋਏ ਡਾ. ਵੈਂਕਟਾਰਮਨ ਇਸ ਸਮੇਂ ਬਰਤਾਨੀਆ ਦੀ ਵਿਸ਼ਵ ਪ੍ਰਸਿੱਧ ਕੈਂਬਰਿਜ ਯੂਨੀਵਰਸਿਟੀ ਨਾਲ ਜੁੜੇ ਹੋਏ ਹਨ। 57 ਸਾਲਾ ਵੈਂਕਟਾਰਮਨ ਯੂਨੀਵਰਸਿਟੀ ਦੀ ਐਮ ਆਰ ਸੀ ਲੈਬੋਰਟਰੀਜ਼ ਆਫ਼ ਮਿਲੀਕੁਲਰ ਬਾਇਓਲੋਜੀ ਦੇ ਸਟੱਰਕਚਰਲ ਸਟੱਡੀਜ਼ ਵਿਭਾਗ ਦੇ ਪ੍ਰਮੁੱਖ ਵਿਗਿਆਨੀ ਹਨ। ਡਾ. ਵੈਂਕਟਾਰਮਨ ਨੂੰ ਇਹ ਪੁਰਸਕਾਰ ਰਿਬੋਸੋਮਜ਼ ਦੇ ਗੰਭੀਰ ਅਧਿਐਨ ਲਈ ਦਿੱਤਾ ਗਿਆ ਹੈ। ਰਿਬੋਸੋਮਜ਼ ਸਰੀਰ ਅੰਦਰ ਪ੍ਰੋਟੀਨ ਬਣਾਉਂਦੇ ਹਨ। ਇਨ੍ਹਾਂ ਤਿੰਨੇ ਵਿਗਿਆਨੀਆਂ ਨੇ ਚਿੱਤਰਾਂ ਰਾਹੀਂ ਦੁਨੀਆ ਨੂੰ ਸਮਝਾਇਆ ਹੈ ਕਿ ਕਿਵੇਂ ਰਿਬੋਸੋਮਜ਼ ਵੱਖ-ਵੱਖ ਰਸਾਇਣਾਂ ਨਾਲ ਪ੍ਰਤੀਕਿਰਿਆ ਕਰਦੇ ਹਨ। ਇਸ ਲਈ ਉਨ੍ਹਾਂ ਨੇ ਐਕਸਰੇ ਕ੍ਰਿਸਟਲੋਗ੍ਰਾਫ਼ੀ ਦਾ ਸਹਾਰਾ ਲਿਆ, ਜੋ ਰਿਬੋਸੋਮਜ਼ ਦੀ ਹਜ਼ਾਰਾਂ ਗੁਣਾਂ ਵੱਡੀ ਦਿੱਖ ਨੂੰ ਸਾਹਮਣੇ ਲਿਆਂਦਾ ਹੈ। ਨੋਬੇਲ ਪੁਰਸਕਾਰ ਕਮੇਟੀ ਦਾ ਕਹਿਣਾ ਹੈ ਕਿ ਇਨ੍ਹਾਂ ਵਿਗਿਆਨੀਆਂ ਨੇ ਵਿਗਿਆਨ ਦੇ ਖੇਤਰ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ ਤੇ ਉਨ੍ਹਾਂ ਦੇ ਇਸ ਸਲਾਹੁਣਯੋਗ ਕੰਮ ਦੀ ਵਜ੍ਹਾ ਨਾਲ ਬਹੁਤ ਸਾਰੀਆਂ ਬਿਮਾਰੀਆਂ ਦਾ ਇਲਾਜ ਐਂਟੀ ਬਾਇਓਟਿਕਸ ਰਾਹੀਂ ਕਰਨ ਵਿਚ ਭਾਰੀ ਮਦਦ ਮਿਲੀ ਹੈ। ਅਦਾ ਯੋਨੋਥ ਇਜ਼ਰਾਇਲ ਦੇ ਵਿਜਮੈਨ ਇੰਸਟੀਚਿਊਟ ਵਿਚ ਸਟੱਰਕਚਰਲ ਬਾਇਓਲੋਜੀ ਦੀ ਪ੍ਰੋਫੈਸਰ ਹੈ ਤੇ ਰਸਾਇਣ ਵਿਗਿਆਨ ਦੇ ਖੇਤਰ ਵਿਚ ਪੁਰਸਕਾਰ ਹਾਸਲ ਕਰਨ ਵਾਲੀ ਉਹ ਚੌਥੀ ਮਹਿਲਾ ਹੈ। 1964 ਤੋਂ ਬਾਅਦ ਪਹਿਲੀ ਵਾਰ ਕਿਸੇ ਔਰਤ ਨੂੰ ਇਹ ਸਨਮਾਨ ਦਿੱਤਾ ਗਿਆ ਹੈ। ਤੀਜੇ ਵਿਗਿਆਨੀ ਥੌਮਸ ਸਟੀਜ਼ ਦਾ ਸਬੰਧ ਅਮਰੀਕਾ ਦੀ ਯੇਲ ਯੂਨੀਵਰਸਿਟੀ ਨਾਲ ਹੈ। ਤਿੰਨੋਂ ਵਿਗਿਆਨੀਆਂ ਦਰਮਿਆਨ ਪੁਰਸਕਾਰ ਦੀ ਰਕਮ ਬਰਾਬਰ ਵੰਡੀ ਜਾਵੇਗੀ।



**ਰਿਬੋਸੋਮਜ਼ ਦੇ ਗੰਭੀਰ ਅਧਿਐਨ ਲਈ ਦਿੱਤਾ ਗਿਆ ਇਹ ਪੁਰਸਕਾਰ**

# ਗਦਰ ਪਾਰਟੀ ਦੇ ਇਤਿਹਾਸ ਪ੍ਰਤੀ ਟੇਢੀ ਨਜ਼ਰ

**ਵਾਦ-ਵਿਵਾਦ**

**ਪਰਮਜੀਤ ਰੋਡੇ**



*ਪਰਮਜੀਤ ਰੋਡੇ*

ਹਾਲ ਹੀ ਵਿਚ ਇਕ ਸਮਕਾਲੀ ਅਖ਼ਬਾਰ ਦੇ ਸੰਪਾਦਕ ਨੇ ''ਕਾਮਰੇਡਾਂ ਦੀ ਬੇਈਮਾਨੀ'' ਸਿਰਲੇਖ ਹੇਠ ਇਕ ਟਿੱਪਣੀ ਛਾਪੀ ਹੈ। ਸੰਪਾਦਕ ਨੂੰ ਇਤਰਾਜ਼ ਹੈ ਕਿ ਚੈਨ ਸਿੰਘ ਚੈਨ ਨੇ ਆਪਣੀ ਕਿਤਾਬ ''ਗਦਰ ਲਹਿਰ ਦੀ ਕਹਾਣੀ'' ਦਾ ਸੰਪਾਦਨ ਕਰਨ ਲੱਗਿਆਂ, ਗਦਰੀ ਬਾਬਾ ਵਿਸਾਖਾ ਸਿੰਘ ਦਦੇਹਰ ਦੀ ਕਵਿਤਾ ਦਾ ਇਕ ਹਿੱਸਾ ਕੱਟ ਦਿੱਤਾ ਹੈ ਅਤੇ ਇਹ ਕਾਮਰੇਡਾਂ ਦੀ ਉਸ ਸਾਜ਼ਿਸ਼ ਦਾ ਈ ਹਿੱਸਾ ਹੈ ਜਿਸ ਰਾਹੀਂ ਉਹ ਬਾਬਿਆਂ ਨੂੰ ''ਨਾਸਤਕ'' ਸਾਬਤ ਕਰਨ ਅਤੇ 'ਸਿੱਖੀ ਨਾਲੋਂ ਨਿਖੇੜਨ' ਦਾ ਯਤਨ ਕਰਦੇ ਰਹਿੰਦੇ ਹਨ। ਇਸ ਲਈ ਕਾਮਰੇਡ ਬੇਈਮਾਨ ਹਨ। ਜੇ ਇਹ ਦੋਸ਼ ਠੀਕ ਹੁੰਦਾ ਤਾਂ ਮਾਮਲਾ ਵਾਕਿਆ ਹੀ ਗੰਭੀਰ ਸੀ। ਪਰ ਸੱਚ ਇਹ ਹੈ ਕਿ ਇਹ ਨਿਰਾਪੁਰਾ ਝੂਠ, ਬੇਬੁਨਿਆਦ, ਮਨਘੜਤ, ਗੈਰਜ਼ਿੰਮੇਵਾਰ ਅਤੇ ਕਿਸੇ ਬੁਰੀ ਭਾਵਨਾ ਦੀ ਉਪਜ ਹੈ।

ਅਸੂਲ ਦੇ ਤੌਰ 'ਤੇ ਕਿਸੇ ਵੀ ਸੰਪਾਦਕ ਕੋਲ ਇਹ ਹੱਕ ਹੁੰਦਾ ਹੈ ਕਿ ਵਿੱਢੇ ਹੋਏ ਪ੍ਰਾਜੈਕਟ ਦੀਆਂ ਲੋੜਾਂ ਅਨੁਸਾਰ ਕਿਸੇ ਲਿਖਤ ਦਾ ਕੋਈ ਹਿੱਸਾ ਕੱਟ ਦੇਵੇ, ਪਰ ਉਸ ਕੋਲ ਇਹ ਹੱਕ ਨਹੀਂ ਹੁੰਦਾ ਕਿ ਇੰਜ ਕਰਦਿਆਂ ਉਹ ਮੌਲਕ ਲਿਖਤ ਦੀ ਬੁਨਿਆਦੀ ਸਮਝ ਜਾਂ ਉਸਦੇ ਤੱਤ ਨੂੰ ਈ ਬਦਲ ਦੇਵੇ। ਚੈਨ ਸਿੰਘ ਚੈਨ ਨੇ ਅਪਣੀ ਕਿਤਾਬ ਦਾ ਸੰਪਾਦਨ ਕਰਨ ਲੱਗਿਆਂ ਬਾਬਾ ਜੀ ਦੀ ਲਿਖਤ ਛਾਪਣ ਵਕਤ ਇਸ ਅਸੂਲ ਪ੍ਰਤੀ ਪੂਰੀ ਸੰਜੀਦਗੀ ਅਤੇ ਸੁਹਿਰਦਤਾ ਦਿਖਾਈ ਹੈ ਇਸੇ ਲਈ ਤਾਂ ਬਾਬਾ ਜੀ ਦੀ ਲਿਖਤ ਦਾ ਉਹ ਹਿੱਸਾ ਛਾਪਿਆ ਹੈ ਜਿਹੜਾ ਬਾਬਾ ਜੀ ਨੂੰ ਇਕ ਸੱਚੇ ਸੁੱਚੇ ਸਿੱਖ ਵਜੋਂ ਪੇਸ਼ ਕਰਦਾ ਹੈ। ਉਹ ਹਿੱਸਾ ਜਿਹੜਾ ਚੈਨ ਸਿੰਘ ਚੈਨ ਨੇ ਆਪਣੀ ਕਿਤਾਬ 'ਚ ਛਾਪਿਆ ਹੈ ਅਤੇ ਜਿਸਨੂੰ ਇਹ ਟਿੱਪਣੀਕਾਰ ਛਾਪਣ ਦੇ ਬਾਵਜੂਦ ਵੀ ਅਣਗੌਲਿਆ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਦੀਆਂ ਸਬੰਧਤ ਸਤਰਾਂ ਇਸ ਤਰ੍ਹਾਂ ਹਨ:

ਗੁਰਦੁਆਰਾ ਨਾਂ ਓਧਰ ਸੀ ਕੋਈ ਸੰਤੋ,
ਅਸਾਂ ਦਿਲ ਮੇਂ ਕੀਤੀ ਵਿਚਾਰ ਭਾਈ।
ਦੇਹ ਗੁਰਾਂ ਦੀਆਂ ਦੋ ਮੰਗਵਾ ਕਰਕੇ,
ਸੁਬ੍ਹਾ ਕਰਦੇ ਸਾਂ ਰੋਜ ਦੀਦਾਰ ਭਾਈ।
ਰੋਜ਼ ਕਾਰ ਵਿਹਾਰ ਸਾਂ ਕਰੀ ਜਾਂਦੇ,
ਨਾਲੇ ਸਿਮਰਦੇ ਸਿਰਜਨਹਾਰ ਭਾਈ।
ਨੇਤ ਹੋਈ ਕਰਤਾਰ ਦੀ ਐਸੀ ਵੀਰੋ,
ਕਰਦੇ ਬਾਹਰ ਸਾਂ ਕਾਰ ਵਿਹਾਰ ਭਾਈ।

ਇਨ੍ਹਾਂ ਲਾਈਨਾਂ ਤੋਂ ਬਿਲਕੁਲ ਸਪੱਸ਼ਟ ਹੈ ਕਿ ਗਦਰੀ ਬਾਬੇ ਵਿਸਾਖਾ ਸਿੰਘ ਨੂੰ, ਗੁਰੂ ਗ੍ਰੰਥ ਸਾਹਿਬ 'ਚ ਇੰਨੀ ਜ਼ਿਆਦਾ ਨਿਹਚਾ ਸੀ ਕਿ ਉਨ੍ਹਾਂ ਉਚੇਚੇ ਯਤਨ ਕਰਕੇ ਗੁਰੂ ਗ੍ਰੰਥ ਸਾਹਿਬ ਦੀਆਂ ਦੋ ਬੀੜਾਂ ਮੰਗਵਾਈਆਂ ਅਤੇ ਸੁਬਹਾ ਕੋਈ ਵੀ ਕੰਮ ਧੰਦਾ ਕਰਨ ਤੋਂ ਪਹਿਲਾਂ ਉਹ ਗੁਰੂ ਗ੍ਰੰਥ ਸਾਹਿਬ ਦਾ ਹੀ ਦਰਸ਼ਨ ਦੀਦਾਰ ਕਰਦੇ ਸਨ। ਇਨ੍ਹਾਂ ਲਾਈਨਾਂ ਤੋਂ ਇਹ ਵੀ ਸਪੱਸ਼ਟ ਹੈ ਕਿ ਬਾਬਾ ਜੀ ਸਾਰੇ ਸੰਸਾਰ ਦਾ ਸਿਰਜਣਹਾਰ ਪਰਮਾਤਮਾ ਨੂੰ ਹੀ ਸਮਝਦੇ ਸਨ ਅਤੇ ਹਰ ਰੋਜ਼ ਉਸਦਾ ਹੀ ਨਾਮ ਜਪਦੇ ਸਨ। ਇਨ੍ਹਾਂ ਲਾਈਨਾਂ ਤੋਂ ਇਹ ਵੀ ਸਪੱਸ਼ਟ ਹੈ ਕਿ ਬਾਬਾ ਵਿਸਾਖਾ ਸਿੰਘ ਨੂੰ ਵਿਸ਼ਵਾਸ ਸੀ ਕਿ ਰੱਬ ਦੀ ਉਨ੍ਹਾਂ 'ਤੇ ਅਪਾਰ ਕਿਰਪਾ ਹੈ ਇਸੇ ਕਰਕੇ ਉਨ੍ਹਾਂ ਦੇ ਸੱਭੇ ਕਾਰ ਵਿਹਾਰ ਠੀਕ ਚਲ ਰਹੇ ਹਨ। ਸੋ, ਧਾਰਮਕ ਸ਼ਰਧਾ ਨਾਲ ਗੜੁੱਚ ਉਪਰੋਕਤ ਪ੍ਰਸੰਗ ਛਾਪਣ ਦੇ ਬਾਵਜੂਦ ਇਸ ਵਿਚੋਂ ਨਾਸਤਕਤਾ ਦਾ ਭੂਤ ਕਿਥੋਂ ਆ ਗਿਆ? ਇਹ ਬਾਬਿਆਂ ਨੂੰ ਸਿੱਖੀ ਤੋਂ ਦੂਰ ਲਿਜਾਣ ਵਾਲੀ ਕਾਰਵਾਈ ਕਿਵੇਂ ਹੋਈ? ਕੀ ਇਹ ਪਾਠਕਾਂ ਨੂੰ ਬੁੱਧੂ ਸਮਝਣ ਅਤੇ ਹੋਰ ਬੁੱਧੂ ਬਣਾਉਣ ਦੀ ਕੋਸ਼ਿਸ਼ ਤਾਂ ਨਹੀਂ? ਕੀ ਇਹ ਸੰਪਾਦਕ ਦੱਸ ਸਕਦਾ ਹੈ ਕਿ ਜੇ ਉਪਰੋਕਤ ਪ੍ਰਸੰਗ ਦੇ ਨਾਲ ਕਵਿਤਾ ਦੀਆਂ ਬਾਕੀ ਲਾਈਨਾਂ ਵੀ ਛਾਪ ਦਿੱਤੀਆਂ ਜਾਂਦੀਆਂ ਤਾਂ ਬਾਬਾ ਜੀ ਦੀ ਸਮਝ ਦੇ ਤੱਤ 'ਚ ਕੀ ਫਰਕ ਪੈਂਦਾ ਸੀ? ਕਾਮਰੇਡ 'ਤੇ ਲਾਇਆ ਬੇਈਮਾਨੀ ਦਾ ਦੋਸ਼ ਇਸ ਅਖ਼ਬਾਰ ਦੀ ਗੁਸਤਾਖੀ ਨਹੀਂ ਤਾਂ ਹੋਰ ਕੀ ਐ? ਇਹ ਹਨ ਕੁਝ ਸਵਾਲ ਜਿਨ੍ਹਾਂ ਦਾ ਜਵਾਬ ਪਾਠਕਾਂ ਨੂੰ ਲਾਜ਼ਮੀ ਚਾਹੀਦਾ ਹੈ।

ਹਕੀਕਤ ਇਹ ਹੈ ਕਿ ਬਾਬਿਆਂ ਦੇ ਆਸਤਕ ਜਾਂ ਨਾਸਤਕ ਹੋਣ ਦਾ ਮਸਲਾ ਕਦੇ ਵੀ ਬਹਿਸ ਦਾ ਵਿਸ਼ਾ ਨਹੀਂ ਰਿਹਾ। ਗਦਰ ਪਾਰਟੀ ਸਬੰਧੀ ਹੁਣ ਤੱਕ ਲਿਖੇ ਸਾਹਿਤ 'ਚ ਬਾਬਿਆਂ ਨੂੰ ਕਿਸੇ ਨੇ ਵੀ ਨਾਸਤਕ ਨਹੀਂ ਕਿਹਾ। ਹਾਂ, ਗਦਰ ਪਾਰਟੀ ਦੇ ਖਿੰਡਣ ਤੋਂ ਬਾਅਦ ਇਸ ਦਾ ਇਕ ਸੰਘਰਸ਼ਸ਼ੀਲ ਹਿੱਸਾ ਕਮਿਊਨਿਸਟਾਂ ਨਾਲ ਜਾ ਰਲਿਆ ਅਤੇ ਮਰਦੇ ਦਮ ਤੱਕ ਸਮਾਜ 'ਚ ਕਮਿਊਨਿਸਟਾਂ ਦੇ ਤੌਰ 'ਤੇ ਵਿਚਰਦਾ ਰਿਹਾ, ਇਸ ਤੱਥ ਤੋਂ ਹਰ ਕੋਈ ਜਾਣੂ ਹੈ। ਪਰ ਇਥੇ ਮਸਲਾ ਗਦਰ ਪਾਰਟੀ ਦੇ ਬਣਨ ਤੋਂ ਖਿੰਡਣ ਤੱਕ ਦੇ ਇਤਿਹਾਸ ਦਾ ਹੈ, ਉਸਤੋਂ ਬਾਅਦ ਕਿਸਨੇ ਕੀ ਕੀਤਾ? ਇਹ ਬਹਿਸ ਦਾ ਮੁੱਦਾ ਨਹੀਂ।

ਬਹਿਸ-ਭੇੜ ਦਾ ਅਸਲੀ ਅਤੇ ਬਹੁਤ ਹੀ ਗੰਭੀਰ ਮੁੱਦਾ ਹੋਰ ਹੈ ਜਿਸਨੂੰ ਸੰਬੋਧਤ ਹੋਣ ਤੋਂ ਸਾਡੇ ਇਸ ਅਖ਼ਬਾਰ ਅਤੇ ਅਜਿਹੀਆਂ ਹੋਰ ਧਿਰਾਂ ਲਗਾਤਾਰ ਕੰਨੀਂ ਕਤਰਾਉਂਦੀਆਂ ਹਨ। ਉਹ ਹੈ ਧਰਮ ਅਤੇ ਸਿਆਸਤ ਦੇ ਆਪਸੀ ਸਬੰਧਾਂ ਬਾਰੇ ਗਦਰ ਪਾਰਟੀ ਦੀ ਸਮਝ। ਗਦਰ ਪਾਰਟੀ ਮੁੱਢ ਤੋਂ ਹੀ ਧਰਮ ਅਤੇ ਸਿਆਸਤ ਦੇ ਦੋ ਵੱਖਰੇ ਵੱਖਰੇ ਖੇਤਰ ਮੰਨ ਕੇ ਚਲਦੀ ਰਹੀ। ਇਸੇ ਲਈ ਗਦਰੀ ਬਾਬਿਆਂ ਨੇ ਆਪੋ ਆਪਣੇ ਧਾਰਮਕ ਵਿਸ਼ਵਾਸਾਂ ਨੂੰ ਆਪਣੀਆਂ ਰੋਜ਼ਮੱਰਾ ਦੀਆਂ ਸਮਾਜਕ-ਆਰਥਕ ਸਰਗਰਮੀਆਂ ਲਈ ਉਤਸ਼ਾਹ ਦਾ ਸੋਮਾ ਮੰਨਦੇ ਹੋਏ ਵੀ ਧਰਮ ਦੀ ਸਿਆਸਤ 'ਚ ਦਖਲ ਅੰਦਾਜ਼ੀ ਨਹੀਂ ਹੋਣ ਦਿੱਤੀ। ਉਹ ਸਿਆਸੀ ਤੌਰ 'ਤੇ ਕਿਸੇ ਵੀ ਕਿਸਮ ਦੇ ਧਰਮਤੰਤਰ (ਸਿੱਖ ਰਾਜ, ਹਿੰਦੂ ਰਾਜ ਜਾਂ ਇਸਲਾਮਿਕ ਰਾਜ) ਲਈ ਨਹੀਂ ਲੜੇ, ਸਗੋਂ ਹਿੰਦੁਸਤਾਨੀ ਲੋਕਤੰਤਰ ਲਈ ਲੜੇ ਜਿਹੜਾ ਸਭੇ ਧਰਮਾਂ ਨੂੰ ਆਪਣੀ ਬੁੱਕਲ 'ਚ ਲਵੇ। ਇਹ ਵੱਖਰੀ ਗੱਲ ਹੈ ਕਿ ਬਾਬਿਆਂ ਦਾ ਉਹ ਸੁਪਨਾ ਅਜੇ ਵੀ ਅਧੂਰਾ ਹੈ।

ਗਦਰ ਪਾਰਟੀ ਅਤੇ ਗਦਰ ਲਹਿਰ ਦੇ ਤਿੰਨ ਬਹੁਤ ਹੀ ਅਹਿਮ ਤੇ ਮਜ਼ਬੂਤ ਪੱਖ ਸਨ-ਪਹਿਲਾ ਸੀ ਲੜਾਈ ਦੀ ਸੱਟ ਦਾ ਨਿਸ਼ਾਨਾ ਮੁੱਖ ਦੁਸ਼ਮਣ ਬਰਤਾਨਵੀ ਸਾਮਰਾਜ ਨੂੰ ਬਣਾਉਣਾ, ਦੂਸਰਾ ਸੀ ਧਰਮਨਿਰਪੱਖ ਰਾਜ ਦੀ ਸਥਾਪਤੀ ਲਈ ਜੂਝਣਾ ਅਤੇ ਤੀਸਰਾ ਸੀ ਸਭੇ ਧਰਮਾਂ ਦੇ ਲੋਕਾਂ ਨੂੰ ਸੰਘਰਸ਼ ਦੇ ਸਾਂਝੇ ਥੜ੍ਹੇ 'ਤੇ ਇਕੱਠਿਆ ਕਰਨਾ। ਇਹ ਤੱਥ ਐਨੇ ਸਪੱਸ਼ਟ ਹਨ ਕਿ ਜੋ ਵੀ ਇਨ੍ਹਾਂ 'ਚ ਖੋਟ ਰਲਾਉਣ ਦੀ ਕੋਸ਼ਿਸ਼ ਕਰੇਗਾ ਉਹ ਮੂੰਹ ਦੀ ਖਾਵੇਗਾ।

ਇਹ ਹਕੀਕਤ ਹੈ ਕਿ ਗਦਰੀ ਬਾਬਿਆਂ ਦੀ ਵੱਡੀ ਬਹੁਗਿਣਤੀ ਸਿੱਖ ਪਰਿਵਾਰਾਂ 'ਚੋਂ ਆਈ ਸੀ। ਇਹ ਤੱਥ ਕਿਸੇ ਲਈ ਨਮੋਸ਼ੀ ਮੰਨਣ ਜਾਂ ਮੁਨਕਰ ਹੋਣ ਵਾਲਾ ਨਹੀਂ ਸਗੋਂ ਖੁਸ਼ੀ ਅਤੇ ਉਤਸ਼ਾਹ ਦਾ ਸੋਮਾ ਹੈ। ਖੁਸ਼ੀ ਇਕ ਤਾਂ ਇਸ ਪੱਖੋਂ ਕਿ ਇਹ ਬਾਬੇ ਅੱਜ ਦੇ ਸਿੱਖ ਲੀਡਰਾਂ ਵਾਂਗ ਸਿਰੇ ਦੇ ਫਿਰਕੂ, ਤੁਅੱਸਬੀ ਅਤੇ ਸੁਆਰਥੀ ਨਹੀਂ ਸਨ, ਸਗੋਂ ਧਾਰਮਕ ਸਦਭਾਵਨਾ ਦੀ ਮਿਸਾਲ ਅਤੇ ਦੇਸ਼ ਦੀ ਆਜ਼ਾਦੀ ਲਈ ਮਰ ਮਿਟਣ ਵਾਲੇ ਲਾਸਾਨੀ ਸੂਰਮੇ ਸਨ। ਖੁਸ਼ੀ ਦਾ ਦੂਸਰਾ ਵੱਡਾ ਤੇ ਅਹਿਮ ਕਾਰਨ ਇਹ ਹੈ ਕਿ ਸਿੱਖ ਪਰਿਵਾਰਾਂ 'ਚੋਂ ਆਏ, ਇਨ੍ਹਾਂ ਗਦਰੀ ਬਾਬਿਆਂ ਨੇ ਗਦਰ ਪਾਰਟੀ ਦੀਆਂ ਸਰਗਰਮੀਆਂ 'ਚ ਵੱਡੀ ਪੱਧਰ 'ਤੇ ਹਿੱਸਾ ਲੈ ਕੇ, ਸਿੱਖਾਂ 'ਤੇ ਲੱਗੇ ਉਸ ਕਲੰਕ ਨੂੰ ਵੀ ਕਾਫੀ ਹੱਦ ਤੱਕ ਧੋਤਾ ਹੈ ਜਿਹੜਾ 1857 ਦੀ ਬਗਾਵਤ ਸਮੇਂ, ਸਿੱਖਾਂ ਵਲੋਂ ਉਸ ਬਗਾਵਤ ਨੂੰ ਦਬਾਉਣ ਲਈ ਕੀਤੀ ਅੰਗਰੇਜ਼ ਹਕੂਮਤ ਦੀ ਮਦਦ ਵਜੋਂ ਲੱਗਾ ਸੀ। ਉਸ ਵਕਤ ਦੇ ਸਿੱਖਾਂ ਨੇ ਜੇ ਇਹ ਸ਼ਰਮਨਾਕ ਕਰਤੂਤ ਨਾ ਕੀਤੀ ਹੁੰਦੀ ਤਾਂ ਅੱਜ ਭਾਰਤ ਦਾ ਇਤਿਹਾਸ ਕੁਝ ਹੋਰ ਹੀ ਹੁੰਦਾ।

1857 ਦੀ ਬਗਾਵਤ ਨੂੰ ਦਬਾ ਦੇਣ ਪਿੱਛੋਂ ਬਰਤਾਨਵੀ ਹਕੂਮਤ ਸਿੱਖਾਂ 'ਤੇ ਐਨੀ ਖੁਸ਼ ਅਤੇ ਮਿਹਰਬਾਨ ਹੋਈ ਕਿ ਸ਼ੁਕਰਾਨੇ ਵਜੋਂ ਇਕ ਪਾਸੇ ਤਾਂ ਨਾਭਾ ਪਟਿਆਲਾ, ਕਪੂਰਥਲਾ ਤੇ ਹੋਰ ਸਿੱਖ ਰਾਜਿਆਂ ਤੇ ਜਗੀਰਦਾਰਾਂ ਨੂੰ ਵੱਡੇ ਇਨਾਮਾਂ ਨਾਲ ਨਿਵਾਜਿਆ ਅਤੇ ਦੂਸਰੇ ਪਾਸੇ ਸਿੱਖਾਂ ਨੂੰ ਐਨੇ ਵਫਾਦਾਰ ਸਮਝ ਲਿਆ ਕਿ ਸਰਕਾਰੀ ਫੌਜ 'ਚ ਭਰਤੀ ਲਈ ਦਰ ਖੋਲ੍ਹ ਦਿੱਤੇ। ਸਰਕਾਰੀ ਫੌਜ 'ਚ ਉਸ ਮੌਕੇ ਸਿੱਖਾਂ ਦੀ ਗਿਣਤੀ ਸਿਰਫ 1900 ਸੀ ਜਿਹੜੀ ਥੋੜ੍ਹੇ ਹੀ ਸਮੇਂ ਵਿਚ ਹੀ ਵਧਾ ਕੇ 46000 ਕਰ ਦਿੱਤੀ ਗਈ। ਪਰ ਗਦਰੀ ਬਾਬੇ ਵੱਖਰੀ ਮਿੱਟੀ ਦੇ ਬਣੇ ਹੋਏ ਸਨ, ਉਨ੍ਹਾਂ ਨੂੰ ਦੋਸਤ ਅਤੇ ਦੁਸ਼ਮਣ ਦੀ ਸਾਫ ਸਾਫ ਪਛਾਣ ਸੀ। ਉਹ ਬਰਤਾਨਵੀ ਹਕੂਮਤ ਨੂੰ ਦੁਸ਼ਮਣ ਨੰਬਰ ਇਕ ਸਮਝਦੇ ਸਨ। ਉਨ੍ਹਾਂ ਨੇ ਇਸ ਦੁਸ਼ਮਣ ਖਿਲਾਫ ਸੰਘਰਸ਼ ਦਾ ਬਿਗਲ ਵਜਾ ਕੇ ਬੇਸ਼ੱਕ ਥੋੜ੍ਹਾ ਚਿਰ, ਪਰ ਸ਼ਾਨਾਂਮੱਤਾ ਇਤਿਹਾਸ ਸਿਰਜਿਆ।

ਪਿਛਲੇ ਕੁਝ ਸਾਲਾਂ ਤੋਂ ਕੈਨੇਡਾ-ਅਮਰੀਕਾ 'ਚ ਖਾਸ ਕਰਕੇ ਕੈਲੀਫੋਰਨੀਆ 'ਚ ਗਦਰੀ ਬਾਬਿਆਂ ਦੀ ਯਾਦ 'ਚ ਹਰ ਸਾਲ ਮੇਲੇ ਲੱਗੇ ਹਨ। ਕਈ ਸ਼ਹਿਰਾਂ 'ਚ ਤਾਂ ਇਹ ਸਾਲ 'ਚ ਦੋ ਵਾਰ ਵੀ ਲੱਗ ਜਾਂਦੇ ਹਨ। ਤਕਰੀਬਨ ਸਭ ਮੇਲਿਆਂ 'ਚ ਸਭਿਆਚਾਰਕ ਪ੍ਰੋਗਰਾਮ ਦੇ ਨਾਲ ਨਾਲ ਗਦਰੀ ਬਾਬਿਆਂ ਦੀ ਸਿਆਸਤ ਤੋਂ ਲੋਕਾਂ ਨੂੰ ਜਾਣੂੰ ਕਰਾਉਣ ਦੇ ਰੁਝਾਨ ਨੇ ਵੀ ਸਿਰ ਚੁੱਕਿਆ ਹੈ ਜੋ ਕਿ ਮੇਲਿਆਂ ਦਾ ਸਾਰਥਕ ਪੱਖ ਹੈ ਪਰ ਇਕ ਘਾਟ ਜਿਹੜੀ ਇਨ੍ਹਾਂ ਸਭ ਮੇਲਿਆਂ 'ਚ ਰੜਕਦੀ ਹੈ ਉਹ ਹੈ ਅਜੋਕੀਆਂ ਸੰਸਾਰਕ ਹਾਲਤਾਂ ਦੇ ਸੰਦਰਭ 'ਚ ਬਾਬਿਆਂ ਦੀ ਸਿਆਸਤ ਤੇ ਸਰਗਰਮੀਆਂ ਦੀ ਪ੍ਰਸੰਗਕਤਾ ਦਿਖਾਉਣੀ।

ਅੱਜ ਸੰਸਾਰ ਸਮਰਾਜੀ ਪ੍ਰਬੰਧ (ਜਿਸਦਾ ਸਰਗਨਾ ਅਮਰੀਕਾ ਹੈ) ਨੇ ਸਮੁੱਚੀ ਦੁਨੀਆਂ ਨੂੰ ਆਪਣੀ ਜਕੜ 'ਚ ਲੈ ਲਿਆ ਹੈ। ਮੁਨਾਫੇ ਅਤੇ ਕਪਟ ਦੀ ਬੁਨਿਆਦ 'ਤੇ ਉਸਰਿਆ ਇਹ ਆਰਥਕ ਸਿਆਸੀ ਪ੍ਰਬੰਧ ਲੋਕਾਂ ਦਾ ਕਚੂੰਮਰ ਕੱਢ ਰਿਹਾ ਹੈ। ਟੈਕਨਾਲੋਜੀ ਦੇ ਉੱਚਤਮ ਪੱਧਰ, ਦੌਲਤ ਦੇ ਅੰਬਾਰ ਅਤੇ ਪੈਦਾਵਾਰੀ ਸੋਮਿਆਂ ਦੀ ਬਹੁਲਤਾ ਦੇ ਬਾਵਜੂਦ ਕਰੋੜਾਂ ਲੋਕ ਭੁੱਖਮਰੀ ਅਤੇ ਅਤਿ ਦੀ ਗਰੀਬੀ ਦੀ ਹਾਲਤ 'ਚ ਰਹਿ ਰਹੇ ਹਨ। ਲੋਕਾਂ ਦੀ ਪਦਾਰਥਕ, ਬੌਧਿਕ ਤੇ ਸਭਿਆਚਾਰਕ ਜ਼ਿੰਦਗੀ ਸੁਧਰਨ ਦੀ ਬਜਾਏ ਨਿਘਾਰ ਵਲ ਜਾ ਰਹੀ ਹੈ। ਵਿਦਿਆ ਅਤੇ ਗਿਆਨ ਦੀਆਂ ਕਲਾਵਾਂ 'ਤੇ ਸਰਮਾਏ ਨੇ ਇਸ ਹੱਦ ਤੱਕ ਕਬਜ਼ਾ ਕਰ ਲਿਆ ਹੈ ਕਿ ਲੋਕਾਂ ਲਈ ਸੱਚ ਨੂੰ ਜਾਨਣਾ ਔਖਾ ਹੋ ਗਿਆ ਹੈ। ਮਨੁੱਖੀ ਅਧਿਕਾਰ ਅਤੇ ਸ਼ਹਿਰੀ ਆਜ਼ਾਦੀ ਦੀਆਂ ਗੱਲਾਂ ਲੋਕਾਂ ਲਈ ਛਲਾਵਾ ਬਣ ਕੇ ਰਹਿ ਗਈਆਂ ਹਨ। ਜੰਗਾਂ, ਹਮਲੇ, ਕਬਜ਼ੇ, ਧਮਕੀਆਂ, ਪਾਬੰਦੀਆਂ ਅਤੇ ਨਿਰਭਰਤਾ ਮੂਹਰੇ ਵੱਖ ਵੱਖ ਦੇਸ਼ਾਂ ਦੀ ਕੌਮੀ ਪ੍ਰਭੂਸਤਾ ਸੁੰਗੜ ਕੇ ਰਹਿ ਗਈ ਹੈ। ਆਰਥਕ ਮੰਦਵਾੜੇ ਨੂੰ ਧੱਕ ਧੱਕ ਕੇ ਲੋਕਾਂ ਦੇ ਵਿਹੜੇ 'ਚ ਵਾੜ ਦਿੱਤਾ ਗਿਆ ਹੈ।

ਲੋਕਾਂ ਦੀ ਜ਼ਿੰਦਗੀ ਦੇ ਵੱਖ-ਵੱਖ ਪਹਿਲੂਆਂ 'ਤੇ ਹੋ ਰਹੇ ਸਾਮਰਾਜੀ ਪ੍ਰਬੰਧ ਦੇ ਇਸ ਮਾਰੂ ਹੱਲੇ ਨੂੰ ਠੱਲਣ ਅਤੇ ਲੁਟ, ਦਾਬੇ ਅਤੇ ਅਨਿਆਂ ਤੋਂ ਨਿਜ਼ਾਤ ਪਾਉਣ ਲਈ ਜਰੂਰੀ ਹੈ ਕਿ ਇਕ ਸਾਂਝੀ ਇਨਕਲਾਬੀ ਲਹਿਰ ਖੜ੍ਹੀ ਕੀਤੀ ਜਾਵੇ ਅਤੇ ਲੋਕ ਮਨਾਂ 'ਚ ਮੁਤਬਾਦਲ ਤੇ ਨਵੇਂ ਸਿਆਸੀ ਸਮਾਜਕ ਪ੍ਰਬੰਧਕਾਂ ਦੇ ਨੈਣ-ਨਕਸ਼ ਉਲੀਕੇ ਜਾਣ। ਇਸ ਸੰਦਰਭ 'ਚ ਬਾਬਿਆਂ ਦੀ ਗਦਰੀ ਲਹਿਰ ਦਾ ਤਜ਼ਰਬਾ, ਉਸ ਸਮੇਂ ਉਨ੍ਹਾਂ ਦੇ ਮਨਾਂ 'ਚ ਵਸੀ-ਆਜ਼ਾਦੀ ਲਈ ਤਾਂਘ, ਦੁਸ਼ਮਣ ਖਿਲਾਫ ਪ੍ਰਚੰਡ ਗੁੱਸਾ ਤੇ ਨਫਰਤ, ਆਜ਼ਾਦੀ-ਖੁਸ਼ਹਾਲੀ ਅਤੇ ਭਰਾਤਰੀ ਸਾਂਝ ਵਾਲੇ ਸਮਾਜ ਦਾ ਅਧੂਰਾ ਸੁਪਨਾ ਆਦਿ ਅਜਿਹੇ ਪੱਖ ਹਨ ਜਿਨ੍ਹਾਂ ਦੀ ਸਾਰਥਕਤਾ ਅਤੇ ਪ੍ਰਸੰਗਕਤਾ ਅੱਜ ਵੀ ਬਣੀ ਹੋਈ ਹੈ। ਗਦਰੀ ਮੇਲੇ ਕਰਾਉਣ ਵਾਲੀਆਂ ਕਮੇਟੀਆਂ ਇਸ ਸਮਝ ਅਤੇ ਪਹੁੰਚ ਨੂੰ ਅਪਨਾਉਣ ਤੋਂ ਕਿਉਂ ਭੱਜਦੀਆਂ ਹਨ? ਇਹ ਤਾਂ ਉਹ ਹੀ ਜਾਣਨ, ਪਰ ਇਹ ਇਕ ਕੌੜੀ ਸਚਾਈ ਹੈ ਕਿ ਅਜਿਹੀ ਨੀਤੀ ਦੀ ਅਣਹੋਂਦ 'ਚ ਨਾ ਤਾਂ ਸ਼ਹੀਦਾਂ ਨੂੰ ਦਿੱਤੀਆਂ ਜਾਣ ਵਾਲੀਆਂ ਸ਼ਰਧਾਂਜਲੀਆਂ ਹੀ ਸੱਚੀਆਂ ਹੋ ਸਕਦੀਆਂ ਹਨ ਅਤੇ ਨਾ ਹੀ ਸ਼ਹੀਦਾਂ ਦੇ ਵਾਰਸ ਅਖਵਾਇਆ ਜਾ ਸਕਦਾ ਹੈ।


NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH



ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ
ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ
ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ
ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ
ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ
ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ
ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

RAM Commercial Insurance
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant
Global Multi Services
ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:
*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.

Rajinder Singh
Insurance Lic No. 0G73739
Financing Available For Buying Trucks
Cell:(510) 557-6988, Ph:209-982-9996

# ਧੋਖੇ ਤੋਂ ਬਚੋ!

ਪ੍ਰਿੰ. ਸਰਵਣ ਸਿੰਘ

ਅਖ਼ਬਾਰੀ ਇਸ਼ਤਿਹਾਰ ਦੀ ਇਕ ਮੋਟੀ ਸੁਰਖ਼ੀ ਸੀ-ਧੋਖੇ ਤੋਂ ਬਚੋ! ਸੁਰਖ਼ੀ ਨੇ ਮੇਰਾ ਧਿਆਨ ਖਿੱਚ ਲਿਆ। ਲੱਗਾ ਜਿਵੇਂ ਕੋਈ ਜਾਣੀਜਾਣ ਵਿਅਕਤੀ ਅਣਜਾਣ ਲੋਕਾਂ ਨੂੰ ਸਾਵਧਾਨ ਕਰ ਰਿਹਾ ਹੋਵੇ। ਉਨ੍ਹਾਂ ਨੂੰ ਠੱਗੀ ਠੋਰੀ ਤੋਂ ਬਚਾਅ ਰਿਹਾ ਹੋਵੇ। ਬਚਣਾ ਵੀ ਚਾਹੀਦੈ। ਉਂਜ ਵੀ ਅਖ਼ਬਾਰਾਂ ਦਾ ਉਦੇਸ਼ ਹੈ ਲੋਕਾਂ ਨੂੰ ਸੁਚੇਤ ਕਰਨਾ। ਸੁਚੇਤ ਕਰ ਦੇਣ ਨਾਲ ਬੰਦਾ ਧੋਖੇ-ਧੜੀ ਤੋਂ ਬਚ ਸਕਦੈ।

ਮੈਂ ਇਸ਼ਤਿਹਾਰਾਂ 'ਤੇ ਘੱਟ ਹੀ ਨਜ਼ਰ ਮਾਰਦਾ ਹਾਂ। ਖ਼ਬਰਾਂ ਵੇਖ ਲਈਦੀਆਂ ਹਨ ਤੇ ਲੇਖ ਪੜ੍ਹ ਲਈਦੇ ਹਨ। ਪਰ ਸੁਰਖ਼ੀ ਕਾਫੀ ਮੋਟੀ ਹੋਣ ਕਾਰਨ ਨਜ਼ਰ ਮੱਲੋਮੱਲੀ ਇਸ਼ਤਿਹਾਰ ਉਤੇ ਚਲੀ ਗਈ। ਪੂਰੇ ਸਫ਼ੇ ਦੇ ਇਸ਼ਤਿਹਾਰ ਵਿਚ ਕਈ ਡੱਬੀਆਂ ਫਿੱਟ ਸਨ ਤੇ ਸ਼ਬਦਾਵਲੀ ਬੜੀ ਦਿਲ ਲੁਭਾਉਣੀ ਸੀ। ਜਿਤਨਾ ਇਕ ਸਤਰ ਪੜ੍ਹ ਬੈਠੇ ਫੇਰ ਉਹ ਸਾਰਾ ਇਸ਼ਤਿਹਾਰ ਪੜ੍ਹੇ ਬਿਨਾਂ ਨਹੀਂ ਸੀ ਛੱਡ ਸਕਦਾ। ਮੇਰੇ ਨਾਲ ਵੀ ਅਜਿਹਾ ਹੀ ਹੋਇਆ। ਮੈਥੋਂ ਸਾਰਾ ਇਸ਼ਤਿਹਾਰ ਪੜ੍ਹਿਆ ਗਿਆ। ਦੁਬਾਰਾ ਨੀਝ ਨਾਲ ਪੜ੍ਹਿਆ ਤੇ ਜੋ ਕੁਝ ਮੇਰੀ ਸਮਝ ਵਿਚ ਆਇਆ ਉਹ ਇਹੋ ਸੀ ਕਿ ਧੋਖੇ ਤੋਂ ਬਚਣ ਦਾ ਹੋਕਾ ਦੇ ਕੇ ਉਹ 'ਸਾਹਿਬ' ਇਕ ਹੋਰ ਧੋਖਾ ਦੇ ਰਿਹਾ ਸੀ!

**ਸਿਰਫ ਇੱਕ ਰਾਤ ਦੇ ਪੂਜਾ ਪਾਠ ਕਰਨ ਨਾਲ ਹੀ ਆਪ ਦੀ ਹਰ ਪ੍ਰੇਸ਼ਾਨੀ ਅਤੇ ਦੁੱਖ ਹਮੇਸ਼ਾ ਹਮੇਸ਼ਾ ਦੇ ਲਈ**

**ਖਤਮ ! ! !**

ਐਨ ਉਸੇ ਤਰ੍ਹਾਂ ਜਿਵੇਂ ਕੋਈ ਧਰਮ ਦਾ ਨਾਂ ਲੈ ਕੇ ਅਧਰਮੀ ਕਾਰੇ ਕਰ ਰਿਹਾ ਹੋਵੇ। ਰਾਜਨੀਤੀ ਉਤੇ ਧਰਮ ਦਾ ਪਹਿਰਾ ਲਾਉਣ ਦੀ ਨੀਤੀ ਬਣਾ ਕੇ ਰਾਜਨੀਤੀ ਨੂੰ ਧਰਮ ਵਿਚ ਘਸੋੜੀ ਜਾਂਦਾ ਹੋਵੇ। ਧਰਮ ਨੂੰ ਰਾਜਨੀਤੀ ਦੇ ਹੱਥਕੰਡਿਆਂ ਵਜੋਂ ਵਰਤ ਰਿਹਾ ਹੋਵੇ। ਜਿਹੋ ਜਿਹਾ ਅੰਧ ਵਿਸ਼ਵਾਸ ਅਖੌਤੀ ਪੀਰ-ਪੰਡਿਤ ਤੇ ਸਾਧ-ਬਾਬੇ ਫੈਲਾਉਂਦੇ ਹਨ ਕੁਝ ਉਹੋ ਜਿਹਾ ਹੀ ਕਈ ਧਰਮ ਸਥਾਨਾਂ 'ਤੇ ਬੈਠੇ 'ਧਰਮੀ ਬੰਦੇ' ਫੈਲਾਈ ਜਾਂਦੇ ਹਨ। ਉਹ ਪਾਠ ਤੇ ਨਾਮ ਵੇਚੀ ਜਾਂਦੇ ਹਨ ਜਿਹੜੇ ਉਨ੍ਹਾਂ ਨੇ ਪਹਿਲਾਂ ਹੀ ਪੜ੍ਹ ਪੜ੍ਹਾ ਕੇ ਸਟੋਰ ਕਰ ਰੱਖੇ ਹੁੰਦੇ ਹਨ। ਸ਼ਰਧਾਵਾਨ ਬੰਦੇ ਦੀ ਸ਼ਰਧਾ ਨੂੰ ਬਲੈਕ ਮੇਲ ਕਰਨ ਦੀ ਉਹ ਕੋਈ ਕਸਰ ਨਹੀਂ ਛੱਡਦੇ।

ਜਿਹੜੇ ਕਹਿੰਦੇ ਹਨ ਕਿ ਚੜ੍ਹਾਵਾ ਚੜ੍ਹਾ ਕੇ ਜਾਂ ਪਾਠ-ਪੂਜਾ ਦੀ ਫੀਸ ਤਾਰ ਕੇ ਪਾਪ ਲਾਹੇ ਤੇ ਪੁੰਨ ਖੱਟੇ ਜਾ ਸਕਦੇ ਹਨ ਅਤੇ ਮਨ ਦੀਆਂ ਮੁਰਾਦਾਂ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ ਉਹ ਕੋਈ ਧਰਮ ਦੀ ਗੱਲ ਨਹੀਂ ਕਰ ਰਹੇ ਹੁੰਦੇ। ਉਹ ਧਰਮ ਦੇ ਨਾਂ 'ਤੇ ਝੂਠ-ਫਰੇਬ ਕਮਾ ਰਹੇ ਹੁੰਦੇ ਹਨ। ਕੋਈ ਕੁੰਭ ਦੇ ਸ਼ਨਾਨ ਜਾਂ ਬਾਉਲੀਆਂ ਤੇ ਸਰੋਵਰਾਂ 'ਚ ਕੀਤੇ ਇਸ਼ਨਾਨਾਂ ਨਾਲ ਪਾਪਾਂ ਤੋਂ ਮੁਕਤ ਨਹੀਂ ਹੋ ਜਾਂਦਾ। ਧੂਣਿਆਂ ਦੀ ਰਾਖ ਨਾਲ ਬਿਮਾਰੀਆਂ ਦਾ ਬੀਜ ਨਾਸ਼ ਨਹੀਂ ਹੁੰਦਾ। ਧਾਗੇ ਤਵੀਤ ਤੇ ਹੱਥ-ਹੌਲੇ ਕਿਸੇ ਮਰਜ਼ ਦਾ ਇਲਾਜ ਨਹੀਂ।

ਕਈਆਂ ਨੇ ਅਰਦਾਸਾਂ ਹੀ ਮੰਗ-ਪੱਤਰ ਬਣਾ ਰੱਖੀਆਂ ਹਨ। ਧੀ ਦੀ ਥਾਂ ਪੁੱਤ ਮੰਗਦੇ ਹਨ ਤੇ ਧੀ ਦਾ ਕੁੱਖ ਵਿਚ ਹੀ ਕਤਲ ਕਰ ਧਰਦੇ ਹਨ। ਉਹ ਵਸਤਰ, ਬਰਤਨ ਤੇ ਮਾਇਆ ਭੇਟਾ ਕਰਨ ਦੀ ਇਸ਼ਤਿਹਾਰਬਾਜ਼ੀ ਕਰਨ ਲੱਗ ਪਏ ਹਨ। ਰੁਮਾਲੇ ਚੜ੍ਹਾ ਕੇ ਕਹਿੰਦੇ ਹਨ ਸਾਡੇ ਵੀ ਪਰਦੇ ਕੱਜੀਂ। ਜਦੋਂ ਧਰਮਾਂ ਦੇ ਗਿਆਨੀ-ਧਿਆਨੀ ਤੇ ਪ੍ਰਚਾਰਕ ਹੀ ਅੰਧ ਵਿਸ਼ਵਾਸਾਂ ਵਿਚ ਪੈ ਜਾਣ ਤਾਂ ਅਖੌਤੀ ਬਾਬਿਆਂ ਦਾ ਵੀ ਦਾਅ ਲੱਗੀ ਜਾਂਦਾ ਹੈ। ਆਓ ਉਸ ਇਸ਼ਤਿਹਾਰ ਦੀ ਇਬਾਰਤ ਪੜ੍ਹੀਏ ਤੇ ਵੇਖੀਏ ਕਿ 'ਸਾਹਿਬ' ਦਾ ਨਾਂ ਵਰਤ ਰਿਹਾ ਉਹ ਸੱਜਣ ਧੋਖੇ ਤੋਂ ਕਿਵੇਂ ਬਚਾਉਂਦਾ ਹੈ?

ਉਹਦੇ ਇਸ਼ਤਿਹਾਰ ਦਾ ਸਿਰਲੇਖ ਹੈ-ਧੋਖੇ ਤੋਂ ਬਚੋ। ਧੋਖੇ ਤੋਂ ਬਚਾਉਣ ਲਈ ਪਹਿਲੀ ਸਤਰ ਹੈ-ਜਾਦੂ ਟੂਣੇ ਦਾ ਖ਼ਾਤਮਾ ਸਿਰਫ ਪੰਜਾਹ ਡਾਲਰ ਵਿਚ। ਗੋਲ ਦਾਇਰਿਆਂ ਵਿਚ ਲਿਖਿਆ ਹੈ, 'ਸਿਰਫ਼ ਪੰਜਾਹ ਡਾਲਰ' ਤੇ 'ਜਾਦੂ ਉਹ ਜੋ ਦੁਸ਼ਮਣ ਦੇ ਸਿਰ ਚੜ੍ਹ ਕੇ ਬੋਲੇ'। ਅੱਗੇ ਪੜ੍ਹੋ, ਹਰ ਕਿਸਮ ਦੇ ਜਾਦੂ-ਟੂਣੇ ਦਾ ਖ਼ਾਤਮਾ 24 ਘੰਟਿਆਂ 'ਚ। ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਇਕੋ ਇਕ ਮਸ਼ਹੂਰ ਨਾਮ 'ਸਾਹਿਬ'।

ਮੂਰਖਾਂ ਨੂੰ ਹੋਰ ਮੂਰਖ ਬਣਾਉਣ ਲਈ ਉਹ ਲਿਖਦਾ ਹੈ-ਮੂਰਖਾਂ ਅਤੇ ਝੂਠਿਆਂ ਦੇ ਪਿੱਛੇ ਲੱਗ ਕੇ ਆਪਣਾ ਪੈਸਾ ਤੇ ਸਮਾਂ ਬਰਬਾਦ ਨਾ ਕਰੋ। ਜੀਵਨ ਦੀ ਅਸਲੀਅਤ ਜਾਣਨਾ ਚਾਹੁੰਦੇ ਹੋ ਤਾਂ ਦੁਨੀਆਂ ਦੇ ਮਸ਼ਹੂਰ ਤੇ ਹੱਥਾਂ 'ਤੇ ਸਰ੍ਹੋਂ ਜਮਾ ਚੁੱਕੇ 'ਸਾਹਿਬ' ਨਾਲ ਸੰਪਰਕ ਕਰੋ। ਕੋਰਟ ਕਚਹਿਰੀ ਦਾ ਫੈਸਲਾ ਪਹਿਲਾਂ ਪਤਾ ਕਰਨਾ ਚਾਹੁੰਦੇ ਹੋ ਤਾਂ ਅੱਜ ਹੀ ਫੋਨ ਕਰੋ। ਹਰ ਮੁਸ਼ਕਲ ਦਾ ਹੱਲ ਸੌ ਫੀਸਦੀ ਗਰੰਟੀ ਤੇ ਪੂਰੀ ਤਸੱਲੀ ਨਾਲ ਕੀਤਾ ਜਾਂਦਾ ਹੈ। ਹਰ ਤਕਲੀਫ਼ ਦਾ ਇਲਾਜ ਤਿੰਨ ਦਿਨਾਂ ਵਿਚ ਕਰਾਓ। ਤੁਹਾਡਾ ਵਿਛੜਿਆ ਸਾਥੀ ਸਿਰਫ਼ ਤਿੰਨ ਦਿਨਾਂ 'ਚ ਮਿਲ ਜਾਵੇਗਾ।

ਹੋਰ ਅੱਗੇ 'ਸਾਹਿਬ' ਦੀ ਗਿੱਦੜਸਿੰਙੀ ਦੀਆਂ ਕਰਾਮਾਤਾਂ ਲਿਖੀਆਂ ਹਨ। ਲਿਖਿਆ ਹੈ ਕਿ ਉਹ ਹੇਠ ਲਿਖੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ:

-ਸ਼ਾਦੀ ਦੀ ਰੁਕਾਵਟ, ਮਾਲੀ ਨੁਕਸਾਨ, ਕਾਰੋਬਾਰ ਜਾਂ ਨੌਕਰੀ ਦੀ ਬੰਦਿਸ਼, ਕੋਈ ਵੀ ਕੰਮ ਨਾ ਬਣਨਾ, ਇਸ਼ਕ ਤੇ ਮੁਹੱਬਤ ਵਿਚ ਰੁਕਾਵਟ, ਦੁਸ਼ਮਣ ਦੇ ਚਲਾਏ ਜਾਦੂ ਟੂਣੇ ਨੂੰ ਤੋੜਨਾ, ਓਪਰੀਆਂ ਰੂਹਾਂ ਕਾਰਨ ਦਵਾਈ ਦਾ ਅਸਰ ਨਾ ਹੋਣਾ, ਡਾਕਟਰ ਨੂੰ ਬਿਮਾਰੀ ਦੀ ਸਮਝ ਨਾ ਆਉਣੀ ਆਦਿ ਬਾਰੇ ਜਾਣਨ ਲਈ ਤੇ ਜ਼ਿੰਦਗੀ ਨੂੰ ਜੰਨਤ ਬਣਾਉਣ ਲਈ 'ਸਾਹਿਬ' ਨਾਲ ਸੰਪਰਕ ਕਰੋ। ਉਹ ਔਰਤਾਂ ਜੋ ਘਰੇਲੂ ਝਗੜੇ, ਪਤੀ ਦੀ ਨਫ਼ਰਤ, ਪਤੀ ਦਾ ਸ਼ਰਾਬ ਪੀਣਾ, ਗੈਰ ਔਰਤਾਂ ਕੋਲ ਜਾਣਾ ਤੇ ਆਪਣੇ ਘਰ ਵੱਲ ਧਿਆਨ ਨਾ ਦੇਣ ਕਾਰਨ ਪਰੇਸ਼ਾਨ ਹਨ ਅਤੇ ਆਪਣੇ ਪਤੀ ਨੂੰ ਆਪਣੀ ਮਰਜ਼ੀ ਮੁਤਾਬਿਕ ਕਾਬੂ ਕਰਨਾ ਚਾਹੁੰਦੀਆਂ ਹਨ ਉਹ ਅੱਜ ਹੀ 'ਸਾਹਿਬ' ਨੂੰ ਫੋਨ ਕਰਨ।

ਏਨੀਆਂ ਮੁਸੀਬਤਾਂ 'ਚੋਂ ਕੋਈ ਨਾ ਕੋਈ ਤਾਂ ਹਰੇਕ ਦੇ ਗਲ ਪਈ ਹੀ ਹੁੰਦੀ ਹੈ। ਸਿਰਫ਼ ਤਿੰਨ ਦਿਨਾਂ 'ਚ ਟਲਣ ਵਾਲੀ ਮੁਸੀਬਤ ਨੂੰ ਭਲਾ ਕਿਹੜਾ ਨਹੀਂ ਟਾਲਣਾ ਚਾਹੁੰਦਾ ਹੁੰਦਾ? ਉਹ ਵੀ ਸਿਰਫ਼ ਪੰਜਾਹ ਡਾਲਰ ਵਿਚ। ਔਖੇ ਹੋਏ ਕਈ ਭੋਲੇ ਪੰਛੀ ਸੌਖੇ ਹੋਣ ਲਈ 'ਸਾਹਿਬ' ਨਾਲ ਸੰਪਰਕ ਕਰ ਬਹਿੰਦੇ ਹਨ। ਜੀਹਦਾ ਇਸ਼ਤਿਹਾਰ ਹੀ ਹੱਥਾਂ 'ਤੇ ਸਰ੍ਹੋਂ ਜਮਾਉਣ ਵਾਲਾ ਹੋਵੇ ਉਹ ਫਿਰ ਸੰਪਰਕ 'ਚ ਆਏ ਬੰਦੇ ਨੂੰ ਕਦੋਂ ਜਾਲ 'ਚੋਂ ਨਿਕਲਣ ਦਿੰਦੈ?

ਮੈਨੂੰ ਯਾਦ ਹੈ ਕਿ ਕੁਝ ਸਾਲ ਪਹਿਲਾਂ ਇਕ ਲੜਕੀ ਗੁੰਮ ਹੋ ਗਈ। ਪ੍ਰੇਸ਼ਾਨ ਮਾਪਿਆਂ ਨੇ ਇਸੇ 'ਸਾਹਿਬ' ਨੂੰ ਕਾਲ ਕਰ ਲਈ। ਪਹਿਲੀ ਫੀਸ ਪੰਜਾਹ ਡਾਲਰ ਹੀ ਸੀ। ਇਹ 'ਸਾਹਿਬ' ਲੜਕੀ ਦੇ ਮਾਪਿਆਂ ਨੂੰ ਕਹਿੰਦਾ ਰਿਹਾ, ਮੈਨੂੰ ਪਤਾ ਹੈ ਲੜਕੀ ਕਿਥੇ ਹੈ। ਬਿਲਕੁਲ ਠੀਕ ਠਾਕ ਹੈ। ਪਤਾ ਦੱਸਣ ਲਈ ਚਾਰ ਚਾਰ ਸੌ ਕਰਕੇ ਕਰੀਬ ਦੋ ਹਜ਼ਾਰ ਡਾਲਰ ਮਠ ਗਿਆ। ਅਖੀਰ ਕਹਿਣ ਲੱਗਾ ਪੰਜ ਹਜ਼ਾਰ ਡਾਲਰ ਹੋਰ ਲੱਗੇਗਾ ਅਤੇ ਤੁਹਾਡੀ ਲੜਕੀ ਦਾ ਸਹੀ ਪਤਾ ਲੱਗ ਜਾਵੇਗਾ। ਲੜਕੀ ਦੇ ਮਾਪੇ ਇੰਨੀ ਰਕਮ ਦੇਣ ਲਈ ਅਜੇ ਸੋਚੀਂ ਹੀ ਪਏ ਹੋਏ ਸਨ ਕਿ ਪੁਲਿਸ ਨੇ ਆ ਦੱਸਿਆ ਕਿ ਤੁਹਾਡੀ ਲੜਕੀ ਨੂੰ ਕਤਲ ਹੋਇਆਂ ਦਸ ਦਿਨ ਹੋ ਗਏ ਹਨ ਅਤੇ ਉਸ ਦੀ ਲਾਸ਼ ਮਿਲ ਗਈ ਹੈ ਅਤੇ ਕਾਤਲ ਵੀ ਫੜ੍ਹ ਲਿਆ ਹੈ।

ਪੰਜਾਹ ਡਾਲਰ ਦੀ ਤਾਂ ਦਾਖਲਾ ਫੀਸ ਹੀ ਹੁੰਦੀ ਹੈ। ਫਸਿਆ ਬੰਦਾ ਫਿਰ ਫੀਸ 'ਤੇ ਫੀਸ ਭਰੀ ਜਾਂਦਾ ਹੈ ਤੇ ਇਕ ਧੋਖੇ ਤੋਂ ਬਚਦਾ ਹੋਇਆ ਹੋਰ ਧੋਖਿਆਂ ਦਾ ਸ਼ਿਕਾਰ ਹੁੰਦਾ ਰਹਿੰਦਾ ਹੈ। ਦੁਖੀ ਬੰਦੇ ਦੀ ਮਾਨਸਿਕਤਾ ਕੋਈ ਨਾ ਕੋਈ ਸਹਾਰਾ ਭਾਲਣ ਦੀ ਹੁੰਦੀ ਹੈ। ਸਹਾਰਾ ਦੇਣ ਦੇ ਨਾਂ 'ਤੇ ਹੀ ਠੱਗਾਂ ਦੀ ਠੱਗੀ ਚੱਲੀ ਜਾਂਦੀ ਹੈ। ਜਿਹੜਾ ਵੀ ਕੋਈ ਕਿਸੇ ਗ਼ੈਬੀ ਸ਼ਕਤੀ ਰਾਹੀਂ ਕਿਸੇ ਦੇ ਦੁੱਖ ਦੂਰ ਕਰ ਦੇਣ ਦੇ ਦਾਅਵੇ ਕਰਦਾ ਹੈ ਉਹ ਫਿਰ ਆਪਣੇ ਹੀ ਦੁੱਖ ਦੂਰ ਕਿਉਂ ਨਹੀਂ ਕਰ ਲੈਂਦਾ? ਦੁਖੀ ਲੋਕਾਂ ਦੀਆਂ ਜ਼ੇਬਾਂ ਕੱਟਣ ਦੀ ਥਾਂ ਗ਼ੈਬੀ ਸ਼ਕਤੀ ਨਾਲ ਹੀ ਆਪਣੀਆਂ ਜ਼ੇਬਾਂ ਕਿਉਂ ਨਹੀਂ ਭਰ ਲੈਂਦਾ? ਪਰ ਕੋਈ ਗ਼ੈਬੀ ਸ਼ਕਤੀ ਅਜਿਹਾ ਕਰਨ ਜੋਗੀ ਨਹੀਂ ਹੁੰਦੀ। ਹੁੰਦੀ ਤਾਂ ਕਾਲੇ ਇਲਮ ਵਾਲਿਆਂ ਨੂੰ ਇਸ਼ਤਿਹਾਰ ਦੇਣ ਦੀ ਲੋੜ ਨਾ ਪੈਂਦੀ।

ਇਹ ਠੀਕ ਹੈ ਕਿ ਮਨੁੱਖ ਦੀ ਬੁੱਧੀ ਨੇ ਅਜੇ ਤਕ ਕੁਦਰਤ ਦੇ ਸਾਰੇ ਭੇਤ ਨਹੀਂ ਲੱਭੇ। ਕਈਆਂ ਭੇਦਾਂ ਤੋਂ ਪਰਦਾ ਚੁੱਕਿਆ ਜਾਣਾ ਹਾਲੇ ਬਾਕੀ ਹੈ। ਪਰ ਕੁਦਰਤ ਦੇ ਕਾਫੀ ਸਾਰੇ ਭੇਤ ਮਨੁੱਖ ਨੇ ਮਾਲੂਮ ਕਰ ਲਏ ਹਨ ਤੇ ਹੋਰ ਗੁੱਝੇ ਭੇਤਾਂ ਨੂੰ ਪਾਉਣ ਲਈ ਉਹ ਸਰਗਰਮ ਹੈ। ਸੂਝ ਬੂਝ ਦੀ ਵਰਤੋਂ ਨਾਲ ਪੈਰਾਂ 'ਤੇ ਤੁਰਦਾ ਮਨੁੱਖ ਹਵਾਈ ਜਹਾਜ਼ਾਂ 'ਤੇ ਚੜ੍ਹਨ ਜੋਗਾ ਹੋਇਆ ਹੈ ਤੇ ਫੋਨਾਂ ਰਾਹੀਂ ਹਜ਼ਾਰਾਂ ਮੀਲਾਂ ਦੂਰ ਵਿਚਰਦੇ ਬੰਦਿਆਂ ਨਾਲ ਗੱਲਾਂ ਬਾਤਾਂ ਕਰ ਸਕਦਾ ਹੈ। ਉਹ ਚੰਦ 'ਤੇ ਜਾ ਆਇਆ ਹੈ ਤੇ ਉਥੇ ਬਸਤੀਆਂ ਵਸਾਉਣ ਲਈ ਅਹੁਲ ਰਿਹੈ। ਉਹ ਦਿਨ ਦੂਰ ਨਹੀਂ ਜਦੋਂ ਸਾਡੀਆਂ ਅਗਲੇਰੀਆਂ ਪੀੜ੍ਹੀਆਂ ਚੰਦ 'ਤੇ ਹਨੀਮੂਨ ਮਨਾ ਸਕਣਗੀਆਂ। ਸਮਾਂ ਆਏਗਾ ਜਦੋਂ ਇਸ ਧਰਤੀ ਦੇ ਰਿਸ਼ਤੇ ਹੋਰਨਾਂ ਧਰਤੀਆਂ ਨਾਲ ਜੁੜਨਗੇ।

ਲੁਧਿਆਣੇ, ਲੰਡਨ, ਲਾਹੌਰ ਤੇ ਲਾਸ ਏਂਜਲਸ ਦੀਆਂ ਦੂਰੀਆਂ ਕਿਸੇ ਕਾਲੇ ਇਲਮ ਨੇ ਨਹੀਂ ਘਟਾਈਆਂ ਸਗੋਂ ਵਿਗਿਆਨੀਆਂ ਦੀਆਂ ਕਾਢਾਂ ਨੇ ਘਟਾਈਆਂ ਹਨ। ਤਰਕਸ਼ੀਲ ਸੋਚ ਨੇ ਅਥਵਾ ਕਿਉਂ, ਕੀ, ਕਿੰਦਾਂ ਨੂੰ ਸਮਝਣ ਦੀ ਜਾਚ ਨੇ ਮਨੁੱਖ ਨੂੰ ਉਸਾਰੀ ਦੇ ਰਾਹ ਪਾਇਆ ਹੋਇਐ। ਅਰਬਾਂ ਬੰਦਿਆਂ ਤੇ ਖਰਬਾਂ ਜੀਆ ਜੰਤਾਂ ਦੇ ਰਹਿਣ ਵਾਲੀ ਹਜ਼ਾਰਾਂ ਮੀਲਾਂ ਦੀ ਧਰਤੀ ਹੁਣ ਇਕ ਪਿੰਡ ਬਣ ਚੱਲੀ ਹੈ। ਧਰਤੀ ਦੇ ਕਿਸੇ ਕੋਨੇ ਵਿਚ ਵਾਪਰੀ ਘਟਨਾ ਦਾ ਉਸੇ ਵੇਲੇ ਹੀ ਕੁਲ ਜਹਾਨ ਨੂੰ ਕਿਸੇ ਕਾਲੇ ਇਲਮ ਜਾਂ ਗਿੱਦੜਸਿੰਙੀ ਨਾਲ ਪਤਾ ਨਹੀਂ ਲੱਗਦਾ ਸਗੋਂ ਇਹ ਵਿਗਿਆਨਕ ਜੰਤਰ ਹਨ ਜਿਨ੍ਹਾਂ ਨੇ ਇਹ ਸਭ ਕੁਝ ਸੰਭਵ ਕੀਤਾ ਹੈ।

ਆਪਣੇ ਆਪ ਨੂੰ ਗ਼ੈਬੀ ਸ਼ਕਤੀਆਂ ਦੇ ਮਾਲਕ ਦੱਸਣ ਵਾਲੇ 'ਸਾਹਿਬ' ਗਾਹਕ ਪੱਟਣ ਲਈ ਕੋਈ ਗ਼ੈਬੀ ਜੰਤਰ ਨਹੀਂ ਵਰਤਦੇ, ਉਹ ਵੀ ਵਿਗਿਆਨੀਆਂ ਦੀਆਂ ਕਾਢਾਂ ਵਾਲੇ ਸੰਦ ਹੀ ਵਰਤਦੇ ਹਨ। ਵਿਗਿਆਨੀਆਂ ਦੀਆਂ ਕਾਰਾਂ, ਹਵਾਈ ਜਹਾਜ਼ ਤੇ ਦੂਰਸੰਚਾਰ ਦੇ ਅਨੇਕਾਂ ਸਾਧਨ ਆਪਣੀ ਵਰਤੋਂ ਵਿਚ ਲਿਆਉਂਦੇ ਹਨ। ਜੇ ਸਚਮੁੱਚ ਹੀ ਉਨ੍ਹਾਂ ਕੋਲ ਕੋਈ ਗ਼ੈਬੀ ਸ਼ਕਤੀ ਹੈ ਤਾਂ ਉਹ ਸਾਇੰਸਦਾਨਾਂ ਦੇ ਈਜਾਦ ਕੀਤੇ ਫੋਨ ਵਰਤਣ ਦੀ ਥਾਂ ਆਪਣੇ ਈਜਾਦ ਕੀਤੇ ਗ਼ੈਬੀ ਫੋਨ ਕਿਉਂ ਨਹੀਂ ਵਰਤ ਲੈਂਦੇ? ਕਿਸੇ ਗ਼ੈਬੀ ਮੀਡੀਏ ਰਾਹੀਂ ਹੀ ਆਪਣਾ ਪ੍ਰਚਾਰ ਕਿਉਂ ਨਹੀਂ ਕਰ ਲੈਂਦੇ?

**ਜਾਦੂ ਉਹ ਜੋ ਸਿਰ ਚੜ੍ਹ ਕੇ ਬੋਲੇ**

ਸੋ ਸਾਲਾ ਖ਼ਾਨਦਾਨੀ ਤਜਰਬੇ ਦਾ ਨਿਚੋੜ ! ਤੁਹਾਡੇ ਦੁਸ਼ਮਣਾਂ ਦੇ ਕੀਤੇ ਹੋਏ ਜਾਦੂ-ਟੂਣੇ, ਜਿਨ੍ਹਾਂ ਨੇ ਤੁਹਾਡੀ ਜ਼ਿੰਦਗੀ ਨਰਕ ਬਣਾ ਦਿੱਤੀ ਹੈ। ਤੁਸੀਂ ਵੱਡੇ-ਵੱਡੇ ਪੰਡਿਤਾਂ ਅਤੇ ਜਾਦੂਗਰਾਂ ਕੋਲ ਜਾ ਕੇ ਆਪਣਾ ਸਮਾਂ ਅਤੇ ਪੈਸਾ ਬਰਬਾਦ ਕਰ ਚੁੱਕੇ ਹੋ । ਅੱਜ ਹੀ ਅਜਮੇਰੀ ਬਾਬੇ ਨੂੰ ਟੈਲੀਫੋਨ ਕਰੋ:

**24 ਘੰਟਿਆਂ ਦੇ ਅੰਦਰ ਆਪਣੀਆਂ ਅੱਖਾਂ ਸਾਹਮਣੇ ਤੁਹਾਡੇ ਉਪਰ ਕੀਤਾ ਹੋਇਆ ਜਾਦੂ-ਟੂਣਾ ਖ਼ਤਮ ਹੁੰਦਾ ਵੇਖੋ !**

ਮੰਦਭਾਗੀ ਗੱਲ ਇਹ ਹੈ ਕਿ ਗਿਆਨ ਵਿਗਿਆਨ ਦੀ ਇੱਕੀਵੀਂ ਸਦੀ ਵਿਚ ਵੀ ਦੁਨੀਆਂ ਮੂਰਖਾਂ ਨਾਲ ਭਰੀ ਪਈ ਹੈ। ਕਈ ਚਤਰ ਬੰਦੇ ਮੂਰਖਾਂ ਨੂੰ ਹੋਰ ਮੂਰਖ ਬਣਾਈ ਜਾਂਦੇ ਹਨ। ਕੋਈ ਧਰਮਾਂ ਦੇ ਨਾਂ 'ਤੇ, ਕੋਈ ਵਾਦਾਂ ਦੇ ਨਾਂ 'ਤੇ, ਕੋਈ ਪਾਰਟੀ, ਕੋਈ ਗੋਤਾਂ, ਜਾਤਾਂ, ਨਸਲਾਂ, ਫਿਰਕਿਆਂ ਦੇ ਨਾਂ 'ਤੇ, ਕੋਈ ਸੁਰਗ ਨਰਕ ਦੇ ਲਾਰਿਆਂ ਤੇ ਕੋਈ ਕਾਲੇ ਇਲਮਾਂ ਤੇ ਗਿੱਦੜਸਿੰਙੀਆਂ ਦੇ ਨਾਂ ਉਤੇ ਮਲਾਈ ਲਾਹੀ ਜਾਂਦਾ ਹੈ। ਇਹ ਗੱਲ ਵਾਕਿਆ ਹੀ ਸਹੀ ਹੈ ਕਿ ਦੁਨੀਆ ਲੁੱਟਣ ਖੁਣੋਂ ਪਈ ਹੈ। ਲੱਗਦਾ ਹੈ ਲੁੱਟੇ ਜਾਣ ਵਾਲੇ ਬੜੇ ਬਿਹਬਲ ਹਨ ਕਿ ਕੋਈ ਆਵੇ ਤੇ ਉਨ੍ਹਾਂ ਨੂੰ ਲੁੱਟ ਕੇ ਮੌਜ ਕਰੇ! ਕੁਝ ਸਾਲ ਪਹਿਲਾਂ ਅਮਨ ਸਾਹਿਬ ਨਾਂ ਦਾ ਅਜਿਹਾ ਹੀ ਇਕ ਲੋਟੂ ਸ਼ਿਕਾਗੋ ਵਿਚ ਪ੍ਰੋਫੈਸਰਾਂ ਤੱਕ ਨੂੰ ਲੁੱਟ ਕੇ ਅਗਾਂਹ ਹੋਇਆ। ਦਿਲਚਸਪ ਗੱਲ ਇਹ ਹੈ ਕਿ ਇਸ ਨੇ ਸਾਲ ਭਰ ਦੇ ਵਕਫੇ ਬਾਅਦ ਹੀ ਕੈਲੀਫੋਰਨੀਆ ਵਿਚ ਜਾ ਦੁਕਾਨ ਖੋਲ੍ਹੀ ਅਤੇ ਉਥੇ ਵੀ ਇਸ ਦੇ ਸ਼ਿਕਾਰਾਂ ਵਿਚ ਪ੍ਰੋਫੈਸਰ ਅਤੇ ਐਡੀਟਰ ਵੀ ਸ਼ਾਮਲ ਸਨ। ਨੁਸਖਾ ਉਸ ਪਾਸ ਇਹ ਸੀ ਕਿ ਉਹ ਆਂਡੇ ਵਿਚੋਂ ਲਾਟਰੀ ਦੇ ਨੰਬਰ ਕੱਢ ਕੇ ਦਿੰਦਾ ਸੀ। ਇਹ ਸਭ ਕੁਝ ਇਸੇ ਅਖ਼ਬਾਰ ਵਿਚ ਅਮਨ ਸਾਹਿਬ ਦੀਆਂ ਕਰਤੂਤਾਂ ਦਾ ਪਰਦਾ ਫਾਸ਼ ਹੋਣ ਤੋਂ ਬਾਅਦ ਵੀ ਹੋਇਆ।

## ਖਰਾ ਹੋਕਾ

ਇਸ ਹਾਲਤ ਵਿਚ ਸਹੀ 'ਸਿਆਣਾ' ਉਹੀ ਹੋਵੇਗਾ ਜੋ ਜਨ ਸਾਧਾਰਨ ਨੂੰ ਸਚਮੁੱਚ ਜਾਗ੍ਰਿਤ ਕਰੇ। ਮੀਡੀਏ ਦਾ ਫਰਜ਼ ਹੈ ਲੋਕਾਂ ਨੂੰ ਤੱਥਾਂ ਦੀ ਸਹੀ ਜਾਣਕਾਰੀ ਦੇਣੀ, ਸਿੱਖਿਅਤ ਕਰਨਾ, ਜਾਗ੍ਰਿਤੀ ਲਿਆਉਣੀ ਤੇ ਸਿਹਤਮੰਦ ਮਨੋਰੰਜਨ ਕਰਨਾ। ਜਿਹੜੇ ਮੀਡੀਆ ਵਾਲੇ ਇਹ ਕਹਿੰਦੇ ਹਨ ਕਿ ਅਸੀਂ ਤਾਂ ਜੀ ਹੋਕਾ ਦੇਣ ਵਾਲੇ ਹਾਂ, ਸਾਥੋਂ ਜਿਹੋ ਜਿਹਾ ਮਰਜ਼ੀ ਹੋਕਾ ਦੁਆ ਲਓ, ਉਹ ਮੀਡੀਏ ਦੇ ਉਦੇਸ਼ ਤੋਂ ਕੋਹਾਂ ਦੂਰ ਹਨ। ਮੀਡੀਆ ਨਿਰਾ ਧੂਤੂ ਨਹੀਂ ਹੁੰਦਾ। ਲੋਟੂਆਂ ਦੀ ਲੁੱਟ ਵਿਚ ਹਿੱਸੇਦਾਰ ਬਣਨਾ ਕਿਸੇ ਤਰ੍ਹਾਂ ਵੀ ਵਾਜਬ ਨਹੀਂ। ਅਖੌਤੀ ਪੀਰ-ਪੰਡਿਤ ਤੇ ਸਾਧ-ਬਾਬੇ ਰੇਡੀਓ, ਟੀ. ਵੀ. ਤੇ ਅਖ਼ਬਾਰਾਂ ਨੂੰ ਲੱਖਾਂ ਰੁਪਈਆਂ ਦੇ ਇਸ਼ਤਿਹਾਰ ਦਿੰਦੇ ਹਨ। ਉਹ ਇਸ਼ਤਿਹਾਰ ਲਗਭਗ ਉਸੇ ਤਰ੍ਹਾਂ ਦੇ ਹੁੰਦੇ ਹਨ ਜਿਹੋ ਜਿਹੇ ਇਸ਼ਤਿਹਾਰ ਦਾ ਉਪਰ ਜ਼ਿਕਰ ਕੀਤਾ ਹੈ।

ਪੰਜਾਬੀ ਪ੍ਰੈੱਸ ਕਲੱਬ ਆਫ਼ ਕੈਨੇਡਾ ਨੇ ਆਪਣੀ ਇਕ ਸਾਲਾਨਾ ਕਨਵੈਨਸ਼ਨ ਵਿਚ ਮਤਾ ਪਾਸ ਕੀਤਾ ਸੀ ਕਿ ਉਹ ਅਜਿਹੀ ਲੁੱਟ-ਖਸੁੱਟ ਤੋਂ ਲੋਕਾਂ ਨੂੰ ਬਚਾਉਣ ਲਈ ਵਿਸ਼ੇਸ਼ ਮੁਹਿੰਮ ਚਲਾਉਣਗੇ। ਲੋਕਾਂ ਨੂੰ ਸੁਚੇਤ ਕਰਨ ਲਈ ਅਖ਼ਬਾਰਾਂ ਵਿਚ ਵਿਸ਼ੇਸ਼ ਸਮੱਗਰੀ ਛਾਪੀ ਜਾਵੇਗੀ।

ਵੇਖਣਾ ਇਹ ਹੈ ਕਿ ਵੱਖ ਵੱਖ ਤਰ੍ਹਾਂ ਦੇ ਮੀਡੀਏ ਦੇ ਕਿੰਨੇ ਕੁ ਲੋਕ ਇਸ ਸ਼ੁਭ ਕਾਰਜ ਵਿਚ ਸ਼ਾਮਲ ਹੁੰਦੇ ਹਨ ਤੇ ਜਨ ਸਾਧਾਰਨ ਨੂੰ ਧੋਖੇ ਤੋਂ ਬਚਾਉਂਦੇ ਹਨ? ਤੇ ਵੇਖਣਾ ਇਹ ਵੀ ਹੈ ਕਿ ਕੌਣ ਲੋਟੂਆਂ ਵੱਲ ਖੜ੍ਹਦਾ ਹੈ ਤੇ ਕੌਣ ਲੁੱਟੇ ਜਾਣ ਵਾਲਿਆਂ ਵੱਲ? ਬਹੁਕਰ ਬੁਹਾਰੀ 'ਠੱਗ-ਘਰਾਂ' ਤੋਂ ਲੈ ਕੇ 'ਰੱਬ-ਘਰਾਂ' ਤਕ ਸਾਰੇ ਪਾਸੀਂ ਮਾਰਨ ਦੀ ਲੋੜ ਹੈ। ਲੋੜ ਹੈ ਹਰ ਤਰ੍ਹਾਂ ਦੇ ਠੱਗ ਨੂੰ ਨੰਗਾ ਕਰਨ ਦੀ। ਬੁੱਲ੍ਹੇ ਸ਼ਾਹ ਨੇ ਤਾਂ ਇਥੋਂ ਤਕ ਲਿਖ ਛੱਡਿਆ ਹੈ:

ਬੁੱਲ੍ਹਿਆ ਧਰਮਸਾਲ ਧੜਵਾਈ ਰਹਿੰਦੇ,
ਠਾਕਰ ਦੁਆਰੇ ਠੱਗ
ਵਿਚ ਮਸੀਤਾਂ ਕੁਸੱਤੀਏ ਰਹਿੰਦੇ,
ਆਸ਼ਕ ਰਹਿਣ ਅਲੱਗ
ਬੁੱਲ੍ਹਿਆ ਪੀ ਸ਼ਰਾਬ ਤੇ ਖਾ ਕਬਾਬ,
ਹੇਠਾਂ ਬਾਲ ਹੱਡਾਂ ਦੀ ਅੱਗ
ਚੋਰੀ ਕਰ ਤੇ ਭੰਨ ਘਰ ਰੱਬ ਦਾ,
ਓਸ ਠੱਗਾਂ ਦੇ ਠੱਗ ਨੂੰ ਠੱਗ।

# ਗੁੱਸੇਖੋਰਾਂ ਦੇ 50 ਸਾਲ ਤੋਂ ਪਹਿਲਾਂ ਮਰਨ ਦਾ ਡਰ ਹੁੰਦਾ

**ਨਵੀਂ ਦਿੱਲੀ:** ਕੀ ਤੁਹਾਨੂੰ ਛੋਟੀਆਂ-ਛੋਟੀਆਂ ਗੱਲਾਂ ਉਤੇ ਗੁੱਸਾ ਆਉਂਦਾ ਹੈ। ਜੇ ਹਾਂ ਤਾਂ ਹਾਲੇ ਵੀ ਸਮਾਂ ਹੈ ਕਿ ਤੁਹਾਨੂੰ ਆਪਣੀ ਇਸ ਆਦਤ ਉਤੇ ਕਾਬੂ ਪਾ ਲੈਣਾ ਚਾਹੀਦਾ ਹੈ ਕਿਉਂਕਿ ਗੁੱਸੇਖੋਰ ਵਿਅਕਤੀਆਂ ਦੇ 50 ਸਾਲ ਤੋਂ ਵੀ ਘੱਟ ਉਮਰ ਵਿਚ ਮੌਤ ਦਾ ਸ਼ਿਕਾਰ ਹੋ ਜਾਣ ਦਾ ਪੰਜ ਗੁਣਾਂ ਵਧ ਖਦਸ਼ਾ ਹੁੰਦਾ ਹੈ।

ਇਹ ਗੱਲ ਹਾਲ ਹੀ ਵਿਚ ਛਪੀ ਕਿਤਾਬ 'ਐਂਗਰ ਮੈਨੇਜਮੈਂਟ' (ਗੁੱਸਾ ਪ੍ਰਬੰਧਨ) ਵਿਚ ਕਹੀ ਗਈ ਹੈ। ਇਹ ਕਿਤਾਬ ਅੱਲ੍ਹੜ ਉਮਰ ਦੇ ਬੱਚਿਆਂ ਸਬੰਧੀ ਮਾਹਰ ਸਵਾਤੀ ਭਾਵੇ ਤੇ ਗੁੱਸੇ ਸਬੰਧੀ ਸਮੱਸਿਆਵਾਂ ਦੇ ਖੋਜਕਾਰ ਸੁਨੀਲ ਸੈਣੀ ਨੇ ਲਿਖੀ ਹੈ। ਕਿਤਾਬ ਵਿਚ ਕਿਹਾ ਗਿਆ ਹੈ ਕਿ ''ਗੁੱਸੇ ਕਾਰਨ ਖੂਨ ਦਾ ਦਬਾਅ ਵਧ ਜਾਂਦਾ ਹੈ, ਇਸ ਨਾਲ ਦਿਲ ਦਾ ਦੌਰਾ ਪੈਣ, ਦਿਲ ਦੀਆਂ ਬਿਮਾਰੀਆਂ, ਕੈਂਸਰ, ਉਦਾਸੀ ਰੋਗ ਅਤੇ ਹੋਰ ਮਾਨਸਿਕ ਸਮੱਸਿਆਵਾਂ ਪੈਦਾ ਹੋਣ ਦਾ ਖਦਸ਼ਾ ਵੀ ਵਧ ਜਾਂਦਾ ਹੈ।'' ਕਿਤਾਬ ਵਿਚ ਕਿਹਾ ਗਿਆ ਹੈ ਕਿ ਆਪਣੇ ਗੁੱਸੇ ਨੂੰ ਸੰਭਾਲਣ (ਮੈਨੇਜ ਕਰਨ) ਦਾ ਤਰੀਕਾ ਸਿੱਖ ਕੇ ਕੋਈ ਵੀ ਵਿਅਕਤੀ ਗੁੱਸੇ ਦੇ ਆਪਣੀ ਸਿਹਤ ਲਈ ਨੁਕਸਾਨਦੇਹ ਹੋਣ ਤੋਂ ਪਹਿਲਾਂ ਇਸ ਨਾਲ ਸਿੱਝ ਸਕਦਾ ਹੈ ਅਤੇ ਨਾਂਹਵਾਚੀ ਸੋਚਾਂ ਤੇ ਜਜ਼ਬਾਤ ਉਤੇ ਕਾਬੂ ਪਾ ਸਕਦਾ ਹੈ। ਕਿਤਾਬ ਵਿਚ ਲਿਖਿਆ ਹੈ, ''ਗੁੱਸਾ ਮੈਨੇਜਮੈਂਟ ਤਕਨੀਕਾਂ ਬੱਚਿਆਂ, ਅੱਲ੍ਹੜਾਂ ਤੇ ਬਾਲਗਾਂ ਵਿਚ ਗੁੱਸੇ ਅਤੇ ਹਮਲਾਵਰਨਾ ਰੁਝਾਨ ਨਾਲ ਸਿੱਝਣ ਵਿਚ ਬਹੁਤ ਕਾਰਗਰ, ਰਹਿੰਦੀਆਂ ਹਨ।'' ਇਸ ਕਿਤਾਬ ਵਿਚ ਗੁੱਸੇ ਨਾਲ ਸਿੱਝਣ ਲਈ ਅਨੇਕਾਂ ਨੁਕਤੇ ਦੱਸੇ ਗਏ ਹਨ। ਕਿਤਾਬ ਨੂੰ ਕਈ ਘਟਨਾਵਾਂ ਦੇ ਜ਼ਿਕਰ ਅਤੇ ਤਸਵੀਰਾਂ ਦੇ ਕਾਰਟੂਨਾਂ ਆਦਿ ਰਾਹੀਂ ਵੀ ਦਿਲਚਸਪ ਤੇ ਮਨੋਰੰਜਕ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਅਜਿਹੇ ਨੁਕਤਿਆਂ ਵਿਚ ਕਿਹਾ ਗਿਆ ਹੈ, ''ਗੁੱਸੇ ਦਾ ਪਹਿਲਾ ਸੰਕੇਤ ਮਿਲਦਿਆਂ ਹੀ ਚੌਕਸ ਹੋ ਜਾਵੋ, ਸ਼ੁਰੂਆਤੀ ਦੌਰ ਵਿਚ ਹੀ ਗੁੱਸੇ ਨੂੰ ਠੰਢਾ ਕਰ ਦਿਓ, ਜਦੋਂ ਵੀ ਗੁੱਸੇ ਵਾਲੀ ਕੋਈ ਸਥਿਤੀ ਹੋਵੇ ਟਕਰਾਅ ਨੂੰ ਘਟਾਉਣ ਦੀ ਕੋਸ਼ਿਸ਼ ਕਰੋ ਅਤੇ ਕੋਈ ਵੀ ਗਲਤ ਸਿੱਟਾ ਕੱਢਣ ਤੋਂ ਪਹਿਲਾਂ ਤੱਥਾਂ ਅਤੇ ਅਸਲੀਅਤ ਨੂੰ ਚੰਗੀ ਤਰ੍ਹਾਂ ਜਾਂਚ ਲਓ।



ਲੇਖਕਾਂ ਨੇ ਜ਼ੋਰ ਦੇ ਕੇ ਕਿਹਾ ਹੈ, ''ਗੁੱਸੇ ਕਾਰਨ ਵਿਕਾਸ, ਉਤਪਾਦਕਤਾ ਅਤੇ ਪ੍ਰਭਾਵਕਤਾ ਉਤੇ ਮਾੜਾ ਅਸਰ ਪੈਂਦਾ ਹੈ। ਗੁੱਸਾ ਭਾਵੇਂ ਪਰਿਵਾਰ ਵਿਚ ਹੋਵੇ ਜਾਂ ਕੰਮ ਵਾਲੀ ਥਾਂ, ਇਸ ਨਾਲ ਕੰਮ-ਕਾਜ ਵਿਚ ਰੁਕਾਵਟ ਪੈਂਦੀ ਹੈ। ਗੁੱਸਾ ਕਿਸੇ ਵਿਅਕਤੀ ਦੀ ਹਾਲਤ ਨੂੰ ਸਹੀ ਨਜ਼ਰੀਏ, ਤਰਕਸ਼ੀਲਤਾ ਅਤੇ ਨਿਰਪੱਖਤਾ ਨਾਲ ਦੇਖਣ ਤੇ ਸਮਝਣ ਦੀ ਸਮਰੱਥਾ ਨੂੰ ਖੋਰਾ ਲਾਉਂਦਾ ਹੈ। ਇਸ ਲਈ ਗੁੱਸੇ ਨੂੰ ਸੰਭਾਲਣ ਜਾਂ ਇਸ ਨੂੰ ਕਾਬੂ ਕਰਨ ਦਾ ਵਲ ਸਿੱਖਣਾ ਸਭ ਲਈ ਲਾਜ਼ਮੀ ਹੈ, ਭਾਵੇਂ ਉਹ ਬੱਚੇ ਹੋਣ, ਨੌਜਵਾਨ ਹੋਣ ਜਾਂ ਬਜ਼ੁਰਗ।'' ਗੁੱਸੇ ਦੀ ਮੈਨੇਜਮੈਂਟ ਲਈ ਇਸ ਕਿਤਾਬ 'ਚ ਤਕਨੀਕਾਂ ਮੌਜੂਦ ਹਨ।

# ਡੀ. ਆਰ. ਡੀ. ਈ. ਦੇ ਵਿਗਿਆਨੀ ਦੀ ਬਲੀ ਲੈਣ ਲੱਗੇ ਸਨ ਉਸ ਦੇ ਸੀਨੀਅਰ!

**ਗਵਾਲੀਅਰ :** ਰੱਖਿਆ ਖੋਜ ਤੇ ਵਿਕਾਸ ਇੰਸਟੀਚਿਊਟ ਦੇ ਸੀਨੀਅਰ ਵਿਗਿਆਨੀ ਆਪਣੇ ਇਕ ਜੂਨੀਅਰ ਦੀ ਬਲੀ ਦੇਣ ਲੱਗੇ ਸਨ, ਪਰ ਉਹ ਕਿਸੇ ਤਰ੍ਹਾਂ ਬਚ ਗਿਆ। ਇਹ ਦੋਸ਼ ਪੁਲਿਸ ਕੋਲ ਕੀਤੀ ਸ਼ਿਕਾਇਤ ਵਿਚ ਵਿਗਿਆਨੀ ਦੀ ਪਤਨੀ ਨੇ ਲਾਇਆ। ਇਕ ਉਚ ਅਧਿਕਾਰੀ ਨੇ ਦੱਸਿਆ ਕਿ ਸ਼ੁਕਰਵਾਰ ਨੂੰ ਜੂਨੀਅਰ ਵਿਗਿਆਨੀ ਸੁਸ਼ੀਲ ਕੁਮਾਰ ਸ਼ਰਮਾ ਦੀ ਪਤਨੀ ਸ਼ਰਧਾ ਸ਼ਰਮਾ ਨੇ ਦਾਇਰ ਸ਼ਿਕਾਇਤ ਵਿਚ ਦੋਸ਼ ਲਾਇਆ ਹੈ ਕਿ ਕੁਝ ਦਿਨ ਪਹਿਲਾਂ ਦੋ ਸੀਨੀਅਰ ਵਿਗਿਆਨੀ ਮੰਤਰਾਂ ਦਾ ਉਚਾਰਣ ਕਰਦੇ ਸਮੇਂ ਉਸ ਦੇ ਪਤੀ ਦੀ ਬਲੀ ਦੇਣ ਲੱਗੇ ਸਨ ਪਰ ਉਹ ਵਾਲ-ਵਾਲ ਬਚ ਗਿਆ। ਉਸ ਨੇ ਪੁਲਿਸ ਨੂੰ ਦੱਸਿਆ ਕਿ ਡੀ. ਆਰ. ਡੀ. ਈ. ਦੇ ਸੀਨੀਅਰ ਵਿਗਿਆਨੀ ਡਾ. ਐਮ. ਕਾਮੇਸ਼ਵਰ ਰਾਓ ਨੇ ਫੋਨ ਕਰਕੇ ਉਸ ਦੇ ਪਤੀ ਨੂੰ 6 ਅਕਤੂਬਰ ਦੀ ਰਾਤ ਨੂੰ ਇਹ ਕਹਿ ਕੇ ਆਪਣੇ ਘਰ ਸੱਦਿਆ ਕਿ ਉਹ ਠੀਕ ਮਹਿਸੂਸ ਨਹੀਂ ਕਰ ਰਿਹਾ। ਜਦ ਸ਼ਰਮਾ ਰਾਓ ਦੇ ਘਰ ਪਹੁੰਚਿਆ ਤਾਂ ਇਕ ਹੋਰ ਸੀਨੀਅਰ ਵਿਗਿਆਨੀ ਡਾ. ਏ. ਐਸ. ਐਸ. ਭਾਸਕਰ ਵੀ ਉਥੇ ਕੋਈ ਪੂਜਾ ਕਰ ਰਹੇ ਸਨ। ਭਾਸਕਰ ਨੇ ਸ਼ਰਮਾ ਨੂੰ ਕੁਝ ਦੇਰ ਉਡੀਕਣ ਲਈ ਕਿਹਾ। ਸ਼ਿਕਾਇਤ ਅਨੁਸਾਰ ਉਡੀਕਦਿਆਂ-ਉਡੀਕਦਿਆਂ ਸ਼ਰਮਾ ਉਂਘਣ ਲੱਗ ਪਿਆ ਤੇ ਉਸ ਦੀ ਅੱਖ ਉਦੋਂ ਖੁੱਲ੍ਹੀ ਜਦ ਉਸ ਉਪਰ ਪਾਣੀ ਛਿੜਕਿਆ ਗਿਆ।

ਉਹ ਆਪਣੇ ਸੀਨੀਅਰਾਂ ਨੂੰ ਮੰਤਰਾਂ ਦਾ ਜਾਪ ਕਰਦਿਆਂ ਕਰਦਿਆਂ ਤੇਜ਼ਧਾਰ ਹਥਿਆਰ ਲੈ ਕੇ ਆਪਣੇ ਵਲ ਵਧਦੇ ਦੇਖ ਕੇ ਘਬਰਾ ਗਿਆ ਤੇ ਜਦ ਉਸ ਨੇ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਦੋਹਾਂ ਵਿਗਿਆਨੀਆਂ ਨੇ ਉਸ ਨੂੰ ਫੜ ਲਿਆ ਤੇ ਗੁੱਥਮ-ਗੁੱਥੀ ਹੋ ਗਏ। ਸ਼ਰਧਾ ਦੀ ਸ਼ਿਕਾਇਤ ਅਨੁਸਾਰ ਇਸੇ ਦੌਰਾਨ ਸ਼ਰਮਾ ਵਲੋਂ ਰੌਲਾ ਪਾਏ ਜਾਣ 'ਤੇ ਕਾਲੋਨੀ ਦਾ ਚੌਕੀਦਾਰ ਮੌਕੇ 'ਤੇ ਆ ਗਿਆ ਤੇ ਮੌਕੇ ਦਾ ਫਾਇਦਾ ਉਠਾ ਕੇ ਉਸ ਦਾ ਪਤੀ ਬਚ ਨਿਕਲਿਆ। ਪੁਲਸ ਕੋਲ ਦੇਰ ਨਾਲ ਸ਼ਿਕਾਇਤ ਕਰਨ ਬਾਰੇ ਉਸ ਨੇ ਦੱਸਿਆ ਕਿ ਦੋਵੇਂ ਮੁਲਜ਼ਮ ਵਿਗਿਆਨੀ ਉਸ ਨੂੰ ਗੰਭੀਰ ਸਿੱਟੇ ਭੁਗਤਣ ਦੀਆਂ ਧਮਕੀਆਂ ਦੇ ਰਹੇ ਸਨ। ਪੁਲਿਸ ਨੇ ਸ਼ਿਕਾਇਤ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਹਸਨਪੁਰੀ:ਗਿੱਲੀ ਵੱਟ ਤੋਂ ਪੈਰ ਤਿਲਕ ਹੀ ਗਿਆ!

ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ

ਫੋਨ: 925-752-8025

*ਬੇ ਮੌਸਮਾ ਮੀਂਹ ਕਿਸੇ ਨੂੰ ਵੀ ਚੰਗਾ ਨਹੀਂ ਲੱਗਦਾ। ਗੁਣ ਨਾ ਹੋਣ ਤਾਂ ਨੂੰਹ ਦੇ ਸਿਰ ਤੋਂ ਪਾਣੀ ਵਾਰ ਕੇ ਪੀਣ ਵਾਲੀ ਸੱਸ ਵਿਆਹ ਤੋਂ ਪਿੱਛੋਂ ਚਾਰ ਪੰਜ ਸਾਲ ਤੀਕਰ ਜੁਆਕ ਵਿਹੜੇ ਨਾ ਖੇਡਣ 'ਤੇ ਨੂੰਹ ਨੂੰ 'ਖੱਚਰ ਆ ਗਈ ਸਾਡੇ ਘਰ' ਕਹਿਣ ਲੱਗ ਪੈਂਦੀ ਹੈ। ਤੋਤੇ ਦੇ ਗਲ ਵਿਚ ਰੱਬ ਨੇ ਗਾਨੀ ਇਸ ਕਰਕੇ ਬਣਾਈ ਸੀ ਕਿ ਸੁਨਿਆਰ ਭੁਲੇਖੇ 'ਚ ਨਾ ਰਹਿਣ ਕਿ ਇਹ ਕੰਮ ਸਿਰਫ ਉਨ੍ਹਾਂ ਨੂੰ ਆਉਂਦਾ ਹੈ। ਕਹਿਣ ਵਾਲੇ ਅਰਥ ਕੱਢੀ ਜਾਂਦੇ ਨੇ ਕਿ ਪੈਲ ਪਾ ਕੇ ਹਟਣ ਪਿੱਛੋਂ ਪੈਰਾਂ ਵਲ ਵੇਖ ਕੇ ਝੂਰਦਾ ਮੋਰ ਅੱਖ ਚੋਂ ਅੱਥਰੂ ਸੁੱਟਦਾ ਹੈ ਪਰ ਮੋਰਨੀ ਦੂਰ ਖੜ੍ਹੀ ਇਸ ਉਡੀਕ ਵਿਚ ਹੁੰਦੀ ਹੈ ਕਿ ਕਦੋਂ ਉਹਦੀ ਅੱਖ 'ਚੋਂ ਅੱਥਰੂ ਡਿਗੇ ਤੇ ਉਹ ਦਬੋਚ ਲਵੇ, ਤਦ ਹੀ ਉਹਦੀ ਗੋਦੀ 'ਚ ਲਾਲ ਖੇਡਣ ਦੀ ਉਮੀਦ ਪੂਰੀ ਹੋਣੀ ਹੁੰਦੀ ਹੈ। 'ਪੁੱਤਰ, ਧੀ ਤੇ ਖੁਰਪਾ ਚੰਡੇ ਹੀ ਕੰਮ ਦਿੰਦੇ ਨੇ...।' ਸਮਾਜ ਨ੍ਹੀਂ ਜ਼ਿੰਦਗੀ ਦਾ ਯਥਾਰਥ ਹੈ ਤੇ ਇਨ੍ਹਾਂ ਸਾਰੀਆਂ ਗੱਲਾਂ ਨੂੰ ਹਰ ਕੋਈ ਨਹੀਂ, ਮੱਛੀ ਦੀ ਮੁੱਛ ਦਾ ਵਾਲ ਫੜਨ ਵਾਲੀ ਸਿਰਫ ਸ਼ਾਇਰ ਦੀ ਅੱਖ ਹੁੰਦੀ ਹੈ। ਜਦੋਂ ਸੀਵਰੇਜ ਨਹੀਂ ਹੁੰਦਾ ਸੀ ਤਾਂ ਬੰਦਾ ਹਰ ਰੋਜ਼ ਉਹਲੇ ਹੋ ਕੇ ਜੰਗਲ-ਪਾਣੀ ਜਾਣ ਲਈ ਤਾਲਿਬਾਨ ਵਾਂਗ ਸੰਘਰਸ਼ ਕਰਦਾ ਸੀ। ਅਸੀਂ ਛੋਟੀਆਂ ਛੋਟੀਆਂ ਇੱਜਤਾਂ ਵਾਲੇ ਨਿੱਕੀ ਜਿਹੀ ਗੱਲ ਨੂੰ ਬੇਇੱਜਤੀ ਸਮਝ ਕੇ ਉਦਾਸ ਤੇ ਗੁੰਮ ਹੋ ਜਾਂਦੇ ਹਾਂ। ਗੀਤਾਂ ਨੂੰ ਪਿਆਰ ਕਰਨ ਵਾਲੇ ਹਰ ਗੀਤ 'ਚੋਂ ਇਕ ਕਹਾਣੀ ਸੁਣ ਲੈਂਦੇ ਹਨ। ਇਕ ਮੁਟਿਆਰ ਨੇ ਦੂਜੀ ਨੂੰ ਪਰੀਆਂ ਬਾਰੇ ਪੁੱਛਿਆ ਤਾਂ ਉਹ ਬੋਲੀ, ਹੌਲੀ ਬੋਲ ਕੋਈ ਮੈਨੂੰ ਨਾ ਵੇਖ ਲਵੇ। ਦੁਨੀਆਂ ਅਸਲ ਵਿਚ ਭਰਮਾਂ ਨੇ ਖਾ ਲਈ ਹੈ। ਭਾਵੇਂ ਅਸੀਂ ਮਰ ਗਏ ਦੀ ਆਤਮਿਕ ਸ਼ਾਂਤੀ ਲਈ ਅਰਦਾਸਾਂ ਦਾ ਸਿਲਸਿਲਾ ਜਾਰੀ ਰੱਖਦੇ ਆਏ ਹਾਂ ਪਰ ਹੋਣੀ ਸਾਹ ਸੂਤਣ ਲੱਗਿਆਂ ਸਾਰੇ ਭਰਮ ਭੁਲੇਖਿਆਂ ਦੀ ਅਰਦਾਸ ਨਾਲ ਹੀ ਕਰ ਜਾਂਦੀ ਹੈ ਕਿ ਇਹਦਾ ਕੰਮ ਮੁੱਕ ਗਿਆ ਹੈ। ਇੰਦਰਜੀਤ ਹਸਨਪੁਰੀ ਦੀ ਮੌਤ ਦਾ ਡਾਢਾ ਦੁੱਖ ਇਸ ਕਰਕੇ ਹੋਇਆ ਹੈ ਇਕ ਸਮਰੱਥ ਸ਼ਾਇਰ, ਰੰਗੀਲਾ ਸੱਜਣ, ਵਿਲੱਖਣ ਸ਼ਖਸ ਉਦੋਂ ਹੱਥਾਂ 'ਚੋਂ ਤਿਲਕ ਕੇ ਨਿਕਲ ਗਿਆ ਹੈ ਜਦੋਂ ਹਾਲੇ ਉੱਕਾ ਹੀ ਆਸ ਨਹੀਂ ਸੀ। ਲਗਦਾ ਨਹੀਂ ਸੀ ਉਹ ਏਡੀ ਛੇਤੀ ਕੁੰਡਾ ਖੋਲ੍ਹ ਦੇਵੇਗਾ? ਤੋਰ ਦੀ ਗੱਲ ਕਰਨਾ ਵਾਲਾ ਇੰਦਰਜੀਤ 'ਮੌਤ ਦੀ ਗਿੱਲੀ ਵੱਟ ਤੋਂ ਹੋਣੀ ਦੇ ਧੱਫੇ ਨਾਲ ਜਾ ਹੀ ਪਿਆ ਹੈ...।*

ਕਹਿਣਾ ਸੌਖਾ ਹੈ ਪਰ ਸਹਿਣਾ ਬਹੁਤ ਔਖਾ ਹੈ। ਜਿਸ ਘਰ ਵਿਚ ਦੋ ਮੌਤਾਂ ਉਪਰੋ-ਥਲੀ ਹੋ ਜਾਣ ਤੇ ਉਹ ਵੀ ਹੋਣਹਾਰ ਬਿਰਬਾਨਾਂ ਦੀਆਂ ਤਾਂ ਲਗਦਾ ਨ੍ਹੀਂ ਕਹਿਰ ਦੀ ਸਿਖਰ ਹੋ ਗਈ ਹੈ? ਇਵੇਂ ਪੰਜਾਬੀ ਗੀਤਕਾਰੀ ਦੇ ਆਂਗਣ ਵਿਚ ਦੋ ਸੱਥਰ ਦਿਨਾਂ ਵਿਚ ਵਿਛ ਗਏ ਹਨ। ਹਾਲੇ ਸਨਮੁੱਖ ਸਿੰਘ ਆਜ਼ਾਦ ਦਾ ਸਿਵਾ ਠੰਡਾ ਨਹੀਂ ਸੀ ਹੋਇਆ ਕਿ ਇੰਦਰਜੀਤ ਹਸਨਪੁਰੀ ਲਈ ਚਿਖਾ ਚਿਣ ਹੋ ਗਈ। ਹਾਲੇ ਇਕ ਦੀ 'ਵਾਹ ਸ਼ੇਰਾ ਵਾਹ' ਨਹੀਂ ਮੁੱਕੀ ਸੀ ਕਿ ਚਿੱਟੀ ਚੁੰਨੀ ਵਾਲੀਆਂ ਬੀਬੀਆਂ ਦੀਆਂ ਮਕਾਣਾਂ ਦੂਜੇ ਪਾਸਿਓਂ ਦੀ ਤੁਰ ਪਈਆਂ। ਹਾਲੇ ਪਹਿਲੀ ਤੋਂ ਸੰਭਲੇ ਨਹੀਂ ਸੀ ਕਿ ਦੂਜੀ ਹੋਰ ਕਪਾਲ 'ਚ ਪੈ ਗਈ। ਧੜੀ ਅੰਨ੍ਹ ਖਾ ਕੇ ਰੋਜ ਮਰਨ-ਖਪਣ ਵਾਲਿਆਂ ਨੂੰ ਕੋਈ ਪੁੱਛਦੈ? ਜਦੋਂ ਦੁੱਖ ਦੀ ਹਾਲ ਦੁਹਾਈ 'ਚ ਦੁਹੱਥੜੀਂ ਸਿਆਪਾ ਹੋਣ ਲੱਗ ਪਵੇ ਤਾਂ ਅਹਿਸਾਸ ਹੋ ਜਾਂਦਾ ਹੈ ਕਿ ਉਹ ਤੁਰ ਗਏ ਨੇ ਜਿਨ੍ਹਾਂ ਦੀ ਇਥੇ ਵੀ ਲੋੜ ਸੀ ਤੇ ਸ਼ਾਇਦ ਉਪਰ ਵੀ ਹੋਵੇ। ਹਾਲੇ ਕੁਝ ਦਿਨ ਪਹਿਲਾਂ ਖ਼ਬਰਾਂ ਅਖਬਾਰਾਂ ਦੀ ਰੌਣਕ ਬਣੀਆਂ ਸਨ ਕਿ ਹਸਨਪੁਰੀ ਨੂੰ ਕੈਨੇਡਾ 'ਚ ਬਹੁਤ ਮਾਣ-ਸਨਮਾਨ ਮਿਲਿਆ ਹੈ, ਉਹਨੂੰ ਡਾਲਰਾਂ 'ਚ ਜੀਵਨ ਭਰ ਲਈ ਉਹਦੇ ਪ੍ਰਸ਼ੰਸਕਾਂ ਨੇ ਪੈਨਸ਼ਨ ਲਗਾ ਦਿੱਤੀ ਹੈ ਪਰ ਲਗਦੈ ਉਹ ਪਹਿਲੀ ਕਿਸ਼ਤ ਵੀ ਨਹੀਂ ਹਾਸਿਲ ਕਰ ਸਕਿਆ ਹੋਵੇਗਾ। ਮੌਤ ਨੇ ਪੰਜਾਬੀ ਗੀਤਕਾਰੀ ਦੀ ਪਿੱਠ 'ਤੇ ਹੱਥ ਫੇਰ ਕੇ 'ਲੁੱਟੀ ਹੀਰ ਵੇ ਫਕੀਰ ਦੀ' ਵੀ ਮਹਿਸੂਸ ਕਰਵਾ ਦਿੱਤੀ ਹੈ ਤੇ ਨਾਲ ਹੀ ਜਿਸ ਸ਼ਹਿਰ ਦੀ ਆਬੋ-ਹਵਾ ਵਿਚ ਦਿੱਲੀ 'ਚ ਗਾਲਬ ਵਾਂਗ ਸਾਹਿਰ ਲੁਧਿਆਣਵੀ ਮਹਿਕਦਾ ਹੈ ਉਸੇ ਸ਼ਹਿਰ ਲੁਧਿਆਣੇ ਨੂੰ ਹਸਨਪੁਰੀ ਨੇ ਛਾਤੀ 'ਤੇ ਹੱਥ ਜੋੜ ਕੇ ਕਹਿ ਦਿੱਤਾ ਹੈ, 'ਅਸੀਂ ਤੇਰੇ ਸ਼ਹਿਰ ਨੂੰ ਸਲਾਮ ਕਰ ਚੱਲੇ ਹਾਂ...।'

ਕੁਲਦੀਪ ਮਾਣਕ ਵਾਂਗ ਮੈਂ ਹਸਨਪੁਰੀ ਨਾਲ ਤੀਹ ਸਾਲ ਗਹਿਗੱਚ ਹੋ ਕੇ ਗੁਜ਼ਾਰੇ ਹਨ। ਉਹਦੀਆਂ ਚੰਗੀਆਂ ਨੂੰ ਜਾਣਦਾਂ, ਕਿਉਂਕਿ ਮਾੜੀਆਂ ਉਹਦੇ ਵਿਚ ਹੈ ਹੀ ਨਹੀਂ ਸਨ। ਉਹਦੇ ਲਿਖੇ ਗੀਤ ਸੁਣਨ ਵਾਲਿਆਂ ਨੂੰ ਬਹੁਤ ਘੱਟ ਪਤਾ ਹੋਵੇਗਾ ਕਿ ਉਹ ਲਿਖਦਾ ਹੀ ਨਹੀਂ ਸੀ ਉਨ੍ਹਾਂ ਨੂੰ ਰਿਦਮ ਵਿਚ ਪੇਸ਼ ਕਰਨ ਵਿਚ ਵੀ ਕਮਾਲ ਕਰ ਦਿੰਦਾ ਸੀ। ਬਹੁਤੇ ਕਵੀ ਦਰਬਾਰਾਂ ਵਿਚ ਜਿਥੇ ਸੁਰਜੀਤ ਪਾਤਰ ਤੇ ਹਸਨਪੁਰੀ 'ਕੱਠੇ ਹੋ ਜਾਂਦੇ ਸਨ ਤਾਂ ਇਉਂ ਲੱਗਦਾ ਹੁੰਦਾ ਸੀ ਕਿ ਮੁਹੰਮਦ ਰਫੀ ਤੇ ਗੁਰਦਾਸ ਮਾਨ 'ਕੱਠੇ ਹੋ ਗਏ ਹੋਣ। ਜਿਨ੍ਹਾਂ ਦਿਨਾਂ 'ਚ ਜੱਗ ਜਿਉਂਦਿਆਂ ਦੇ ਮੇਲੇ ਨਾਲ ਹਰਭਜਨ ਮਾਨ ਦੀ ਸਿਖਰ ਹੋਈ, ਉਹਦੀ ਮਾਹਿਲਪੁਰ ਦੇ ਸ਼ੌਕੀ ਮੇਲੇ 'ਤੇ ਪਹਿਲੀ ਹਾਜ਼ਰੀ ਸੀ। ਮੰਨੋਗੇ ਕਿ ਮਾਨ ਤੋਂ ਪਿੱਛੋਂ ਮਾੜੇ-ਧੀੜੇ ਗਵੱਈਆਂ ਲਈ ਵੀ ਟਿਕਣਾ ਔਖਾ ਸੀ ਪਰ ਹਸਨਪੁਰੀ ਨੇ ਆਪਣਾ ਸਨਮਾਨ ਲੈਣ ਤੋਂ ਬਾਅਦ ਇਕ ਗੀਤ ਨਾਲ ਨਾ ਸਿਰਫ ਹਜ਼ਾਰਾਂ ਦਰਸ਼ਕਾਂ ਨੂੰ ਨੱਚਣ ਹੀ ਲਗਾਇਆ ਸਗੋਂ ਮੇਲੇ ਦਾ ਗੁਰਜ ਵੀ ਚੁੱਕ ਲਿਆ। ਇਸ ਗੀਤ ਨੂੰ ਹੰਸ ਰਾਜ ਹੰਸ ਨੇ ਬਾਅਦ 'ਚ ਰਿਕਾਰਡ ਕਰਵਾਇਆ ਸੀ:

ਪੀਲਾ ਸੂਟ ਪਾ ਕੇ ਤੂੰ ਸਰ੍ਹੋਂ ਦਾ ਫੁੱਲ ਲੱਗਦੀ
ਲਾਲ ਪਾ ਕੇ ਲੱਗਦੀ ਗੁਲਾਬ ਨੀ ਪੰਜਾਬਣੇ
ਤੇਰਾ ਨਹੀਓਂ ਜੱਗ 'ਤੇ ਜਵਾਬ ਨੀ ਪੰਜਾਬਣੇ...

ਤੇ ਢੋਲਕੀਆਂ ਵਾਲਿਆਂ ਦਾ ਨਹੀਂ ਲੋਕਾਂ ਦੀਆਂ ਤਾਲੀਆਂ ਦਾ ਸੰਗੀਤ ਗਿੱਧਾ ਪਾਉਂਦਾ ਰਿਹਾ।

ਜਿਹੜੇ ਸ਼ਾਇਰੀ ਜਾਂ ਗੀਤਕਾਰੀ ਨੂੰ ਪਸੰਦ ਕਰਦੇ ਹੋਣ ਪਰ ਹਸਨਪੁਰੀ ਨੂੰ ਨਾ ਮਿਲੇ ਹੋਣ ਉਨ੍ਹਾਂ ਦੀ ਹਾਲਤ ਉਹੀ ਹੋਵੇਗੀ ਕਿ ਮੇਲੇ 'ਚ ਦੋ ਪ੍ਰੇਮੀ ਮਿਲੇ ਤਾਂ ਸਨ ਪਰ ਮੁਲਾਕਾਤ ਨਹੀਂ ਹੋਈ। ਹਸਨਪੁਰੀ ਦੀਆਂ ਬੁਢਾਪੇ 'ਚ ਢਿਲਕਦੀਆਂ ਬਾਹਵਾਂ ਵੀ ਗੱਲਵਕੜੀ ਦਾ ਹਾਰ ਬਣਨ ਲੱਗੀਆਂ ਬਿੰਦ ਨ੍ਹੀਂ ਲਾਉਂਦੀਆਂ ਸਨ। ਗੀਤਕਾਰਾਂ ਤੇ ਸ਼ਾਇਰਾਂ ਨੂੰ ਜਿਹੜੀ ਤੇਰਵੇਂ ਰਤਨ ਦੀ ਲਤ ਪਈ ਹੁੰਦੀ ਐ, ਉਨ੍ਹਾਂ 'ਚੋਂ ਸ਼ਾਇਦ ਹਸਨਪੁਰੀ ਪਹਿਲਾ ਗੀਤਕਾਰ ਹੋਵੇਗਾ ਜੋ 'ਮੋੜ ਤੋਂ ਬਚ ਕੇ' ਨਿਕਲਦਾ ਰਿਹੈ, ਜੱਸੋਵਾਲ ਦੇ ਆਲ੍ਹਣੇ 'ਚ ਭਾਵੇਂ 'ਲਾ ਲੈ ਘੁੱਟ, ਲਾ ਲੈ ਘੁੱਟ' ਕਹਿਣ 'ਤੇ ਉਹਨੇ ਚਿੜੀ ਦੀ ਚੁੰਝ ਜਿੰਨੀ ਲਾ ਲਈ ਹੋਵੇਗੀ। ਮੋਟੇ ਤੌਰ ਜੇ ਉਹਦੀ ਪੀਤੀ ਦਾ ਹਿਸਾਬ ਕਰਨਾ ਹੋਵੇ ਤਾਂ ਏਨਾ ਕੁ ਹੋਵੇਗਾ ਜਿਵੇਂ ਪੰਜਾਬ ਦੇ ਕਿਸੇ ਪਿੰਡ ਨੂੰ ਜਾਂਦੀ ਸੜਕ 'ਤੇ ਖੁੱਲ੍ਹੇ ਖੋਖੇ ਨੂੰ ਉਹ ਨੇ ਸਾਰੀ ਉਮਰ ਵਿਚ ਖਾਲੀ ਕੀਤਾ ਹੋਵੇ। ਪੰਜਾਬ ਦੇ ਪਿੰਡਾਂ 'ਚ ਪ੍ਰਦੇਸੀਆਂ ਦੀਆਂ ਕੋਠੀਆਂ 'ਤੇ ਜਹਾਜ਼ ਟਿਕਾਉਣ ਦੀ ਗੱਲ ਭਾਵੇਂ ਦੇਰ ਨਾਲ ਤੁਰੀ ਸੀ ਪਰ ਜੇ ਕਦੇ ਲੁਧਿਆਣਿਓਂ ਫਿਰੋਜ਼ਪੁਰ ਵਾਲੀ ਸੜਕ 'ਤੇ ਨਿਕਲੋ ਤਾਂ ਥਰੀਕਿਆਂ ਵਾਲੇ ਮੋੜ 'ਤੇ ਐਨ ਪੱਕੀ ਸੜਕ ਕਿਨਾਰੇ ਕੋਠੀ 'ਤੇ ਭਾਵੇਂ ਚਿੱਟਾ ਦੁਬਾਰਾ ਉੱਚੀਆਂ ਪੌੜੀਆਂ ਤੇ ਕੋਈ ਚੜ੍ਹਿਆ ਨਾ ਹੋਵੇ ਪਰ ਪਾਣੀ ਦੀ ਟੈਂਕੀ ਦੀ ਥਾਂ 'ਗੜਵਾ ਚਾਂਦੀ ਦਾ' ਰੱਖਿਆ ਹੋਇਆ ਦਸ ਕੋਹ ਤੋਂ ਦਿਸ ਪੈਂਦਾ ਸੀ। ਇਸੇ ਲਈ ਮਕਾਨ ਨੰਬਰ, ਗਲੀ ਨੰਬਰ ਲਿਖਣ ਨਾਲੋਂ ਉਹਦਾ ਸਿਰਨਾਵਾਂ ਲੁਧਿਆਣੇ ਵਰਗੇ 'ਬੰਦੇ ਉਤੇ ਬੰਦੇ ਚੜ੍ਹੇ' ਵਰਗੇ ਸ਼ਹਿਰ ਵਿਚ ਸਭ ਤੋਂ ਛੋਟਾ ਸੀ। ਚਿੱਠੀ ਪੱਤਰ ਕੋਰੀਅਰ ਸਰਵਿਸ ਵਾਂਗ ਦੋ ਚਾਰ ਸ਼ਬਦਾਂ ਦੇ ਪਤੇ ਨਾਲ ਪੁੱਜ ਜਾਂਦਾ ਸੀ:

'ਇੰਦਰਜੀਤ ਹਸਨਪੁਰੀ,
ਕੋਠੀ ਗੜਵਾ ਚਾਂਦੀ ਦਾ,
ਥਰੀਕੇ ਰੋਡ ਲੁਧਿਆਣਾ।'

ਜੱਸੋਵਾਲ ਨੇ ਕਹਿ-ਕਹਾ ਕੇ ਧੱਕੇ ਨਾਲ ਇਹ ਵਿਉਂਤ ਰਚੀ ਸੀ। ਕਿਉਂਕਿ ਇਸੇ ਮੁਖੜੇ ਵਾਲੇ ਉਹਦੇ ਗੀਤ ਨੂੰ ਸੁਰਿੰਦਰ ਕੌਰ ਤੇ ਹਰਚਰਨ ਗਰੇਵਾਲ ਨੇ ਗਾਇਆ ਸੀ:

-ਜੇ ਮੁੰਡਿਆਂ ਤੂੰ ਸਾਡੀ ਤੋਰ ਵੇ ਵੇਖਣੀ
ਗੜਵਾ ਲੈ ਦੇ ਚਾਂਦੀ ਦਾ
ਲੱਕ ਹਿੱਲੇ ਮਜਾਜਣ ਜਾਂਦੀ ਦਾ...
-ਅਸਾਂ ਕੁੜੀਏ ਨਾ ਤੇਰੀ ਤੋਰ ਨ੍ਹੀਂ ਵੇਖਣੀ
ਅੱਗ ਲਾਉਣਾ ਗੜਵਾ ਚਾਂਦੀ ਦਾ।
ਨੀ ਲੱਕ ਟੁੱਟ ਜੂ ਹੁਲਾਰੇ ਖਾਂਦੀ ਦਾ...

ਇਸ ਗੀਤ ਬਾਰੇ ਹਸਨਪੁਰੀ ਕਹਿੰਦਾ ਹੁੰਦਾ ਸੀ ਇਹ ਵੀ 'ਪਾਲੀ ਦੇ ਖੂਹ ਤੋਂ ਪਾਣੀ ਭਰਨ' ਵਰਗੀ ਜੁਆਨੀ ਵੇਲੇ ਦੀ ਕਹਾਣੀ ਸੀ ਕਿ 'ਹਸਨਪੁਰੀ ਤੇਰਾ ਨੀਂ ਬਣਾ ਨਾ ਦੇਵੇ ਗੀਤ ਕਿਤੇ ਮੋਰਾਂ ਵਾਂਗ ਪੈਲਾਂ ਪਾਂਦੀ ਦਾ..।' ਪਰ ਉਹਦੀ ਕਿਸੇ ਪੈਲ ਬਾਰੇ ਹਾਲੇ ਤੀਕਰ ਖੁਲਾਸਾ ਨ੍ਹੀਂ ਕਦੇ ਹੋਇਆ।

ਇੰਦਰਜੀਤ ਹਸਨਪੁਰੀ ਉਸ ਟੱਬਰ ਜਾਂ ਕਬੀਲੇ ਨਾਲ ਸਬੰਧ ਰੱਖਦਾ ਸੀ ਜਿਹੜੇ ਹੱਥੀਂ ਦਸਤਕਾਰੀ ਕਰਦੇ ਹਨ। ਉਹਨੇ ਕੁਝ ਸਮਾਂ ਕਾਰਖਾਨਾ ਵੀ ਚਲਾਇਆ, ਲੁਧਿਆਣੇ 'ਚ ਪੇਂਟਿੰਗ ਦੀ ਦੁਕਾਨ ਵੀ ਕੀਤੀ ਤੇ ਫਿਰ ਜੁਗਤ ਨਾਲ ਸਾਰੀ ਉਮਰ ਉਨ੍ਹਾਂ ਹੱਥਾਂ ਨਾਲ ਗੀਤ ਲਿਖਦਾ ਰਿਹਾ। ਉਹ ਉਨ੍ਹਾਂ ਖੁਸ਼ਕਿਸਮਤ ਲੋਕਾਂ 'ਚੋਂ ਹੈ, ਜਿਨ੍ਹਾਂ ਨੇ ਪੂਰੀ ਵੀ ਖਾਧੀ ਪਰ ਖਾਧੀ ਆਪਣੀ ਕਲਾ ਦੇ ਸਿਰ ਤੋਂ ਹੈ। ਜਿਨ੍ਹਾਂ ਗੀਤਾਂ ਨੇ ਉਹਨੂੰ ਹਰ ਪਾਸੇ ਪਛਾਣ ਦਾ ਚੋਲਾ ਪੁਆ ਕੇ ਦਿੱਤਾ ਉਨ੍ਹਾਂ ਵਿਚ:

-ਮੈਂ ਵੀ ਕੁੜੀ ਆਂ ਵੇ ਚੰਨਾਂ ਦਿੱਲੀ ਸ਼ਹਿਰ ਦੀ
ਜੇ ਤੂੰ ਜੱਟ ਲੁਧਿਆਣੇ ਦਾ....
-ਲੈ ਜਾ ਛੱਲੀਆਂ ਭੁਨਾ ਲਈ ਦਾਣੇ,
ਵੇ ਮਿੱਤਰਾ ਦੂਰ ਦਿਆ...(ਚਾਂਦੀ ਰਾਮ)

ਇਹ ਉਹ ਗੀਤ ਸੀ ਜਿਸ ਨੇ ਹਸਨਪੁਰੀ ਤੇ ਚਾਂਦੀ ਰਾਮ ਦੀਆਂ ਜੇਬਾਂ ਨੋਟਾਂ ਨਾਲ ਭਰੀਆਂ ਤੇ ਚਾਂਦੀ ਰਾਮ ਨੇ ਮਾੜੀ ਲਤ ਪਾ ਲਈ ਦਸਾਂ ਦੇ ਨੋਟ ਨਾਲ ਬੀੜੀ ਲਾਉਣ ਦੀ। ਚਾਂਦੀ ਰਾਮ ਉਖੜ ਗਿਆ ਤੇ ਭੁੜਕ ਕੇ ਜਾ ਪਿਆ। ਉਦੋਂ ਉਹਨੂੰ ਲੱਗਣ ਲੱਗ ਪਿਆ ਸੀ ਕਿ ਸ਼ਾਇਦ 'ਭਾਰਤੀ ਰਿਜ਼ਰਵ ਬੈਂਕ' ਨੇ ਇਕ ਬ੍ਰਾਂਚ ਉਹਦੇ ਘਰੇ ਖੋਲ੍ਹ ਦਿੱਤੀ ਹੈ।

ਫਿਰ ਹਸਨਪੁਰੀ ਨੂੰ ਸ਼ੋਹਰਤ ਦੇ ਕੰਧਾੜੇ ਚੜ੍ਹਾਉਣ ਵਾਲੇ ਹੋਰ ਗੀਤ ਸਨ:

-ਤੇਰੀਆਂ ਮੁਹੱਬਤਾਂ ਨੇ ਮਾਰ ਸੁੱਟਿਆ
ਦੱਸ ਕੀ ਕਰਾਂ...। (ਨਰਿੰਦਰ ਬੀਬਾ)
-ਬੋਤਾ ਹੌਲੀ ਤੋਰ ਮਿੱਤਰਾ...
-ਸਾਰੇ ਪਿੰਡ 'ਚ ਪੁਆੜੇ ਪਾਏ...
-ਮੈਂ ਜੱਟੀ ਛੈਲ-ਛਬੀਲੀ ਵੇ...

ਲੁਧਿਆਣੇ ਦੇ ਹਸਨਪੁਰ ਪਿੰਡ 'ਚ ਉਹ ਜਨਮਿਆ ਤੇ ਇਸ ਪਿੰਡ ਨੂੰ ਸਾਰੀ ਉਮਰ ਉਹਨੇ ਏਨਾ ਮਾਣ ਦੁਆਇਆ ਕਿ ਰੂਹ ਤੇ ਬੁੱਤ ਵਾਂਗ ਦੋਹਾਂ ਨੂੰ ਅਲੱਗ ਕਰਨਾ ਔਖਾ ਹੋ ਗਿਆ।

ਕਰੀਬ ਸਾਢੇ ਕੁ ਸੱਤ ਦਹਾਕਿਆਂ ਦੀ ਉਮਰ ਵਿਚ ਉਹਨੇ ਮੌਤ ਨਾਲ ਕਿਕਲੀ ਪਾਈ ਹੈ। ਉਹਦੀ ਜਾਨ ਸੁਖਾਲੀ ਨਿਕਲੀ ਹੈ, ਰੀਂਗ ਰੀਂਗ ਕੇ ਨ੍ਹੀਂ ਮਰਿਆ। ਚੰਗੇ ਬੰਦਿਆਂ ਨੂੰ ਮੌਤ ਆਉਂਦੀ ਹੀ ਇਵੇਂ ਹੈ। ਜਿਨ੍ਹਾਂ ਨੇ ਪੜ੍ਹਿਆ ਉਹ ਜਾਣਦੇ ਹਨ ਕਿ ਪਿਛਲੇ ਹਫਤੇ ਦੀ ਖ਼ਬਰ ਸੀ ਕਿ ਉਹਨੂੰ ਢਿੱਲਾ-ਮੱਠਾ ਹੋਣ ਕਰਕੇ ਲੁਧਿਆਣੇ ਦੇ ਦਇਆਨੰਦ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ ਤੇ ਨਾਲ ਲਗਦੀ ਹੀ ਖਬਰ ਆ ਗਈ ਕਿ ਉਹਨੇ ਫਾਨੀ ਦੁਨੀਆਂ ਤੋਂ ਝੱਗਾ ਛੁਡਾ ਲਿਆ ਹੈ। ਕਾਰਟੂਨ ਫ਼ਿਲਮਾਂ ਵਾਂਗ ਕਈ ਘਟਨਾਵਾਂ ਏਨੀ ਛੇਤੀ ਵਾਪਰ ਜਾਂਦੀਆਂ ਹਨ ਕਿ ਬੰਦਾ ਅੱਖਾਂ ਮਲ ਮਲ ਕੇ ਵੇਖਦਾ ਹੈ 'ਇਹ ਹੋ ਕੀ ਗਿਆ ਹੈ?'

ਜਿਸ ਲੱਕ ਦੇ ਟੁੱਟਣ ਦੇ ਝੋਰੇ ਬਾਰੇ ਉਹ ਗੀਤ ਲਿਖਦਾ ਰਿਹੈ, ਉਹਦਾ ਇਹ ਲੱਕ ਛੋਟੀ ਉਮਰ ਵਿਚ ਥੋੜ੍ਹਾ ਇਸ ਕਰਕੇ ਟੇਡਾ ਹੋ ਗਿਆ ਸੀ ਕਿ ਦਿੱਲੀ ਠੇਕੇਦਾਰੀ ਕਰਦੇ ਬਾਪੂ ਜਸਵੰਤ ਸਿੰਘ ਦੀ ਮੌਤ ਤੋਂ ਬਾਅਦ ਕਬੀਲਦਾਰੀ ਦੀ ਭਾਰੀ ਪੰਡ ਉਹਦੀ ਪਿੱਠ 'ਤੇ ਆਣ ਟਿਕੀ। ਬੁੱਢੇ-ਵਾਰੇ ਵੀ ਉਹਦੀ ਤੇਜ ਚਾਲ ਵਿਚ ਮੜ੍ਹਕ ਤਾਂ ਸੀ ਪਰ ਕੁਝ ਦੂਹਰਾ ਹੋਣ ਕਰਕੇ ਲਗਦਾ ਸੀ 'ਅਹੁ ਜਾਂਦਾ, ਆਹ ਆਉਂਦਾ ਹਸਨਪੁਰੀ।'

ਢਿੱਡ ਨੂੰ ਝੁਲਕਾ ਦੇਣ ਲਈ ਪਹਿਲਾਂ ਉਹਨੇ ਪਿਤਾ-ਪੁਰਖਿਆਂ ਵਾਲਾ ਕੰਮ ਵੀ ਕੀਤਾ ਪਰ 1958 ਵਿਚ ਜਦੋਂ ਸ਼ਾਦੀ ਰਾਮ ਬਖਸ਼ੀ ਨੇ ਉਹਦਾ ਪਹਿਲਾ ਗੀਤ ਰਿਕਾਰਡ ਕਰਵਾਇਆ 'ਸਾਧੂ ਹੁੰਦੇ ਰੱਬ ਵਰਗੇ ਘੁੰਡ ਕੱਢ ਕੇ ਖੈਰ ਨਾ ਪਾਈਏ...।' ਤਾਂ ਚਹੁੰ ਕੂੰਟੀ ਲਾਲਾ-ਲਾਲਾ ਹੋ ਗਈ। ਫਿਰੋਜ਼ਦੀਨ ਸ਼ਰਫ ਉਹਦਾ ਪ੍ਰੇਰਣਾ ਸਰੋਤ ਬਣਿਆ ਤੇ ਨੰਦ ਲਾਲ ਪੂਰੀ ਉਸਤਾਦ। ਲਾਟਰੀ ਨਿਕਲਣ ਵਾਂਗ ਭਾਗ ਚਮਕੇ ਤਾਂ 1960 ਵਿਚ ਆਰ.ਕੇ. ਚੋਪੜਾ ਉਹਨੂੰ ਮੁੰਬਈ ਲੈ ਗਿਆ ਤੇ 'ਨਹੀਂ ਰੀਸਾਂ ਪੰਜਾਬ ਦੀਆਂ' ਲਈ ਗੀਤ ਲਿਖਵਾਏ। ਸੱਟੇ ਵਾਂਗ ਕੱਖ ਤੋਂ ਲੱਖ ਬਣਦੇ ਵੇਖੇ ਤਾਂ ਪੂਰੇ ਦਾ ਪੂਰਾ ਹਸਨਪੁਰੀ ਫ਼ਿਲਮਾਂ 'ਚ ਵੜ ਗਿਆ। ਧਰਮਿੰਦਰ ਨੇ ਇਸ ਮਾਮਲੇ ਵਿਚ ਹਸਨਪੁਰੀ ਦੀ ਬਾਂਹ ਬਹੁਤ ਫੜ੍ਹੀ। ਸਭ ਤੋਂ ਪਹਿਲਾਂ 'ਤੇਰੀ ਮੇਰੀ ਇਕ ਜਿੰਦੜੀ' ਦਾ ਉਹਨੇ ਨਿਰਮਾਣ ਕੀਤਾ ਤੇ 'ਦਾਜ' ਤੇ 'ਸੁਖੀ ਪਰਿਵਾਰ' ਫਿਲਮਾਂ ਨਾਲ ਉਹ ਟਾਪ ਗੇਅਰ ਵਰਗੀ ਬ੍ਰੇਕ ਲੈ ਗਿਆ। ਇਨ੍ਹਾਂ ਫਿਲਮਾਂ ਦੀ ਖਾਸੀਅਤ ਇਹ ਰਹੀ ਕਿ ਇਨ੍ਹਾਂ ਫ਼ਿਲਮਾਂ ਵਿਚਲੇ ਗੀਤ ਫਿਲਮੀ ਹੋ ਕੇ ਵੀ ਗੈਰ ਫਿਲਮੀ ਲਗਦੇ ਰਹੇ। ਨਰਿੰਦਰ ਬੀਬਾ ਦਾ 'ਤੇਰੀ ਮੇਰੀ ਇੱਕ...' ਵਾਲਾ ਗੀਤ 'ਏਨੀ ਜੋਰ ਦੀ ਮਰੋੜੀ ਮੇਰੀ ਬਾਂਹ ਜੱਟ ਨੇ ਨਾਲੇ ਵੰਗ ਟੁੱਟ ਗਈ ਨਾਲੇ ਬਾਂਹ ਟੁੱਟ ਗਈ...' ਜਲੰਧਰ ਰੇਡੀਓ ਸਟੇਸ਼ਨ ਦੇ ਸਾਰੇ ਫਰਮਾਇਸ਼ੀ ਪ੍ਰੋਗਰਾਮਾਂ ਵਿਚ ਰੱਜ ਕੇ ਵੱਜਿਆ।

ਜਿਨ੍ਹਾਂ ਹੋਰ ਫਿਲਮਾਂ ਲਈ ਹਸਨਪੁਰੀ ਨੇ ਗੀਤ ਲਿਖੇ ਹਨ ਉਨ੍ਹਾਂ ਵਿਚ 'ਮਨ ਜੀਤੇ ਜਗਿ ਜੀਤ, ਦੁੱਖ ਭੰਜਨ ਤੇਰਾ ਨਾਮ, ਧਰਮਜੀਤ, ਯਮਲਾ ਜੱਟ, ਜੈ ਮਾਤਾ ਦੀ, ਮਾਂ ਦਾ ਲਾਡਲਾ, ਚੋਰਾਂ ਨੂੰ ਮੋਰ, ਮੋਟਰ ਮਿੱਤਰਾਂ ਦੀ ਅਤੇ ਫੌਜੀ ਚਾਚਾ ਸ਼ਾਮਲ ਹਨ। ਹਿੰਦੀ ਫਿਲਮਾਂ 'ਸੰਗਰਾਮ, ਛੋਟਾ ਸਾ ਮੌਸਮ, ਵਕਤ ਕੇ ਸ਼ਹਿਜਾਦੇ ਆਦਿ ਵਿਚ ਵੀ ਉਹਦੀ ਗੀਤਕਾਰੀ ਦਾ ਫੁੱਲ ਖਿੜਿਆ।

ਤਿੰਨ ਗੱਲਾਂ ਇੰਦਰਜੀਤ ਨਾਲ ਪੱਕੇ ਤੌਰ 'ਤੇ ਜੁੜੀਆਂ ਰਹੀਆਂ। ਪਹਿਲੀ ਕਿ ਉਹਨੇ ਮਰਦੇ ਦਮ ਤੱਕ ਕਲਮ ਨਹੀਂ ਛੱਡੀ, ਦੂਜੀ ਕਿ ਪੱਗ ਦੇ ਪੇਚੇ ਢਿੱਲੇ ਨਹੀਂ ਹੋਣ ਦਿਤੇ ਤੇ ਤੀਜੀ ਜਿਸ ਦਿਨ ਉਹਨੂੰ ਹਸਪਤਾਲ ਦਾਖਲ ਕਰਵਾਇਆ ਉਸ ਦਿਨ ਵੀ ਉਹਦੀ ਦਾੜ੍ਹੀ ਚਿੱਟੀ ਨਹੀਂ ਸੀ। ਵਿਚਲਾ ਰਾਜ ਆਪ ਜਾਣ ਲਿਓ। ਅਸਲ ਵਿਚ ਲੁਧਿਆਣੇ ਰਹਿ ਕੇ ਵੀ ਉਹਨੇ ਪੇਂਡੂ ਜਨਜੀਵਨ ਗਾਇਆ ਹੈ। ਉਹਦੇ ਗੀਤਾਂ ਵਿਚ ਸ਼ਬਦਾਂ ਦੇ ਅਰਥ ਗਿੱਲੀ ਵੱਟ ਤੋਂ ਤਿਲਕਣਾ, ਝਾਂਜਰਾਂ ਦਾ ਡੰਡ ਪਾਉਣਾ, ਇਸੇ ਗੱਲ ਦੀ ਗਵਾਹੀ ਹਨ। ਉਹਨੂੰ ਮੁਹੰਮਦ ਰਫੀ, ਆਸ਼ਾ ਭੌਂਸਲੇ ਤੋਂ ਲੈ ਕੇ ਚਾਂਦੀ ਰਾਮ, ਸੁਰਿੰਦਰ ਕੌਰ, ਹਰਚਰਨ ਗਰੇਵਾਲ, ਰਾਜਿੰਦਰ ਰਾਜਨ, ਨਰਿੰਦਰ ਬੀਬਾ, ਕੇ.ਦੀਪ-ਜਗਮੋਹਣ ਕੌਰ, ਮਲਕੀਤ, ਮੁਹੰਮਦ ਸਦੀਕ ਤੇ ਅਨੂਪ ਜਲੋਟਾ ਤੱਕ ਸਭ ਨੇ ਗਾਇਆ ਹੈ।



ਇੰਦਰਜੀਤ ਹਸਨਪੁਰੀ

ਗੀਤ ਰਿਕਾਰਡ ਕਰਵਾਉਣ ਦੇ ਨਾਲ ਨਾਲ ਉਹ ਦੈਨਿਕ ਸਮਾਚਾਰ ਪੱਤਰਾਂ, ਮਾਸਿਕ ਪਰਚਿਆਂ ਵਿਚ ਵੀ ਲਗਾਤਾਰ ਲਿਖਦਾ ਆਇਆ ਹੈ-ਵੱਡਿਆਂ ਲਈ ਵੀ, ਬੱਚਿਆਂ ਲਈ ਵੀ, ਗੀਤ ਵੀ ਗਜ਼ਲ ਵੀ। 1959 ਵਿਚ ਉਹਦੀ ਪਹਿਲੀ ਪੁਸਤਕ 'ਔਸੀਆਂ' ਛਪੀ ਸੀ। ਜ਼ਿੰਦਗੀ ਦੇ ਗੀਤ, ਜੋਬਨ ਨਵਾਂ ਨਕੋਰ, ਰੂਪ ਤੇਰਾ ਰੱਬ ਵਰਗਾ, ਮੇਰੇ ਜਿਹੀ ਕੋਈ ਜੱਟੀ ਨਾ, ਗੀਤ ਮੇਰੇ ਗੀਤ ਅਤੇ 22 ਖੰਡਾਂ ਵਿਚ ਵੰਡੀ ਹੋਈ ਕਵਿਤਾ ਵਾਲੀ ਕਿਤਾਬ 'ਕਿਥੇ ਗਏ ਉਹ ਦਿਨ' ਉਹਦਾ ਮਹਾਂਕਾਵਿ ਹੈ।

ਇੰਦਰਜੀਤ ਹਸਨਪੁਰੀ ਬਾਂਹ ਖੜ੍ਹੀ ਕਰਕੇ ਜਿਹੜੀ ਗੱਲ ਮਾਣ ਨਾਲ ਕਹਿੰਦਾ ਹੁੰਦਾ ਸੀ ਉਹ ਸੀ, "ਵਰਿੰਦਰ ਨੂੰ 'ਤੇਰੀ ਮੇਰੀ ਇਕ ਜਿੰਦੜੀ' ਨਾਲ ਉਹਨੇ ਬ੍ਰੇਕ ਲੈ ਕੇ ਦਿੱਤੀ ਹੈ।" ਤੇ ਬੁਢਾਪੇ ਦੇ ਸਿਗਨਲ ਆਉਂਦਿਆਂ ਸ਼ੌਕ ਅਤੇ ਰੀਝਾਂ ਵੀ ਬਦਲਦੇ ਰਹਿੰਦੇ ਹਨ ਤੇ ਜਲੰਧਰ ਦੂਰਦਰਸ਼ਨ ਨੇ ਉਹਦੀ ਆਖਰੀ ਟੈਲੀ ਫ਼ਿਲਮ 'ਮੇਰਾ ਪਿੰਡ' ਕਈ ਮਹੀਨੇ ਪ੍ਰੋਮੋ ਚਲਾ ਕੇ ਦਿਖਾਈ ਸੀ।

ਪੰਜ ਕੁ ਸਾਲ ਪਹਿਲਾਂ ਅਸੀਂ ਦੋਵੇਂ ਜਣੇ ਇੰਗਲੈਂਡ 'ਚ ਕੱਠੇ ਹੋ ਗਏ। ਕੈਨੇਡਾ ਵਿਚਲੇ ਮਾਣ ਨੂੰ ਤਾਂ ਮੈਂ ਵੇਖਿਆ ਨ੍ਹੀ ਉਥੇ ਉਹਦੀ ਉਹੀ ਪੁਜੀਸ਼ਨ ਸੀ ਜਿਵੇਂ ਮੁਕਲਾਵੇ ਆਈ ਬਹੂ ਨੂੰ ਹਰ ਆਂਢਣ ਗੁਆਂਢਣ ਟਕਾ ਰੁਪਿਆ ਠੂਠੀ 'ਚ ਰੱਖ ਕੇ ਮੂੰਹ ਵੇਖਣ ਆਉਂਦੀ ਹੈ। ਸਾਹਿਤ ਸਭਾਵਾਂ ਨੇ ਉਹਨੂੰ ਹੱਥੀਂ ਛਾਂਵਾਂ ਕੀਤੀਆਂ, ਮਲਕੀਤ ਤਲੀਆਂ 'ਤੇ ਚੋਗ ਚੁਗਾਉਂਦਾ ਰਿਹਾ। ਮੈਨੂੰ ਈਰਖਾ ਨਹੀਂ ਦੁੱਖ ਇਸ ਗੱਲ ਦਾ ਲੱਗੀ ਜਾਂਦਾ ਸੀ ਕਿ 'ਹਾਏ ਉਏ ਰੱਬਾ' ਕਿਤੇ ਸਾਡੇ 'ਤੇ ਵੀ ਇਹ ਦਿਨ ਆਉਣਗੇ। ਘਰੇ ਆਉਣ ਤੇ ਉਹ ਕੋਟ ਪੈਂਟ ਦੀ ਜਿਹੜੀ ਵੀ ਜੇਬ ਫਰੋਲੇ ਪੌਂਡ ਨਿਕਲਣ। ਇਕ ਲਿਫਾਫੇ 'ਚੋਂ ਪੰਜ ਸੌ ਪੌਂਡ ਵੇਖ ਕੇ ਗਿੱਠ ਭਰ ਮੰਜੇ ਤੋਂ ਉਲਰਿਆ, ਹੈ ਤੁਹਾਡੀ...ਝੁਰਲੂ ਫਿਰ ਗਿਆ ਮਦਾਰੀ ਵਾਂਗ ਹਸਨਪੁਰੀ ਦਾ। ਵਲੈਤ ਵਾਲੇ ਕਮਲੇ ਹੋ ਗਏ। ਤੇ ਉਹ ਢਾਈਆਂ ਮਹੀਨਿਆਂ 'ਚ ਸਵਾ ਪੰਜ ਲੱਖ ਰੁਪਿਆ ਲੈ ਗਿਆ ਸੀ। ਇਹਨੂੰ ਆਹੰਦੇ ਨੇ ਸੋਹਣੀ ਔਰਤ ਨੂੰ ਸਲੂਟ ਮਾਰਨ ਵਾਂਗ ਗੀਤਾਂ ਤੇ ਕਵਿਤਾਂ ਨਾਲ ਇਸ਼ਕ।

ਡਾਕਟਰ ਆਤਮ ਹਮਰਾਹੀ ਨੇ 'ਗੜਵਾ ਚਾਂਦੀ ਦਾ-ਇੰਦਰਜੀਤ ਹਸਨਪੁਰੀ' ਸਿਰਲੇਖ ਹੇਠ ਉਹਦਾ ਪੰਜ ਫੁੱਟ ਲੰਬਾ ਕਾਵਿ-ਚਿੱਤਰ ਲਿਖਿਆ।

ਸੰਤੋਖ ਸਿੰਘ ਧੀਰ ਆਪਣੇ ਸੁਭਾਅ ਵਾਂਗ ਅਕਸਰ ਕਹਿੰਦਾ ਰਿਹਾ, 'ਹਸਨਪੁਰੀ ਨੇ ਹਲਕੇ ਫੁਲਕੇ ਗੀਤ ਲਿਖੇ ਹਨ ਪਰ ਚੜ੍ਹੇ ਸਾਰੇ ਹੀ ਪੰਜਾਬੀਆਂ ਦੀ ਜ਼ੁਬਾਨ 'ਤੇ ਹਨ।'

ਫਕੀਰ ਚੰਦ ਸ਼ੁਕਲਾ ਨੇ ਉਹਨੂੰ ਸਤਰੰਗੀ ਪੀਂਘ ਕਿਹਾ ਹੈ।

ਜੱਸੋਵਾਲ ਕਹਿੰਦਾ ਰਿਹਾ, 'ਦਾਹੜੀ ਤੂੰ ਬੁੱਢੇ ਵਾਰੇ ਨ੍ਹੀਂ ਰੰਗਣੋਂ ਹਟਦਾ ਜਵਾਨੀ 'ਚ ਕੀ ਕਰਦਾ ਰਿਹੈਂ, ਨਾਲੇ ਫਿਲਮ ਇੰਡਸਟਰੀ 'ਚ ਰਹਿਣ ਵਾਲਾ ਬੰਦਾ...ਠੀਕ ਹੀ ਹੁੰਦੈ। ਜੇ ਫਿਲਮੀ ਕਲਾਕਾਰ ਰਾਤ ਨੂੰ ਕਾਲੀਆਂ ਐਨਕਾਂ ਲਾਈ ਰੱਖਦੇ ਹਨ ਤਾਂ ਸ਼ਰਾਰਤ ਢਕਣ ਦਾ ਯਤਨ ਹੀ ਹੁੰਦਾ ਹੈ।

ਜਸਵੰਤ ਭੰਵਰਾ ਇਕ ਵਾਰ ਪ੍ਰੋ. ਮੋਹਨ ਸਿੰਘ ਮੇਲੇ 'ਤੇ ਹੋਏ ਕਵੀ ਦਰਬਾਰ 'ਚੋਂ ਨਿਕਲਿਆ ਹਸਨਪੁਰੀ ਦਾ ਮੋਢਾ ਫੜ੍ਹ ਕੇ ਮਸ਼ਕਰੀ ਲਹਿਜੇ ਵਿਚ ਕਹਿਣ ਲੱਗਾ, 'ਆਏਂ ਲਗਦੈ ਏਨੀ ਸਪੀਡ ਨਾਲ ਮੁਰਗੀ ਆਂਡੇ ਨ੍ਹੀਂ ਦਿੰਦੀ ਹੋਣੀ ਜਿੰਨੀ ਨਾਲ ਤੈਂ ਗੀਤ ਲਿਖੇ ਹਨ।'

ਮੌਤ ਦੇ ਵਟਣੇ ਪਿੱਛੋਂ ਘੋੜੀਆਂ ਨਹੀਂ ਗਾਉਂਦਾ ਕੋਈ, ਵੈਣ ਹੀ ਪੈਂਦੇ ਨੇ। ਤੇ ਇੰਦਰਜੀਤ ਹਸਨਪੁਰੀ ਉਸੇ ਦੇ ਗਲ ਜਾ ਲੱਗੈ ਜੀਹਦੇ ਗਲ ਲੱਗਣੋਂ ਸਭ ਡਰਦੇ ਨੇ।

ਕਈ ਸਾਰੀ ਉਮਰ ਇਹ ਕਹਿੰਦੇ ਨ੍ਹੀਂ ਥੱਕਦੇ 'ਮੈਂ ਫਲਾਣੇ ਦਾ ਮੁੰਡਾ ਹਾਂ...।' ਪਰ ਹਸਨਪੁਰੀ ਉਵੇਂ ਜੀਵਿਆ ਕਿ ਬਹੁਤੇ ਕਹਿੰਦੇ ਰਹੇ। 'ਉਹ ਸਾਡਾ ਰਿਸ਼ਤੇਦਾਰ ਐ, ਮੇਰਾ ਮਾਮਾ...ਚਾਚਾ... ਤਾਇਆ... ਫੁੱਫੜ।'

ਜ਼ਿੰਦਗੀ 'ਚ ਜਿਨ੍ਹਾਂ ਨੂੰ ਇਹ ਨਾ ਪਤਾ ਲੱਗੇ ਕਿ ਜਾਣਾ ਕਿਥੇ ਹੈ ਉਨ੍ਹਾਂ ਦੇ ਗੁਆਚਣ ਦੀਆਂ ਖਬਰਾਂ ਆਉਂਦੀਆਂ ਹੀ ਰਹਿੰਦੀਆਂ ਹਨ ਪਰ ਹਸਨਪੁਰੀ ਗੁਆਚਿਆ ਨਹੀਂ ਉਹ ਆਪਣੇ ਗੀਤਾਂ ਨਾਲ ਮਰ ਕੇ ਵੀ 'ਗੋਰੀ ਦੀਆਂ ਝਾਂਜਰਾਂ ਬੁਲਾਉਂਦੀਆਂ ਗਈਆਂ...' ਨਾਲ ਬੋਲਦਾ ਰਹੇਗਾ।

# ਤਿੰਨ ਖੋਖਿਆਂ ਦੀ ਸੁਪਰਵਾਈਜ਼ਰ


ਇੰਨੀ ਕੁ ਬਾਤ



ਬਲਜੀਤ ਬਾਸੀ

ਫੋਨ: 734-454-4958


ਉਸਦੇ ਸਾਰੇ ਕਰੀਬੀ, ਉਸਦਾ ਲੜਕਾ, ਪਤੀ ਤੇ ਉਸਦੇ ਵਾਕਿਫ਼ਕਾਰ ਉਸਨੂੰ ਸੁਪਰਵਾਈਜ਼ਰ ਕਹਿ ਕੇ ਬੁਲਾਉਂਦੇ ਹਨ। ਉਸਦਾ ਠੋਸ ਪੰਜਾਬੀ ਨਾਂ ਪਰਮਾਤਮਾ ਪ੍ਰਤੀ ਸਾਡੇ ਫਰਜ਼ਾਂ ਦੀ ਯਾਦ ਦਿਵਾਉਂਦਾ ਹੈ। ਭਜਨੋ ਦੀ ਉਮਰ ਮਰ ਕੇ ਅੱਧੀ ਸਦੀ ਦੇ ਬਰਾਬਰ ਹੈ। ਉਸਦਾ ਕੱਦ ਆਮ ਔਰਤ ਜਿੰਨਾ ਹੈ, ਸਰੀਰ ਫੁੱਲਵਾਂ, ਮੂੰਹ ਵਿਚ ਦਿਸਣ ਨੂੰ ਢਾਈ ਦੰਦ ਹਨ ਤੇ ਢਾਈ ਹੀ ਸ਼ਾਇਦ ਹੋਰ ਪਿੱਛੇ ਖਾਣ ਵਾਲੇ ਹਨ।

ਉਸਦੀਆਂ ਅੱਖਾਂ ਕੁਝ ਚੁੰਨ੍ਹੀਆਂ ਜਾਪਦੀਆਂ ਹਨ ਜਿਸ ਤੋਂ ਅੰਦਾਜ਼ਾ ਲਾ ਸਕਦੇ ਹਾਂ ਕਿ ਸ਼ਾਇਦ ਉਸਦੀ ਜੋਤ ਕਮਜ਼ੋਰ ਹੋਣ ਕਾਰਨ ਉਸ ਨੂੰ ਅੱਖਾਂ 'ਤੇ ਜ਼ੋਰ ਪਾਉਣਾ ਪੈ ਰਿਹਾ ਹੈ।

ਉਹ ਸ਼ਾਇਦ ਦੁਨੀਆਂ ਦੀ ਸਭ ਤੋਂ ਧੜੱਲੇਦਾਰ, ਧੱਕੜ ਤੇ ਧਮਾਕਾਖੇਜ਼ ਔਰਤ ਹੈ। ਉਹ ਜਦ ਸੜਕ 'ਤੇ ਕਾਰ ਚਲਾ ਰਹੀ ਹੁੰਦੀ ਹੈ ਤਾਂ ਕਿਸੇ ਹੋਰ ਵਾਹਨ ਨੂੰ ਸੜਕ 'ਤੇ ਉਤਰਨ ਦੀ ਜ਼ਰੂਰਤ ਨਹੀਂ। ਉਸਦੇ ਖੱਬੇ-ਸੱਜੇ, ਅੱਗੇ-ਪਿਛੇ ਚੱਲ ਰਹੀ ਟਰੈਫ਼ਿਕ ਆਪਣਾ ਸਥਾਨ ਛੱਡ ਕੇ ਕਿਧਰੇ ਛਪਨ ਹੋ ਜਾਂਦੀ ਹੈ। ਜਦ ਕਾਰ ਵਿਚੋਂ ਬਾਹਰ ਮੂੰਹ ਕੱਢ ਕੇ ਉਹ "ਮਾਮਿਆਂ ਨੰਘਣ ਦਿਨੀਂ ਤੈਨੂੰ" ਉਚਾਰਦੀ ਹੈ ਤਾਂ ਪਿੱਛੇ ਆ ਰਹੀ ਪੁਲਿਸ ਆਪਣਾ ਵਾਹਣ ਚੁੱਪ-ਚੁਪੀਤੇ ਸ਼ੋਲਡਰ 'ਤੇ ਲਾ ਲੈਂਦੀ ਹੈ। ਸੜਕ 'ਤੇ ਗਲਤੀ ਨਾਲ ਆ ਗਿਆ ਹਿਰਨ ਭੱਜਣ ਨਾਲੋਂ ਉਥੇ ਹੀ ਜਾਨ ਦੀ ਅਹੁਤੀ ਦੇਣ ਨੂੰ ਤਰਜੀਹ ਦਿੰਦਾ ਹੈ। ਸਾਰੀ ਸੜਕ ਉਸਦੇ ਅੱਗੇ ਵਿਛੀ ਹੁੰਦੀ ਹੈ, ਸਾਰੇ ਮਾਰਗ ਦਰਸ਼ਕ, ਸਾਰੀਆ ਨਿਸ਼ਾਨੀਆਂ, ਮੀਲ ਪੱਥਰ, ਲੇਨਾਂ, ਲਾਈਟਾਂ ਮੂਕ ਝਾਕ ਰਹੇ ਹੁੰਦੇ ਹਨ। ਉਸਨੂੰ ਕਿਸੇ ਮਾਰਗ ਦਰਸ਼ਨ ਦੀ ਕਤਈ ਲੋੜ ਨਹੀਂ। ਲਾਲ ਬੱਤੀਆਂ ਉਸਨੂੰ ਦੇਖਦਿਆਂ ਹਰੀਆਂ ਹੋ ਜਾਂਦੀਆਂ ਹਨ, ਸ਼ੰਕੂ ਰੁੜ੍ਹਨ ਲਗਦੇ ਹਨ। ਉਹ ਜਿਸ ਮਰਜ਼ੀ ਲੇਨ 'ਤੇ ਚੜ੍ਹ ਉਤਰ ਸਕਦੀ ਹੈ, ਜਦੋਂ ਚਾਹੇ ਜਿਥੇ ਚਾਹੇ ਯੂ-ਟਰਨ ਲੈ ਸਕਦੀ ਹੈ, ਐਗਜ਼ਿਟ ਤੋਂ ਫਰੀਵੇ ਵੜ ਸਕਦੀ ਹੈ ਤੇ ਐਂਟਰੈਨਸ ਤੋਂ ਫ਼ਰੀਵੇ ਦੇ ਬਾਹਰ ਨਿੱਕਲ ਸਕਦੀ ਹੈ।

ਉਸਨੇ ਆਪਣੇ ਪੂਰਵਵਰਤੀ ਦੇਸ਼ ਵਿਚ ਢਾਈ ਅੱਖਰ ਪੰਜਾਬੀ ਦੇ ਪੜ੍ਹੇ ਸਨ ਤੇ ਵਰਤਮਾਨ ਦੇਸ਼ ਵਿਚ ਅਮਰੀਕੀ ਅੰਗਰੇਜ਼ੀ ਦੇ ਸਾਰੇ ਅੱਖਰ ਸੁਣੇ ਹਨ। ਇਸੇ ਲਈ ਉਹ ਹਮਾਤੜਾਂ ਤੋਂ ਉਲਟ ਫੌਰਟੀ ਨੂੰ ਫੌਰਡੀ ਤੇ ਮਾਲ ਨੂੰ ਮੌਲ ਕਹਿੰਦੀ ਹੈ। ਆਪਣੇ ਵਿਵਹਾਰ ਵਿਚ ਉਹ ਮੌਕੇ ਅਨੁਸਾਰ ਅੰਗਰੇਜ਼ੀ, ਪੰਜਾਬੀ ਜਾਂ ਇਨ੍ਹਾਂ ਦੇ ਮਿਲਗੋਭੇ ਤੋਂ ਕੰਮ ਚਲਾਉਂਦੀ ਹੈ ਜਿਵੇਂ ਅਸੀਂ ਪਿੱਛੇ ਪੁਲਿਸ ਨਾਲ ਉਸਦੇ ਸੰਬੋਧਨ ਤੋਂ ਦੇਖ ਚੁੱਕੇ ਹਾਂ। ਉਹ ਹਮੇਸ਼ਾ ਸੱਤਵੇਂ ਸੁਰ ਵਿਚ ਬੋਲਦੀ ਹੈ, ਉਸਦੀ ਆਵਾਜ਼ ਸੱਤ ਘਰ ਪਰੇ ਗੋਰੇ ਘਰਾਂ ਵਿਚ ਸੁਣਾਈ ਦਿੰਦੀ ਹੈ ਜੋ ਹੁਣ ਇਸ ਨੂੰ ਘਰ ਵਾਲੀ ਗੱਲ ਹੀ ਸਮਝਣ ਲੱਗ ਪਏ ਹਨ। ਉਹ ਜਦ ਬੋਲਣਾ ਸ਼ੁਰੂ ਕਰਦੀ ਹੈ ਤਾਂ ਦੇਖਣਾ ਬੰਦ ਕਰ ਦਿੰਦੀ ਹੈ ਕਿਉਂਕਿ ਉਥੇ ਸੁਣਨ ਵਾਲਾ ਰਿਹਾ ਹੀ ਕੋਈ ਨਹੀਂ ਹੁੰਦਾ।

ਗੱਟੂ ਜਿਹਾ ਚਾਪੜ-ਮੂੰਹਾਂ ਉਸਦਾ ਪਤੀ ਪੂਰੀ ਠੰਡ ਦਾ ਪ੍ਰਭਾਵ ਦਿੰਦਾ ਹੈ ਜਿਸ ਤੋਂ ਕੁਦਰਤੀ ਤੌਰ ਤੇ ਅਨੁਮਾਨ ਲਗਦਾ ਹੈ ਕਿ ਇਸ ਸ਼ਖਸ ਦਾ ਨਾਂ ਜ਼ਰੂਰ ਸ਼ੀਤਲ ਪ੍ਰਸ਼ਾਦ ਹੈ ਤੇ ਜੇ ਕੋਈ ਹੋਰ ਹੈ ਤਾਂ ਜ਼ਰੂਰ ਕੋਈ ਕਾਗਜ਼ੀ ਹੇਰਾਫੇਰੀ ਹੈ। ਪਰ ਇਸ ਸ਼ਖਸ ਦਾ ਅੰਦਰਲਾ ਬਹੁਤ ਕਰੜਾ, ਮਜ਼ਬੂਤ ਤੇ ਪਾਇਦਾਰ ਹੈ। ਉਸਦੀ ਹਿਲਦੀ ਜੀਭ ਤੋਂ ਕਦੀ ਕਦੀ ਕਈ ਸ਼ਬਦ ਉਚਰਦੇ ਪ੍ਰਤੀਤ ਹੁੰਦੇ ਹਨ ਪਰ ਉਹ ਸਾਰੇ ਸੁਣਾਈ ਨਹੀਂ ਦਿੰਦੇ। ਉਸਦਾ ਮਿਹਦਾ ਸਖਤ, ਜਿਗਰਾ ਪਹਾੜ ਜਿੱਡਾ ਤੇ ਗੁਰਦਾ ਕਾਇਮ ਹੈ ਬਾਵਜੂਦ ਇਸ ਗੱਲ ਦੇ ਕਿ ਉਹ ਸਵੇਰ ਤੋਂ ਲਿਵਿੰਗ ਰੂਮ 'ਚ ਡਾਹੇ ਨਿੱਕੇ ਮੇਜ਼ 'ਤੇ ਵੀਓ ਦਾ ਘੜਾ ਰੱਖ ਕੇ ਪੀਣੀ ਸ਼ੁਰੂ ਕਰ ਦਿੰਦਾ ਹੈ। ਉਸਨੂੰ ਚੜ੍ਹੀ ਲੱਥੀ ਦਾ ਕੁਝ ਪਤਾ ਨਹੀਂ ਲਗਦਾ।

ਇਸ ਜੋੜੀ ਨੇ ਕਿਸੇ ਸੁਲੱਖਣੀ ਘੜੀ ਮਿਲਾਪ ਕਰਕੇ ਇਕ ਸੰਤਾਨ ਦੀ ਉਤਪਤੀ ਕਰ ਦਿੱਤੀ। ਲੜਕੇ ਵਿਚ ਸ਼ਕਲ ਸੂਰਤ ਦੇ ਪੱਖ ਤੋਂ ਦੋਨੋਂ ਉਤਪਾਦਕਾਂ ਦੇ ਗੁਣ ਵਿਦਮਾਨ ਹਨ ਯਾਨਿ ਪਿਤਾ ਵਾਂਗ ਦੰਦ ਪੂਰੇ ਹਨ, ਗਰਦਨ ਗ਼ਾਇਬ ਹੈ, ਨੱਕ ਫੀਨਾ ਹੈ ਤੇ ਮੱਥਾ ਚੌੜਾ ਹੈ। ਮਾਂ ਜਿਹੀ ਦਰਮਿਆਨੀ ਲੰਬਾਈ, ਚੁੰਨ੍ਹੀਆਂ ਅੱਖਾਂ ਤੇ ਫੁਲਵਾਂ ਸਰੀਰ ਹੈ ਪਰ ਬੌਧਿਕ ਤੇ ਮਾਨਸਿਕ ਤੌਰ 'ਤੇ ਉਸਨੇ ਵਿਕਾਸ ਦਾ ਸਬੂਤ ਦਿੱਤਾ ਹੈ। ਉਹ ਜ਼ਹੀਨ, ਸੁਤੰਤਰ ਤੇ ਮਾਂ-ਮਸ਼ਕਰਾ ਹੈ ਤੇ ਉਸਦੀ ਜੀਭ ਉਤੇ ਸ਼ਬਦਾਂ ਦੀ ਆਵਾਜ਼ ਭੁੜਕਦੀ ਫਿਰਦੀ ਹੈ। ਕਈ ਲੋਕ ਕਹਿੰਦੇ ਹਨ ਕਿ ਉਹ ਕੇਵਲ ਮਾਂ ਦੇ ਕਹੇ ਲਗਦਾ ਹੈ ਪਰ ਹਕੀਕਤ ਇਹ ਹੈ ਕਿ ਪਿਉ ਨੇ ਉਸਨੂੰ ਕਦੇ ਕੋਈ ਕੰਮ ਕਿਹਾ ਹੀ ਨਹੀਂ। ਪਿਆਕੜ ਪਿਉ ਲਈ ਕੁਰਬਾਨੀ ਕਰਦਿਆਂ ਉਹ ਆਪਣੀ ਪੜ੍ਹਾਈ ਛੱਡ ਕੇ ਨਾਲ ਦੇ ਵੱਡੇ ਸ਼ਹਿਰ ਦੇ ਇਕ ਕਾਰਖਾਨੇ ਫੋਰਕ ਲਿਫਟ ਦੀ ਡਰਾਇਵਰੀ ਕਰਨ ਲਗ ਪਿਆ। ਉਹ ਸਾਰੀ ਸਾਰੀ ਰਾਤ ਕਾਰਖਾਨੇ ਦਾ ਮਾਲ ਏਧਰ ਉਧਰ ਘੁਕਾਈ ਫਿਰਦਾ ਰਹਿੰਦਾ ਹੈ। ਉਹ ਪਿਉ ਨੂੰ ਵੀ ਘਰ ਦਾ ਜੀਵ ਸਮਝਦਾ ਹੈ ਤੇ ਉਸ ਨਾਲ ਇਸ ਗੱਲੋਂ ਸਹਿਮਤ ਹੈ ਕਿ ਇਸ ਘਰ ਵਿਚ ਸਾਰੀ ਦੇਣ ਮਾਂ ਦੀ ਹੀ ਹੈ ਤੇ ਉਨ੍ਹਾਂ ਦੋਵਾਂ ਜੀਆਂ ਦਾ ਦੁਨੀਆਂ ਵਿਚ ਕੋਈ ਬਹੁਤਾ ਕੰਮ ਨਹੀਂ। ਪਿਉ-ਪੁੱਤ ਨੇ ਪਹਿਲਾਂ ਇਸ ਦੇਸ਼ ਦੀਆ ਬਹੁਤ ਸਾਰੀਆਂ ਕੰਪਨੀਆਂ ਵਿਚ ਕੰਮ ਕਰਕੇ ਦੇਖਿਆ ਹੋਇਆ ਹੈ, ਇਸ ਲਈ ਉਨ੍ਹਾਂ ਨੂੰ ਸੁਪਰਵਾਈਜ਼ਰ ਦੀ ਸ਼ਕਤੀ ਦਾ ਪਤਾ ਸੀ। ਉਨ੍ਹਾਂ ਇਹ ਸ਼ਕਤੀ ਭਜਨੋ ਵਿਚ ਮਹਿਸੂਸ ਕੀਤੀ ਤਾਂ ਇਸਦਾ ਉਪਯੁਕਤ ਨਾਂ ਸੁਪਰਵਾਈਜ਼ਰ ਚਲਾ ਦਿੱਤਾ।

ਭਜਨੋ ਨਿੱਕੇ ਜਿਹੇ ਸ਼ਹਿਰ ਦੇ ਇਕ ਨਿੱਕੇ ਜਿਹੇ ਗੈਸ ਸਟੇਸ਼ਨ ਦੀ ਕਰਤਾ-ਧਰਤਾ ਬਨਾਮ ਸੁਪਰਵਾਈਜ਼ਰ ਹੈ। ਪਾਤਰਾਂ ਦੀ ਪਰਾਈਵੇਸੀ ਦੇ ਸਰੋਕਾਰਾਂ ਕਰਕੇ ਇਸ ਸ਼ਹਿਰ ਦਾ ਨਾਂ ਗੁਪਤ ਰਖਿਆ ਜਾ ਰਿਹਾ ਪਰ ਇਸ਼ਾਰੇ ਮਾਤਰ ਦੱਸਣਾ ਜ਼ਰੂਰੀ ਸਮਝਦੇ ਹਾਂ ਕਿ ਇਹ ਸ਼ਹਿਰ ਮੈਪਲ ਦੇ ਦਰਖਤਾਂ ਨਾਲ ਪੂਰੀ ਤਰ੍ਹਾਂ ਕੱਜਿਆ ਪਿਆ ਹੈ ਤੇ ਏਥੇ ਸਿਰਫ ਇਕ ਸੜਕ ਰਾਹੀਂ ਹੀ ਆਇਆ ਜਾ ਸਕਦਾ ਹੈ ਤੇ ਇਕ ਰਾਹੀਂ ਹੀ ਨਿਕਲਿਆ ਜਾ ਸਕਦਾ ਹੈ। ਇਹ ਗੈਸ ਸਟੇਸ਼ਨ ਅਸਲ ਵਿਚ ਮੈਪਲ ਰੋਡ 'ਤੇ ਹੀ ਸਥਿਤ ਹੈ। ਇਕ ਰੇਲ ਗੱਡੀ ਸ਼ਹਿਰ ਤੋਂ ਕੰਨੀ ਕਤਰਾ ਕੇ ਚੀਕਾਂ ਮਾਰਦੀ ਨਿਕਲ ਜਾਂਦੀ ਹੈ ਪਰ ਇਹ ਚੀਕ ਮੈਪਲ ਦੇ ਪੱਤਿਆਂ ਵਿਚ ਪੁਣ-ਛਿਣ ਕੇ ਸ਼ਹਿਰ ਪਹੁੰਚਦੀ ਪਹੁੰਚਦੀ ਦਮ ਤੋੜ ਦਿੰਦੀ ਹੈ।

> ***ਉਹ ਸ਼ਾਇਦ ਦੁਨੀਆਂ ਦੀ ਸਭ ਤੋਂ ਧੜੱਲੇਦਾਰ, ਧੱਕੜ ਤੇ ਧਮਾਕਾਖੇਜ਼ ਔਰਤ ਹੈ। ਉਹ ਜਦ ਸੜਕ 'ਤੇ ਕਾਰ ਚਲਾ ਰਹੀ ਹੁੰਦੀ ਹੈ ਤਾਂ ਕਿਸੇ ਹੋਰ ਵਾਹਣ ਨੂੰ ਸੜਕ 'ਤੇ ਉਤਰਨ ਦੀ ਜ਼ਰੂਰਤ ਨਹੀਂ। ਉਸਦੇ ਖੱਬੇ-ਸੱਜੇ, ਅੱਗੇ-ਪਿਛੇ ਚੱਲ ਰਹੀ ਟਰੈਫ਼ਿਕ ਆਪਣਾ ਸਥਾਨ ਛੱਡ ਕੇ ਕਿਧਰੇ ਛਪਨ ਹੋ ਜਾਂਦੀ ਹੈ। ਜਦ ਕਾਰ ਵਿਚੋਂ ਬਾਹਰ ਮੂੰਹ ਕੱਢ ਕੇ ਉਹ "ਮਾਮਿਆਂ ਨੰਘਣ ਦਿਨੀਂ ਤੈਨੂੰ" ਉਚਾਰਦੀ ਹੈ ਤਾਂ ਪਿੱਛੇ ਆ ਰਹੀ ਪੁਲਿਸ ਆਪਣਾ ਵਾਹਣ ਚੁੱਪ-ਚੁਪੀਤੇ ਸ਼ੋਲਡਰ 'ਤੇ ਲਾ ਲੈਂਦੀ ਹੈ।***

ਇਸ ਦੇਸ਼ ਵਿਚ ਤਿੰਨ ਖੋਖੇ ਹਨ: ਕੰਮ ਦਾ ਖੋਖਾ, ਕਾਰ ਦਾ ਖੋਖਾ ਤੇ ਘਰ ਦਾ ਖੋਖਾ। ਮਨੁੱਖ ਇਕ ਖੋਖੇ 'ਚੋਂ ਨਿਕਲ ਕੇ ਦੂਜੇ ਵਿਚ ਵੜ ਜਾਂਦਾ ਹੈ। ਭਜਨੋ ਹਕੀਕਤਨ ਤਿੰਨੋਂ ਖੋਖਿਆਂ ਦੀ ਸੁਪਰਵਾਈਜ਼ਰ ਹੈ। ਜਦ ਤੋਂ ਸੁਪਰਵਾਈਜ਼ਰ ਪਰਿਵਾਰ ਨੇ ਇਹ ਗੈਸ ਸਟੇਸ਼ਨ ਖਰੀਦਿਆ, ਭਜਨੋ ਦਾ ਸਮੁਚਾ ਵਜੂਦ ਜੁੜਦਾ ਜੁੜਦਾ ਪੂਰੀ ਤਰ੍ਹਾਂ ਇਸ ਖੋਖੇ ਨਾਲ ਜੁੜ ਗਿਆ। ਮੀਂਹ ਜਾਵੇ, ਹਨੇਰੀ ਜਾਵੇ, ਬਰਫ ਆਵੇ, ਪ੍ਰਾਹੁਣਾ ਆਵੇ-ਭਜਨੋ ਤੜਕੇ ਪੰਜ ਵਜੇ ਨੂਹ ਕਰਕੇ ਇਸ ਹੱਟੀ ਦੇ ਬਾਰ ਖੋਲ੍ਹ ਦਿੰਦੀ ਹੈ ਤੇ ਸਭ ਤੋਂ ਪਹਿਲਾਂ ਰਜਿਸਟਰ ਖੋਲ੍ਹ ਕੇ ਤਿੰਨ ਜਹਾਨਾਂ ਦੇ ਪਰਮ-ਸੁਪਰਵਾਈਜ਼ਰ ਦਾ ਨਾਂ ਮਨ ਵਿਚ ਧਿਆਉਂਦੀ ਹੈ। ਫਿਰ ਗਾਹਕ ਭਗਤਾਉਂਦੀ, ਫਰੀਜ਼ਰ 'ਚੋਂ ਬੋਤਲਾਂ ਭਰਦੀ, ਆਲੂ ਤੇ ਚਿਕਨ ਤਲਦੀ, ਇਸ ਤਰ੍ਹਾਂ ਜਾਪਦੀ ਹੈ ਜਿਵੇਂ ਕਪੜਾ ਮਿੱਲ ਦੀ ਚੌਕੜੀ ਚਲਾ ਰਹੀ ਹੋਵੇ। ਗਾਹਕ ਦੀ ਦਸਤਕ ਹੁੰਦਿਆਂ ਹੀ ਉਸ ਦੀਆਂ ਚੁੰਨ੍ਹੀਆਂ ਅੱਖਾਂ ਚਮਕਦੀਆਂ ਤੇ ਵੱਡਰੂਪ ਅਖਤਿਆਰ ਕਰ ਲੈਂਦੀਆਂ ਹਨ। ਪਰ ਇਸ ਛੋਟੇ ਸ਼ਹਿਰ ਦੇ ਗਾਹਕ ਵੀ ਛੋਟੇ ਹਨ।

ਇਕ ਬੀਅਰ ਖਰੀਦਣਗੇ, ਘਰ ਲਿਜਾਕੇ ਪੀਣਗੇ ਤੇ ਥੋੜੇ ਚਿਰ ਬਾਅਦ ਖਾਲੀ ਬੋਤਲ ਚੁਕੀ ਇਕ ਹੋਰ ਲੈਣ ਆ ਜਾਣਗੇ। ਛੋਟੇ ਬੱਚੇ ਕਈ ਵਾਰੀ ਉਸਨੂੰ ਝਕਾਨੀ ਦੇ ਕੇ ਚਾਕਲੇਟ, ਸਿਗਰਟਾਂ, ਪੌਪ ਚੁਰਾ ਕੇ ਦੌੜ ਜਾਂਦੇ ਹਨ ਤੇ ਉਹ 'ਹਰਾਮ ਦੀ ਮਾਰ' ਤੇ ਇਸ ਤੋਂ ਵੀ ਅਗਲੀਆਂ ਗੂੜ੍ਹ ਪੰਜਾਬੀ ਗਾਲਾਂ ਕੱਢਣ ਲਗਦੀ ਹੈ। ਦੁਪਹਿਰ, ਸ਼ਾਮ, ਅੱਧੀ ਰਾਤ, ਪੌਣੀ ਰਾਤ, ਸਾਰੇ ਪਹਿਰ ਉਸਦੇ ਉਪਰ ਦੀ ਘਿਸਰ ਕੇ ਲੰਘ ਜਾਂਦੇ ਹਨ ਪਰ ਮਜਾਲ ਹੈ ਉਹ ਕੰਮ ਤੋਂ ਅਕਦੀ-ਥਕਦੀ ਹੋਵੇ। ਵਧ ਤੋਂ ਵਧ ਕਦੇ ਇਕ ਟੰਗ ਚੁਕ ਲੈਂਦੀ ਹੈ ਕਦੇ ਦੂਜੀ। ਉਹ ਹਰ ਘੰਟੇ ਰਜਿਸਟਰ ਖੋਲ੍ਹ ਕੇ ਵੱਟਤ ਨਾਲੇ-ਨਾਲੇ ਗਿਣੀ ਜਾਂਦੀ ਹੈ ਤੇ ਸ਼ਾਮ ਨੂੰ ਜਦ ਪੂਰਾ ਹਿਸਾਬ ਕਰਦੀ ਹੈ ਤਾਂ ਇਕ ਸੈਂਟ ਵੀ ਘਟ ਵਧ ਨਹੀਂ ਹੁੰਦਾ।

ਸੁਪਰਵਾਈਜ਼ਰ ਘਰ ਦੇ ਕੰਮ ਦੀ ਬਹੁਤ ਸੁਘੜ ਤੇ ਸਚਿਆਰੀ ਹੈ। ਉਸਦੇ ਧੋਤੇ ਕਪੜੇ ਉਜਲੇ ਤੇ ਵੈਕਿਉਮ ਕੀਤੀਆਂ ਫ਼ਰਸ਼ਾਂ ਲੁਸ-ਲੁਸ ਕਰਦੀਆਂ ਹਨ। ਉਹ ਮਹਿੰਦੀ ਵਰਗਾ ਸਾਗ, ਕਰਾਰੀਆਂ ਭਿੰਡੀਆਂ ਅਤੇ ਪੀਜ਼ਾ ਹੱਟ ਨੂੰ ਮਾਤ ਪਾਉਂਦਾ ਪੀਜ਼ਾ ਬਣਾ ਲੈਂਦੀ ਹੈ। ਇਸ ਤੋਂ ਇਲਾਵਾ ਉਸ ਦੇ ਫਰਿਜ ਵਿਚ ਸੱਤੋ ਦਿਨ ਮੈਰੀਨੇਟ ਕੀਤਾ ਚਿਕਨ ਪਿਆ ਰਹਿੰਦਾ ਹੈ। ਇਸ ਵਿਚ ਅਮਰੀਕੀ ਤੇ ਭਾਰਤੀ ਮਸਾਲੇ ਲੱਗੇ ਹੁੰਦੇ ਹਨ। ਉਸਦਾ ਪਤੀ ਇਸ ਚਿਕਨ ਨੂੰ ਸਾਰਾ ਦਿਨ ਭੁੰਨ ਭੁੰਨ ਚਰੂੰਢਦਾ ਤੇ ਵੀਓ ਦਾ ਹਾੜੇ 'ਤੇ ਹਾੜਾ ਚੜ੍ਹਾਈ ਜਾਂਦਾ ਹੈ। ਸੁਪਰਵਾਈਜ਼ਰ ਦੇ ਹਰ ਕੰਮ ਵਿਚ ਬੜੀ ਬਰਕਤ ਹੈ। ਉਹ ਸਟੋਰ ਦੇ ਇਕ ਖੂੰਜੇ ਆਏ ਹੁਨਾਲੇ ਪੀੜ੍ਹੀ ਕੁ ਜਿੰਨੇ ਥਾਂ 'ਚ ਬਤਾਊਂ, ਮਿਰਚਾਂ, ਪੂਦਨਾ ਤੇ ਧਣੀਆ ਲਾਈ ਰੱਖਦੀ ਹੈ। ਇਸ ਨਾਲ ਸਟੋਰ ਵਿਚ ਹਰਿਆਵਲ ਤੇ ਤਾਜ਼ਗੀ ਦਾ ਮਾਹੌਲ ਬੇਚੈਨ ਰੂਹਾਂ ਨੂੰ ਖੇੜੀ ਰੱਖਦਾ ਹੈ। ਨਾਲ ਦੀ ਨਾਲ ਕਈ ਡਾਲਰਾਂ ਦੀ ਹੁੰਦੀ ਬੱਚਤ ਵਾਧੂ ਦਾ ਲਾਹਾ ਹੈ।

ਗੈਸ ਸਟੇਸ਼ਨ ਦੇ ਖੋਖੇ ਵਿਚ ਰੁਝੀ ਉਹ ਬਾਹਰਲੀ ਦੁਨੀਆਂ ਨਾਲ ਪੂਰੀ ਤਰ੍ਹਾਂ ਜੁੜੀ ਰਹਿੰਦੀ ਹੈ। ਗਾਹਕਾਂ ਦੀ ਤਾਕ ਵਿਚ ਉਹ ਖਿੜਕੀ ਤੋਂ ਬਾਹਰ ਮੂੰਹ ਕਰੀ ਰੱਖਦੀ ਹੈ, ਲੰਬੀ ਸੜਕ ਦੇ ਦਿਸਹੱਦੇ ਤੱਕ ਵਾਹਣਾਂ ਦੀਆਂ ਦਿਸ਼ਾਵਾਂ ਨੋਟ ਕਰਦੀ ਰਹਿੰਦੀ ਹੈ। ਜਿਉਂ ਹੀ ਕੋਈ ਗਾਹਕ ਗੈਸ ਭਰਾਉਣ ਲੱਗਦਾ ਹੈ, ਉਸਦੀਆਂ ਅੱਖਾਂ ਇਸ ਸ਼ਿਕਾਰ ਦੀ ਕੰਡ 'ਤੇ ਰੇਂਗਣ ਲਗਦੀਆਂ ਹਨ। ਤੇ ਫਿਰ ਜਦ ਉਹ ਖੋਖੇ 'ਚ ਵੜਦਾ ਹੈ, ਭਜਨੋ ਇਕ ਦਮ ਤਣ ਜਾਂਦੀ ਹੈ, ਉਸਦਾ ਪੂਰਾ ਸਰੀਰ ਲੈਣਹਾਕਾ ਬਣ ਜਾਂਦਾ ਹੈ। ਹੱਥਾਂ ਨਾਲ, ਪੈਰਾਂ ਨਾਲ, ਮੂੰਹ ਨਾਲ, ਅੱਖਾਂ ਨਾਲ, ਉਹ ਸਰੀਰ ਦੇ ਹਰ ਅੰਗ ਨਾਲ ਗਾਹਕ ਤੋਂ ਪੈਸੇ ਛੁਡਾ ਲੈਣਾ ਚਾਹੁੰਦੀ ਹੈ। ਰਸੀਦ ਕੱਟਣ ਲਈ ਜਦ ਉਹ ਰਜਿਸਟਰ ਤੇ ਟਿਕ-ਟਿਕ ਕਰਦੀ ਹੈ ਤਾਂ ਉਸਨੂੰ ਲਗਦਾ ਹੈ ਮਾਇਆ ਉਸਦੇ ਹੱਥਾਂ ਦੀ ਖੇਡ ਹੈ। ਉਸਨੇ ਹੇਠਲੀ ਆਮਦਨ ਬਣਾਉਣ ਦੇ ਵੀ ਕੁਝ ਗੁੱਝੇ ਭੇਤ ਪਾ ਲਏ ਹਨ। ਦੂਰੋਂ ਆਉਂਦੇ ਤੇ ਕਾਹਲੇ ਗਾਹਕਾਂ ਨੂੰ ਉਹ ਅਕਸਰ ਘੱਟ ਬਕਾਇਆ ਦਿੰਦੀ ਹੈ ਤੇ ਉਹ ਵੀ ਬਹੁਤ ਸਾਰੇ ਛੋਟੇ ਸਿਕਿਆਂ ਵਿਚ। ਕੌਣ ਚੀਂਗਰ ਪੋਟ ਗਿਣੇ ਤੇ ਜੇ ਗਿਣ ਵੀ ਲਵੇ ਤਾਂ ਸੌਰੀ ਕਹਿਣ ਵਿਚ ਕਿਹੜਾ ਮੂੰਹ ਘਸਦਾ ਹੈ। ਦਾਅ ਲਗਦੇ ਨੂੰ ਉਹ ਰਸੀਦ ਵੀ ਨਹੀਂ ਦਿੰਦੀ ਤੇ ਕਿੰਨਾ ਟੈਕਸ ਬਚਾ ਲੈਂਦੀ ਹੈ। ਵੱਡੇ ਸਟੋਰਾਂ ਤੋਂ ਐਕਸਪਾਇਰ ਹੋਣ ਵਾਲੇ ਕੇਕ ਉਹ ਚੰਦ ਸਿਕਿਆਂ ਵਿਚ ਲੈ ਆਉਂਦੀ ਹੈ ਤੇ ਚੋਖੀ ਕੀਮਤ 'ਤੇ ਵੇਚ ਦਿੰਦੀ ਹੈ।

ਲੋਕਲ ਪੁਲਿਸ ਨੂੰ ਉਹ ਫਰੀ ਸਿਗਰਟਾਂ, ਪੌਪ, ਬੀਅਰ, ਚਿਕਨ ਤੇ ਫਰਾਈਆਂ ਦੇ ਕੇ ਪੂਰਾ ਖੁਸ਼ ਰੱਖਦੀ ਹੈ। ਇਸ ਨਾਲ ਉਸਦੀ ਸ਼ਾਨ ਨੂੰ ਹੋਰ ਚੰਨ ਲਗਦੇ ਹਨ ਤੇ ਪੁਲਿਸ ਆਪਣੀ ਮੁੱਠੀ ਵਿਚ ਆ ਗਈ ਲਗਦੀ ਹੈ। ਨਿੱਕੇ ਸ਼ਹਿਰ ਦੇ ਨਿਮਾਣੇ ਲੋਕ ਉਸਦੀ ਪੁਲਿਸ ਨਾਲ ਮਿਲੀਭੁਗਤ ਤੋਂ ਡਰਦੇ ਉਸਦਾ ਉਧਾਰ ਮੋੜ ਦਿੰਦੇ ਹਨ।

ਉਸਦੇ ਦੋ ਵੱਡੇ ਸ਼ੌਕ ਹਨ : ਸੇਵੀਆਂ ਖਾਣਾ ਤੇ ਨੇੜੇ-ਤੇੜੇ ਨਵੇਂ ਆਏ ਪੰਜਾਬੀ ਮਰਦਾਂ ਨੂੰ ਭਰਾ ਬਣਾਉਣਾ। ਨਵੇਂ ਬਣਾਏ ਭਰਾ ਦੀ ਘਰ ਵਾਲੀ, ਯਾਨਿ ਭਰਜਾਈ ਨੂੰ ਉਹ ਕੁਝ ਇਸ ਤਰ੍ਹਾਂ ਫੋਨ ਕਰਦੀ ਦੇਖੀ ਗਈ, "ਭੈਣ ਠੰਡ ਬਹੁਤ ਐ ਏਥੇ, ਸਟੋਰ ਵਿਚ ਤਾਂ ਮੈਨੂੰ ਕਾਂਬਾ ਛਿੜਦਾ ਜਾਂਦਾ। ਗਰਮ ਗਰਮ ਸੇਵੀਆਂ ਖਾਣ ਨੂੰ ਬੜਾ ਜੀਅ ਕਰਦਾ।"

ਨਵੀਂ ਭਰਜਾਈ ਲਈ ਸੇਵੀਆਂ ਬਣਾਉਣਾ ਕਿਹੜਾ ਨੰਦ ਪੜ੍ਹਨਾ ਹੈ। ਉਹ ਵੱਡੇ ਚਾਅ ਨਾਲ ਪਾਲੇਮਾਰੀ ਨਣਦ ਲਈ ਸੇਵੀਆਂ ਬਣਾ ਲਿਆਉਂਦੀ ਹੈ। ਫਿਰ ਉਹ ਆਪਣੀ ਨਵੀਂ ਭਰਜਾਈ ਨੂੰ ਦਸਦੀ ਹੈ, "ਭਰਜਾਈ ਜਦ ਮੈਂ ਨਿਊ ਯਾਰਕ ਵਿਚ ਸੀ ਤਾਂ ਇਕ ਮੁੰਡਾ ਮੇਰਾ ਭਰਾ ਬਣ ਗਿਆ। ਜਦ ਰੱਖੜੀਆਂ ਆਉਣੀਆਂ ਉਸਨੇ ਆਪੇ ਰੱਖੜੀ ਖਰੀਦਣੀ, ਆਪੇ ਮਿਠਾਈ ਦਾ ਡੱਬਾ ਤੇ ਜੈਕਟ, ਮੈਨੂੰ ਤਾਂ ਬਸ ਹੁਕਮ ਲਾ ਦੇਣਾ ਕਿ ਤੂੰ ਆ ਕੇ ਰੱਖੜੀ ਬੰਨ੍ਹ ਜਾ। ਸੌ ਡਾਲਰ ਮੇਰੀ ਤਲੀ 'ਤੇ ਧਰ ਦੇਣਾ।" ਉਸਦੇ ਨਵੇਂ ਬਣੇ ਭਰਾ ਕਿਸੇ ਅਣਜਾਣੇ ਕਾਰਨਾਂ ਕਰਕੇ ਛੇਤੀ ਹੀ ਕਿਸੇ ਦੂਰ ਦੇਸ਼ ਵਿਚ ਚਲੇ ਜਾਂਦੇ ਹਨ।

ਉਸਦਾ ਪਤੀ ਭਾਵੇਂ ਦਿਨ-ਰਾਤ ਦਾ ਚੋਖਾ ਹਿੱਸਾ ਬੋਤਲ ਦੇ ਸਾਥ ਵਿਚ ਹੀ ਬਿਤਾਉਂਦਾ ਹੈ ਪਰ ਇਸ ਗੱਲ ਵਿਚ ਕੋਈ ਸੱਚਾਈ ਨਹੀਂ ਕਿ ਉਹ ਭਜਨੋ ਦਾ ਹੱਥ ਨਹੀਂ ਵਟਾਉਂਦਾ। ਵਾਰ ਐਤਵਾਰ ਉਹ ਨਾਲ ਦੇ ਵੱਡੇ ਸ਼ਹਿਰ ਦੇ ਸੈਮਜ਼ ਕਲੱਬ ਤੋਂ ਸਿਗਰਟਾਂ ਆਦਿ ਜਿਹਾ ਥੋਕ ਮਾਲ ਤੇ ਸਸਤੇ ਬੇਹੇ ਕੇਕ ਲੈ ਆਉਂਦਾ ਹੈ। ਸਟੋਰ ਵਿਚ ਸਾਰਾ ਮਾਲ ਭਰ ਕੇ ਉਹ ਆਉਂਦਾ ਹੋਇਆ ਬੀਅਰ ਦੇ ਡਾਲੇ ਚੱਕ ਲਿਆਉਂਦਾ ਹੈ।

ਵੀਕ ਐਂਡ ਤੇ ਉਹ ਆਪ ਮੌਲ ਜਾਂ ਵੱਡੇ ਸਟੋਰਾਂ ਤੇ ਗਰੋਸਰੀ ਕਰਦੀ ਹੈ। ਗਲਿਆਰਿਆਂ ਵਿਚ ਉਹ ਸਰਕਾਰੀ ਸਾਨ੍ਹ ਵਾਂਗ ਨੱਸੀ ਭੱਜੀ ਫਿਰਦੀ ਚੀਜ਼ਾਂ ਦੀ ਖੂਬ ਚੱਕ-ਥੱਲ ਕਰਦੀ ਤੇ ਖਿਲਾਰਾ ਪਾਉਂਦੀ ਹੈ। ਉਹ ਮਹਿੰਗੇ ਭਾਅ ਦੇ ਅੰਦਰੂਨੀ ਕੱਪੜੇ, ਚਾਦਰਾਂ ਸਸਤੇ ਪੈਕਾਂ ਵਿਚ ਪਾ ਕੇ ਲੈ ਆਉਂਦੀ ਹੈ। ਸੇਲ 'ਤੇ ਲੱਗੇ ਸਸਤੇ ਮੱਗ ਦੇ ਕੀਮਤ-ਟੈਗ ਉਤਾਰ ਕੇ ਮਹਿੰਗੇ ਭਾਅ ਵਾਲਿਆਂ ਤੇ ਚਿਪਕਾ ਦਿੰਦੀ ਹੈ। ਪਰੌਬਲਮ ਵਿਚ ਆਉਣ ਤੇ ਉਸਨੇ 'ਨੋ ਇੰਗਲਿਸ਼' ਕਹਿਣਾ ਸਿੱਖ ਲਿਆ ਹੈ। ਚੀਜ਼ਾਂ ਵਰਤ ਕੇ ਮੋੜਨ ਵਿਚ ਕੋਈ ਗੁਨਾਹ ਨਹੀਂ ਹੈ। ਉਸਨੇ ਇਕ ਵਾਰੀ ਇਸ ਕਾਰੀਗਰੀ ਨੂੰ ਸਿਖਰਾਂ 'ਤੇ ਪਹੁੰਚਾਉਣ ਲਈ ਦੇਸ਼ ਤੋਂ ਲਿਆਂਦੀ ਜੁਤੀ ਮੋੜਨ ਦੀ ਕੋਸ਼ਿਸ਼ ਕੀਤੀ ਪਰ ਫੜੀ ਗਈ। ਸਟੋਰ ਦੀਆਂ ਕੰਧਾਂ ਤੇ ਉਸਦੀ ਫੋਟੋ ਲੱਗ ਗਈ। ਪਰ ਤਾਂ ਕੀ ਹੋਇਆ, ਸਟੋਰ ਕਿਤੇ ਇਕ ਹਨ, ਹੋਰ ਬਥੇਰੇ।

ਸੁਪਰਵਾਈਜ਼ਰ ਭਾਵੇਂ ਅਨੇਕਾਂ ਪਰਾ-ਮਨੁਖੀ ਸ਼ਕਤੀਆਂ ਦੀ ਮਾਲਕ ਹੈ ਪਰ ਮਨੁੱਖੀ ਜੂਨ ਵਿਚ ਪਈ ਹੋਣ ਕਰਕੇ ਕਈ ਲੌਕਿਕ ਬੀਮਾਰੀਆਂ ਦੀ ਭੋਗਣਹਾਰ ਹੈ। ਉਸ ਪਾਸ ਡਾਕਟਰ ਕੋਲ ਜਾਣ ਲਈ ਫੁਰਸਤ ਨਹੀਂ, ਨਾ ਹੀ ਇੰਸ਼ੋਰੈਂਸ ਲੈਣ ਲਈ ਵਕਤ। ਇਸ ਲਈ ਉਸਨੇ ਕੰਮ ਦੇ ਸਾਰੇ ਦੰਦਾਂ ਨੂੰ ਗੈਰ-ਕੁਦਰਤੀ ਮੌਤੇ ਮਰਨ ਦਿੱਤਾ। ਉਸਨੂੰ ਹਮੇਸ਼ਾ ਉਬੱਤ ਆਉਂਦੇ ਰਹਿੰਦੇ ਹਨ, ਪਿੱਠ 'ਚ ਚੁੱਕ ਪਈ ਰਹਿੰਦੀ ਹੈ, ਸਿਰ ਚਕਰਾਉਂਦਾ ਹੈ, ਦਿਲ ਘਿਰਦਾ ਹੈ, ਕੰਨਾਂ ਵਿਚ ਝਰਨ-ਝਰਨ ਹੁੰਦੀ ਰਹਿੰਦੀ ਹੈ ਤੇ ਪੈਰਾਂ ਵਿਚ ਕੀੜੀਆਂ ਤੁਰਦੀਆਂ ਰਹਿੰਦੀਆਂ ਹਨ। ਉਸਦਾ ਪਤੀ ਇਸ ਗੱਲ ਵਿਚ ਉਸ ਨਾਲ ਸਹਿਮਤ ਨਹੀਂ ਕਿ ਉਸਨੂੰ ਕੋਈ ਬੀਮਾਰੀ ਹੈ। ਸਾਰੀਆਂ ਬੀਮਾਰੀਆ ਲਈ ਉਸਨੇ ਆਪਣੇ ਪੂਰਵਵਰਤੀ ਦੇਸ਼ ਤੋਂ ਗੋਲੀਆਂ, ਚੂਰਨ ਤੇ ਸ਼ੀਸ਼ੀਆਂ ਮੰਗਵਾਈਆਂ ਹੋਈਆਂ ਹਨ ਤੇ ਉਨ੍ਹਾਂ ਦਾ ਸੇਵਨ ਕਰਦੀ ਰਹਿੰਦੀ ਹੈ।

ਇਕ ਵਾਰੀ ਬਰਫ਼ਾਂ ਦੇ ਦਿਨਾਂ ਵਿਚ ਉਸਨੂੰ ਘੇਰਨੀਆਂ ਆ ਗਈਆਂ ਤੇ ਉਸ ਲਈ ਸਟੋਰ ਤੇ ਜਾਣਾ ਡਾਢਾ ਮੁਹਾਲ ਹੋ ਗਿਆ। ਉਸਨੇ ਆਪਣੀ ਨਵੀਨਤਮ ਅਪਣਾਈ ਭਰਜਾਈ ਨੂੰ ਕੁਝ ਦਿਨ ਲਈ ਰੁਜ਼ਗਾਰ ਦੇ ਦਿੱਤਾ। ਉਸਦੇ ਜ਼ਿੰਮੇ ਲੱਗਾ ਕੰਮ ਸਵੇਰੇ ਪੰਜ ਵਜੇ ਸਟੋਰ ਖੋਲ੍ਹ ਕੇ ਨੌਂ ਵਜੇ ਤਕ ਚਲਾਉਣਾ ਸੀ। ਸੱਤ ਡਾਲਰ ਘੰਟੇ ਦਾ ਮਿਥਿਆ ਗਿਆ। ਨੌਂ ਵਜੇ ਉਹ ਖੁਦ ਆ ਬਰਾਜਦੀ ਸੀ। ਉਹ ਆਉਂਦੇ ਸਾਰ ਭਰਜਾਈ ਨੂੰ ਫਾਰਗ ਕਰ ਦਿੰਦੀ ਤੇ ਉਸਦੇ ਘਰ ਪਹੁੰਚਦਿਆਂ ਹੀ ਫੋਨ ਖੜਕਾ ਦਿੰਦੀ, " ਭਰਜਾਈ ਤੂੰ ਭਲਾ ਕਿੰਨੇ ਵਜੇ ਸਟੋਰ ਖੋਲ੍ਹਿਆ ਸੀ?" ਉਹ ਵਾਰ-ਵਾਰ ਫੋਨ ਕਰਕੇ ਕਨਫਰਮ ਕਰਦੀ। ਉਸਨੂੰ ਯਕੀਨ ਨਹੀਂ ਸੀ ਆਉਂਦਾ ਕਿ ਨਵੀਂ ਨਵੀਂ ਦੇਸੋਂ ਆਈ ਭਰਜਾਈ ਏਨੀ ਬਰਫ਼ ਵਿਚ ਪੰਜ ਵਜੇ ਹੀ ਸਟੋਰ ਖੋਲ੍ਹ ਲੈਂਦੀ ਹੋਵੇਗੀ, 'ਐਵੇਂ ਜਾਦੇ ਪੈਸੇ ਲੈਣ ਦੀ ਮਾਰੀ ਝੂਠ ਮਾਰਦੀ ਹੈ।'

ਇਕ ਰਾਤ ਸੁਪਰਵਾਈਜ਼ਰ ਸਟੋਰ ਬੰਦ ਕਰਕੇ ਘਰ ਜਾ ਰਹੀ ਸੀ। ਪਤਾ ਨਹੀਂ ਕਿਹੜੇ ਤਲਖ ਤਜਰਬਿਆਂ ਕਾਰਨ ਉਹ ਕਦੇ ਘਰ ਦੀ ਚਾਬੀ ਪਾਸ ਨਹੀਂ ਸੀ ਰਖਦੀ। ਉਸਨੇ ਦੋ ਤਿੰਨ ਵਾਰੀ ਬੈੱਲ ਕੀਤੀ ਪਰ ਦਰਵਾਜ਼ਾ ਖੁਲ੍ਹਾ ਨਹੀਂ। ਉਸ ਨੂੰ ਪਤਾ ਹੈ ਕਿ ਉਸਦਾ ਪਤੀ ਅਕਸਰ ਹੀ ਨਾਲ ਵਾਲੇ ਸ਼ਹਿਰ ਦੇ ਪੰਜਾਬੀ ਸਟੋਰ ਵਾਲੇ ਕੋਲ ਘੁੱਟ ਲਾਉਣ ਚਲੇ ਜਾਂਦਾ ਹੈ। ਘੁੱਟ ਵੀ ਕਾਹਨੂੰ, ਘੁੱਟ ਤਾਂ ਏਥੇ ਹੀ ਬਥੇਰੇ ਮਾਰ ਲੈਂਦਾ ਹੈ, ਉਹ ਇਸ ਸਟੋਰ ਵਾਲੇ ਸਮੇਤ ਨਾਲ ਦੇ ਵੱਡੇ ਸ਼ਹਿਰ ਖੇਹ ਖਾਣ ਚਲੇ ਜਾਂਦਾ ਹੈ। ਮੁੰਡਾ ਤਾਂ ਕੰਮ ਤੋਂ ਮੁੜਦਾ ਹੀ ਸਵੇਰੇ ਸੱਤ ਸਾਢੇ ਸੱਤ ਵਜੇ ਸੀ। ਉਹ ਗੈਸ ਸਟੇਸ਼ਨ 'ਤੇ ਮੁੜ ਆਈ ਤੇ ਸਵੇਰ ਤੱਕ ਊਂਘਦਿਆਂ ਕਊਂਟਰ ਤੇ ਖੜੀ ਰਹੀ। ਨਵੀਂ ਭਰਜਾਈ ਨੇ ਪੰਜ ਵਜੇ ਤਾਂ ਆ ਹੀ ਜਾਣਾ ਸੀ। ਪਰ ਉਸ ਦਿਨ ਭਰਜਾਈ ਲੇਟ ਹੋ ਗਈ। ਉਹ ਛੇ ਵਜੇ ਪਹੁੰਚੀ। ਸੁਪਰਵਾਈਜ਼ਰ ਨੂੰ ਤਾਂ ਪਹਿਲਾਂ ਹੀ ਖੁੜਕਦੀ ਸੀ ਕਿ ਉਹ ਹਮੇਸ਼ਾ ਲੇਟ ਸਟੋਰ ਖੋਲ੍ਹ ਕੇ ਜ਼ਿਆਦਾ ਪੈਸੇ ਮੁੱਠ ਲੈਂਦੀ ਹੈ।

ਉਹ ਛੇ ਵਜੇ ਆਈ ਤਾਂ ਸੁਪਰਵਾਈਜ਼ਰ ਨੂੰ ਆਪਣਾ ਉਨੀਂਦਰਾ ਤੇ ਬੀਮਾਰੀ ਭੁਲ ਚੁਕੀ ਸੀ, ਉਹ ਤਾਂ ਨੌ-ਬਰ-ਨੌ ਸੀ।

ਉਹ ਭਰਜਾਈ ਤੇ ਵਰ੍ਹ ਪਈ, "ਮੈਨੂੰ ਤਾਂ ਪਹਿਲਾਂ ਹੀ ਸ਼ੱਕ ਸੀ, ਤੂੰ ਲੇਟ ਆਉਂਦੀ ਏਂ। ਜਦ ਦੀ ਤੂੰ ਆਈ ਏਂ, ਸਾਡੀ ਵੱਟਤ ਕੀ ਦੀ ਕੀ ਰਹਿ ਗਈ। ਕੱਲ੍ਹ ਤੋਂ ਹੁਣ ਤੂੰ ਆਉਣਾ ਬੰਦ ਕਰ ਦਈਂ। ਤਿੰਨ ਘੰਟਿਆ ਦੇ ਹਿਸਾਬ ਨਾਲ ਤੈਨੂੰ ਚਾਰ ਦਿਨਾਂ ਦੇ ਪੈਸੇ ਮਿਲ ਜਾਣਗੈ; ਮੈਂ ਓਦਾਂ ਵੀ ਹੁਣ ਠੀਕ ਹਾਂ।"

ਸ਼ਾਮ ਨੂੰ ਇਹ ਭਰਜਾਈ ਆਪਣੇ ਪਤੀ ਨੂੰ ਇਹ ਕਹਿੰਦਿਆਂ ਕੰਧਾਂ ਨੇ ਸੁਣੀ, "ਆਪਾਂ ਕਿਸੇ ਹੋਰ ਸ਼ਹਿਰ ਚੱਲੀਏ, ਏਥੋਂ ਜਹਾਜ਼ਾਂ ਦਾ ਅੱਡਾ ਬੜੀ ਦੂਰ ਹੈ।"

## ਰੌਸ਼ਨੀ ਦੀ ਕਿਰਨ

ਕਲਯੁਗ ਵਿਚ ਧਰਤੀ 'ਤੇ
ਜਦ ਘੋਰ ਹਨੇਰਾ ਛਾਇਆ
ਰੌਸ਼ਨੀ ਦੀ ਕਿਰਨ ਬਣਕੇ
ਬਾਬਾ ਨਾਨਕ ਜੱਗ 'ਤੇ ਆਇਆ।

ਜਦ ਧਰਮ ਪੰਖ ਲਗਾ ਉਡ ਗਿਆ
ਤੇ ਕੂੜ ਹੋਇਆ ਪ੍ਰਧਾਨ
ਜਦ ਰਾਜੇ ਕਸਾਈ ਬਣ ਗਏ
ਤੇ ਪਰਜਾ ਸੀ ਪਰੇਸ਼ਾਨ
ਜਦ ਵਾੜ ਹੀ ਖਾ ਕੇ ਖੇਤ ਨੂੰ
ਕਰ ਰਹੀ ਸੀ ਬਰਬਾਦ
ਐਸੇ ਸਮੇਂ ਗੁਰੂ ਨਾਨਕ ਨੇ
ਦਿੱਤਾ ਮੂਲ ਮੰਤਰ ਦਾ ਜਾਪ
ਇਸ ਮੰਤਰ ਨੇ ਦੁਨੀਆਂ ਨੂੰ
ਪਰਮਾਤਮਾ ਦਾ ਰੂਪ ਦਰਸਾਇਆ...

ਜਲਦੀ ਹੋਈ ਪ੍ਰਿਥਵੀ
ਜਦ ਬਾਬੇ ਨੂੰ ਦਿਸ ਆਈ
ਬਾਬੇ ਭੇਖ ਬਣਾਇਆ
ਉਦਾਸੀ ਦੀ ਰੀਤ ਚਲਾਈ
ਚਾਰ ਉਦਾਸੀਆਂ ਨਾਲ ਲੋਕਾਂ ਦਾ
ਵਹਿਮ ਭਰਮ ਮਿਟਾਇਆ
ਸਾਂਝੀਵਾਲਤਾ ਦਾ ਉਪਦੇਸ਼ ਦੇ
ਲੋਕਾਂ ਨੂੰ ਸਿਧੇ ਰਸਤੇ ਪਾਇਆ
ਇਕ ਐਸੀ ਆਰਤੀ ਰਚਾ ਕੇ
ਸਿਮਰਨ ਦਾ ਰਾਹ ਦਿਖਾਇਆ...

ਸੱਜਣ ਠੱਗ ਨੂੰ ਤਾਰਿਆ
ਕੰਧਾਰੀ ਦਾ ਹੰਕਾਰ ਤੋੜਿਆ
ਜੰਗਲਾਂ 'ਚ ਫਿਰਦਿਆਂ ਨੂੰ
ਗ੍ਰਹਿਸਤ ਦੇ ਨਾਲ ਜੋੜਿਆ
ਜੀਵਨ ਏਦਾਂ ਜੀਵਣਾਂ
ਜਿਵੇਂ ਚਿਕੜ ਦੇ ਵਿਚ ਫੁਲ
ਸਭਨਾਂ ਨੂੰ ਯਾਦ ਕਰਾਇਆ
ਜੋ ਗਏ ਸੀ ਰੱਬ ਨੂੰ ਭੁਲ
ਸ਼ੁਭ ਅਮਲਾ ਦਾ ਸਬਕ
ਕੁਲ ਦੁਨੀਆਂ ਨੂੰ ਸਮਝਾਇਆ...

ਰਾਜਾ ਰੰਕ ਬਰਾਬਰ ਜਾਣੇ
ਊਚ ਨੀਚ ਦਾ ਭੇਦ ਮਿਟਾਇਆ
ਜਨਮ ਦਾਤੀ ਨੂੰ ਦੁਨੀਆਂ ਦੇ ਵਿਚ
ਮਹਾਨ ਦਰਜਾ ਦਿਵਾਇਆ
ਨੀਚਾਂ ਅੰਦਰ ਨੀਚ ਜਾਤ
ਨੀਚੀ ਹੂੰ ਅਤ ਨੀਚ
ਨਾਨਕ ਤਿਨ ਕੇ ਸੰਗ ਸਾਥ
ਵੱਡਿਆਂ ਸਿਉਂ ਕਿਆ ਰੀਸ
ਮਿਠਤ ਨੀਵੀਂ ਨਾਨਕਾ ਦਾ
ਦੁਨੀਆਂ ਨੂੰ ਸਬਕ ਸਿਖਾਇਆ...


-ਲਖਵਿੰਦਰ ਸਿੰਘ ਮੱਟੂ
ਡੇਅਟਨ, ਉਹਾਇਓ
513-300-4020

# ਸਫ਼ਰ ਜ਼ਿੰਦਗੀ ਦਾ

ਰਾਹੀ ਜਦੋਂ ਅਲੀਗੜ੍ਹ ਆਏ, ਉਦੋਂ ਉਨ੍ਹਾਂ ਦਾ ਨਾਂਅ ਉੱਘੇ ਸ਼ਾਇਰਾਂ ਵਿਚ ਗਿਣਿਆ ਜਾਂਦਾ ਸੀ। ਉਹ ਬਹੁਤ ਹੀ ਦੋਸਤੀ ਪਸੰਦ ਇਨਸਾਨ ਸਨ। ਮੈਂ ਆਪਣੇ ਪੂਰੇ ਯੂਨੀਵਰਸਿਟੀ ਜੀਵਨ ਵਿਚ ਉਨ੍ਹਾਂ ਨੂੰ ਇਕੱਲੇ ਨਹੀਂ ਦੇਖਿਆ। ਉਨ੍ਹੀਂ ਦਿਨੀਂ ਰਾਹੀ ਆਪਣੇ ਵੱਡੇ ਭਰਾ ਮੂਨਿਸ ਰਜ਼ਾ ਦੇ ਨਾਲ ਵਾਲੀ ਮੰਜ਼ਿਲ ਵਿਚ ਰਹਿੰਦੇ ਸਨ। ਵਿਭਾਗ ਤੋਂ ਘਰ ਤੱਕ ਦੀ ਕਾਫੀ ਦੂਰੀ ਸੀ, ਪਰ ਕਿਸੇ ਮੁੱਦੇ 'ਤੇ ਬਹਿਸ ਹੁੰਦੀ ਤੇ ਰਾਹ ਮੁੱਕਦੀ ਰਹਿੰਦੀ।

ਰਾਹੀ ਦੀ ਸਭ ਤੋਂ ਵੱਡੀ ਖੂਬੀ ਸੀ ਬੇਬਾਕ ਹੋਣਾ। ਇਸ ਨੂੰ ਸਭ ਤੋਂ ਵੱਡੀ ਖੂਬੀ ਮੈਂ ਇਸ ਕਰਕੇ ਮੰਨਦਾ ਹਾਂ ਕਿ ਇਸ ਜ਼ਮਾਨੇ ਵਿਚ ਬਹੁਤ ਹੀ ਥੋੜ੍ਹੇ ਲੋਕ ਹਨ, ਜੋ ਸਾਫ ਅਤੇ ਖੁੱਲ੍ਹ ਕੇ ਕਹਿੰਦੇ ਹਨ। ਇਸ ਵਿਚ ਉਹ ਆਪਣੇ ਦੋਸਤਾਂ ਤੇ ਪਰਵਾਰ ਦੀ ਵੀ ਚਿੰਤਾ ਨਹੀਂ ਕਰਦੇ ਸਨ ਕਿ ਇਹ ਗੱਲ ਕਿਸ ਨੂੰ ਪਸੰਦ ਹੈ, ਕਿਸ ਨੂੰ ਨਹੀਂ। ਲੋਕ ਉਸਨੂੰ ਉਰਦੂ ਦਾ ਬਾਇਰਨ ਕਿਹਾ ਕਰਦੇ ਸਨ। ਉਹਦੇ ਸ਼ੇਅਰ ਹਰ ਕਿਸੇ ਦੇ ਦਿਲ ਨੂੰ ਧੂਹ ਪਾਉਂਦੇ ਸਨ। ਉਹਦੀਆਂ ਗਜ਼ਲਾਂ ਨੇ ਲੰਮੇ ਅਰਸੇ ਤੱਕ ਲੋਕਾਂ ਵਿਚ ਅਧਿਕਾਰ ਹੀ ਜਮਾ ਲਿਆ ਸੀ।

ਅਜਨਬੀ ਸ਼ਹਿਰ ਮੇਂ ਅਜਨਬੀ ਰਾਸਤੇ,  
ਮੇਰੀ ਤਨਹਾਈਓਂ ਪਰ ਮੁਸਕਰਾਤੇ ਰਹੇ।  
ਮੈਂ ਬਹੁਤ ਦੇਰ ਤੱਕ ਯੂੰ ਹੀ ਚੱਲਤਾ ਰਹਾ,  
ਤੁਮ ਬਹੁਤ ਦੇਰ ਤੱਕ ਯਾਦ ਆਤੇ ਰਹੇ।  
ਜ਼ਖਮ ਜਬ ਭੀ ਕਭੀ ਮੇਰੇ ਦਿਲ ਪਰ ਲਗਾ,  
ਜ਼ਿੰਦਗੀ ਕੀ ਤਰਫ ਏਕ ਦਰੀਬਾ ਖੁਲ੍ਹਾ।  
ਹਮ ਭੀ ਗੋਯਾ ਕਿਸੀ ਸਾਜ਼ ਕੇ ਤਾਰ ਹੈਂ  
ਚੋਟ ਖਾਤੇ ਰਹੇ, ਗੁਨਗੁਨਾਤੇ ਰਹੇ

ਜਦੋਂ ਉਹ ਇਹ ਗਜ਼ਲ ਤਰੰਨਮ ਵਿਚ ਗਾਉਂਦੇ ਸਨ ਤਾਂ ਵਾਰ-ਵਾਰ ਇਸੇ ਨੂੰ ਹੀ ਮੁੜ ਗਾਉਣ ਦੀ ਫਰਮਾਇਸ਼ ਹੁੰਦੀ ਸੀ ਅਤੇ ਲੋਕ ਕੀਲੇ ਜਾਂਦੇ ਸਨ। ਰਾਹੀ ਗਭਰੇਟ ਉਮਰ ਤੋਂ ਹੀ ਖੱਬੇ-ਪੱਖੀ ਵਿਚਾਰਧਾਰਾ ਦੇ ਸਮਰਥਕ ਸਨ। ਉਹ ਇੱਕ ਅਗਾਂਹਵਧੂ ਕਵੀ ਦੇ ਤੌਰ 'ਤੇ ਜਾਣੇ ਜਾਂਦੇ ਸਨ। 1957 ਵਿਚ ਰਾਹੀ ਯੂਨੀਵਰਸਿਟੀ ਵਿਚ ਆਏ। ਇਥੇ ਸਟੂਡੈਂਟ ਫੈਡਰੇਸ਼ਨ ਨਾਲ ਸਰਗਰਮੀ ਨਾਲ ਜੁੜ ਗਏ। ਉਨ੍ਹਾਂ ਦਿਨਾਂ ਵਿਚ ਇਹ ਬਹੁਤ ਮਜ਼ਬੂਤ ਜਥੇਬੰਦੀ ਸੀ। ਵਿਚਾਰਾਂ ਵਿਚ ਤਿੱਖਾਪਣ ਅਤੇ ਸੇਧ ਤਾਂ ਉਨ੍ਹਾਂ ਅੰਦਰ ਬਚਪਨ ਤੋਂ ਹੀ ਸੀ। 1955 ਵਿਚ ਲਿਖੀ ਇਕ ਗਜ਼ਲ ਦਾ ਸ਼ੇਅਰ ਯਾਦ ਆ ਰਿਹਾ ਹੈ;

ਕਿਉਂਕਿ ਜ਼ਿੰਦਗੀ ਮੇਰੀ ਜੇਕੀ ਅਲਾਮਤ ਹੈ  
ਇਨਕਲਾਬੇ ਫਰਦਾ ਕੀ ਏਕ ਬੜੀ ਅਮਾਨਤ ਹੈ।

ਰਾਹੀ ਨਾਲ ਮੇਰੀ ਪਹਿਲੀ ਮੁਲਾਕਾਤ ਇਕ ਸਟੂਡੈਂਟ ਮੀਟਿੰਗ ਵਿਚ ਹੋਈ। ਉਨ੍ਹਾਂ ਦਿਨਾਂ ਵਿਚ ਉਹ ਸੱਭਿਆਚਾਰਕ ਫਰੰਟ ਦੇ ਇੰਚਾਰਜ ਸਨ। ਗਾਉਣ ਅਤੇ ਡਰਾਮੇ ਦੀ ਟੀਮ ਤਿਆਰ ਕਰ ਰਹੇ ਸਨ। ਉਨ੍ਹਾਂ ਦੇ ਨਾਲ ਹਕੀਮ ਮਹਿਬੂਬ ਆਲਮ, ਖਾਲਿਦ ਸੁਲਤਾਨ ਤੇ ਬਾਕਰ ਮੁਸਤਫਾ ਵਰਗੇ ਰੰਗਕਰਮੀ ਜੁੜੇ ਹੋਏ ਸਨ। ਮੈਂ ਵੀ ਟੀਮ ਦਾ ਸਹਿਯੋਗੀ ਬਣ ਗਿਆ। ਇਸ ਫਰੰਟ ਦਾ ਮੁੱਖ ਉਦੇਸ਼ ਨਾਟਕ ਅਤੇ ਕਵਿਤਾ ਦੇ ਮਾਧਿਅਮ ਰਾਹੀਂ ਸੰਕੀਰਨਤਾ, ਕੁਰੀਤੀਆਂ, ਅੰਧ-ਵਿਸ਼ਵਾਸਾਂ ਅਤੇ ਅਨਿਆਂ ਦੇ ਵਿਰੁਧ ਲੋਕਾਂ ਨੂੰ ਜਾਗ੍ਰਿਤ ਕਰਨਾ ਸੀ ਅਤੇ ਰਾਜਨੀਤਕ ਗੱਲਾਂ ਵੀ ਇਸ ਮਾਧਿਅਮ ਰਾਹੀਂ ਕੀਤੀਆਂ ਜਾ ਸਕਦੀਆਂ ਹਨ।

ਅੱਜ ਵੀ ਮੈਂ ਇਹ ਹੀ ਮੰਨਦਾ ਹਾਂ ਕਿ ਸੱਭਿਆਚਾਰਕ ਖੜੋਤ ਤੋੜੇ ਬਿਨਾਂ ਅਗਾਂਹਵਧੂ ਰਾਜਨੀਤੀ ਕਰਨਾ ਅਸੰਭਵ ਹੈ। ਹਿੰਦੀ ਖੇਤਰ ਹੁਣ ਜਿਸ ਸੱਭਿਆਚਾਰ ਅਤੇ ਖੜੋਤ ਦਾ ਸ਼ਿਕਾਰ ਹੈ, ਇਸ ਸਥਿਤੀ ਵਿਚ ਤਾਂ ਪਿਛਾਖੜੀ/ਵਿਨਾਸ਼ਕਾਰੀ ਰਾਜਨੀਤੀ ਹੀ ਸਰਗਰਮ ਹੋਵੇਗੀ। ਇਸਦਾ ਵਿਰੋਧ ਸੱਭਿਆਚਾਰਕ ਪੱਧਰ 'ਤੇ ਕੀਤਾ ਜਾਣਾ ਚਾਹੀਦਾ ਹੈ। ਸਾਡੀਆਂ ਗੋਸ਼ਟੀਆਂ ਸ਼ਾਮ ਵੇਲੇ ਜਾਵੇਦ ਕਮਾਲ ਦੀ ਕੰਟੀਨ 'ਤੇ ਹੁੰਦੀਆਂ ਸਨ।

ਜਾਵੇਦ ਕਮਾਲ ਖੁਦ ਵੀ ਉਰਦੂ ਦੇ ਸਮਰੱਥ ਕਵੀ ਤੇ ਵਿਅਕਤੀ ਸਨ। ਉਹ ਉਰਦੂ ਵਿਚ ਐੱਮ.ਏ. ਕਰਨ ਤੋਂ ਬਾਅਦ ਕੰਟੀਨ ਚਲਾ ਰਹੇ ਸਨ। ਯੂਨੀਵਰਸਿਟੀ ਦੇ ਸਾਰੇ ਸਾਹਿਤਕਾਰ, ਰੰਗਕਰਮੀ, ਰਾਜਨੀਤਕ ਆਦਿ ਸਭ ਜਾਵੇਦ ਕਮਾਲ ਦੀ ਕੰਟੀਨ ਉੱਤੇ ਇਕੱਠੇ ਹੁੰਦੇ ਸਨ। ਇਥੇ ਸਾਹਿਤ, ਕਲਾ, ਦੇਸ ਵਿਦੇਸ਼ ਦੀ ਰਾਜਨੀਤੀ, ਯੂਨੀਵਰਸਿਟੀ ਵਿਚ ਚੱਲ ਰਹੇ ਵਰਤਾਰੇ, ਵਿਅਕਤੀ, ਸਮਾਜ ਅਤੇ ਸਕੈਂਡਲ ਆਦਿ ਮੁੱਖ ਚਰਚਾ ਵਿਚ ਹੁੰਦੇ ਸਨ। ਅਧਿਆਪਕ ਅਤੇ ਵਿਦਿਆਰਥੀ ਦੋਹਾਂ ਦਾ ਹੀ ਇਨ੍ਹਾਂ ਸ਼ਾਮ ਦੀਆਂ ਸਭਾਵਾਂ ਵਿਚ ਬਰਾਬਰ ਦਾ ਦਰਜਾ ਹੁੰਦਾ ਸੀ।

ਰਾਹੀ ਜਿੱਥੇ ਵੀ ਹੋਣ ਪ੍ਰਮੁੱਖ ਖਿੱਚ ਦਾ ਕੇਂਦਰ ਨਾ ਹੋਣ ਇਹ ਅਸੰਭਵ ਸੀ। ਸਾਹਿਤਕਾਰਾਂ ਵਿਚ ਖਲੀਲ-ਉਰ-ਰਹਿਮਾਨ ਆਜ਼ਮੀ ਤੇ ਸ਼ਹਿਰਯਾਰ ਤਾਂ ਅਕਸਰ ਹੁੰਦੇ ਸਨ। ਕਦੇ-ਕਦੇ ਜਜ਼ਬੀ ਸਾਹਿਬ, ਵਾਮਿਕ ਜੌਨਪੁਰੀ, ਡਾ. ਮੁਨੀਬਰ ਰਹਿਮਾਨ ਵਰਗੇ ਉੱਘੇ ਸ਼ਾਇਰ ਵੀ ਸ਼ਾਮਲ ਹੁੰਦੇ ਸਨ। ਇਹ ਸਭ ਸੰਨ 1965 ਤੱਕ ਜਾਰੀ ਰਿਹਾ, ਕਿਉਂਕਿ ਸੰਨ 1966 ਵਿਚ ਰਾਹੀ ਬੰਬਈ ਚਲੇ ਗਏ ਅਤੇ ਇਹ ਗੋਸ਼ਟੀਆਂ ਵੀ ਇਤਿਹਾਸ ਬਣ ਗਈਆਂ। ਅਸੀਂ ਇਨ੍ਹਾਂ ਨੂੰ ਗੱਪ ਗੋਸ਼ਟੀਆਂ ਦਾ ਨਾਂ ਦਿੱਤਾ ਸੀ।

ਸੰਨ 1962 ਵਿਚ ਇਕ ਦਿਨ ਰਾਹੀ ਨੂੰ ਮੈਂ ਬੜੀ ਗੰਭੀਰਤਾ ਨਾਲ ਕਿਹਾ ਕਿ ਕਦੋਂ ਤੱਕ ਤੁਸੀਂ ਗੁੰਮਨਾਮ ਨਾਵਲ ਲਿਖਦੇ ਰਹੋਗੇ, ਕਿਉਂ ਨਹੀਂ ਕੋਈ ਗੰਭੀਰ ਨਾਵਲ ਲਿਖਦੇ? ਤੁਹਾਡੇ ਕੋਲ ਜੋ ਭਾਸ਼ਾ-ਸ਼ੈਲੀ ਹੈ, ਉਸ ਦਾ ਉਪਯੋਗ ਕਿਉਂ ਨਹੀਂ ਕਿਸੇ ਉੱਤਮ ਰਚਨਾ ਲਈ ਕਰਦੇ? ਉਨ੍ਹਾਂ ਕਿਹਾ, ''ਯਾਰ ਕੇ ਪੀ ਛਾਪੇਗਾ ਕੌਣ? ਉਰਦੂ ਵਿਚ ਤਾਂ ਛਾਪਣ ਤੋਂ ਰਿਹਾ ਕੋਈ?'' ਮੈਂ ਕਿਹਾ, 'ਲਿਖੋ ਤਾਂ ਸਈ। ਕਿਧਰੇ ਨਾ ਕਿਧਰੇ ਛਪ ਜਾਏਗਾ।' ਇਸੇ ਤਰ੍ਹਾਂ 'ਆਧਾ ਗਾਂਵ' ਦਾ ਲਿਖਣਾ ਹੌਲੀ-ਹੌਲੀ ਸ਼ੁਰੂ ਹੋਇਆ। ਜਿੰਨਾ ਹਿੱਸਾ ਲਿਖਦੇ ਸਨ, ਹਫਤੇ ਵਿਚ ਇੱਕ ਦਿਨ ਜਾਵੇਦ ਕਮਾਲ ਦੀ ਕੰਟੀਨ 'ਤੇ ਮਿੱਤਰ ਮੰਡਲੀ ਵਿਚ ਸੁਣਾ ਦਿੰਦੇ ਸਨ। ਉਸ 'ਤੇ ਬਹਿਸ ਹੁੰਦੀ ਸੀ। ਭਾਸ਼ਾ, ਪਾਤਰ ਅਤੇ ਘਟਨਾਵਾਂ ਉੱਤੇ। ਰਾਹੀ ਬਹੁਤ ਧਿਆਨ ਨਾਲ ਸਵਾਲਾਂ ਨੂੰ ਸੁਣਦੇ ਸਨ ਤੇ ਹਰ ਸਵਾਲ ਦਾ ਜਵਾਬ ਦਿੰਦੇ ਸਨ ਅਤੇ ਜੋ ਗੰਭੀਰ ਸਵਾਲ ਹੁੰਦੇ ਸਨ, ਜਿਨ੍ਹਾਂ ਦੇ ਉਸ ਸਮੇਂ ਉੱਤਰ ਨਹੀਂ ਸਨ ਦਿੰਦੇ ਉਨ੍ਹਾਂ ਨੂੰ ਰਾਹੀ ਨੋਟ ਕਰ ਲੈਂਦੇ ਸਨ ਅਤੇ ਬਾਅਦ ਵਿਚ ਵਿਚਾਰ ਕਰਕੇ ਜ਼ਰੂਰੀ ਸੁਧਾਈ ਅਤੇ ਸੁਧਾਰ ਵੀ ਕਰਦੇ ਸਨ। ਇਹ ਕੰਮ ਦੋ ਸਾਲ ਤੱਕ ਚੱਲਦਾ ਰਿਹਾ, ਇਸ ਤਰ੍ਹਾਂ 'ਆਧਾ ਗਾਂਵ' ਸੰਨ 1964 ਦੇ ਅੰਤ ਤੱਕ ਪੂਰਾ ਹੋ ਗਿਆ।

'ਆਧਾ ਗਾਂਵ' ਲਿਖਦਿਆਂ ਕਈ ਦਿਲਚਸਪ ਗੱਲਾਂ ਹੋਈਆਂ। ਇਸੇ ਦਰਮਿਆਨ ਮੈਂ ਵੀ ਉਸੇ ਮੰਜ਼ਿਲ 'ਤੇ ਰਾਹੀ ਸਾਹਿਬ ਕੋਲ ਰਹਿਣ ਲੱਗਾ। ਫੁੰਨਨ ਮੀਆਂ ਇਸ ਨਾਵਲ ਦੇ ਬਹੁਤ ਜਾਨਦਾਰ ਪਾਤਰ ਹਨ। ਹਿੰਦੀ ਨਾਵਲ ਵਿਚ ਅਜਿਹੇ ਪਾਤਰ ਅਜ਼ਾਦੀ ਤੋਂ ਬਾਅਦ ਘੱਟ ਹੀ ਦੇਖਣ ਨੂੰ ਮਿਲਦੇ ਹਨ। ਨਾਵਲ 'ਚ ਫੁੰਨਨ ਮੀਆਂ ਦੀ ਮੌਤ ਨੂੰ ਲੈ ਕੇ ਮੇਰੇ ਅਤੇ ਰਾਹੀ ਦੇ ਵਿਚਕਾਰ ਕਾਫੀ ਮੱਤਭੇਦ ਰਹੇ । ਮੇਰੀ ਰਾਇ ਸੀ ਕਿ ਫੁੰਨਨ ਮੀਆਂ ਨੂੰ ਮਰਨਾ ਨਹੀਂ ਚਾਹੀਦਾ ਅਤੇ ਰਾਹੀ ਕਹਿੰਦੇ ਸਨ ਕਿ ਫੁੰਨਨ ਮੀਆਂ ਦੀ ਭੂਮਿਕਾ ਖਤਮ ਹੋ ਗਈ ਹੈ ਤੇ ਕਹਾਣੀ ਦੀ ਮੰਗ ਦੇ ਅਨੁਸਾਰ ਤੁਸੀਂ ਫੁੰਨਨ ਮੀਆਂ ਨੂੰ ਜੀਊਂਦਾ ਨਹੀਂ ਰੱਖ ਸਕਦੇ। ਬਹਿਸ ਕਰਦੇ ਕਰਦੇ ਸਾਡੇ ਵਿਚਕਾਰ ਝਗੜਾ ਹੋਇਆ ਤਿੰਨ ਦਿਨ ਇਕ ਵੀ ਸ਼ਬਦ ਨਾ ਲਿਖਿਆ ਗਿਆ ਤੇ ਨਾ ਹੀ ਅਸੀਂ ਕੋਈ ਗੱਲਬਾਤ ਕੀਤੀ।

ਚੌਥੇ ਦਿਨ ਬੈਠ ਕੇ ਸਮਝੌਤਾ ਵਾਰਤਾ ਹੋਈ। ਰਾਹੀ ਨੇ ਕਿਹਾ ਕਿ ਫੁੰਨਨ ਮੀਆਂ ਨਾਲ ਮੇਰਾ ਵੀ ਬਹੁਤ ਮੋਹ ਹੈ। ਹੁਣ ਤੁਸੀਂ ਹੀ ਦੱਸੋ ਕਿ ਉਹਨੂੰ ਕਿਵੇਂ ਜੀਵਤ ਰੱਖਿਆ ਜਾ ਸਕਦਾ ਹੈ। ਮੈਂ ਨਿਰ-ਉੱਤਰ ਹੋ ਗਿਆ ਅਤੇ ਕਹਾਣੀ ਅੱਗੇ ਤੁਰੀ। ਫੁੰਨਨ ਹੀ ਸਨ, ਜਿਨ੍ਹਾਂ ਨੇ ਅਜ਼ਾਦੀ ਤੋਂ ਬਾਅਦ ਭਾਰਤੀ ਰਾਜਨੀਤੀ ਵਿਚ ਫਿਰਕਾਪ੍ਰਸਤੀ ਵਲ ਇਸ਼ਾਰਾ ਕੀਤਾ ਸੀ। ਕਾਂਗਰਸ ਦੇ ਇਕ ਮੰਤਰੀ 1942 ਦੇ ਸ਼ਹੀਦਾਂ ਦੀ ਯਾਦਗਾਰ ਬਣਾਉਣ ਦਾ ਐਲਾਨ ਕਰਦੇ ਹਨ ਅਤੇ ਸਾਰੇ ਸ਼ਹੀਦਾਂ ਦਾ ਨਾਂਅ ਲੈਂਦੇ ਹਨ, ਪਰ ਜਦੋਂ ਅੱਬਾਸ ਦਾ (ਜੋ ਉਸੇ ਥਾਂ 'ਤੇ ਪੁਲਸ ਦੀ ਗੋਲੀ ਦਾ ਸ਼ਿਕਾਰ ਹੋਇਆ ਸੀ) ਕੋਈ ਬੁਲਾਰਾ ਨਾਂਅ ਨਹੀਂ ਲੈਂਦਾ ਤਾਂ ਫੁੰਨਨ ਮੀਆਂ ਬਹੁਤ ਹੀ ਹੈਰਾਨ ਹੁੰਦੇ ਹਨ ਅਤੇ ਇਕਦਮ ਉੱਚੀ ਆਵਾਜ਼ ਵਿਚ ਕਹਿੰਦੇ ਹਨ- 'ਇੱਥੇ ਤਾਂ ਸਾਡੇ ਅੱਬਾਸ ਵੀ ਮਰੇ ਸਨ।'

ਦੂਸਰਾ ਵਿਵਾਦ ਸਾਡੇ ਵਿਚਕਾਰ 'ਆਧਾ ਗਾਂਵ' ਵਿਚ ਆਉਂਦੀਆਂ ਗਾਲ੍ਹਾਂ ਨੂੰ ਲੈ ਕੇ ਸੀ। ਪਾਠਕ ਜਾਣਦੇ ਹਨ ਕਿ ਵਿਗੜੇ ਹੋਏ ਜਗੀਰਦਾਰ ਕਿਸ ਤਰ੍ਹਾਂ ਗਾਲ੍ਹਾਂ ਕੱਢਦੇ ਹਨ । ਉਹ ਇਸ ਅੰਦਰ ਮੂਲ ਰੂਪ ਵਿਚ ਮੌਜੂਦ ਹਨ। ਪੂਰੇ ਲਿਖਣ ਸਮੇਂ ਦੌਰਾਨ ਇਸ 'ਤੇ ਵਾਰ-ਵਾਰ ਵਿਵਾਦ ਰਿਹਾ ਕਿ ਕੀ ਗਾਲ੍ਹਾਂ ਇਸ ਕਥਾ ਦਾ ਹਿੱਸਾ ਹਨ। ਇਸ ਬਹਿਸ ਦਾ ਇਹ ਨਤੀਜਾ ਹੋਇਆ ਕਿ ਜਿੱਥੇ ਕਿਤੇ ਵੀ ਗੈਰ ਜਰੂਰੀ ਗਾਲ੍ਹਾਂ ਦੀ ਵਰਤੋਂ ਹੈ, ਉਹ ਦੂਜੀ ਵਾਰ ਤਿਆਰ ਕੀਤੇ ਖਰੜੇ ਵਿਚ ਘਟਾ ਦਿੱਤੀ ਗਈ। ਮੈਂ ਅੱਜ ਮਹਿਸੂਸ ਕਰਦਾ ਹਾਂ ਕਿ ਇਹ ਗਾਲ੍ਹਾਂ ਕਹਾਣੀ ਦਾ ਜ਼ਰੂਰੀ ਅੰਗ ਹਨ। ਇਹ ਪਾਤਰਾਂ ਨੂੰ ਵਧੇਰੇ ਪ੍ਰਭਾਵਿਤ ਅਤੇ ਸਾਰਥਕ ਬਣਾਉਂਦੀਆਂ ਹਨ। ਜਿਨ੍ਹਾਂ ਦਾ ਜੀਵਨ ਖੁਦ ਇਕ ਘਟੀਆ ਗਾਲ੍ਹ ਤੋਂ ਵਧ ਨਹੀਂ ਹੈ। ਅਜਿਹੇ ਪੌਂਗਾ ਪੰਡਤਾਂ ਨੇ ਜੋਧਪੁਰ ਯੂਨੀਵਰਸਿਟੀ ਵਿਚ 'ਆਧਾ ਗਾਂਵ' ਦੇ ਖਿਲਾਫ ਘਟੀਆ ਪ੍ਰਚਾਰ ਕਰਕੇ ਇਸ ਨਾਵਲ ਨੂੰ ਅਸ਼ਲੀਲ ਸਿੱਧ ਕਰਨ ਦਾ ਅਸਫਲ ਯਤਨ ਕੀਤਾ। ਅਸਲ ਵਿਚ ਇਹ ਆਪਣੀ ਅਸ਼ਲੀਲ ਰਾਜਨੀਤੀ ਨੂੰ ਲੁਕਾਉਣ ਦਾ ਤਲਿੱਸਮੀ ਤਰੀਕਾ ਸੀ। 'ਆਧਾ ਗਾਂਵ' ਦਾ ਕੁਝ ਹਿੱਸਾ ਫਾਰਸੀ ਲਿਪੀ ਤੋਂ ਮੈਂ ਅਤੇ ਰਾਹੀ ਦੇ ਦੇਨਵਾਗਰੀ ਵਿਚ ਕਰਕੇ ਤਜਰਬੇ ਵਜੋਂ ਉਸ ਸਮੇਂ ਦੀ ਪ੍ਰਸਿੱਧ ਪੱਤ੍ਰਿਕਾ 'ਗਿਆਨੋਦੋਯ' ਨੂੰ ਭੇਜ ਦਿੱਤਾ। ਇਹ ਹਿੱਸਾ ਸੰਪਾਦਕ ਨੂੰ ਬਹੁਤ ਪਸੰਦ ਆਇਆ, ਉਨ੍ਹਾਂ 'ਗਿਆਨੋਦੋਯ' ਵਿਚ 1965 ਦੇ ਸ਼ੁਰੂ 'ਚ ਪ੍ਰਮੁੱਖਤਾ ਨਾਲ ਇਸ ਨੂੰ ਛਾਪਿਆ। ਇਸ ਨਾਲ ਰਾਹੀ ਬਹੁਤ ਉਤਸ਼ਾਹਿਤ ਹੋਏ। ਉਰਦੂ ਦਾ ਇਸ ਤੋਂ ਪੂਰਾ ਲਿਪੀਅੰਤਰ ਕੀਤਾ ਗਿਆ। ਅਪ੍ਰੈਲ 1965 'ਚ ਕਮਲੇਸ਼ਵਰ ਲਖਨਊ ਆਏ ਸਨ। ਮੈਂ ਕਮਲੇਸ਼ਵਰ ਨੂੰ ਕਿਹਾ ਕਿ ਰਾਹੀ ਨੇ ਬਹੁਤ ਚੰਗਾ ਨਾਵਲ ਲਿਖਿਆ ਹੈ। ਇਕ ਦਮ ਵੱਖਰਾ, ਹਿੰਦੀ ਵਿਚ ਇਸ ਵਿਸ਼ੇ ਵਸਤੂ 'ਤੇ ਹੁਣ ਤੱਕ ਕੋਈ ਨਾਵਲ ਨਹੀਂ ਹੈ। ਭਾਸ਼ਾ ਅਤੇ ਸ਼ਿਲਪ ਦੀ ਦ੍ਰਿਸ਼ਟੀ ਤੋਂ ਵੀ ਅਦਭੁੱਤ ਹੈ। ਹਿੰਦੀ ਦੇ ਪਾਠਕਾਂ ਨੂੰ ਪਸੰਦ ਆਵੇਗਾ।

ਕਮਲੇਸ਼ਵਰ ਨੇ ਕੁਝ ਹਿੱਸੇ ਸੁਣੇ। ਰਾਹੀ ਨਾਲ ਗੱਲਬਾਤ ਕੀਤੀ ਅਤੇ ਉਸੇ ਦਿਨ ਖਰੜਾ ਲੈ ਕੇ ਦਿੱਲੀ ਚਲੇ ਗਏ। 1966 ਵਿਚ ਅਕਸ਼ਰਾ ਪ੍ਰਕਾਸ਼ਨ ਵਲੋਂ ਨਾਵਲ ਪ੍ਰਕਾਸ਼ਿਤ ਹੋਇਆ। ਹਿੰਦੀ ਦੇ ਪਾਠਕਾਂ ਅਤੇ ਅਧਿਆਪਕਾਂ ਨੇ ਇਸ ਦਾ ਭਰਪੂਰ ਸਵਾਗਤ ਕੀਤਾ। ਪ੍ਰਮੁੱਖ ਅਖਬਾਰਾਂ ਤੇ ਰਸਾਲਿਆਂ ਵਿਚ ਇਸ ਦੀ ਵੱਡੇ ਪੱਧਰ 'ਤੇ ਚਰਚਾ ਹੋਈ। ਇਕ ਸਾਲ ਵਿਚ ਹੀ ਰਾਹੀ ਹਿੰਦੀ ਦੇ ਪ੍ਰਮੁੱਖ ਨਾਵਲਕਾਰ ਬਣ ਗਏ। ਪ੍ਰਕਾਸ਼ਕਾਂ ਦੀ ਸਿਆਸਤ ਦੇ ਕਾਰਨ ਇਹਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਨਹੀਂ ਮਿਲਿਆ, ਪਰ ਨਿਰਵਿਵਾਦ ਰੂਪ ਵਿਚ ਹਿੰਦੀ ਦੇ ਦਸ ਵਧੀਆ ਨਾਵਲਾਂ ਵਿਚ 'ਆਧਾ ਗਾਂਵ' ਇਕ ਹੈ।

1965 ਦੀ ਇਕ ਦਿਲਚਸਪ ਘਟਨਾ ਦਾ ਜਿਕਰ ਕਰਨਾ ਰਾਹੀ ਨੂੰ ਸਮਝਣ ਵਾਸਤੇ ਜ਼ਰੂਰੀ ਹੈ। ਹਿੰਦੁਸਤਾਨ-ਪਾਕਿਸਤਾਨ ਦੇ ਦਰਮਿਆਨ ਭਿਆਨਕ ਜੰਗ ਛਿੜੀ ਸੀ। ਰਾਹੀ ਜੰਗ ਲਈ ਪਾਕਿਸਤਾਨ ਦੇ ਫੌਜੀ ਤਾਨਾਸ਼ਾਹਾਂ ਨੂੰ ਪੂਰਨ ਰੂਪ ਵਿਚ ਜ਼ੁੰਮੇਵਾਰ ਸਮਝਦੇ ਸਨ ਅਤੇ ਖੁੱਲ੍ਹ ਕੇ ਇਹ ਗੱਲ ਯੂਨੀਵਰਸਿਟੀ ਵਿਚ ਕਹਿੰਦੇ ਸਨ ਕਿ ਪਾਕਿਸਤਾਨ ਦੇ ਲੋਕਾਂ ਵਾਸਤੇ ਫੌਜੀ ਤਾਨਾਸ਼ਾਹਾਂ ਦੀ ਹਾਰ ਜ਼ਰੂਰੀ ਹੈ। ਮੇਰੀ ਰਾਇ ਸੀ ਕਿ ਜੰਗ ਨਾਲ ਕਿਸੇ ਸਮੱਸਿਆ ਦਾ ਹੱਲ ਨਹੀਂ ਹੋ ਸਕਦਾ, ਇਸ ਕਰਕੇ ਸਾਨੂੰ ਸਭ ਨੂੰ ਮਿਲਕੇ ਸ਼ਾਂਤੀ ਦਾ ਯਤਨ ਕਰਨਾ ਚਾਹੀਦਾ ਹੈ। ਜੰਗ ਦੇ ਦਿਨਾਂ ਵਿਚ ਇਸ ਸਵਾਲ 'ਤੇ ਸਾਡੇ ਵਿਚਕਾਰ ਦੇਰ ਤੱਕ ਵਿਵਾਦ ਹੁੰਦਾ ਰਿਹਾ। ਰਾਹੀ ਦੀ ਦਲੀਲ ਸੀ ਕਿ ਧਰਮ ਦੇ ਅਧਾਰ 'ਤੇ ਨਾ ਦੇਸ਼ ਚੱਲ ਸਕਦਾ ਹੈ, ਨਾ ਰਾਜਨੀਤੀ। ਪਾਕਿਸਤਾਨ ਦੇ ਹਾਕਮ ਦੋਵੇਂ ਕੰਮ ਕਰ ਰਹੇ ਹਨ।

ਨਾਗਫਨੀ ਕੇ ਇਸ ਜੰਗਲ ਮੇਂ  
ਜੈਸੇ ਹਰਸਿੰਗਾਰ ਕੀ ਕੋਂਪਲ

ਰਾਹੀ ਦਾ ਵਿਚਾਰ ਸੀ ਕਿ ਖੂਬਸੂਰਤ ਫੁੱਲਾਂ ਦੀ ਥਾਂ ਝਾੜ-ਬੂਟੇ ਲੈ ਰਹੇ ਹਨ। ਅਜਿਹੇ ਜੰਗਲ ਨੂੰ ਅੱਗੇ ਵਧਣੋਂ ਰੋਕੇ ਬਿਨਾਂ ਭਾਰਤ ਦੀ ਏਕਤਾ, ਅਖੰਡਤਾ ਅਤੇ ਸੱਭਿਆਚਾਰ ਦੀ ਰਾਖੀ ਨਹੀਂ ਹੋ ਸਕਦੀ। ਲੋਕ ਹੈਰਾਨ ਹੁੰਦੇ ਹਨ ਅਤੇ ਮੌਤ ਤੋਂ ਬਾਅਦ ਉਰਦੂ ਦੇ ਅਨੇਕ ਲੋਕਾਂ ਨੇ ਕਿਹਾ ਵੀ ਹੈ ਕਿ ਉਰਦੂ ਵਿਭਾਗ ਵਿਚ ਰਾਹੀ ਨਾਲ ਜੋ ਹੋਇਆ, ਦੂਸਰੇ ਸਥਾਨਾਂ 'ਤੇ ਇਸ ਨਾਲ ਮਿਲਦੀਆਂ-ਜੁਲਦੀਆਂ ਘਟਨਾਵਾਂ ਹੋਰ ਪ੍ਰਤਿਭਾਵਾਨ ਅਧਿਆਪਕਾਂ ਅਤੇ ਸਾਹਿਤਕਾਰਾਂ ਨਾਲ ਆਏ ਦਿਨ ਹੁੰਦੀਆਂ ਰਹਿੰਦੀਆਂ ਹਨ। ਅਸਲ ਵਿਚ ਸਾਡੇ ਵਿਸ਼ਵ ਵਿਦਿਆਲਿਆਂ ਵਿਚ ਪਿਛਲੇ ਦਰਵਾਜ਼ੇ ਰਾਹੀਂ ਚਤੁਰਾਈ (ਤਿਕੜਮਬਾਜ਼ੀ) ਅਤੇ ਸਿਫਾਰਸ਼ ਨਾਲ ਜੋ ਲੋਕ ਪਹੁੰਚਦੇ ਹਨ, ਉਹ ਇਕ ਕਿਸਮ ਦੀ ਹੀਣ-ਭਾਵਨਾ ਨਾਲ ਸਦਾ ਹੀ ਪੀੜਤ ਰਹਿੰਦੇ ਸਨ। ਉਹ ਆਪਣੇ ਤੋਂ ਅੱਗੇ, ਬਰਾਬਰ ਜਾਂ ਉਨ੍ਹਾਂ ਦੀ ਹਸਤੀ ਨੂੰ ਚੁਣੌਤੀ ਦੇਣ ਵਾਲੇ ਕਿਸੇ ਵਿਅਕਤੀ ਨੂੰ ਵਿਭਾਗ ਵਿਚ ਨਹੀਂ ਆਉਣ ਦਿੰਦੇ।

## ਨਾਗਫਨੀ ਕੇ ਇਸ ਜੰਗਲ ਮੇਂ ਜੈਸੇ ਹਰਸਿੰਗਾਰ ਕੀ ਕੋਂਪਲ



## ਰਾਹੀ ਮਾਸੂਮ ਰਜ਼ਾ

**ਰਾਹੀ ਕਹਿੰਦੇ ਸਨ ਕਿ ਮਹਾਂਭਾਰਤ ਮੇਰੇ ਸੱਭਿਆਚਾਰ ਦਾ ਹਿੱਸਾ ਹੈ ਤਾਂ ਮੈਂ ਕਿਉਂ ਨਹੀਂ ਪੜ੍ਹ ਸਕਦਾ। ਇਹਦੇ ਬਾਰੇ। ਉਨ੍ਹਾਂ ਦਾ ਸਭ ਤੋਂ ਵੱਡਾ ਤੇ ਔਖਾ ਕੰਮ ਸੀ, 'ਮਹਾਂਭਾਰਤ' ਦੀ ਪਟਕਥਾ ਲਿਖਣੀ।**

ਰਾਹੀ ਅਸਥਾਈ ਅਧਿਆਪਕ ਸਨ, ਪਰ ਆਪਣੀ ਪ੍ਰਤਿਭਾ ਅਤੇ ਸ਼ੋਹਰਤ ਵਿਚ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਤੋਂ ਦੋ ਕਦਮ ਅੱਗੇ ਸਨ। ਯੂਨੀਵਰਸਿਟੀ ਦੇ ਉਸ ਵੇਲੇ ਦੇ ਉਪ-ਕੁਲਪਤੀ ਬਦਰੂਦੀਨ ਤਈਅਬ ਉਨ੍ਹਾਂ ਦੀ ਪ੍ਰਤਿਭਾ ਤੋਂ ਬਹੁਤ ਪ੍ਰਭਾਵਿਤ ਸਨ ਅਤੇ ਉਨ੍ਹਾਂ ਦਾ ਬਹੁਤ ਸਨਮਾਨ ਕਰਦੇ ਸਨ। ਬਜ਼ੁਰਗਾਂ ਵਾਸਤੇ ਇਹ ਵੀ ਇਕ ਈਰਖਾ ਦਾ ਕਾਰਨ ਸੀ, ਪਰ ਉਨ੍ਹਾਂ ਦਾ ਹਿੰਦੀ ਵਿਚ ਆਉਣ ਦਾ ਕਿੱਸਾ ਬਿਲਕੁਲ ਵੱਖਰਾ ਹੈ। ਜਦੋਂ ਉਹ ਖੋਜ ਕਰ ਰਹੇ ਸਨ ਉਦੋਂ ਹੀ ਉਨ੍ਹਾਂ ਅਨੁਭਵ ਕੀਤਾ ਸੀ ਕਿ ਉਰਦੂ ਨੇ ਜੇ ਭਾਸ਼ਾ ਦੇ ਰੂਪ ਵਿਚ ਜੀਵਤ ਰਹਿਣਾ ਹੈ ਤਾਂ ਇਸ ਨੂੰ ਦੇਵਨਾਗਰੀ ਲਿਪੀ ਅਪਣਾਉਣੀ ਪਵੇਗੀ। ਇਹ ਬਹਿਸ ਉਨ੍ਹਾਂ 1960 ਵਿਚ ਹੀ ਸ਼ੁਰੂ ਕਰ ਦਿੱਤੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਉਰਦੂ ਵਾਲਿਆਂ ਦਾ ਡਰ ਵਿਅਰਥ ਹੈ ਕਿ ਲਿਪੀ ਬਦਲਣ ਨਾਲ ਭਾਸ਼ਾ ਖਤਮ ਹੋ ਜਾਂਦੀ ਹੈ। ਮਰਾਠੀ ਅਤੇ ਨੇਪਾਲੀ ਦੇਵਨਾਗਰੀ ਵਿਚ ਲਿਖੀਆਂ ਜਾਂਦੀਆਂ ਹਨ ਅਤੇ ਵੱਖਰੀਆਂ ਭਾਸ਼ਾਵਾਂ ਦੇ ਰੂਪ ਵਿਚ ਉਨ੍ਹਾਂ ਦੀ ਪਹਿਚਾਣ ਹੈ ਅਤੇ ਵਿਕਾਸ ਹੋਇਆ ਹੈ। ਕਸ਼ਮੀਰੀ, ਸਿੰਧੀ ਅਤੇ ਪਾਕਿਸਤਾਨ ਵਿਚ ਪੰਜਾਬੀ ਫਾਰਸੀ ਲਿਪੀ ਵਿਚ ਲਿਖੀ ਜਾਂਦੀ ਹੈ ਤਾਂ ਇੰਵ ਭਾਸ਼ਾ ਦੀ ਪਹਿਚਾਣ ਤਾਂ ਖਤਮ ਨਹੀਂ ਹੋ ਜਾਂਦੀ। ਦਰਅਸਲ ਦੇਵਨਾਗਰੀ ਵਿਚ ਉਰਦੂ ਸਾਹਿਤ ਆ ਜਾਵੇਗਾ ਅਤੇ ਇਹਨੂੰ ਕਰੋੜਾਂ ਪਾਠਕ ਮਿਲਣਗੇ, ਇਸ ਤਰ੍ਹਾਂ ਉਰਦੂ ਸਾਹਿਤ ਵੱਡੇ ਪਾਠਕ ਵਰਗ ਤੱਕ ਪਹੁੰਚੇਗਾ। ਉਸ ਦਾ ਸੀਮਤ ਸੰਸਾਰ ਸਮਾਪਤ ਹੋ ਜਾਵੇਗਾ ਅਤੇ ਖੜੋਤ ਵੀ ਖਤਮ ਹੋਵੇਗੀ। ਉਰਦੂ ਵਿਚ ਉਨ੍ਹਾਂ ਦੀ ਇਸ ਗੱਲ 'ਤੇ ਤਿੱਖਾ ਵਿਰੋਧ ਹੋਇਆ। ਉਨ੍ਹਾਂ ਉੱਤੇ ਤਰ੍ਹਾਂ-ਤਰ੍ਹਾਂ ਦੇ ਦੋਸ਼ ਲਾਏ ਗਏ ਅਤੇ ਇਹ ਵੀ ਕਿਹਾ ਗਿਆ ਕਿ ਰਾਹੀ ਮੌਕਾਪ੍ਰਸਤੀ ਕਰ ਰਹੇ ਹਨ ਅਤੇ ਸਸਤੀ ਸ਼ੋਹਰਤ ਪ੍ਰਾਪਤ ਕਰਨ ਵਾਸਤੇ ਇਸ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਹਨ, ਪਰ ਰਾਹੀ ਇਕ ਵਿਸ਼ਾਲ ਅਸੂਲੀ ਸਿਧਾਂਤ ਦੇ ਅਧਾਰ 'ਤੇ ਇਹ ਗੱਲ ਕਰ ਰਹੇ ਸਨ। ਉਹ ਇਹ ਮਹਿਸੂਸ ਕਰ ਰਹੇ ਸਨ ਕਿ ਇਸ ਨਾਲ ਭਾਸ਼ਾ ਦੀ ਸਿਆਸਤ ਕਰਨ ਵਾਲੇ ਸਵਾਰਥੀ ਹਿੱਤ ਕਮਜ਼ੋਰ ਹੋਣਗੇ।

24 ਨਵੰਬਰ 1991 ਨੂੰ ਰਾਹੀ ਆਖਰੀ ਵਾਰ ਅਲੀਗੜ੍ਹ ਆਏ। ਇਸ ਵਾਰ ਆਪਣੇ ਨਾਲ ਉਹ ਇਕ ਨਵਾਂ ਸੁਝਾਅ ਲਿਆਏ ''ਸਿਨਮੇ ਨੂੰ ਸਾਹਿਤਕ ਪਾਠਕ੍ਰਮ ਦਾ ਅੰਗ ਬਣਾਇਆ ਜਾਣਾ ਚਾਹੀਦਾ।'' ਅਸੀਂ ਸਾਰੇ ਫਿਲਮਾਂ 'ਤੇ ਚਰਚਾ ਕਰਦੇ ਹਾਂ। ਉਨ੍ਹਾਂ ਦੇ ਨੀਵੇਂ ਪੱਧਰ 'ਤੇ ਨੱਕ-ਮੂੰਹ ਚਾੜ੍ਹਦੇ ਹਾਂ, ਪਰ ਸਾਡੀਆਂ ਯੂਨੀਵਰਸਿਟੀਆਂ ਇਸ ਪਾਸੇ ਵਿਸ਼ੇਸ਼ ਪੱਧਰ 'ਤੇ ਗੰਭੀਰ ਨਹੀਂ ਹਨ। ਉਨ੍ਹਾਂ ਕਿਹਾ ਕਿ ਫਿਲਮ ਅਜਿਹਾ ਸ਼ਕਤੀਸ਼ਾਲੀ ਮਾਧਿਅਮ ਹੈ ਜੋ ਹਰ ਇਕ ਪੀੜ੍ਹੀ ਨੂੰ ਪ੍ਰਭਾਵਿਤ ਕਰਦਾ ਹੈ। ਇਸ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ। ਨੱਕ-ਮੂੰਹ ਚੜ੍ਹਾਉਣ ਨਾਲ ਜਾਂ ਸਿਨਮੇ ਨੂੰ ਅਛੂਤ ਮੰਨਣ ਨਾਲ ਸਮੱਸਿਆ ਦਾ ਹੱਲ ਨਹੀਂ ਹੋ ਸਕਦਾ।

ਅੱਜ ਸਿਨੇਮਾ ਛਪੀਆਂ ਹੋਈਆਂ ਕਿਤਾਬਾਂ ਅਤੇ ਰਸਾਲਿਆਂ ਤੋਂ ਕਈ ਗੁਣਾ ਵਧ ਸ਼ਕਤੀਸ਼ਾਲੀ ਹੈ। ਇਸ ਕਰਕੇ ਯੂਨੀਵਰਸਿਟੀਆਂ ਨੂੰ ਗੰਭੀਰ ਰੂਪ ਵਿਚ ਇਸ ਪਾਸੇ ਸੋਚਣਾ ਚਾਹੀਦਾ ਹੈ। ਹੁਣ ਉਹ ਸਿਨਮੇ ਨੂੰ ਆਪਣੇ ਪਾਠਕ੍ਰਮਾਂ ਵਿਚ ਸ਼ਾਮਲ ਕਰਨ। ਉਨ੍ਹਾਂ ਬਹਿਸ ਨੂੰ ਅੱਗੇ ਵਧਾਉਂਦੇ ਹੋਏ ਕਿਹਾ ਕਿ ਪੱਤਰਕਾਰੀ ਅਤੇ ਖੇਡਾਂ ਵੀ ਕਦੇ ਸਾਡੇ ਪਾਠਕ੍ਰਮਾਂ ਦਾ ਹਿੱਸਾ ਨਹੀਂ ਸਨ, ਪਰ ਅੱਜ ਉਹ ਵੀ ਪਾਠਕ੍ਰਮਾਂ ਦੇ ਹਿੱਸੇ ਹਨ। ਹਮੇਸ਼ਾ ਵਾਂਗ ਸ਼ਾਮ ਨੂੰ ਜਦੋਂ ਉਹ ਘਰ ਆਏ ਤਾਂ ਹਿੰਦੀ-ਉਰਦੂ ਪਾਠਕ੍ਰਮ 'ਤੇ ਮੇਰੇ ਨਾਲ ਬਹੁਤ ਦੇਰ ਤੱਕ ਗੱਲਾਂ ਕਰਦੇ ਰਹੇ। ਉਨ੍ਹਾਂ ਕਿਹਾ- ''ਯਾਰ! ਉਰਦੂ ਵਾਲੇ ਨਹੀਂ ਕੁੱਝ ਕਰਦੇ ਤਾਂ ਤੁਸੀਂ ਹੀ ਕੁਝ ਕਰੋ। ਉਰਦੂ ਦੇ ਕਵੀਆਂ ਨੂੰ ਹਿੰਦੀ ਵਿਚ ਪੜ੍ਹਾਉਣਾ ਸ਼ੁਰੂ ਕਰੋ। ਹਿੰਦੀ ਵਾਲਿਆਂ ਦੀ ਇਹ ਬੜੀ ਬੇਈਮਾਨੀ ਵਾਲੀ ਗੱਲ ਹੈ ਕਿ ਉਹ ਉਰਦੂ ਨੂੰ ਹਿੰਦੀ ਦੀ ਇਕ ਸ਼ੈਲੀ ਤਾਂ ਮੰਨਦੇ ਹਨ ਅਤੇ ਮੈਂ ਵੀ ਮੰਨਦਾ ਹਾਂ ਕਿ ਉਰਦੂ ਹਿੰਦੀ ਦੀ ਇਕ ਸ਼ੈਲੀ ਹੈ। ਇਹ ਗੱਲ ਲੋਕ ਪੰਜਾਹ ਸਾਲ ਤੋਂ ਕਹਿ ਰਹੇ ਹਨ, ਪਰ ਵਿਹਾਰ ਵਿਚ ਕਿਸੇ ਵੀ ਯੂਨੀਵਰਸਿਟੀ ਨੇ ਉਰਦੂ ਦੇ ਸਾਹਿਤਕਾਰਾਂ ਨੂੰ ਆਪਣੇ ਪਾਠਕ੍ਰਮਾਂ ਵਿਚ ਸ਼ਾਮਲ ਨਹੀਂ ਕੀਤਾ। ਤੁਸੀਂ ਰਾਜਸਥਾਨੀ, ਬ੍ਰਿਜ, ਅਵਧੀ, ਭੋਜਪੁਰੀ ਤੇ ਮੈਥਿਲੀ ਆਦਿ ਦੇ ਕਵੀਆਂ ਨੂੰ ਆਪਣੇ ਪਾਠਕ੍ਰਮਾਂ ਵਿਚ ਪੜ੍ਹਾ ਰਹੇ ਹੋ ਤਾਂ ਵਲੀ ਦੱਖਣੀ, ਮੀਰ, ਅਨੀਸ, ਗਾਲਿਬ ਤੇ ਨਜ਼ੀਰ ਅਕਬਰਾਵਾਦੀ ਨੂੰ ਜੋ ਉਨ੍ਹਾਂ ਦੇ ਮੁਕਾਬਲੇ ਵਧੇਰੇ ਸੌਖੇ ਹਨ, ਕਿਉਂ ਨਹੀਂ ਪੜ੍ਹਾਉਂਦੇ? ਅਸਲ ਵਿਚ ਇਕ ਅਜਿਹਾ ਪਾਠਕ੍ਰਮ ਤਿਆਰ ਕੀਤਾ ਜਾਣਾ ਚਾਹੀਦਾ ਹੈ, ਜਸ ਵਿਚ ਉਰਦੂ ਦੇ ਇਨ੍ਹਾਂ ਪ੍ਰਸਿੱਧ ਲੇਖਕਾਂ ਦੀਆਂ ਪ੍ਰਤੀਨਿਧ ਰਚਨਾਵਾਂ ਬਾਰੇ ਜਾਣਕਾਰੀ ਵਿਦਿਆਰਥੀਆਂ ਨੂੰ ਮਿਲ ਸਕੇ। ਦੀਵਾਰਾਂ ਨੂੰ ਤੋੜਨ ਦਾ ਇਸ ਤੋਂ ਬਿਨਾਂ ਕੋਈ ਤਰੀਕਾ ਨਹੀਂ ਹੈ।'' ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਇਸ ਕੰਮ ਵਿਚ ਸਹਿਯੋਗ ਦੇ ਸਕਦੇ ਸੀ, ਪਰ ਤੁਸੀਂ ਇੰਨੇ ਰੁੱਝੇ ਹੋਏ ਹੋ ਕਿ ਚਾਹੁੰਦੇ ਹੋਏ ਵੀ ਤੁਸੀਂ ਕੁਝ ਨਹੀਂ ਕਰ ਰਹੇ। ਉਹ ਗੰਭੀਰ ਹੋ ਕੇ ਮੈਨੂੰ ਕਹਿਣ ਲੱਗੇ, ''ਇਹ ਕੰਮ ਤਾਂ ਪਹਿਲ ਦੇ ਅਧਾਰ 'ਤੇ ਕੀਤਾ ਜਾਣਾ ਚਾਹੀਦਾ ਹੈ।''

ਰਾਹੀ ਜ਼ਿੱਦੀ ਸੁਭਾਅ ਦੇ ਸਨ। ਇੱਕ ਗੱਲ ਯਾਦ ਆ ਰਹੀ ਹੈ। ਜਦੋਂ ਬੀ ਆਰ ਚੋਪੜਾ ਨੇ ਉਨ੍ਹਾਂ ਨੂੰ 'ਮਹਾਂਭਾਰਤ' ਦੀ ਪਟਕਥਾ ਲਿਖਣ ਲਈ ਕਿਹਾ ਤਾਂ ਉਨ੍ਹਾਂ ਜਵਾਬ ਦੇ ਦਿੱਤਾ ਕਿ ਕਿਸੇ ਹੋਰ ਤੋਂ ਲਿਖਵਾ ਲਓ। ਇਕ ਦਿਨ ਉਹ (ਬੀ ਆਰ ਚੋਪੜਾ) ਆਪਣੇ ਨਾਲ ਇੱਕ ਖ਼ਤ ਲੈ ਕੇ ਆਏ, ਜੋ ਇਕ ਉੱਘੇ ਪਾਰਲੀਮੈਂਟ ਮੈਂਬਰ ਦਾ ਸੀ, ਜਿਸ ਵਿਚ ਲਿਖਿਆ ਹੋਇਆ ਸੀ ਕਿ ਤੁਹਾਨੂੰ ਮੁਸਲਮਾਨ ਹੀ ਮਿਲਿਆ ਹੈ 'ਮਹਾਂਭਾਰਤ' ਦੀ ਪਟਕਥਾ ਲਿਖਣ ਵਾਸਤੇ। ਬਸ! ਫੇਰ ਕੀ ਸੀ। ਇਹ ਗੱਲ ਰਾਹੀ ਦੇ ਮਨ ਨੂੰ ਲੱਗ ਗਈ। ਉਸੇ ਵੇਲੇ ਉਨ੍ਹਾਂ ਚੋਪੜਾ ਜੀ ਨੂੰ ਕਿਹਾ ਕਿ ਹੁਣ ਰਾਹੀ ਹੀ ਪਟਕਥਾ ਲਿਖੇਗਾ। 'ਮਹਾਂਭਾਰਤ' ਬਾਰੇ ਸਾਰੇ ਹੀ ਗ੍ਰੰਥ ਜਿੱਥੋਂ ਵੀ ਮਿਲੇ ਮੰਗਵਾਏ, ਉਨ੍ਹਾਂ ਨੂੰ ਪੜ੍ਹਿਆ, ਸਮਝਿਆ। ਰਾਹੀ ਕਹਿੰਦੇ ਸਨ ਕਿ ਮਹਾਂਭਾਰਤ ਮੇਰੇ ਸੱਭਿਆਚਾਰ ਦਾ ਹਿੱਸਾ ਹੈ ਤਾਂ ਮੈਂ ਕਿਉਂ ਨਹੀਂ ਪੜ੍ਹ ਸਕਦਾ। ਇਹਦੇ ਬਾਰੇ। ਉਨ੍ਹਾਂ ਦਾ ਸਭ ਤੋਂ ਵੱਡਾ ਤੇ ਔਖਾ ਕੰਮ ਸੀ, 'ਮਹਾਂਭਾਰਤ' ਦੀ ਪਟਕਥਾ ਲਿਖਣੀ। ਕਈ ਵਾਰ ਮਹਾਂਭਾਰਤ ਦੇ ਪ੍ਰਸੰਗਾਂ ਬਾਰੇ ਸਾਡੀ ਆਪਸ ਵਿਚ ਗੱਲਬਾਤ ਹੋਈ। ਮੇਰੇ ਵਲੋਂ ਦਿੱਤੇ ਸੁਝਾਅ ਉਨ੍ਹਾਂ ਨੇ ਸਵੀਕਾਰ ਕੀਤੇ। ਪੁਰਾਤਨ ਢਾਂਚੇ ਲਈ ਉਹ ਪੰਡਤ ਨਰੇਂਦਰ ਸ਼ਰਮਾ ਨੂੰ ਮਿਲਦੇ ਸਨ। ਖਾਸ ਕਰਕੇ ਗੀਤਾ ਉਪਦੇਸ਼ ਵਾਲੇ ਐਪੀਸੋਡ ਦੇ ਸੰਬੰਧ 'ਚ। ਉਨ੍ਹਾਂ ਨੂੰ ਇਹ ਡਰ ਸੀ ਕਿ ਅੱਜ ਦੇ ਸ਼ਰਾਰਤੀ ਰਾਜਨੇਤਾ ਕਿਧਰੇ ਸ਼ਬਦਾਂ ਨਾਲ ਰਾਜਨੀਤੀ ਨਾ ਕਰਨ, ਇਸ ਸੰਬੰਧੀ ਸੰਵਾਦਾਂ ਬਾਰੇ ਕਈ ਦਿਨਾਂ ਤੱਕ ਸਾਡੇ ਵਿਚਕਾਰ ਲੰਮੀਆਂ ਗੱਲਾਂ-ਬਾਤਾਂ ਹੋਈਆਂ। ਉਨਾਂ ਵਲੋਂ ਫਰਵਰੀ ਵਿਚ ਆਉਣ ਦਾ ਵਾਅਦਾ ਸੀ। ਕਈ ਮਹੱਤਵਪੂਰਨ ਕੰਮਾਂ ਨੂੰ ਨਿਬੇੜਨਾ ਸੀ, ਪਰ ਜਨਵਰੀ ਵਿਚ ਪਤਾ ਲੱਗਾ ਕਿ ਉਨ੍ਹਾਂ ਨੂੰ ਗਲ ਦਾ ਕੈਂਸਰ ਹੈ। ਅਪਰੇਸ਼ਨ ਵੀ ਕਰਵਾ ਲਿਆ ਘਰ ਤੋਂ ਮੈਨੂੰ ਫੋਨ ਵੀ ਕੀਤਾ ਕਿ ਫਰਵਰੀ ਵਿਚ ਮੈਂ ਲਖਨਊ ਆ ਰਿਹਾ ਹਾਂ। ਸਾਰੇ ਕਾਗਜ਼-ਪੱਤਰ ਇਕੱਠੇ ਕਰ ਲੈਣੇ। ਅਗਲੀ ਵਾਰ ਫੇਰ ਮੈਂ ਫੋਨ 'ਤੇ ਰਾਹੀ ਤੋਂ ਉਨ੍ਹਾਂ ਦੀ ਸਿਹਤ ਬਾਰੇ ਪੁੱਛਿਆ ਤਾਂ ਕਹਿਣ ਲੱਗੇ, 'ਉਸ ਕੰਮ ਵਿਚ ਕੀ ਪ੍ਰਗਤੀ ਹੋਈ ਸਾਰੀਆਂ ਕਿਤਾਬਾਂ ਮਿਲੀਆਂ?' ਮੈਂ ਕਿਹਾ, 'ਉਹ ਤਾਂ ਸਭ ਹੋ ਜਾਏਗਾ, ਤੁਸੀਂ ਪਹਿਲਾਂ ਤੰਦਰੁਸਤ ਤਾਂ ਹੋ ਜਾਓ। ਕਹਿਣ ਲੱਗੇ, 'ਜਦੋਂ ਵੀ ਡਾਕਟਰ ਇਜਾਜ਼ਤ ਦੇਣਗੇ ਮੈਂ ਤੁਰੰਤ ਹੀ ਅਲੀਗੜ੍ਹ ਆ ਜਾਵਾਂਗਾ।' ਮੈਂ ਉਨ੍ਹਾਂ ਨੂੰ ਯਕੀਨ ਦੁਆਇਆ ਅਤੇ ਸਿਹਤ ਵਲ ਖਾਸ ਧਿਆਨ ਦੇਣ ਲਈ ਕਿਹਾ। ਉਹ ਜਾਣਦੇ ਸਨ ਕਿ ਉਹ ਹਾਰੀ ਹੋਈ ਲੜਾਈ ਲੜ ਰਹੇ ਹਨ ਅਤੇ ਮੌਤ ਨਾਲ ਲੜਦੇ ਹੋਏ ਵੀ ਰਾਹੀ 'ਏਕਤਾ ਦੀਆਂ ਤੰਦਾਂ ਕਿਵੇਂ ਮਜ਼ਬੂਤ ਹੋਣਗੀਆਂ?' ਇਸ ਬਾਰੇ ਹੀ ਲਗਾਤਾਰ ਸੋਚ ਰਹੇ ਸਨ। ਕੌਮੀ ਏਕਤਾ ਲਈ ਯਥਾਰਥਕ ਪੱਧਰ 'ਤੇ ਕੰਮ ਕਰਨ ਵਾਸਤੇ ਜ਼ੋਰ ਦਿੰਦੇ ਸਨ। ਉਹ ਪਾਕਿਸਤਾਨ ਦੇ ਬਣਨ ਅਤੇ ਫੇਰ ਉਸਦੇ ਦਰਸ਼ਨ ਦੇ ਬੁਰੀ ਤਰ੍ਹਾਂ ਵਿਰੁਧ ਸਨ। ਅੰਤ ਵਿਚ ਉਨ੍ਹਾਂ ਦਾ ਹੀ ਇੱਕ ਸ਼ੇਅਰ ਯਾਦ ਆ ਰਿਹਾ ਹੈ;

ਅਪਨੇ ਸਾਏ ਕੀ ਤਰਫ ਦੇਖ ਕਰ ਡਰ ਜਾਤਾ ਹੈ,  
ਇਤਨਾ ਤਨਹਾ ਨਾ ਥਾਂ ਇਨਸਾਨ, ਨਾ ਜਾਨੇ ਕਿਆ ਹੋ।

## ਕਹਾਣੀ

# ਅਮਲਤਾਸ

-ਬਲਦੇਵ ਧਾਲੀਵਾਲ



ਓ ਕੁਲਵੰਤ ਮੈਨੂੰ ਪਤਾ ਤੈਨੂੰ ਯਕੀਨ ਨਹੀਂ ਆਉਣਾ। ਐਵੇਂ ਤੀਵੀਆਂ ਵਾਲੀ ਗੱਲ ਕਹਿ ਕੇ ਪਰ੍ਹੇ ਸਿੱਟ੍ਹ ਦੇਵੇਂਗਾ। ਤਾਂ ਈ ਮੈਂ ਤੈਨੂੰ ਦੱਸਣ ਤੋਂ ਝਕਦੀ ਰਹੀ। ਪਰ ਮੇਰਾ ਮਨ ਆਂਹਦੈ ਏਹ ਪੱਕੀ ਗੱਲ ਐ, ਰੱਤੀ-ਮਾਸਾ ਝੂਠ ਨ੍ਹੀਂ ਏਦ੍ਹੇ ਵਿਚ। ਮੇਰੀ ਦਾਦੀ ਆਂਹਦੀ ਹੁੰਦੀ ਸੀ, ਵਰਤਾਂ ਵਾਲੇ ਦਿਨ ਵੇਖਿਆ ਜਨਾਨੀ ਦਾ ਸੁਪਨਾ ਸੌ ਵਿਸਵੇ ਸੱਚ ਹੁੰਦੈ।...ਯਾਨਿ ਕਿ ਮੈਂ ਨਾ ਤੇਰਾ ਸਿਰ ਝੱਸ ਰਹੀ ਆਂ। ਸਿਰ ਦੀ ਚਮੜੀ ਤਾਂ ਮੈਨੂੰ ਜਿਵੇਂ ਆਵੇ ਦੀਆਂ ਕੰਧਾਂ ਵਾਂਗੂੰ ਲੂਸੀ ਪਈ ਲਗਦੀ ਐ। ਝਸਦੀ ਝਸਦੀ ਦੀਆਂ ਮੇਰੀਆਂ ਤਲੀਆਂ 'ਚੋਂ ਲਹੂ ਸਿੰਮਣ ਲਗਦੈ। ਥੱਕ-ਹਾਰ ਕੇ ਮੈਂ ਹਟਣ ਲਗਦੀ ਆਂ ਤਾਂ ਦਾਦੀ ਹੱਲਾਸ਼ੇਰੀ ਦਿੰਦੀ ਐ, 'ਹਟੀਂ ਨਾ ਕੁੜੇ, ਏਹ ਤਾਂ ਤੇਰੀ ਪ੍ਰੀਖਿਆ ਐ ਧੀਏ, ਝੱਸੀ ਚੱਲ, ਅੱਜ ਤੇਰੇ ਮਨ ਦੀ ਮੁਰਾਦ ਪੂਰੀ ਹੋ ਕੇ ਰਹੂ।' ਬੇਸੁੱਧ ਜਿਹੀ ਮੈਂ ਕਮਲਿਆਂ-ਹਾਰ ਫੇਰ ਜੁਟ ਪੈਨੀ ਆਂ। ਹੌਲੀ-ਹੌਲੀ ਚਮੜੀ ਫਿਰ ਤਿਆਰ ਜ਼ਮੀਨ ਵਾਂਗੂੰ ਭੁਰਪੁਰੀ ਹੋਣ ਲਗਦੀ ਐ। ਮੈਨੂੰ ਲਗਦੈ ਜਿਵੇਂ ਖੇਤ ਵਿਚ ਕਣਕ ਦੀਆਂ ਤੁਈਆਂ ਫੁੱਟ ਆਈਆਂ ਹੋਣ। 'ਨਹੀਂ ਇਹ ਤਾਂ ਲੂਈਂ ਐ' ਮੈਂ ਦਾਦੀ ਨੂੰ 'ਵਾਜ਼ ਮਾਰਦੀ ਆਂ। ਕੁੜੇ ਜੂੜਾ ਕਰਦੇ ਭਾਗਾਂ ਵਾਲੀਏ' ਕਹਿ ਕੇ ਦਾਦੀ ਧਰਤੀ ਨਮਸਕਾਰਨ ਲਗ ਪੈਂਦੀ ਹੈ। ਕੇਸਾਂ ਦਾ ਥੱਬਾ ਮੇਰੇ ਵੱਸ 'ਚ ਨਹੀਂ ਆਉਂਦਾ, ਕਾਲੇ ਸ਼ਾਹ ਕੇਸ ਦਿਲਕ ਦਿਲਕ ਜਾਂਦੇ ਐ, ਬੱਸ ਕੇਸ ਸੰਭਾਲਦੀ ਦੀ ਮੇਰੀ ਅੱਖ ਖੁੱਲ੍ਹ ਜਾਂਦੀ ਐ।..."

ਪੂਰੇ ਵਜਦ ਵਿਚ ਆ ਕੇ ਸੁਪਨਾ ਸੁਣਾਉਂਦੀ ਸੁਰਜੀਤ ਦੀਆਂ ਉਂਗਲਾਂ ਹਵਾ ਵਿਚ ਇਉਂ ਲਹਿਰਾ ਰਹੀਆਂ ਹਨ, ਜਿਵੇਂ ਉਹ ਹੁਣ ਵੀ ਹੱਥਾਂ 'ਚੋਂ ਫਿਸਲਦੇ ਭਾਰੇ ਕੇਸਾਂ ਨੂੰ ਸੰਭਾਲ ਰਹੀ ਹੋਵੇ। ਜਦੋਂ ਉਹ ਇਉਂ ਆਪਣੇ ਰੰਗ ਵਿਚ ਹੁੰਦੀ ਹੈ ਤਾਂ ਫਿਰ ਹੁੰਗਾਰਾ ਭਰਨ ਦੀ ਵੀ ਲੋੜ ਨਹੀਂ ਪੈਂਦੀ। ਪਹਿਲਾਂ ਤਾਂ ਮੈਂ ਉਸ ਦੀਆਂ ਅਜਿਹੀਆਂ ਬਿਨਾ ਸਿਰ-ਪੈਰ ਗੱਲਾਂ ਦਾ ਕੱਟੜ ਵਿਰੋਧੀ ਹੁੰਦਾ ਸਾਂ ਪਰ ਹੁਣ ਚੁੱਪ-ਚਾਪ ਸੁਣ ਲੈਂਦਾ ਹਾਂ, ਭਾਵੇਂ ਹੁੰਗਾਰਾ ਨਾ ਵੀ ਭਰਾਂ। ਇਹ ਤਬਦੀਲੀ ਮੇਰੇ 'ਚ ਕੈਂਸਰ ਵਰਗੀ ਭਿਆਨਕ ਬਿਮਾਰੀ ਤੋਂ ਬਾਅਦ ਹੀ ਆਈ ਹੈ। ਉਂਜ ਹੁਣ ਵੀ ਮੇਰਾ ਯਕੀਨ ਤਾਂ ਮੈਡੀਕਲ ਸਾਇੰਸ ਉਤੇ ਹੀ ਹੈ ਅਤੇ ਡਾਕਟਰੀ ਭਾਸ਼ਾ ਵਿਚ ਕਹੀਏ ਤਾਂ ਸੱਚ ਇਹ ਹੈ ਕਿ ਅਜੇ ਕੈਂਸਰ ਦਾ ਕੋਈ ਇਲਾਜ ਨਹੀਂ। ਨਾ ਹੀ ਕੋਈ ਡਾਕਟਰ ਹਿੱਕ ਥਾਪੜ ਕੇ ਇਹ ਦਾਅਵਾ ਕਰ ਸਕਦਾ ਹੈ ਕਿ ਕੈਂਸਰ ਸੌ ਫੀਸਦੀ ਇਸ ਕਾਰਨ ਹੀ ਹੋਇਆ ਹੈ। ਇਸ ਲਈ ਮੈਂ ਸੁਰਜੀਤ ਵਾਂਗ ਕਿਸੇ ਖਾਮ-ਖ਼ਿਆਲੀ ਵਿਚ ਨਹੀਂ ਰਹਿਣਾ ਚਾਹੁੰਦਾ। ਕਿਸੇ ਕ੍ਰਿਸ਼ਮੇ ਦੀ ਥਾਂ ਮੈਂ ਆਪਣੀ ਹੋਣੀ ਨੂੰ ਮੰਨ ਲਿਆ ਹੈ। ਮੈਂ ਤਾਂ ਚਾਹੁੰਦਾ ਹਾਂ ਸੁਪਨਿਆਂ ਵਿਚ ਉਲਝਣ ਦੀ ਥਾਂ ਉਹ ਵੀ ਚਿੱਟੇ ਦਿਨ ਵਰਗੀ ਹਕੀਕਤ ਨੂੰ ਮੰਨ ਲਵੇ। ਮੇਰੇ ਪਿੱਛੋਂ ਉਸ ਉਤੇ ਜੋ ਬੀਤਣੀ ਹੈ, ਉਸ ਤਲਖ਼ ਜ਼ਿੰਦਗੀ ਦੀ ਸੱਚਾਈ ਨੂੰ ਸਮਝੇ। ਬੇਟੀ ਜਸ਼ਨ ਦੀ ਆਪਣੇ ਸਿਰ ਪੈਣ ਵਾਲੀ ਜ਼ਿੰਮੇਵਾਰੀ ਬਾਰੇ ਸੋਚੇ, ਪਰ ਉਸ ਦੀਆਂ ਗੱਲਾਂ ਅੱਗੇ ਮੇਰੀ ਪੇਸ਼ ਨਹੀਂ ਚਲਦੀ। ਕੌਣ ਜਿੱਤੇ ਇਸ ਗੱਲਾਂ ਦੀ ਪਟਾਰੀ ਨੂੰ? ਆਪਣੀ ਬਿਮਾਰੀ ਤੋਂ ਵੀ ਵਧ ਮੈਨੂੰ ਇਸੇ ਗੱਲ ਦੀ ਚਿੰਤਾ ਹੈ, ਪਰ ਇਕ ਸੁਰਜੀਤ ਹੈ ਕਿ ਹਰੇਕ ਵਕਤ ਗੱਲਾਂ ਦੇ ਘੋੜੇ 'ਤੇ ਸਵਾਰ ਰਹਿੰਦੀ ਹੈ। ਸ਼ਾਮ ਨੂੰ ਸੂਰਜ ਰਤਾ ਕੁ ਨੀਵਾਂ ਹੁੰਦਾ ਹੈ ਤਾਂ ਇਹ ਤਿੰਨ ਕੁਰਸੀਆਂ ਇਸ ਵਿਹੜੇ ਵਾਲੇ ਅਮਲਤਾਸ ਕੋਲ ਲਿਆ ਰੱਖਦੀ ਹੈ। ਬੱਸ ਗੱਲਾਂ ਲਈ ਮੰਚ ਤਿਆਰ ਹੋ ਜਾਂਦਾ ਹੈ।

"ਓ ਨਈਂ ਆਇਆ ਨਾ ਯਕੀਨ ਮੇਰੇ ਸੁਪਨੇ ਦਾ?"...ਮੇਰੇ ਹੁੰਗਾਰਾ ਨਾ ਭਰਨ ਤੋਂ ਅਨੁਮਾਨ ਲਾ ਕੇ ਉਹ ਆਖਦੀ ਹੈ। ਫਿਰ ਅਮਲਤਾਸ ਵਲ ਵੇਖਦਿਆਂ ਆਪ ਮੁਹਾਰੇ ਨਵੀਂ ਗੱਲ ਛੇੜ ਲੈਂਦੀ ਹੈ, "ਓ ਆਹ ਮਹੀਨਾ ਕੁ ਪਹਿਲਾਂ ਮਈ 'ਚ ਇਕ ਦਿਨ ਮੈਂ ਤੇ ਜਸ਼ਨ ਐਥੇ ਈ ਬੈਠੀਆਂ ਸਾਂ, ਜਸ਼ਨ ਆਪਣੇ ਖ਼ਤਸੁੱਕ ਹੋਏ ਅਮਲਤਾਸ ਨੂੰ ਵੇਖ ਕੇ ਆਂਹਦੀ, ਮੰਮੀ ਏਹ ਤਾਂ ਸੁੱਕ ਗਿਆ ਲਗਦੈ ਬਿਲਕੁਲ। ਮੈਂ ਦੱਸਿਆ, ਨਈਂ ਮੂਰਖੇ ਸੁੱਕਿਆ ਨੀਂ, ਅਜੇ ਏਹਦੀ ਰੁੱਤ ਨ੍ਹੀਂ ਆਈ ਫੁੱਟਣ ਦੀ। ਫੇਰ ਮੈਂ ਪਿਛਲੇ ਦਿਨੀਂ ਵਿਖਾਇਆ ਓਹਨੂੰ, ਕਿਵੇਂ ਸੁੱਕੀਆਂ ਟਾਹਣੀਆਂ 'ਚੋਂ ਕੂਲੀਆਂ ਕੂਲੀਆਂ ਪਪੀਸੀਆਂ ਫੁੱਟ ਆਈਆਂ ਨੇ। ਬੜੀ ਹੈਰਾਨ ਹੋਈ ਅਖੇ ਆਹ ਤਾਂ ਮੈਜ਼ਿਕ ਐ ਨੇਚਰ ਦਾ। ਤੇ ਹੁਣ ਵੇਖੋ ਜ਼ਰਾ ਸਾਡੇ ਅਮਲਤਾਸ ਹੋਰੀਂ ਕਿਵੇਂ ਪੂਰੇ ਜਲੌਅ ਵਿਚ ਆਏ ਹੋਏ ਨੇ।"... ਸੁਰਜੀਤ ਖੜ੍ਹੀ ਹੋ ਕੇ ਅਮਲਤਾਸ ਦੇ ਪੀਲੇ ਨਰਮ ਫੁੱਲਾਂ ਦੇ ਝੁਮਕਿਆਂ ਨੂੰ ਦੁਲਾਰਦੀ ਹੈ। ਜੂਨ ਦੇ ਇਹ ਵੀਹ ਕੁ ਦਿਨ, ਜਿੰਨਾ ਸਮਾਂ ਅਮਲਤਾਸ ਦੇ ਰੁੱਖ ਪੂਰੇ ਖੇੜੇ ਵਿਚ ਰਹਿਣਗੇ, ਸੁਰਜੀਤ ਨੇ ਹਰ ਰੋਜ਼ ਕਿਸੇ ਨਾ ਕਿਸੇ ਬਹਾਨੇ ਇਨ੍ਹਾਂ ਦੀ ਗੱਲ ਛੇੜਨੀ ਹੀ ਛੇੜਨੀ ਹੈ। ਇਨ੍ਹਾਂ ਦਿਨਾਂ ਵਿਚ ਤਾਂ ਇਹ ਕੈਂਪਸ ਤੋਂ ਬਾਹਰ ਵੀ ਨਹੀਂ ਜਾਣਾ ਚਾਹੁੰਦੀ। ਜੇ ਮਜਬੂਰੀਵਸ ਜਾਣਾ ਵੀ ਪੈ ਜਾਵੇ ਤਾਂ ਰਿਸ਼ਤੇਦਾਰੀ ਵਿਚ ਜਾ ਕੇ ਇਹ ਯੂਨੀਵਰਸਿਟੀ ਦੇ ਇਨ੍ਹਾਂ ਅਮਲਤਾਸਾਂ ਦੇ ਕਿੱਸੇ ਇਉਂ ਹੀ ਵਧਾ-ਚੜ੍ਹਾ ਕੇ ਸੁਣਾਉਂਦੀ ਹੈ, ਜਿਵੇਂ ਇਸ ਤੋਂ ਅਹਿਮ ਹੋਰ ਕੋਈ ਗੱਲ ਨਾ ਹੋਵੇ।

"ਓ ਸੁਰਜੀਤ ਮੈਂ ਇਕ ਬੜੀ ਅਹਿਮ ਗੱਲ ਕਰਨੀ ਚਾਹੁੰਨੈ ਤੇਰੇ ਨਾਲ, ਧਿਆਨ ਨਾਲ ਸੁਣਨੀ ਐਂ। ਠੀਕ...ਮੈਂ ਉਸਨੂੰ ਪੱਕਾ ਕਰਦਿਆਂ ਕਹਿੰਦਾ ਹਾਂ। ਓ ਮੇਰੀ ਮੰਨ ਅਤੇ ਪੀ.ਜੀ.ਡੀ.ਸੀ. ਕਰ ਲੈ ਤੂੰ, ਅੱਜ ਕੱਲ੍ਹ ਇਕੱਲੀ ਬੀ.ਏ., ਐਮ.ਏ. ਨਾਲ ਤਾਂ ਕਲਰਕ ਵੀ ਭਰਤੀ ਨਹੀਂ ਕਰਦੇ।..." ਮੈਂ ਨਿੱਤ ਵਾਂਗ ਮੌਕਾ ਮਿਲਦਿਆਂ ਹੀ ਫਿਰ ਆਪਣੇ ਏਜੰਡੇ ਵਲ ਆਉਂਦਾ ਹਾਂ।

"ਓ ਤਾਂ ਈ ਕਰਾਂ ਨਾ ਜੇ ਕਲਰਕ ਲੱਗਣਾ ਹੋਵੇ।"...ਉਹ ਮੁੱਢੋਂ-ਸੁੱਢੋਂ ਹੀ ਮੇਰੀ ਸਲਾਹ ਨੂੰ ਰੱਦ ਕਰ ਦਿੰਦੀ ਹੈ।

"ਓ ਹੋਰ ਕੀ ਵਾਈਸ-ਚਾਂਸਲਰ ਲੱਗੇਂਗੀ ਤੂੰ?"...ਮੈਂ ਥੋੜ੍ਹਾ ਖਿਝ ਕੇ ਆਖਦਾ ਹਾਂ।

"ਓ ਹਮ ਤੋ ਸੇਵਾਦਾਰ ਈ ਚੰਗੇ ਆਂ ਆਪਣੇ ਮੀਏਂ ਤੇ ਬੇਟੀ ਜਸ਼ਨ ਦੇ, ਸਮਝੇ? ਜਿਵੇਂ ਦਾਦੀ ਆਂਹਦੀ ਹੁੰਦੀ ਸੀ ਅਖੇ ਸੇਵਕ ਕੋ ਸੇਵਾ ਬਨ ਆਈ।" ...ਉਹ ਲਾਡ ਨਾਲ ਮੇਰੀ ਗੱਲ ਕੱਟਦੀ ਹੈ ਅਤੇ ਫਿਰ ਆਪਣੇ ਢੰਗ ਨਾਲ ਕਹਾਣੀ ਪਾ ਕੇ ਸਮਝਾਉਣ ਲਗਦੀ ਹੈ, "ਓ ਤੈਨੂੰ ਸੱਚੀ ਗੱਲ ਦੱਸਾਂ ਮੈਂ ਕੁਲਵੰਤ, ਇਸ ਵੇਲੇ ਮੇਰੀ ਨੌਕਰੀ ਨਾਲੋਂ ਵਧ ਜਸ਼ਨ ਨੂੰ ਮੰਮੀ ਦੀ ਘਰੇ ਲੋੜ ਐ, ਬੰਦਿਆਂ ਨੂੰ ਨੀ ਪਤਾ ਲਗਦਾ ਐਹੋ ਜਿਹੀਆਂ ਗੱਲਾਂ ਦਾ। ਆਹ ਦੂਰ ਕੀ ਜਾਣੈਂ ਆਪਣੀ ਗਲੀ ਵਾਲੀ ਮੈਡਮ ਮਿੱਤਲ ਹੋਰਾਂ ਦੀ ਸੁਣ ਲੈ। ਆਪ ਤਾਂ ਏਹ ਦੋਨੋਂ ਜੀਅ ਡਿਪਾਰਟਮੈਂਟ ਤੋਂ ਦੋ-ਢਾਈ ਵਜੇ ਮੁੜਦੇ ਐ। ਪੇਪਰਾਂ ਕਰਕੇ ਇਨ੍ਹਾਂ ਦੀ ਕਿਰਨ ਡੇਢ ਕੁ ਵਜੇ ਸਕੂਲੋਂ ਮੁੜ ਆਉਂਦੀ ਸੀ। ਇਕ ਦਿਨ ਮੈਂ ਸੁਭਾਇਕੀ ਬਾਹਰ ਨਿਕਲੀ ਦੁਪਹਿਰੇ, ਦੋ ਲੰਡਰ ਜੇ ਮੁੰਡੇ ਖੜ੍ਹੇ ਉਨ੍ਹਾਂ ਦੇ ਗੇਟ ਤੋਂ ਦੀ ਝਾਤੀਆਂ ਮਾਰਨ। ਮੈਂ ਤਾੜ ਗਈ ਉਨ੍ਹਾਂ ਦੇ ਚਿਹਨ-ਚੱਕਰ। ਮੈਂ ਫਿਰ ਦਿੱਤੀ ਧਨੇਸੜੀ ਕੋਲ ਜਾ ਕੇ। 'ਸੌਰੀ ਐਂਟੀ, ਸੌਰੀ ਐਂਟੀ' ਕਰਦੇ ਭੱਜ-ਗੇ ਫਿਰ। ਐਹੋ ਜਿਹਾ ਤਾਂ ਹਿਸਾਬ-ਕਿਤਾਬ ਹੋਇਆ ਪਿਐ ਅੱਜ-ਕੱਲ੍ਹ ਲੋਕਾਂ ਦਾ।...ਉਹ ਗੱਲ ਨੂੰ ਬਦਲ ਕੇ ਹੋਰ ਰੁਖ ਦਿੰਦਿਆਂ ਉੱਠ ਕੇ ਅੰਦਰ ਚਲੀ ਗਈ ਹੈ।

'ਲੋਕਾਂ ਦੇ ਅਜਿਹੇ ਹਿਸਾਬ-ਕਿਤਾਬ' ਬਾਰੇ ਹੀ ਤਾਂ ਮੈਂ ਇਸਨੂੰ ਸਮਝਾਉਣਾ ਚਾਹੁੰਦਾ ਹਾਂ। ਅਚਾਨਕ ਜਦੋਂ ਸਿਰ ਆ ਪਈ ਤਾਂ ਇਸਨੇ ਫੁਤਕ ਕੇ ਡਿੰਗ ਪੈਣਾ ਹੈ। ਇਸ ਦਾ ਨਮੂਨਾ ਤਾਂ ਮੈਂ ਵੇਖ ਹੀ ਚੁੱਕਿਆ ਹਾਂ। ਬਿਮਾਰੀ ਦੀ ਖ਼ਬਰ ਸੁਣ ਕੇ ਜੋ ਵਾਪਰਿਆ ਸੀ, ਉਸ ਤੋਂ ਹੀ ਮੈਨੂੰ ਚਾਨਣ ਹੋ ਗਿਆ ਸੀ।

ਉਸ ਦਿਨ ਮੈਂ, ਸੁਰਜੀਤ ਤੇ ਜਸ਼ਨ ਖਾਣਾ ਖਾ ਰਹੇ ਸਾਂ। ਇਹ ਆਪਣੀਆਂ ਗੱਲਾਂ 'ਚ ਮਸਤ ਸੀ। ਮੈਨੂੰ ਜਾਪਿਆ ਜਿਵੇਂ ਗਰਾਹੀ ਮੇਰੀ ਖੁਰਾਕ-ਨਾਲੀ ਵਿਚ ਅਟਕ ਗਈ ਹੋਵੇ। ਮੈਂ ਪਾਣੀ ਦੀ ਘੁੱਟ ਭਰੀ। ਪਾਣੀ ਵੀ ਗਰਾਹੀ ਨਾਲ ਵੱਜੇ ਬੰਨ੍ਹ ਤੋਂ ਉਤਾਂਹ ਹੀ ਫਸ ਗਿਆ ਮਹਿਸੂਸ ਹੋਇਆ। ਫਿਰ ਜਕੜਨ ਹੋਰ ਵਧਣ ਲੱਗੀ। ਮੇਰੇ ਡੇਲੇ ਬਾਹਰ ਨਿਕਲਣ ਵਾਲੇ ਹੋ ਗਏ। ਅੱਖਾਂ 'ਚੋਂ ਪਾਣੀ ਦੇ ਘਰਾਲ ਵਹਿ ਤੁਰੇ। ਸੁਰਜੀਤ ਤੇ ਜਸ਼ਨ ਬੁਰੀ ਤਰ੍ਹਾਂ ਘਬਰਾਈਆਂ ਐਧਰ-ਓਧਰ ਹੱਥ-ਪੈਰ ਮਾਰਦੀਆਂ ਰਹੀਆਂ ਪਰ ਇਨ੍ਹਾਂ ਨੂੰ ਸੁੱਝੇ ਕੁਝ ਨਾ। ਬੌਂਦਲੇ ਜਿਹੇ ਨੇ ਮੈਂ ਦੋ ਉਂਗਲਾਂ ਸੰਘ ਦੀ ਡੂੰਘ ਤੱਕ ਅੰਦਰ ਘਸੋੜੀਆਂ ਤਾਂ ਕਿਤੇ ਹਿਚਕੀ ਜਿਹੀ ਆਈ ਅਤੇ ਗਰਾਹੀ ਬਾਹਰ ਨਿਕਲੀ। ਸੁਰਜੀਤ ਅਜੇ ਵੀ ਡੈਂਬਰਿਆਂ ਵਾਂਗ ਮੇਰੇ ਵਲ ਵੇਖੀ ਜਾਂਦੀ ਸੀ। ਇਸ ਦਾ ਸਾਰਾ ਸਰੀਰ ਬੇਤਹਾਸ਼ਾ ਕੰਬ ਰਿਹਾ ਸੀ। ਮੈਂ ਆਪ ਹੀ ਹਿੰਮਤ ਕੀਤੀ ਅਤੇ ਯੂਨੀਵਰਸਿਟੀ ਦੀ ਡਿਸਪੈਂਸਰੀ ਵਿਚ ਫੋਨ ਕਰਕੇ ਐਂਬੂਲੈਂਸ ਮੰਗਾਈ। ਫਿਰ ਐਕਸਰੇ, ਇੰਡੋਸਕੋਪੀ, ਅਲਟਰਾਸਾਊਂਡ ਵੇਲੇ ਵੀ ਇਹ ਡੁੰਨ-ਵੱਟਾ ਜਿਹੀ ਬਣੀ ਨਾਲ ਤਾਂ ਤੁਰੀ ਫਿਰਦੀ ਪਰ ਇਸਨੂੰ ਸਮਝ ਕੁਝ ਨਾ ਆਉਂਦਾ, ਬੱਸ ਰੋਣ 'ਤੇ ਜ਼ੋਰ ਸੀ। ਜਿਸ ਦਿਨ ਰਿਪੋਰਟ ਮਿਲਣੀ ਸੀ, ਫਿਰ ਉਹੋ ਗੱਲ ਵਾਪਰੀ। ਲੈਬਾਰਟਰੀ ਦੀ ਰਿਸੈਪਸ਼ਨਿਸਟ ਕੰਪਿਊਟਰ 'ਤੇ ਰਿਪੋਰਟ ਦਾ ਪ੍ਰਿੰਟ ਕੱਢਣ ਲੱਗੀ ਸੀ। ਇਹ ਉਤਸਕ ਅਤੇ ਸਹਿਮੀ ਜਿਹੀ ਮੇਰਾ ਮੋਢਾ ਫੜ੍ਹੀ ਨਾਲ ਖੜ੍ਹੀ ਸੀ, ਜਿਵੇਂ ਮੇਰੇ ਆਸਰੇ ਹੀ ਖੜ੍ਹੀ ਹੋਵੇ। ਰਿਪੋਰਟ ਲੈ ਕੇ ਸਾਹਮਣੇ ਸ਼ੀਸ਼ੇ ਦੇ ਕੈਬਨ 'ਚ ਬੈਠੇ ਐਮ.ਡੀ. ਕੋਲ ਗਏ ਤਾਂ ਇਸ ਵਿਚ ਤੁਰਨ ਦੀ ਹਿੰਮਤ ਵੀ ਬਾਕੀ ਨਹੀਂ ਸੀ। ਰਿਪੋਰਟ 'ਚ ਕੈਂਸਰ ਆਉਣ ਦਾ ਪਤਾ ਲੱਗਿਆ ਤਾਂ ਇਹ ਉਥੇ ਹੀ ਬੱਚਿਆਂ ਵਾਂਗ ਵਿਲਕਣ ਲੱਗ ਪਈ। ਮੈਂ ਬਾਂਹ ਨਾ ਫੜ੍ਹਦਾ ਤਾਂ ਇਸਨੇ ਧੜੱਮ ਫਰਸ਼ 'ਤੇ ਡਿੱਗਣਾ ਸੀ। ਮੈਨੂੰ ਸੰਭਾਲਣ ਵਾਸਤੇ ਗਈ ਸੁਰਜੀਤ ਨੂੰ ਮੈਂ ਮਸਾਂ ਆਟੋ-ਰਿਕਸ਼ਾ 'ਚ ਬਿਠਾ ਕੇ ਘਰ ਲਿਆਇਆ ਸਾਂ।

'ਉਹ ਘਟਨਾ ਤਾਂ ਸ਼ਾਇਦ ਸੁਰਜੀਤ ਨੂੰ ਕਦੋਂ ਦੀ ਭੁਲ-ਭੁਲਾ ਗਈ ਹੋਵੇਗੀ ਪਰ ਆਪਣੇ ਫਜ਼ੂਲ ਕਿਸਮ ਦੇ ਨੇਮ ਅਤੇ ਪ੍ਰਣ ਇਸਨੂੰ ਭੁਲਾਇਆ ਵੀ ਨਹੀਂ ਭੁਲਦੇ।' ਬਦਾਮ ਰੋਗਨ ਦੀ ਸ਼ੀਸ਼ੀ ਚੁੱਕੀ ਆਉਂਦੀ ਸੁਰਜੀਤ ਨੂੰ ਵੇਖ ਕੇ ਮੈਂ ਸੋਚਦਾ ਹਾਂ। ਇਹ ਇਸਨੂੰ ਸਾਡੀ ਗਲੀ ਦੇ ਕਾਰਨਰ ਵਾਲੇ ਮਕਾਨ 'ਚ ਰਹਿੰਦੀ ਮਿਸਜ਼ ਸ਼ੇਰਗਿੱਲ ਨੇ ਦੱਸਿਆ ਸੀ ਕਿ ਬਦਾਮ ਰੋਗਨ ਦੀ ਮਾਲਸ਼ ਨਾਲ ਸਿਰ ਦੇ ਵਾਲ ਜਲਦੀ ਉਗ ਆਉਂਦੇ ਹਨ। ਇਸਨੇ ਉਹ ਨਸੀਹਤ ਐਸੀ ਪੱਲੇ ਬੰਨ੍ਹੀ ਹੈ ਕਿ ਸਵੇਰੇ-ਸ਼ਾਮ ਇਸ ਕਿਰਿਆ ਨੂੰ ਪੂਰੇ ਨੇਮ ਨਾਲ ਨਿਭਾ ਰਹੀ ਹੈ।

ਓ ਕੁਲਵੰਤ, ਗੁਰਦੁਆਰੇ ਜਾਣ ਤੋਂ ਪਹਿਲਾਂ ਲਿਆਓ ਸਿਰ ਝੱਸ ਦਿਆਂ।...ਸੁਰਜੀਤ ਆਪਣਾ ਨਿੱਤ-ਨੇਮ ਯਾਦ ਕਰਾਉਂਦੀ ਹੈ।

ਓ ਨਈਂ, ਮੇਰਾ ਮਨ ਨਈਂ ਅਜੇ।...ਮੈਨੂੰ ਪਤਾ ਹੈ ਕਿ ਟਲਣਾ ਤਾਂ ਇਸ ਨੇ ਹੈ ਨਹੀਂ, ਸੋ ਥੋੜ੍ਹੀ ਦੇਰ ਲਈ ਪ੍ਰੋਗਰਾਮ ਮੁਲਤਵੀ ਕਰਦਾ ਹਾਂ।

ਓ ਠੀਕ ਐ, ਫਿਰ ਆ ਕੇ ਸਹੀ, ਚਲੋ ਪਹਿਲਾਂ ਗੁਰਦਆਰੇ ਹੋ ਆਉਂਦੇ ਆਂ।...ਉਹ ਫੈਸਲਾ ਸੁਣਾਉਂਦੀ ਹੈ। ਮਨ ਤਾਂ ਮੇਰਾ ਗੁਰਦੁਆਰੇ ਜਾਣ ਦਾ ਵੀ ਨਹੀਂ। ਅਸਲ ਵਿਚ ਮੈਂ ਤਾਂ ਆਪਣੀ ਇਸ ਬਦਲੀ ਸੂਰਤ ਨਾਲ ਘਰੋਂ ਬਾਹਰ ਕਿਤੇ ਵੀ ਜਾਣ ਤੋਂ ਸੰਕੋਚੀ ਹਾਂ। ਕੀਮੋਥੈਰੇਪੀ ਲੈਣ ਪਿੱਛੋਂ ਮੇਰੇ ਸਿਰ ਦੇ ਵਾਲ ਹੀ ਨਹੀਂ ਝੜੇ, ਚਿਹਰੇ ਦੀ ਕਲੱਤਣ ਵੀ ਵਧ ਗਈ ਹੈ। ਲੋਕਾਂ ਸਾਹਮਣੇ ਜਾਂਦਿਆਂ ਅਜੀਬ ਜਿਹਾ ਹੀਣ-ਭਾਵ ਮੈਨੂੰ ਆ ਘੇਰਦਾ ਹੈ। ਨਾਲੇ ਜਿਸ ਤਰ੍ਹਾਂ ਸੁਰਜੀਤ ਨੇ ਨੰਗੇ ਪੈਰੀਂ, ਹਥੇਲੀ ਉਤੇ ਘਿਓ ਦੇ ਦੀਵੇ ਵਾਲੀ ਥਾਲੀ ਰੱਖੀ ਨਾਲ ਜਾਣਾ ਹੈ, ਉਸ ਤਰ੍ਹਾਂ ਤਾਂ ਮੈਨੂੰ ਅਸਲੋਂ ਹੀ ਆਪਣਾ ਆਪ ਅਨਪੜ੍ਹ ਤੇ ਅੰਧਵਿਸ਼ਵਾਸੀ ਜਾਪਣ ਲੱਗਦਾ ਹੈ। ਇਸ ਲਈ ਉਸਨੂੰ ਸਪੱਸ਼ਟ ਢੰਗ ਨਾਲ ਮਨ੍ਹਾਂ ਕਰਨ ਦੀ ਥਾਂ ਮੈਂ ਰਤਾ ਕੁ ਟੇਢ ਦਾ ਸਹਾਰਾ ਲੈਂਦਾ ਆਖਦਾ ਹਾਂ, ਓ ਅੱਜ ਮੇਰਾ ਮਨ ਤਾਂ ਹਲਕੀ ਜਿਹੀ ਸੈਰ ਲਈ ਕਰਦੈ, ਚਲੋ ਅਮਲਤਾਸਾਂ ਵਾਲੀ ਸੜਕ ਦਾ ਚੱਕਰ ਲਾਉਂਦੇ ਆਂ।...ਮੈਂ ਉਸਦੀ ਅਮਲਤਾਸਾਂ ਲਈ ਕਮਜ਼ੋਰੀ ਦਾ ਫਾਇਦਾ ਉਠਾਉਂਦਾ ਹਾਂ।

ਓ ਸੱਚ! ਕਿੰਨੇ ਚਿਰ ਪਿੱਛੋਂ ਤੇਰਾ ਮਨ ਇਉਂ ਆਪ ਮੁਹਾਰੇ ਕਿਸੇ ਗੱਲ ਲਈ ਕੀਤੈ, ਇਸਦਾ ਮਤਲਬ ਐ ਸੁਣ-ਲੀ ਬਾਬਾ ਜੀ ਨੇ ਆਪਣੀ, ਜ਼ਰੂਰ ਫਰਕ ਪੈਣ ਲੱਗ ਪਿਐ ਅੰਦਰੋਂ।...ਉਹ ਗੁਰਦੁਆਰੇ ਵਾਲੀ ਦਿਸ਼ਾ 'ਚ ਸਿਰ ਝੁਕਾਉਂਦੀ ਆਪਣੇ ਹੀ ਅਰਥ ਕੱਢਦੀ, ਖੁਸ਼ੀ ਵਿਚ ਚਹਿਕ ਰਹੀ ਹੈ।

ਓ ਜਸ਼ਨ, ਓ ਜਸ਼ਨ, ਹੈਥੋਂ ਪੱਗ ਲਿਆ ਪਾਪਾ ਦੀ ਬਚਾ ਕੇ, ਢਾਹ ਨਾ ਦੇਈਂ ਕਿਤੇ।... ਜਸ਼ਨ ਅੰਦਰੋਂ ਕੋਈ ਹੁੰਗਾਰਾ ਨਹੀਂ ਦਿੰਦੀ। ਈਅਰ-ਫੋਨ ਲਾਈ ਉਹ ਗੀਤ ਸੁਣਦੀ ਆਪਣੀ ਦੁਨੀਆਂ ਵਿਚ ਮਸਤ ਹੋਵੇਗੀ। ਬਿਨਾ ਉਡੀਕੇ ਸੁਰਜੀਤ ਆਪ ਹੀ ਮੇਰੀ ਪੱਗ ਚੁੱਕ ਲਿਆਉਂਦੀ ਹੈ।

ਓ ਕੁਲਵੰਤ, ਮਿਸਜ਼ ਅਗਰਵਾਲ ਨੂੰ ਪਤੈ ਕਾਹਦਾ ਝੱਲ ਐ?...ਸਾਡੀ ਗੁਆਂਢਣ, ਇੰਗਲਿਸ਼ ਦੀ ਲੈਕਚਰਾਰ ਅਨੀਤਾ ਅਗਰਵਾਲ ਦੇ ਘਰ ਮੂਹਰਿਉਂ ਲੰਘਦਿਆਂ ਸੁਰਜੀਤ ਕੋਈ ਨਵਾਂ ਪ੍ਰਸੰਗ ਛੇੜਦਿਆਂ ਆਖਦੀ ਹੈ। ਫਿਰ ਬਿਨ ਹੁੰਗਾਰਿਉਂ ਹੀ ਸ਼ੁਰੂ ਹੋ ਜਾਂਦੀ ਹੈ, ਓ ਏਹਨੂੰ ਸੈਟਿੰਗ ਚੇਂਜ ਦਾ ਬੜਾ ਖ਼ਬਤ ਐ। ਕੇਰਾਂ ਦਸਦੀ ਸੀ ਅਖੇ ਮੇਰਾ ਤਾਂ ਮਾਟੋ ਐ 'ਚੇਂਜ ਫਾਰ ਲਾਈਫ਼।' ਇਕ ਦਿਨ ਮੈਂ ਸਬੱਬੀਂ ਗਈ ਇਨ੍ਹਾਂ ਦੇ ਘਰੇ, ਮੈਨੂੰ ਕੁਝ ਵੱਖਰਾ ਵੱਖਰਾ ਜਾ ਲੱਗੇ, ਪਰ ਸਮਝ ਨਾ ਆਵੇ। ਮੈਨੂੰ ਭੁਚੱਕੀ ਜਿਹੀ ਵੇਖ ਕੇ ਉਹ ਮੁਸਕਰਾਈਏ ਹੱਸੀ ਜਾਵੇ। ਫੇਰ ਦੱਸਿਆ, ਆਂਹਦੀ ਸੋਫਿਆਂ 'ਤੇ ਕੱਪੜਾ ਨਵਾਂ ਚੜ੍ਹਵਾਇਐ, ਨਾਲੇ ਡਾਇਰੈਕਸ਼ਨ ਬਦਲੀ ਐ। ਸੋਫਿਆਂ ਦੀ ਦਾਖੀ ਜਿਹੇ ਰੰਗ ਦੀ ਵੈਲਵੱਟ ਪੀਲੇ ਰੰਗ ਦੀਆਂ ਕੰਧਾਂ ਨਾਲ ਬਹੁਤ ਈ ਜਚੇ। ਮੈਂ ਸੋਚਿਆ ਬੜੀ ਬਾਣੀਆਂ ਕੰਮ ਤਾਂ ਇਉਂ ਈ ਉਲਟਾ-ਪੁਲਟੀ ਨਾਲ ਦਸੀ ਦਾ ਕੰਮ ਦੁੱਕੀ 'ਚ ਚਲਾ ਲੈਂਦੀ ਐ। ਮੈਂ ਮਜ਼ਾਕ 'ਚ ਆਖਿਆ, ਭੈਣ ਜੀ ਪ੍ਰੋ. ਸਾਹਿਬ ਨੂੰ ਵੀ ਕਿਤੇ ਐਂ ਈ ਕੋਈ ਮਾਟੋ-ਮੂਟੋ ਦੱਸ ਕੇ ਟਿਕਾ ਲਿਆ ਹਊ। ਆਂਹਦੀ, ਐ ਕੌਣ ਟਿਕਦੈ ਹੁੰਦੇ ਜੇ ਸੰਜੋਗ ਨਾ ਹੋਣ ਤਾਂ। ਮੈਂ ਆਖਿਆ, ਏਹ ਤਾਂ ਜੀ ਸੋਲਾਂ ਆਨੇ ਸੱਚ ਐ।... ਸੁਰਜੀਤ ਨੇ ਇਹ ਗੱਲ ਭਾਵੇਂ ਕਿਸੇ ਵਿਸ਼ੇਸ਼ ਭਾਵ ਨਾਲ ਨਹੀਂ ਸੁਣਾਈ, ਕਿਉਂਕਿ ਇਉਂ ਬੇ-ਸਿਰ-ਪੈਰ ਗੱਲਾਂ ਕਰਨਾ ਤਾਂ ਉਸਦਾ ਸੁਭਾਅ ਹੀ ਹੈ, ਪਰ ਸੁਣ ਕੇ ਮੈਂ ਸੁਰਜੀਤ ਨਾਲ ਆਪਣੇ 'ਸੰਜੋਗ' ਦਾ ਤਰਕ ਜ਼ਰੂਰ ਤਲਾਸ਼ਣ ਲੱਗ ਪਿਆ ਹਾਂ। ਅਸੀਂ ਦੋ ਮੂਲੋਂ ਵੱਖ-ਵੱਖ ਸੁਭਾਵਾਂ ਵਾਲੇ ਕਿਵੇਂ ਇਕ ਸੂਤਰ ਵਿਚ ਬੱਝ ਗਏ? ਕੀ ਇਹ ਸੱਚਮੁੱਚ ਕਿਸੇ 'ਸੰਜੋਗ' ਕਰਕੇ ਹੀ ਸੀ?'

ਵੈਸੇ ਤਾਂ ਮੈਂ ਸੁਰਜੀਤ ਨੂੰ ਬਚਪਨ ਤੋਂ ਹੀ ਜਾਣਦਾ ਸਾਂ। ਉਹ ਮੇਰੀ ਚਾਚੀ ਦੀ ਸਕੀ ਭਤੀਜੀ ਹੈ। ਸਾਡਾ ਸਾਂਝਾ ਪਰਿਵਾਰ ਹੁੰਦਾ ਸੀ। ਗਰਮੀ ਦੀਆਂ ਛੁੱਟੀਆਂ ਵਿਚ ਮੈਂ ਹੋਸਟਲ 'ਚੋਂ ਘਰ ਆਇਆ ਹੁੰਦਾ ਅਤੇ ਸੁਰਜੀਤ ਆਪਣੀ ਭੂਆ ਨੂੰ ਮਿਲਣ ਆਈ ਸਾਡੇ ਘਰ ਮਹੀਨਾ ਮਹੀਨਾ ਰਹਿ ਜਾਂਦੀ। ਇਸਦੇ ਆਉਣ ਨਾਲ ਘਰ ਦਾ ਮਾਹੌਲ ਹੀ ਬਦਲ ਜਾਂਦਾ। ਇਹ ਸਾਰੇ ਘਰ ਵਿਚ ਖੁੱਲ੍ਹ-ਖੁਲਾਸੇਪਣ ਦਾ ਛਿੱਟਾ ਦੇ ਦਿੰਦੀ। ਸਾਡੇ ਘਰ ਵਿਚ ਇਕ ਅਜੀਬ ਜਿਹੇ ਸੰਕੋਚ ਦਾ ਵਾਸਾ ਸੀ। ਜੀ-ਜੀ ਜ਼ਿਆਦਾ ਹੁੰਦੀ ਤੇ ਗੱਲਬਾਤ ਘੱਟ।

ਓ ਕੁੜੇ ਪੁੱਤ ਸੁਰਜੀਤ ਕੁਝ ਤਾਂ ਛੋਟੇ-ਵੱਡੇ ਦੀ ਤਾਮੀਜ਼ ਰੱਖਿਆ ਕਰ।...ਕਈ ਵਾਰ ਮੇਰੀ ਬੀਜੀ ਟਕਰ ਟਕਰ ਗੱਲਾਂ ਮਾਰਦੀ ਸੁਰਜੀਤ ਨੂੰ ਸਮਝਾਉਂਦੀ। ਬੇਇਜ਼ਤੀ ਮਹਿਸੂਸ ਕਰਦੀ ਚਾਚੀ ਜੇ ਝਿੜਕਦੀ ਤਾਂ ਇਹ ਭੁਸਕਣ ਲੱਗ ਪੈਂਦੀ। ਬੀ-ਜੀ ਦੁਲਾਰਦੀ ਤਾਂ ਇਹ ਫਿਰ ਸਭ ਭੁੱਲ-ਭੁਲਾ ਕੇ ਖਿੜ ਖਿੜ ਹੱਸਣ ਲਗਦੀ। ਮੈਨੂੰ ਇਸ ਦਾ ਇਉਂ ਹੱਸਣਾ-ਰੋਣਾ ਅਜੀਬ ਜਿਹਾ ਲਗਦਾ। ਉਨ੍ਹਾਂ ਦਿਨਾਂ ਵਿਚ ਹੀ ਮੈਂ ਅੰਦਰੋ-ਅੰਦਰੀ ਇਸਨੂੰ 'ਰਸਟਿਕ ਬਿਊਟੀ' ਦਾ ਵਿਸ਼ੇਸ਼ਣ ਦਿੱਤਾ ਸੀ। ਇਹ ਵਿਸ਼ੇਸ਼ਣ ਮੈਂ ਕਿਸੇ ਅੰਗਰੇਜ਼ੀ ਨਾਵਲ ਵਿਚੋਂ ਤਾਜ਼ਾ-ਤਾਜ਼ਾ ਹੀ ਪੜ੍ਹਿਆ ਸੀ।

ਕਈ ਵਾਰ ਮੈਂ ਆਪਣੀ ਬੈਠਕ ਵਿਚ ਬੈਠਾ ਨਾਵਲ ਪੜ੍ਹਦਾ ਕਿਸੇ ਅਜਨਬੀ ਸੰਸਾਰ ਵਿਚ ਗੁਆਚਿਆ ਹੁੰਦਾ ਤਾਂ ਇਹ ਅਚਾਨਕ ਆ ਕੇ ਸਾਰਾ ਤਲਿਸਮ ਪਲਾਂ ਵਿਚ ਤੋੜ ਦਿੰਦੀ।

ਓ ਕੁਲਵੰਤ ਸਿੰਘ ਸਰਦਾਰ, ਹੁਣ ਨਿਕਲੋ ਭੋਰੇ 'ਚੋਂ ਬਾਹਰ। ਗ੍ਰੰਥਾਂ ਨੂੰ ਕਰੋ ਜੀ ਬੰਦ, ਪਰਸ਼ਾਦੇ ਦਾ ਹੋ ਗਿਐ ਪ੍ਰਬੰਧ। ਭੂਆ ਰਹੀ ਐ ਬੁਲਾ, ਨਈਂ ਤਾਂ ਡੰਡਾ ਲੈ ਕੇ ਜਾਊਗੀ ਆ।...ਇਹ ਦਾਕਾਂ ਉਤੇ ਹੱਥ ਰੱਖੀ ਉਨਾ ਚਿਰ ਤੁਕਬੰਦੀ ਕਰਦੀ ਰਹਿੰਦੀ ਜਿੰਨੀ ਦੇਰ ਮੈਂ ਰੋਟੀ ਖਾਣ ਲਈ ਨਾਲ ਨਾ ਤੁਰ ਪੈਂਦਾ। ਇਉਂ ਕਰਦੀ ਸੁਰਜੀਤ ਮੈਨੂੰ ਕਿਸੇ ਨਾਵਲ ਦੀ ਜਿਉਂਦੀ-ਜਾਗਦੀ ਪਾਤਰ ਹੀ ਲਗਦੀ, ਅਸਲੀ ਜ਼ਿੰਦਗੀ ਵਿਚ ਇਸ ਨਾਵਲੀ-ਪਾਤਰ ਨਾਲ ਕੋਈ ਪੱਕਾ ਸਬੰਧ ਜੋੜਨ ਦਾ ਖ਼ਿਆਲ ਕਦੇ ਨਹੀਂ ਸੀ ਆਇਆ। ਪਰ ਸੁਰਜੀਤ ਦੇ ਕਹਿਣ ਅਨੁਸਾਰ ਇਸਨੇ ਤਾਂ ਪਹਿਲੀ ਮਿਲਣੀ ਵਿਚ ਹੀ ਅੰਦਰੋ-ਅੰਦਰੀ ਮੈਨੂੰ ਆਪਣਾ ਸਭ ਕੁਝ ਮੰਨ ਲਿਆ ਸੀ। ਫਿਰ ਇਸਦੇ ਆਤਮ ਸਮਰਪਣੀ ਅਤੇ ਜਨੂੰਨੀ ਪਿਆਰ ਦੀ ਸ਼ਿੱਦਤ ਹੀ ਸੀ ਕਿ ਨੌਕਰੀ ਵਾਲੀ ਕੁੜੀ ਦੀ ਥਾਂ ਮੈਂ ਸਾਫ-ਦਿਲ ਸੁਰਜੀਤ ਦੀ ਚੋਣ ਕੀਤੀ ਸੀ। ਮੈਂ ਸੋਚਿਆ, ਨੌਕਰੀ ਤਾਂ ਪੜ੍ਹੀ-ਲਿਖੀ ਸੁਰਜੀਤ ਨੂੰ ਬਾਅਦ ਵਿਚ ਵੀ ਦਿਵਾਈ ਜਾ ਸਕਦੀ ਸੀ ਪਰ ਨੌਕਰੀ ਵਾਲੀ ਕੁੜੀ ਤੋਂ ਸੁਰਜੀਤ ਵਰਗਾ ਪਿਆਰ ਹਾਸਿਲ ਹੋ ਸਕਣ ਦੀ ਗਾਰੰਟੀ ਨਹੀਂ ਸੀ ਮਿਲ ਸਕਦੀ, ਇਸ ਦਲੀਲ ਨਾਲ ਮੈਂ ਅਪਣੇ ਮਨ ਨੂੰ ਸਮਝਾਇਆ ਸੀ।

ਓ ਹੁਣ ਕਿਨ੍ਹਾਂ ਦਲੀਲਾਂ 'ਚ ਪਾ ਲਿਐ ਮਨ?...ਸੁਰਜੀਤ ਨੇ ਮੈਨੂੰ ਬੇਧਿਆਨਾ ਜਿਹਾ ਤੁਰਦਾ ਵੇਖ ਕੇ ਮੇਰਾ ਹੱਥ ਪਲੋਸਦਿਆਂ ਪੁੱਛਿਆ ਹੈ।

'ਮੈਂ ਜਸ਼ਨ ਬਾਰੇ ਸੋਚ ਰਿਹਾ ਸਾਂ। ਮੇਰਾ ਮਨ ਐ ਉਸਨੂੰ ਨਾਨ-ਮੈਡੀਕਲ ਸਟਰੀਮ 'ਚ ਪਾਇਆ ਜਾਵੇ ਤਾਂ ਕਿ..' ਮੈਂ ਐਵੇਂ ਹੀ ਬਣਤ ਬਣਾਉਣ ਦਾ ਯਤਨ ਕਰਦਾ ਹਾਂ।

'ਪਰ ਉਹ ਤਾਂ ਮਿਊਜ਼ਕ ਵਾਲੀ ਸਾਈਡ ਜਾਣਾ ਚਾਹੁੰਦੀ ਐ।' ਸੁਰਜੀਤ ਉਸਦੀ ਵਕਾਲਤ ਕਰਦੀ ਹੈ।

ਓ ਚਾਹੁਣਾ ਹੋਰ ਗੱਲ ਐ ਪਰ ਕੈਰੀਅਰ ਪੱਖੋਂ...।...ਮੈਂ ਚਾਹੁੰਦਾ ਹਾਂ ਕਿ ਜਸ਼ਨ ਦਾ ਕੈਰੀਅਰ ਤਾਂ ਘੱਟੋ ਘੱਟ ਛੇਤੀ ਬਣ ਜਾਵੇ।

'ਐਵੇਂ ਨੀ ਹਰ ਵੇਲੇ ਚਿੰਤਾ ਸਹੇੜੀ ਰੱਖਣੀ ਚਾਹੀਦੀ ਕਾਸੇ ਨਾ ਕਾਸੇ ਦੀ, ਵੇਲਾ ਆਉਣ 'ਤੇ ਆਪੇ ਲੈਲੂ-ਗੀ ਫ਼ੈਸਲਾ ਕੋਈ...।' ਕਹਿ ਕੇ ਉਹ ਮੇਰਾ ਧਿਆਨ ਬਦਲਣ ਲਗਦੀ ਹੈ, ਓ ਹਾਂ ਸੱਚ, ਮਿਸਜ਼ ਸ਼ੇਰਗਿੱਲ ਨੇ ਵੀ ਲੈ ਲਿਆ ਫ਼ੈਸਲਾ।... ਉਹ ਉਤਸ਼ਾਹ ਨਾਲ ਦੱਸਦੀ ਹੈ।

ਕਾਹਦਾ ਫੈਸਲਾ?...ਮੈਂ ਉਸਦੇ ਇਉਂ ਕਾਂਟਾ ਬਦਲਣ ਨਾਲ ਹੈਰਾਨ ਹੁੰਦਾ ਹਾਂ।

ਓ ਭੁੱਲ ਗਿਆ? ਦੱਸਿਆ ਨੀ ਸੀ ਓਦੇਂ ਰਾਤ ਨੂੰ ਬਈ ਉਹ ਅਗਲਾ ਇਸ਼ੂ ਲੈਣ ਬਾਰੇ ਦੁਬਿਧਾ 'ਚ ਐ, ਤੈਨੂੰ ਪਤਾ ਈ ਐ ਵਿਚਾਰੀ ਗੱਭਰੂ ਪੁੱਤ ਦੀ ਮੌਤ ਨਾਲ ਕਿਵੇਂ ਹਿੱਲ-ਗੀ ਸੀ। ਹੁਣ ਬੱਚਾ ਚਾਹੁੰਦੀ ਵੀ ਸੀ ਤੇ ਡਰਦੀ ਵੀ ਸੀ। ਪੱਕੀ ਉਮਰ 'ਚ ਡਲਿਵਰੀ ਵੇਲੇ ਕੋਈ ਅਹੁਰ ਪੈਣ ਦਾ ਸੌ ਖ਼ਤਰਾ ਹੁੰਦੈ। ਨਾਲੇ ਆਵਦੀ ਦਸ-ਬਾਰਾਂ ਵਰ੍ਹਿਆਂ ਦੀ ਕੁੜੀ ਦੀ ਸ਼ਰਮ ਵੀ ਮੰਨਦੀ ਸੀ। ਮੈਂ ਆਖਿਆ, ਭੈਣ ਜੀ ਤਕੜਾ ਜੇਰਾ ਕਰਕੇ ਲੈ-ਲੋ ਫੈਸਲਾ, ਤੁਰਨ ਵਾਲਾ ਤਾਂ ਤੁਰ ਗਿਐ, ਜਿਉਂਦੇ-ਜੀਅ ਨੂੰ ਤਾਂ ਸਾਰੇ ਕਾਰ ਵਿਹਾਰ ਕਰਨੇ ਈ ਪੈਂਦੇ ਐ। ਨਾਲੇ ਤੁਸੀਂ ਦੋ ਨਿਆਣਿਆਂ ਦੇ ਹਿਲੇ ਵੇ ਓ। ਕੱਲ੍ਹ ਨੂੰ ਕੁੜੀ ਸੁੱਖ ਨਾ ਆਵਦੇ ਘਰ ਜਾਊਗੀ ਤਾਂ ਕੱਲ ਮੁਕੱਲਿਆਂ ਨੂੰ ਸੁੰਨਾ ਘਰ ਵੱਢ-ਵੱਢ ਖਾਇਆ ਕਰੂਗਾ। ਵੇਖ ਲਿਓ ਨਵੇਂ ਜੀਅ ਦੇ ਆਉਣ ਨਾਲ ਥੋਨੂੰ ਇਉਂ ਲੱਗਣੇ ਬਈ ਜਿਵੇਂ ਸਾਂਵਾਂ ਸੋਡਾ

(ਅਗਲੇ ਸਫੇ 'ਤੇ ਜਾਰੀ)

ਮਨੀ ਹੀ ਮੁੜ ਕੇ ਆ ਗਿਆ ਹੁੰਦੈ। ਬੱਚਿਆਂ ਨਾਲ ਈ ਘਰ 'ਚ ਰੌਣਕ ਹੁੰਦੀ ਐ। ਮੇਰੀ ਦਾਦੀ ਆਹੰਦੀ ਹੁੰਦੀ ਸੀ ਅਖੇ ਸੌ ਸਿਆਣਾ ਤੇ ਇਕ ਨਿਆਣਾ।... ਸੁਰਜੀਤ ਦੀ ਗੱਲ ਨਾਲ ਮੈਨੂੰ ਇਉਂ ਲੱਗਿਆ ਹੈ ਜਿਵੇਂ ਉਸਦੇ ਮਨ ਵਿਚ ਵੀ ਕਿਧਰੇ ਮੁੰਡੇ ਦੀ ਖਾਹਸ਼ ਹੋਵੇ, ਪਰ ਮੈਂ ਹੁਣ ਇਸ ਮੁੱਦੇ ਨੂੰ ਨਹੀਂ ਛੇੜਦਾ। ਉਂਜ ਅੰਦਰੋਂ ਕਾਫੀ ਪ੍ਰੇਸ਼ਾਨ ਹੋ ਗਿਆ ਹਾਂ। ਸੜਕ ਦੇ ਦੋਵੇਂ ਪਾਸੇ ਅਮਲਤਾਸ ਦੇ ਰੁੱਖਾਂ ਦੀਆਂ ਦੂਰ ਤੱਕ ਦਿਸਦੀਆਂ ਕਤਾਰਾਂ ਪੂਰੇ ਖੇੜੇ 'ਚ ਹਨ ਪਰ ਮੇਰਾ ਉਧਰ ਧਿਆਨ ਹੀ ਨਹੀਂ ਜਾ ਰਿਹਾ। ਉਹ ਫਿਰ ਮੇਰੀ ਕਿਸੇ ਅਦਿੱਖ ਪ੍ਰੇਸ਼ਾਨੀ ਨੂੰ ਮਹਿਸੂਸ ਕਰਕੇ ਮੇਰਾ ਹੱਥ ਪਲੋਸਦੀ ਹੈ ਅਤੇ ਮੇਰਾ ਧਿਆਨ ਖਿੱਚਣ ਲਈ ਆਖਦੀ ਹੈ, ਓ ਲੈ ਕਮਾਲ ਐ, ਔਧਰ ਵੇਖੀਂ ਜ਼ਰਾ, ਔਹ ਬਟਾਲਵੀ ਵਾਲਾ ਬੋਰਡ ਫੇਰ ਲਾ ਗਿਆ ਐਤਕੀਂ ਕੋਈ।...

ਅਮਲਤਾਸ ਦੇ ਇਕ ਸਭ ਤੋਂ ਭਰਵੇਂ ਰੁੱਖ ਦੇ ਮੁੱਢ ਨਾਲ ਇਕ ਵੱਡਾ ਗੂੜ੍ਹੇ ਪੀਲੇ ਖਾਲਸਾਈ ਰੰਗ ਦਾ ਨਵਾਂ-ਨਕੋਰ ਬੋਰਡ ਲਾਇਆ ਹੋਇਆ ਹੈ। ਉਸ 'ਤੇ ਨੀਲੇ ਰੰਗ ਨਾਲ ਸ਼ਿਵ ਕੁਮਾਰ ਬਟਾਲਵੀ ਦੀਆਂ ਸਤਰਾਂ ਦੂਰੋਂ ਹੀ ਚਮਕਦੀਆਂ ਹਨ:

ਰੁੱਖ ਏਹ ਅਮਲਤਾਸ ਦੇ
ਪੀਲੀ ਮਾਰਨ ਭਾਹ
ਇਉਂ ਜਾਪੇ ਗਗਨ ਕੁਠਾਲੀਏ
ਕੋਈ ਸੋਨਾ ਪਿਘਲ ਰਿਹਾ
ਧਰਤ ਕੁੜੀ ਦੇ ਕੰਨ 'ਚੋਂ
ਕੋਈ ਬੂੰਦਾ ਡਿੱਗ ਪਿਆ
ਵਾਹ ਨੀ ਧਰਤ ਸੁਹਾਵੀਏ
ਤੈਨੂੰ ਚੜ੍ਹਿਆ ਰੂਪ ਕੇਹਾ।

ਹੇਠਾਂ ਇਕ ਬਾਰੀਕ ਜਿਹੀ ਸਤਰ ਲਿਖੀ ਹੈ- ਜੂਨ ਮਹੀਨੇ ਖਿੜਨ ਵਾਲੇ ਅਮਲਤਾਸ ਨੂੰ ਮੇਰਾ ਪ੍ਰਣਾਮ।

ਓ ਕੋਈ ਕਮਾਲ ਦਾ ਬੰਦਾ ਹੋਊਗਾ ਏਹ ਅਜਨਬੀ, ਅਮਲਤਾਸ ਦੇ ਫੁੱਲਾਂ ਦਾ ਆਸ਼ਕ, ਕਿਵੇਂ ਹਰ ਸਾਲ ਨੇਮ ਨਾਲ ਨਵਾਂ ਬੋਰਡ ਲਿਖਾ ਕੇ ਲਾ ਜਾਂਦਾ ਐ।...ਆਪਣੇ ਆਪ ਨਾਲ ਗੱਲਾਂ ਕਰਦੀ ਸੁਰਜੀਤ ਉਸ ਤੋਂ ਸਦਕੇ ਜਾ ਰਹੀ ਹੈ। ਓ ਏਹ ਭਾਈ ਤਾਂ ਮੈਨੂੰ ਜਵਾਂ ਮੇਰੀ ਦਾਦੀ ਵਰਗਾ ਈ ਲਗਦੈ।... ਸੁਰਜੀਤ ਨੇ ਕੋਈ ਨਵਾਂ ਪ੍ਰਸੰਗ ਛੋਹ ਲਿਆ ਹੈ, ਓ ਕਮਾਲ ਸੀ ਉਹ ਵੀ। ਦਾਦੀ ਨੂੰ ਵਿਹੜੇ 'ਚ ਲੱਗੀ ਸਬਜ਼ੀ-ਭਾਜੀ ਤੇ ਫੁੱਲਾਂ-ਬੂਟਿਆਂ ਨਾਲ ਗੱਲੀਂ ਲੱਗੀ ਨੂੰ ਵੇਖ ਕੇ ਅਸੀਂ ਹੱਸ-ਹੱਸ ਲੋਟ-ਪੋਟ ਹੋ ਜਾਂਦੇ। ਉਹ ਉੱਚੀ ਉੱਚੀ ਆਖਦੀ, ਆਹ ਵੇਖ ਨੀ ਵੱਡੀਏ ਰਕਾਨੇ, ਆਹ ਮੇਰੀ ਭਿੰਡੀ ਰਾਣੀ ਵੀ ਕੱਲ੍ਹ ਨੂੰ ਮੁਟਿਆਰ ਹੋ ਜਾਣੀ ਐਂ, ...ਲਓ ਬਈ ਮੇਰੇ ਟੀਂਡੇ ਬਦਮਾਸ਼ ਦੇ ਵੀ ਮੱਸ ਫੁੱਟਣ ਲੱਗ ਪੀ ਐ, ਹਾਏ ਮੈਂ ਮਰਜਾਂ! ਸਾਡੀ ਘਿਓ ਤੋਰੀ ਤਾਂ ਸਿਰ 'ਤੇ ਸੱਗੀ-ਫੁੱਲ ਪਾਈ ਖੜ੍ਹੀ ਐ ਨੀ, ...ਅੱਜ ਤਾਂ ਸੁੱਖ ਨਾ ਆਪਣਾ ਗੇਂਦਾ ਵੀ ਖਿੜ ਖਿੜ ਹੱਸੀ ਜਾਂਦੈ। ਫਿਰ ਕਿਸੇ ਗੰਦਲ ਨੂੰ ਪਲੋਸਦੀ ਆਪਮੁਹਾਰੇ ਹੀ ਗਾਉਣ ਲੱਗਦੀ , ਜਦੋਂ ਰੰਗ ਸੀ ਸਰੋਂ ਦੇ ਫੁੱਲ ਵਰਗਾ, ਓਦੋਂ ਕਿਉਂ ਨਾ ਆਇਆ ਮੱਘਰਾ। ਮੈਂ ਹਸਦੀ ਹਸਦੀ ਪੁੱਛ ਲੈਂਦੀ, ਅੰਬੋ ਭਲਾ ਇਹ ਮੱਘਰ ਕੌਣ ਐ? ਤਾਂ ਅੱਗੋਂ ਖੂੰਡੀ ਉਲਾਰ ਕੇ ਝਿੜਕਣ ਲਗਦੀ, ਚੁੱਪ ਕਰ ਨੀ ਹਰਾਮਣੇ, ਹੋਊਗਾ ਕੋਈ ਮਰਨ ਜੋਗਾ ਵਿਛੋੜੇ ਪਾਉਣਾ।...ਹੱਸ ਹੱਸ ਗੱਲਾਂ ਕਰਦੀ ਸੁਰਜੀਤ ਇਕਦਮ ਉਦਾਸ ਹੋ ਗਈ ਹੈ ਜਿਵੇਂ ਦਾਦੀ ਦਾ ਵਰਾਗ ਆ ਗਿਆ ਹੋਵੇ ਜਾਂ...। ਫਿਰ ਦੋ ਕੁ ਪਲ ਪਿੱਛੋਂ ਹੀ ਆਖਦੀ ਹੈ, ਓ ਕੁਲਵੰਤ ਤੂੰ ਤਾਂ ਮੁੱਢ ਤੋਂ ਈ ਪੜ੍ਹਾਕੂ ਐਂ, ਅਸੀਂ ਤਾਂ ਛੋਟੇ ਹੁੰਦੇ ਦਾਈ-ਦੁੱਕੜਾ ਖੇਡਦੇ ਖੇਡਦੇ ਅੱਧੀ ਰਾਤ ਤੱਕ ਧਮੱਚੜ ਪਾਉਂਦੇ ਫਿਰਦੇ ਸਾਂ। ਕੇਰਾਂ ਭਾਈ ਮੈਂ ਲੁਕਣ-ਮੀਟੀ ਖੇਡਦੀ ਨੀਰਾ ਕੁਤਰਨ ਵਾਲੀ ਮਸ਼ੀਨ ਕੋਲੇ ਪਈ ਪੱਲੀ ਹੇਠਾਂ ਲੁਕ-ਗੀ। ਜੁਆਕਾਂ ਨੇ ਵਾਹ ਜਹਾਨ ਦੀ ਲਾ-ਲੀ ਫੇਰ ਵੀ ਨਾ ਈ ਥਿਆਈ। ਜਦੋਂ ਪਤਾ ਲੱਗਿਆ ਬਈ ਕੁੜੀ ਗੁਆਚਗੀ ਤਾਂ ਮੇਰੀ ਦਾਦੀ ਨੇ ਤਾਂ ਤਪਤੀ ਵਿੱਢਤੀ। ਸਾਰਾ ਟੱਬਰ ਭਾਲਣ ਜੁਟ ਪਿਆ। ਪੂਰੇ ਦੋ ਘੰਟਿਆਂ ਪਿੱਛੋਂ ਕਿਸੇ ਨੇ ਪੱਲੀ ਖਿੱਚ ਕੇ ਵੇਖੀ ਤਾਂ ਮੈਂ ਹੇਠਾਂ ਸੁੱਤੀ ਪਈ। ਲੈ ਐਹੋ ਜੇ ਕਾਰਨਾਮੇ ਸੀ ਸਾਡੇ ਤਾਂ।...ਸੁਰਜੀਤ ਠਹਾਕਾ ਮਾਰ ਕੇ ਇੰਨਾ ਹੱਸੀ ਕਿ ਹੱਸਦੀ ਹੱਸਦੀ ਦੇ ਹੰਝੂ ਨਿਕਲ ਆਏ।

ਓ...ਯਾਅ...ਗੁੱਡ ਹੈਬਿਟ, ਲਾਫਿੰਗ ਐਂਡ ਵਾਕਿੰਗ, ਬੋਥਸ ਆਰ ਸਾਈਨਜ਼ ਆਫ ਹੈਪੀ ਲਿਵਿੰਗ।...ਐਮ ਆਈ ਰਾਈਟ?... ਸੁਰਜੀਤ ਦਾ ਠਹਾਕਾ ਸੁਣ ਕੇ ਸਾਹਮਣਿਉਂ ਆਉਂਦੀ ਪ੍ਰੋ. ਅਰੁਣਾ ਭਟਨਾਗਰ ਸੜਕ ਵਿਚਾਲੇ ਹੀ ਰੁਕ ਗਈ ਹੈ। ਉਹ ਦੋਵੇਂ ਹੱਥ ਜੋੜ ਕੇ ਅਤੇ ਰਤਾ ਕੁ ਝੁਕ ਕੇ ਬੜੇ ਅਦਬ ਨਾਲ ਨਮਸਕਾਰ ਆਖਦੀ ਹੈ। ਮੈਨੂੰ ਇਹ ਵੇਖ ਕੇ ਹੈਰਾਨੀ ਹੁੰਦੀ ਹੈ। ਇਸ ਬਾਰੇ ਤਾਂ ਆਖਦੇ ਹਨ ਕਿ ਪ੍ਰੋਫੈਸਰ ਬਣਨ ਤੋਂ ਬਾਅਦ ਇਸ ਦੀ ਹਵਾ ਇੰਨੀ ਬਦਲ ਗਈ ਹੈ ਕਿ ਕਿਸੇ ਲੈਕਚਰਾਰ ਦੀ ਵਿਸ਼ ਤੱਕ ਦਾ ਜਵਾਬ ਦੇਣਾ ਪਸੰਦ ਨਹੀਂ ਕਰਦੀ?

ਓ ਕਮਾਲ ਐ, ਅੱਜ ਤਾਂ ਮੀਂਹ ਆਊ।... ਪ੍ਰੋ. ਭਟਨਾਗਰ ਦੇ ਅੱਗੇ ਲੰਘ ਜਾਣ ਪਿੱਛੋਂ ਆਪ ਮੁਹਾਰੇ ਮੇਰੇ ਮੂੰਹੋਂ ਨਿਕਲਦਾ ਹੈ।

ਓ ਨਹੀਂ ਕੁਲਵੰਤ, ਐਹੋ ਜਿਹੀ ਨਹੀਂ ਏਹ ਜਿਵੇਂ ਦੀ ਲੋਕ ਸਮਝਦੇ ਐ, ਬਦਾਮ ਦੇ ਛਿੱਲੜ ਵਾਂਗੂ ਉੱਤੋਂ ਈ ਸਖ਼ਤ ਲਗਦੀ ਐ, ਬੱਸ ਨਾ ਬੱਚੋ ਐਂ, ਵਿਚਾਰੀ ਦਾ। ਮੈਂ ਦੱਸਾਂ...।...ਪ੍ਰੋ. ਭਟਨਾਗਰ ਦੀ ਹਮਾਇਤ 'ਤੇ ਉਤਰੀ ਸੁਰਜੀਤ ਨੇ ਉਸਦਾ ਕੋਈ ਹੋਰ ਕਿੱਸਾ ਛੂਹ ਲਿਆ ਹੈ, ਓ...ਅੱਜ ਨਾ ਦੁਪਹਿਰੇ ਮੈਂ ਮਿਸਿਜ਼ ਭਟਨਾਗਰ ਤੋਂ ਟਮਾਟਰ ਤੇ ਹਰੀਆਂ ਮਿਰਚਾਂ ਫੜ੍ਹੀ ਆਵਾਂ। ਤੜਕੇ ਮੈਂ ਕਿਤੇ ਬਾਥਰੂਮ 'ਚ ਸੀ ਤੇ ਸਬਜ਼ੀ ਵਾਲਾ ਪੋਂ-ਪੋਂ ਕਰਦਾ ਲੰਘ ਗਿਆ। ਮੈਂ ਸੋਚਿਆ ਮਨਾ ਰਾਜਮਾਂਹ ਤਾਂ ਅੱਜ ਲਾਜ਼ਮੀ ਬਣਾਉਣੇ ਆਂ, ਸਵੇਰੇ ਈ ਜਸ਼ਨ ਨੇ ਹੁਕਮ ਚਾੜ੍ਹ-ਤਾ ਸੀ ਲੰਚ 'ਚ ਰਾਜਮਾਂਹ-ਚੌਲ ਖਾਣ ਦਾ?। ਭਲਾ ਟਮਾਟਰਾਂ ਬਿਨਾ ਕੀ ਬਣਨਗੇ? ਕੌਣ ਖਾਊ ਬਕਬਕੇ ਜਿਹੇ? ਮੈਂ ਮਿਸਜ਼ ਭਟਨਾਗਰ ਤੋਂ ਪੁੱਛਣ ਜਾਂਦੀ ਰਹੀ, ਆਂਹਦੀ ਹੈਗੇ ਆ ਲੈ ਜਾ। ਮੁੜਦੀ ਨੂੰ ਕਿਤੇ ਮੈਨੂੰ ਮਿਸਜ਼ ਸ਼ੇਰਗਿੱਲ ਨੇ ਵੇਖ ਲਿਆ। ਬਣਾ ਸੰਵਾਰ ਕੇ ਆਂਹਦੀ, 'ਕੁੜੇ ਮਗਜੀਤ ਏਹ ਭਾਣਤੀ ਤਾਂ ਐਡੀ ਕੰਜੂਸ ਮੱਖੀ ਚੂਸ ਐ ਕਿ ਕਿਸੇ ਨੂੰ ਪਿੰਡੇ ਦੀ ਜੂੰ ਨਾ ਦੇਵੇ, ਘੰਟਾ ਘੰਟਾ ਰੇਹੜੀ ਵਾਲੇ ਨਾਲ ਭਾਅ ਮੁਕਾਉਂਦੀ ਰਹੂ ਤੇ ਪਿੱਛੋਂ ਟਮਾਟਰ ਤੁਲਾਊ ਅੱਧ-ਪਾ। ਤੂੰ ਪਤਾ ਨੀ ਅੱਜ ਕਿਵੇਂ ਝੋਟਾ ਚੋਅ ਲਿਆਈ ਐਂ। ਨੱਕ ਜਾ ਚਾੜ੍ਹ ਕੇ ਹੱਸਣ ਲੱਗ ਪੀ ਮੁਸ਼ਕੜੀਏ। ਮੈਂ ਅੱਗੋਂ ਮੋੜਾ ਤਾਂ ਕੋਈ ਨਾ ਦਿੱਤਾ, ਮੈਨੂੰ ਪਤਾ ਸੀ ਬਈ ਸਾਰਾ ਗੁਆਂਢ ਸਾਡਾ ਬੋਲਦੈ। ਫਿਰ ਵੀ ਤੁਰਦੀ ਤੁਰਦੀ ਮਾੜੀ ਜੀ ਰਮਜ਼ ਸਿੱਟ ਆਈ ਕਿ ਭੈਣ ਜੀ ਮੇਰੀ ਦਾਦੀ ਆਹੰਦੀ ਹੁੰਦੀ ਸੀ, ਨਾ ਕੋਈ ਕੰਜੂਸ ਹੁੰਦੈ ਨਾ ਸ਼ਾਹ ਦਿਲ ਅੱਖੇ ਆਵਦੀ ਖੀਰ ਐ, ਕਿਸੇ ਬਿੱਧ ਖਾਲੈ।...ਸੁਰਜੀਤ ਨੇ ਗੱਲ ਦਾ ਤੋੜਾ ਝਾੜਿਆ। ਉਸ ਦੀ ਬੇਮਤਲਬ ਜਿਹੀ ਗੱਲ ਦਾ ਕੋਈ ਸਿਰਾ ਫੇਰ ਮੇਰੇ ਹੱਥ ਨਹੀਂ ਆਇਆ। ਸੈਰ ਦੇ ਲੰਮੇ ਚੱਕਰ ਨਾਲ ਮੈਂ ਅੱਜ ਕੁਝ ਜ਼ਿਆਦਾ ਹੀ ਹੰਭ ਗਿਆ ਹਾਂ। ਸਰੀਰ ਅਜੀਬ ਜਿਹੀ ਘਬਰਾਹਟ ਮਹਿਸੂਸ ਕਰ ਰਿਹਾ ਹੈ। ਘਰ ਪਹੁੰਚ ਕੇ ਵਿਹੜੇ 'ਚ ਪਈ ਕੁਰਸੀ ਉੱਤੇ ਮੈਂ ਜਿਵੇਂ ਬੈਠਣ ਦੀ ਥਾਂ ਡਿੱਗ ਹੀ ਪਿਆ ਹਾਂ। ਮੈਨੂੰ ਲਗਦਾ ਹੈ ਜਿਵੇਂ ਇਹ ਘਬਰਾਹਟ ਥੱਕਣ ਨਾਲੋਂ ਵੱਖ ਕਿਸੇ ਹੋਰ ਤਰ੍ਹਾਂ ਦੀ ਹੈ। ਜਸ਼ਨ ਈਅਰ-ਫੂਨ ਲਾਈ ਅੰਦਰੋਂ ਆ ਕੇ ਅਛੋਪਲੇ ਜਿਹੇ ਮੇਰੇ ਕੋਲ ਆ ਬੈਠੀ ਹੈ। ਸੁਰਜੀਤ ਅੱਖ ਦੇ ਫੋਰ ਵਿਚ ਸਿਕੰਜਵੀ ਬਣਾ ਲਿਆਈ ਹੈ। ਅਜੇ ਮੈਂ ਪਹਿਲੀ ਘੁੱਟ ਹੀ ਭਰੀ ਹੈ ਕਿ ਬਾਹਰ ਘੰਟੀ ਦੀ ਹੋਈ ਡਰਾਉਣੀ 'ਟ...ਅ...ਲ' ਨਾਲ ਮੈਂ ਤ੍ਰਬਕ ਗਿਆ ਹਾਂ। ਮੇਰਾ ਗਿਲਾਸ ਛਲਕ ਗਿਆ ਹੈ।

ਓ ਕਿਰਪਾਲਾ ਐ ਵਿਚਾਰਾ, ਬੁਲਾਵਾਂ?... ਸੁਰਜੀਤ ਜਾਲੀ ਵਿਚੋਂ ਹੀ ਮੇਰੇ ਪੀ-ਐਚ ਡੀ ਦੇ ਵਿਦਿਆਰਥੀ ਨੂੰ ਪਛਾਣ ਕੇ ਮੇਰੇ ਤੋਂ ਪੁੱਛਦੀ ਹੈ।

ਓ ਵੀਰ ਜੀ ਪਹਿਲਾਂ ਵੀ ਦੋ ਵਾਰੀ ਪੁੱਛ ਕੇ ਗਏ ਐ।... ਮੋਬਾਈਲ 'ਚ ਚਲਦੇ ਗੀਤ ਨੂੰ ਪਾਜ ਕਰਕੇ ਜਸ਼ਨ ਵੀ ਦੱਸਦੀ ਹੈ। ਇੰਨਾ ਕਹਿ ਕੇ ਫਿਰ ਗੀਤ ਆਨ ਕਰ ਲੈਂਦੀ ਹੈ।

ਓ ਕੱਲ੍ਹ ਸ਼ਾਮ ਨੂੰ ਆਉਣ ਲਈ ਕਹਿ-ਦੇ...ਮੈਂ ਕਿਰਪਾਲ ਦੇ ਮੱਥੇ ਲੱਗਣ ਤੋਂ ਵਕਤੀ ਬਚਾਅ ਕਰਦਾ ਹਾਂ। ਜਿਸ ਦਿਨ ਦਾ ਮੈਨੂੰ ਪਤਾ ਲੱਗਿਆ ਹੈ ਕਿ ਉਹ ਆਪਣੀ ਥੀਸਿਸ ਕਾਹਲੀ ਨਾਲ ਕਿਉਂ ਸਬਮਿਟ ਕਰਨਾ ਚਾਹੁੰਦਾ ਹੈ ਉਸ ਦਿਨ ਤੋਂ ਮੈਨੂੰ ਕਿਰਪਾਲ ਦੀ ਸ਼ਕਲ ਵੀ ਭੈਅਭੀਤ ਕਰ ਦਿੰਦੀ ਹੈ। ਮੇਰਾ ਠੀਕ ਅਨੁਮਾਨ ਇਹ ਹੈ ਕਿ ਉਹ ਮੇਰੇ ਵਾਲੀ ਪੋਸਟ ਦੇ ਨੇੜ ਭਵਿੱਖ ਵਿਚ ਖਾਲੀ ਹੋਣ ਦੀ ਤਾਕ ਵਿਚ ਹੈ। ਭੋਲੀ ਸੁਰਜੀਤ ਉਸਨੂੰ ਵੀ ਵਿਚਾਰਾ ਸਮਝਦੀ ਹੈ। ਉਸ ਭਾਣੇ ਉਹ ਮੇਰੇ ਨਾਲ ਹਮਦਰਦੀ ਵਜੋਂ ਵੱਧ ਚੱਕਰ ਮਾਰਦਾ ਹੈ। ਮਨ ਕਰਦਾ ਹੈ ਕਿ ਇਹ ਗੱਲ ਵੀ ਸੁਰਜੀਤ ਨੂੰ ਦੱਸਾਂ ਤਾਂ ਕਿ ਉਸਨੂੰ ਜ਼ਿੰਦਗੀ ਦਾ ਅਸਲ ਚਿਹਰਾ ਨਜ਼ਰ ਆਵੇ। ਪਤਾ ਲੱਗੇ ਕਿ ਕਿਰਪਾਲ ਨੂੰ ਹੁਣ ਮੇਰੀ ਨਹੀਂ ਸਿਰਫ ਮੇਰੇ ਸਾਈਨਾਂ ਦੀ ਜ਼ਰੂਰਤ ਹੈ। ਕੂਕ ਮਾਰ ਕੇ ਸੁਰਜੀਤ ਨੂੰ ਕਹਾਂ, ਅਸਲ ਵਿਚ ਇਹ ਹੁੰਦਾ ਹੈ 'ਲੋਕਾਂ ਦਾ ਹਿਸਾਬ-ਕਿਤਾਬ'।

ਓ ਜਸ਼ਨ, ਆ ਜ਼ਰਾ ਗੁਰਦੁਆਰੇ ਹੋ ਆਈਏ, ਰਹਿਰਾਸ ਦਾ ਵੇਲਾ ਹੋ ਗਿਐ।... ਸੁਰਜੀਤ ਨੇ ਨਾਂਹ ਨਾਂਹ ਕਰਦੀ ਜਸ਼ਨ ਨੂੰ ਵਰਚਾ ਕੇ ਨਾਲ ਤੋਰ ਲਿਆ ਹੈ। ਮੈਂ ਪਿੱਛੋਂ ਵੇਖਦਾ ਹਾਂ, ਸੁਰਜੀਤ ਥਾਲੀ ਵਿਚ ਦੀਵਾ ਅਤੇ ਮਾਚਸ ਰੱਖੀ ਨੰਗੇ ਪੈਰੀਂ ਤੁਰ ਪਈ ਹੈ। ਦੋਵਾਂ ਮਾਂਵਾਂ-ਧੀਆਂ ਨੂੰ ਇਉਂ ਇਕੱਠੀਆਂ ਜਾਂਦੀਆਂ ਵੇਖ ਕੇ ਮੈਨੂੰ ਅੰਦਰੋਂ ਹੁਲਾਸ ਜਿਹਾ ਮਹਿਸੂਸ ਹੁੰਦਾ ਹੈ।

ਸੁੰਨਸਾਨ ਵਿਹੜੇ ਵਿਚ ਇਕੱਲੇ ਬੈਠੇ ਨੂੰ ਬੜਾ ਅਜੀਬ ਜਿਹਾ ਮਹਿਸੂਸ ਹੋ ਰਿਹਾ ਹੈ, ਕੰਨਾਂ ਵਿਚ ਸਾਂ-ਸਾਂ ਸੁਣ ਰਹੀ ਹੈ, ਕਦੇ ਆਪਣੇ ਦਿਲ ਦੀ ਧੜਕਣ ਹੀ ਸੁਣਨ ਲੱਗ ਪੈਂਦੀ ਹੈ। ਮਨ ਕਰਦਾ ਹੈ ਸੁਰਜੀਤ ਵਾਂਗ ਆਪਣੇ ਆਪ ਨਾਲ ਹੀ ਬੋਲ ਬੋਲ ਕੇ ਗੱਲਾਂ ਕਰਨ ਲੱਗ ਪਵਾਂ ਜਾਂ ਅਮਲਤਾਸ ਨਾਲ ਹੀ ਕਰਾਂ। ਨਹੀਂ, ਇਹ ਮੇਰੇ ਵੱਸ ਦੀ ਗੱਲ ਨਹੀਂ ਜਾਪਦੀ। ਮੁੱਲ ਦਾ ਬੋਲਣ ਦੀ ਆਦਤ ਮੇਰੇ ਹੱਡੀਂ ਰਚ ਗਈ ਹੈ। ਸ਼ੁਕਰ ਹੈ ਮੈਂ ਰਿਸਰਚ ਵਾਲੇ ਵਿਭਾਗ ਵਿਚ ਹਾਂ ਜਿਥੇ ਪੜ੍ਹਾਉਣ ਦਾ ਕੰਮ ਹੀ ਨਹੀਂ, ਬੱਸ ਖੁਦ ਪੜ੍ਹਨਾ-ਲਿਖਣਾ ਹੁੰਦਾ ਹੈ। ਸੁਰਜੀਤ ਪਤਾ ਨਹੀਂ ਕਿਵੇਂ ਇੰਨੀਆਂ ਗੱਲਾਂ ਕਰ ਲੈਂਦੀ ਹੈ। ਕਈ ਵਾਰ ਤਾਂ ਇਹ ਵੇਖ ਕੇ ਹਾਸਾ ਆਉਂਦਾ ਹੈ ਕਿ ਜਸ਼ਨ ਈਅਰ-ਫੋਨ ਲਾਈ ਗੀਤ ਸੁਣਨ ਵਿਚ ਮਸਤ ਹੁੰਦੀ ਹੈ ਅਤੇ ਕੋਲ ਬੈਠੀ ਸੁਰਜੀਤ ਆਪਮੁਹਾਰੇ ਉਸ ਨਾਲ ਗੱਲਾਂ ਕਰੀ ਜਾਂਦੀ ਹੈ, ਓ ਜਸ਼ਨ ਤੇਰੀ ਦਾਜ ਵਾਲੀ ਪੇਟੀ 'ਚ ਤਾਂ ਹੁਣ ਇਕ ਫੁਲਕਾਰੀ ਰੱਖਣ ਜਿੰਨਾ ਥਾਂ ਵੀ ਨ੍ਹੀਂ ਬਚਿਆ, ਉਦੋਂ ਲੈਣ ਵੇਲੇ ਏਹੀ ਵੱਡੀ ਲਗਦੀ ਸੀ। ਪੰਜ ਬਾਗ ਮੈਨੂੰ ਤੇਰੇ ਜਨਮ ਵੇਲੇ ਈ ਦਾਦੀ ਨੇ ਮੇਰੇ ਹਵਾਲੇ ਕਰਕੇ ਆਖਿਆ ਸੀ, ਲੈ ਕੁੜੀ ਤੇਰੀ ਬੋਹਣੀ ਕਰਵਾਂ, ਅਖੇ ਸਿਆਣੀ ਮਾਂ ਤਾਂ ਸ਼ਿਲੇ 'ਚੋਂ ਨਿਕਲਦਿਆਂ ਈ ਧੀ ਦਾ ਦਾਜ ਬਣਾਉਣ ਲੱਗ ਜਾਂਦੀ ਹੁੰਦੀ ਹੈ। ਆਪਾਂ ਤਾਂ ਦਾਦੀ ਦੀ ਗੱਲ ਪੱਲੇ ਬੰਨ੍ਹ-ਲੀ ਸੀ ।

ਜਸ਼ਨ ਦੇ ਵਿਆਹ ਦਾ ਧੁੰਦਲਾ ਜਿਹਾ ਖ਼ਿਆਲ ਵੀ ਮੇਰੇ ਮਨ ਵਿਚ ਹਲਚਲ ਜਿਹੀ ਪੈਦਾ ਕਰ ਗਿਆ ਹੈ। ਸਿਰ ਝੰਜੋੜ ਕੇ ਇਸ ਖ਼ਿਆਲ ਨੂੰ ਦਿਮਾਗ 'ਚੋਂ ਪਰ੍ਹੇ ਧੱਕਦਾ ਹਾਂ। ਘੁਸਮੁਸਾ ਜਿਹਾ ਹੋਣ ਲੱਗਿਆ ਹੈ। ਉਠਣ ਦੀ ਘੌਲ ਕਰਕੇ ਲਾਈਟ ਜਗਾਉਣ ਦੀ ਵੀ ਹਿੰਮਤ ਨਹੀਂ ਪੈ ਰਹੀ। ਅਚਾਨਕ ਬਾਹਰਲੇ ਬੂਹੇ ਵਲ ਰੋਸ਼ਨੀ ਹੋਈ ਹੈ। ਸ਼ਾਇਦ ਸੁਰਜੀਤ ਹੋਰੀਆਂ ਪਰਤ ਆਈਆਂ ਹਨ।

ਓ ਲੈਟ ਜਗਾ ਲੈਣੀ ਸੀ, ਨੇਰ੍ਹੇ 'ਚ ਈ ਬੈਠੈਂ, ਨਾਲੇ ਸੰਧਿਆ ਵੇਲੇ...। ਵਿਹੜੇ ਵਾਲੀ ਟਿਊਬ ਦਾ ਬਟਨ ਦਬਦਿਆਂ ਸੁਰਜੀਤ ਆਖਦੀ ਹੈ। ਸਾਰਾ ਵਿਹੜਾ ਚਾਨਣ ਨਾਲ ਭਰ ਗਿਆ ਹੈ। ਸੁਰਜੀਤ ਕੁਝ ਯਾਦ ਆਉਣ 'ਤੇ ਠਹਾਕਾ ਮਾਰ ਕੇ ਹੱਸਦਿਆਂ ਆਖਦੀ ਹੈ, ਓ ਅਕਸਰ ਬਲਬ ਜਗਾਉਂਦਿਆਂ ਮੇਰੀ ਦਾਦੀ ਆਖਦੀ ਹੁੰਦੀ ਸੀ, ਅਖੇ ਸਾਡੇ ਵੇਲਿਆਂ 'ਚ ਦਿਨ ਖੜ੍ਹੇ ਈ ਫਿਕਰ ਪੈ ਜਾਣਾ ਔਤਰੀ ਰਾਤ ਦਾ। ਟੈਮ ਨਾਲ ਈ ਲਾਲਟੈਣ 'ਚ ਤੇਲ ਵੇਖਣਾ, ਚਿਮਨੀ ਮਾਂਜਣੀ, ਧੂੰਏਂ ਵਾਲੀ ਜਾਲੀ ਸਾਫ਼ ਕਰਨੀ, ਬੱਤੀ ਉੱਚੀ ਕਰਨੀ, ਤਾਂ ਭਾਈ ਕਿਤੇ ਭੋਰਾ ਰੋਸ਼ਨੀ ਦਾ ਜੁਗਾੜ ਹੋਣਾ। ਆਹ ਹੁਣ ਤਾਂ ਬਾਅਲੀ ਸੌਖ ਬਣਾਈ ਬਿਜਲੀ ਨੇ, ਸੁੱਚ ਦੱਬੋ ਤੇ ਪਲਾਂ 'ਚ ਲੈਟ ਈ ਲੈਟ ਹੋ ਜਾਂਦੀ ਐ।... ਸੁਰਜੀਤ ਦੇ ਖਿੜ ਖਿੜ ਹੱਸਣ ਨਾਲ ਵਿਹੜੇ ਵਿਚ ਫੈਲੀ ਸੁੰਨ-ਮਸਾਣ ਕਿਧਰੇ ਉੱਡ ਗਈ ਹੈ। ਹਾਸਾ ਕਾਬੂ 'ਚ ਕਰਦਿਆਂ ਸੁਰਜੀਤ ਸਿਰ ਢਕ ਕੇ ਮੈਨੂੰ ਪ੍ਰਸ਼ਾਦ ਦਿੰਦੀ ਹੈ। ਫਿਰ ਕਾਹਲੀ ਨਾਲ ਰਸੋਈ ਵਲ ਜਾਂਦੀ ਹੈ ਅਤੇ ਬਾਦਾਮ ਰੋਗਨ ਦੀ ਸ਼ੀਸ਼ੀ ਚੁੱਕੀ ਮੁੜਦੀ ਹੈ।

ਓ ਲੈ ਕੁਲਵੰਤ ਆਹ ਵੀ ਸ਼ਗਨ ਜੇਹਾ ਕਰ ਈ ਦਿਆਂ, ਫੇਰ ਈ ਵੜੂੰ ਰਸੋਈ 'ਚ। ... ਆਖਦਿਆਂ ਉਹ ਮੇਰੇ ਕੋਲ ਆ ਖੜ੍ਹਦੀ ਹੈ। ਨਾ ਚਾਹੁੰਦਿਆਂ ਵੀ ਮੈਂ ਚੁੱਪ-ਚਾਪ ਪੱਗ ਉਤਾਰ ਕੇ ਨਾਲ ਦੀ ਕੁਰਸੀ ਉੱਤੇ ਰੱਖ ਦਿੰਦਾ ਹਾਂ। ਮੈਨੂੰ ਅੰਦਰ ਕੁਝ ਪੀੜ-ਭਰੀ ਮਤਲਾਹਟ ਜਿਹੀ ਮਹਿਸੂਸ ਹੁੰਦੀ ਹੈ ਪਰ ਮੈਂ ਸੁਰਜੀਤ ਨੂੰ ਨਹੀਂ ਦੱਸਦਾ ਅਤੇ ਉਵੇਂ ਹੀ ਦਿਲ ਤਕੜਾ ਕਰਕੇ ਬੈਠਾ ਰਹਿੰਦਾ ਹਾਂ। ਉਹ ਧਾਰ ਬੰਨ੍ਹ ਕੇ ਟੋਟਣ ਉੱਤੇ ਬਦਾਮ ਰੋਗਨ ਪਾਉਂਦੀ ਹੈ ਤਾਂ ਰਤਾ ਕੁ ਕੁਤਕੁਤਾੜੀ ਦਾ ਅਹਿਸਾਸ ਹੁੰਦਾ ਹੈ। ਫਿਰ ਪੋਲਾ ਪੋਲਾ ਹੱਥ ਫੇਰਨਾ ਸ਼ੁਰੂ ਕਰਦੀ ਹੈ। ਵਿਚ ਵਿਚ ਉਹ ਪੁੱਠਾ ਹੱਥ ਸਿਰ ਨੂੰ ਇਉਂ ਛੁਹਾਉਂਦੀ ਹੈ ਜਿਵੇਂ ਵਾਲਾਂ ਨੂੰ ਰੜਕਾ ਕੇ ਵੇਖ ਰਹੀ ਹੋਵੇ।

ਓ ਜਸ਼ਨ...ਜਸ਼ਨ! ਬਾਹਰ ਆ ਦੌੜ ਕੇ।...ਉਹ ਟੀ.ਵੀ. ਵੇਖ ਰਹੀ ਜਸ਼ਨ ਨੂੰ ਬੁਲਾਉਂਦੀ ਹੈ ਪਰ ਜਸ਼ਨ ਘੇਸ ਮਾਰ ਗਈ ਹੈ।

ਕੀ ਹੋ ਗਿਐ?... ਮੈਂ ਉਸ ਦੀ ਉਤਸੁਕਤਾ ਭਾਂਪਦਿਆਂ ਪੁੱਛਦਾ ਹਾਂ।

ਓ ਕੁਲਵੰਤ! ਸੱਚੀ ਕ੍ਰਿਸ਼ਮਾ!! ਲਗਦੈ ਲੂੰਈ ਫੁੱਟਣ ਲੱਗ ਪੀ, ਮੈਂ ਆਂਹਦੀ ਸੀ ਨਾ ਬਈ ਸੁਪਨੇ 'ਚ...। ਮੇਰੀ ਗੱਲ ਸੱਚੀ ਨਿਕਲੀ।...ਉਹ ਨਿੱਕੇ ਨਿਆਣਿਆਂ ਵਾਂਗ ਖੁਸ਼ੀ ਨਾਲ ਉਛਲਦੀ ਹੈ। ਉਸ ਦੇ ਬੋਲਾਂ ਵਿਚੋਂ ਭਾਵੁਕਤਾ ਡੁੱਲ੍ਹ ਡੁੱਲ੍ਹ ਪੈ ਰਹੀ ਹੈ।

ਓ ਅੱਛਾ!... ਕਹਿੰਦਿਆਂ ਮੈਂ ਉਸ ਦੀ ਖੁਸ਼ੀ ਵਿਚ ਸ਼ਾਮਿਲ ਹੋਣ ਦਾ ਯਤਨ ਕਰਦਾ ਹਾਂ। ਉਹ ਮਲਕੜੇ ਜਿਹੇ ਮੇਰਾ ਹੱਥ ਫੜ੍ਹ ਕੇ ਮੇਰੇ ਹੀ ਸਿਰ ਉੱਤੇ ਫੇਰਦੀ ਹੈ। ਮੈਨੂੰ ਕੋਈ ਵਾਲ ਰੜਕਦੇ ਮਹਿਸੂਸ ਨਹੀਂ ਹੁੰਦੇ ਪਰ ਮੈਂ ਆਪਣੇ ਮਨ ਦੀ ਗੱਲ ਉਸ ਨਾਲ ਸਾਂਝੀ ਨਹੀਂ ਕਰਦਾ।

ਓ ਠਹਿਰ ਇਕ ਮਿੰਟ, ਮੈਂ ਸ਼ੀਸ਼ੇ 'ਚ ਵੇਖਦਾ ਹਾਂ।...ਵੱਸੋਂ ਬਾਹਰ ਹੋ ਰਹੀ ਮਤਲਾਹਟ ਕਰਕੇ ਮੈਂ ਬਹਾਨੇ ਨਾਲ ਬਾਥਰੂਮ 'ਚ ਜਾਂਦਾ ਹਾਂ। ਸੁਰਜੀਤ ਮੇਰੇ ਪਿੱਛੇ ਹੀ ਆ ਖੜ੍ਹੀ ਹੈ। ਮੈਂ ਪੂਰੀ ਵਾਹ ਲਾ ਕੇ ਉਲਟੀ ਨੂੰ ਰੋਕਣ ਦਾ ਯਤਨ ਕਰਦਾ ਹਾਂ। ਕੈਂਸਰ ਵਾਲੇ ਬੰਦੇ ਦੀ ਕਿਹੜੀ ਉਲਟੀ ਖੂਨੀ ਅਤੇ ਆਖਰੀ ਹੋ ਜਾਵੇ, ਕੋਈ ਨਹੀਂ ਜਾਣਦਾ। ਇਹ ਸੋਚਦਾ ਮੈਂ ਸ਼ੀਸ਼ੇ ਸਾਹਵੇਂ ਖੜ੍ਹ ਕੇ ਆਪਣੇ ਆਪ ਨੂੰ ਨਿਹਾਰਦਾ ਹਾਂ। ਕਲੱਤਣ ਭਰੇ ਬਡਰੂਪ ਜਿਹੇ ਚਿਹਰੇ ਉੱਤੇ ਅਜੀਬ ਜਿਹੀ ਮੁਰਦੇਹਾਣੀ ਛਾਈ ਦਿਸਦੀ ਹੈ। ਆਖਰੀ ਵਕਤ ਦੇ ਖ਼ਿਆਲ ਨਾਲ ਮੇਰੀਆਂ ਅੱਖਾਂ ਭਰ ਆਉਂਦੀਆਂ ਹਨ ਪਰ ਮੈਂ ਜ਼ਾਬਤਾ ਕਾਇਮ ਰੱਖਦਿਆਂ ਚਿਹਰੇ ਉੱਤੇ ਮੁਸਕਰਾਹਟ ਬਿਖੇਰਨ ਵਿਚ ਕੁਝ ਸਫਲ ਹੋ ਜਾਂਦਾ ਹਾਂ। ਸੁਰਜੀਤ ਵਲ ਮੁੜਦਾ ਹਾਂ ਤਾਂ ਮੇਰੀਆਂ ਅੱਖਾਂ 'ਚੋਂ ਠਣਕ ਠਣਕ ਡਿੱਗਦੇ ਅੱਥਰੂਆਂ ਨੂੰ ਖੁਸ਼ੀ ਦੇ ਹੰਝੂ ਸਮਝ ਉਹ ਧਾਅ ਕੇ ਮੇਰੇ ਗਲ ਨੂੰ ਚੰਬੜ ਜਾਂਦੀ ਹੈ। ਉਸਦੇ ਪਿੱਛੇ ਆ ਖੜ੍ਹੀ ਜਸ਼ਨ ਭੌਰ-ਭੌਰ ਜਿਹੀ ਹੋਈ ਸਭ ਕੁਝ ਦਰਸ਼ਕਾਂ ਵਾਂਗ ਦੇਖੀ ਜਾਂਦੀ ਹੈ। ਕੁਝ ਵੀ ਬੋਲ ਕੇ ਸੁਰਜੀਤ ਦਾ ਸੁਪਨਾ ਤੋੜਨ ਲਈ ਮੇਰਾ ਮਨ ਨਹੀਂ ਮੰਨਦਾ। ਮੈਨੂੰ ਪਤਾ ਨਹੀਂ ਕਿਉਂ ਉਮੀਦ ਜਿਹੀ ਬੱਝ ਗਈ ਹੈ ਕਿ ਉਹ ਕਾਲੇ ਭਵਿੱਖ ਨੂੰ ਜ਼ਰੂਰ ਰੋਸ਼ਨ ਕਰ ਲਵੇਗੀ। ਸੁਰਜੀਤ ਤੋਂ ਨਜ਼ਰਾਂ ਚੁਰਾ ਕੇ ਮੈਂ ਵਿਹੜੇ ਵਿਚਲੇ ਅਮਲਤਾਸ ਵਲ ਵੇਖਣ ਲੱਗ ਪੈਂਦਾ ਹਾਂ। ਟਿਊਬ ਦੀ ਖਿੜਵੀਂ ਰੋਸ਼ਨੀ ਵਿਚ ਉਸ ਦੇ ਝੁਮਕਾ-ਫੁੱਲ ਫਨੂਸ ਵਾਂਗ ਚਮਕ ਰਹੇ ਹਨ ਪਰ ਪਾਣੀ ਭਰੀਆਂ ਅੱਖਾਂ ਨਾਲ ਮੈਨੂੰ ਧੁੰਦਲੇ ਧੁੰਦਲੇ ਦਿਸਦੇ ਹਨ।

# ਪਤਾ ਨਹੀਂ ਕਦੋਂ ਸ਼ੈਤਾਨ ਬਣ ਜਾਣ ਭੋਲੇ-ਭਾਲੇ ਲਾਲ

-ਜਸਵਿੰਦਰ ਕੌਰ ਜਟਾਣਾ

ਇਕ ਪੀਰੀਅਡ ਖ਼ਤਮ ਹੋਣ ਅਤੇ ਦੂਸਰਾ ਸ਼ੁਰੂ ਹੋਣ 'ਤੇ ਅਧਿਆਪਕ ਨੂੰ ਕਲਾਸ ਵਿਚੋਂ ਬਾਹਰ ਜਾਣ 'ਤੇ ਦੂਸਰੇ ਅਧਿਆਪਕ ਦੇ ਕਲਾਸ ਅੰਦਰ ਆਉਣ 'ਤੇ ਪੰਜ ਕੁ ਮਿੰਟ ਲੱਗ ਜਾਂਦੇ ਹਨ। ਪਰਮਿੰਦਰ ਤੇ ਅਭੀ ਇਨ੍ਹਾਂ ਪੰਜ ਮਿੰਟਾਂ ਵਿਚ ਪਾਸਾ (ਡੀ.ਟੀ.) ਲੁਕਾਉਣ ਅਤੇ ਦੂਸਰਾ ਲੱਭਣ ਜਿਹੀ ਖੇਡ ਖੇਡਦੇ ਸੀ। ਅਖੀਰਲੇ ਪੀਰੀਅਡ ਤੋਂ ਪਹਿਲਾਂ ਪਰਮਿੰਦਰ ਨੇ ਡੀ.ਟੀ. ਲੁਕੋਣੀ ਸੀ ਤੇ ਅਭੀ ਨੇ ਲੱਭਣੀ। ਪਰਮਿੰਦਰ ਨੇ ਡੀ.ਟੀ. ਮੂੰਹ ਵਿਚ ਪਾ ਲਈ ਤੇ ਜਦੋਂ ਅਭੀ ਨੇ ਲੱਭਣ ਲਈ ਪਰਮਿੰਦਰ ਦੇ ਪੇਟ 'ਤੇ ਹੱਥ ਮਾਰਿਆ ਤਾਂ ਉਸ ਦੀ ਹਾਸੀ ਨਿਕਲ ਗਈ ਤੇ ਮਾੜੀ ਕਿਸਮਤ ਡੀ.ਟੀ. ਗਲ ਵਿਚ ਫਸ ਗਈ। ਜਦੋਂ ਅਧਿਆਪਕ ਨੇ ਆ ਕੇ ਉਸ ਨੂੰ ਵੇਖਿਆ ਤਾਂ ਹੋਸ਼ ਉੱਡ ਗਏ, ਉਸਨੂੰ ਸਾਹ ਨਹੀਂ ਆ ਰਿਹਾ ਸੀ ਤੇ ਅੱਖਾਂ ਵਿਚੋਂ ਪਾਣੀ ਵਗ ਰਿਹਾ ਸੀ। ਉਹਦੀ ਆਵਾਜ਼ ਨਹੀਂ ਨਿਕਲ ਰਹੀ ਸੀ। ਡਰ ਦੇ ਮਾਰੇ ਅਭੀ ਵੀ ਚੁੱਪ-ਚਾਪ ਖੜ੍ਹਾ ਬਸ ਰੋ ਰਿਹਾ ਸੀ। ਦੱਸ ਕੁਝ ਵੀ ਨਹੀਂ ਸੀ ਰਿਹਾ।

ਉਹਦੇ ਗਲ ਵਿਚ ਕੁਝ ਫਸ ਗਿਆ। ਮੈਂ ਉਹਨੂੰ ਆਪਣੇ ਗੋਡਿਆਂ 'ਤੇ ਮੂਧਾ ਲਿਟਾ ਕੇ ਬਹੁਤ ਜ਼ੋਰ ਦੀ ਪਿੱਠ ਅਤੇ ਗਰਦਨ 'ਤੇ ਥੱਪੜ ਮਾਰੇ। ਉਸਦੇ ਗਲ ਵਿਚ ਫਸੀ ਚੌਰਸ ਡੀ.ਟੀ. ਥੋੜ੍ਹਾ ਅੱਗੇ ਹੋ ਗਈ, ਜਿਸ ਨਾਲ ਉਹਨੂੰ ਕੁਝ ਰਾਹਤ ਮਿਲੀ ਤੇ ਉਹਨੇ ਬਹੁਤ ਔਖੇ ਹੁੰਦੇ ਨੇ ਦੱਸਿਆ ਕਿ ਉਹਦੇ ਗਲ ਵਿਚ ਡੀ.ਟੀ. ਫਸ ਗਈ ਹੈ। ਬਸ ਫਿਰ ਕੀ ਸੀ, ਘਟਨਾ ਘਟਣ ਤੋਂ ਬਾਅਦ ਪੰਜ-ਸੱਤ ਮਿੰਟਾਂ ਵਿਚ ਉਸ ਨੂੰ ਹਸਪਤਾਲ ਲੈ ਗਏ, ਜਿੱਥੇ ਇਕ ਪ੍ਰੈਸ਼ਰ ਜਿਹੇ ਨਾਲ ਬੱਚੇ ਦੇ ਮੂੰਹ ਵਿਚ ਦਵਾਈ ਪਾਈ ਤੇ ਕੁਝ ਸਕਿੰਟਾਂ ਵਿਚ ਬੱਚੇ ਨੂੰ ਉਲਟੀ ਆ ਗਈ ਤੇ ਉਹਦੇ ਵਿਚ ਡੀ.ਟੀ. ਵੀ ਬਾਹਰ ਨਿਕਲ ਆਈ।

ਅਜਿਹੀਆਂ ਘਟਨਾਵਾਂ ਸਕੂਲਾਂ ਵਿਚ ਆਮ ਹੀ ਹੋ ਜਾਂਦੀਆਂ ਨੇ, ਕਿਉਂਕਿ ਬੱਚੇ ਸ਼ਰਾਰਤਾਂ ਦੇ ਨਾਲ-ਨਾਲ ਕਈ ਵਾਰ ਅਣਜਾਣੇ ਵਿਚ ਹੀ ਅਜਿਹੀਆਂ ਘਟਨਾ ਕਰ ਜਾਂਦੇ ਹਨ, ਜਿਸ ਦਾ ਅਧਿਆਪਕ ਜਾਂ ਮਾਪੇ ਅੰਦਾਜ਼ਾ ਵੀ ਨਹੀਂ ਲਾ ਸਕਦੇ।

ਗੁਰਬਚਨ ਤੇ ਜਸਪ੍ਰੀਤ ਦੂਸਰੀ ਦੇ ਵਿਦਿਆਰਥੀ ਸਨ। ਦੋਵੇਂ ਪੱਕੇ ਦੋਸਤ ਸਨ। ਆਪਸ ਵਿਚ ਝਗੜਾ ਨਹੀਂ ਕਰਦੇ ਸੀ। ਗੁਆਂਢੀ ਹੋਣ ਕਰਕੇ ਸਕੂਲ ਇਕੱਠੇ ਆਉਂਦੇ ਜਾਂਦੇ। ਅੱਧੀ ਛੁੱਟੀ ਵੀ ਇਕੱਠੇ ਖੇਡਦੇ। ਇਕ ਵਾਰੀ ਅੱਧੀ ਛੁੱਟੀ ਮਗਰੋਂ ਕਲਾਸ ਵਿਚ ਜਾ ਕੇ ਆਪਣੀਆਂ ਜੁਮੈਟਰੀਆਂ ਖੋਲ੍ਹ ਲਈਆਂ। ਜਸਪ੍ਰੀਤ ਨੂੰ ਪਤਾ ਨਹੀਂ ਕੀ ਸੁੱਝੀ, ਗੁਰਬਚਨ ਨੂੰ ਕਹਿੰਦਾ, ਮੈਂ ਤੇਰੇ ਮੂੰਹ ਵਿਚ ਇਕ ਖਾਣ ਵਾਲੀ ਚੀਜ਼ ਪਾਵਾਂ ਤੂੰ ਆਪਣਾ ਮੂੰਹ ਖੋਲ੍ਹ। ਜਦੋਂ ਗੁਰਬਚਨ ਨੇ ਮੂੰਹ ਖੋਲ੍ਹਿਆ ਤਾਂ ਜਸਪ੍ਰੀਤ



ਨੇ ਥੋੜ੍ਹਾ ਜਿਹਾ ਚਟਪਟਾ ਚੂਰਨ ਉਸਦੇ ਮੂੰਹ ਵਿਚ ਪਾ ਦਿੱਤਾ, ਜੋ ਗੁਰਬਚਨ ਨੂੰ ਬੜਾ ਹੀ ਸਵਾਦ ਲੱਗਿਆ। ਗੁਰਬਚਨ ਨੇ ਕਈ ਵਾਰ ਮੰਗ ਕੀਤੀ ਤੇ ਜਸਪ੍ਰੀਤ ਦਿੰਦਾ ਰਿਹਾ। ਅੰਤ ਸ਼ਾਇਦ ਉਹ ਖਿੱਝ ਗਿਆ ਤੇ ਕਹਿੰਦਾ, "ਚੰਗਾ ਹੁਣ ਤੂੰ ਆਪਣੀਆਂ ਅੱਖਾਂ ਬੰਦ ਕਰ ਅਤੇ ਜੀਭ ਬਾਹਰ ਕੱਢ ਮੈਂ ਜੀਭ 'ਤੇ ਰੱਖਾਂਗਾ" ਗੁਰਬਚਨ ਨੇ ਉਸੇ ਤਰ੍ਹਾਂ ਹੀ ਕੀਤਾ। ਕੁਝ ਸਕਿੰਟਾਂ ਬਾਅਦ ਚੀਕ-ਚਿਹਾੜਾ ਪੈ ਗਿਆ।

ਸਾਨੂੰ ਕੁਝ ਵੀ ਪਤਾ ਨਾ ਲੱਗੇ ਕਿ ਕੀ ਹੋ ਗਿਆ। ਬਸ ਗੁਰਬਚਨ ਦਾ ਮੂੰਹ ਤੇ ਸਾਰਾ ਕਮੀਜ਼ ਖੂਨ ਨਾਲ ਲੱਥ-ਪੱਥ ਹੋਇਆ ਪਿਆ ਸੀ। ਤੁਰੰਤ ਉਸ ਨੂੰ ਡਾਕਟਰੀ ਸਹਾਇਤਾ ਦਿਵਾਈ ਗਈ। ਕੁਝ ਦਿਨਾਂ ਬਾਅਦ ਪਤਾ ਲੱਗਾ ਕਿ ਜਸਪ੍ਰੀਤ ਨੇ ਉਸਦੀ ਜੀਭ 'ਤੇ ਬਲੇਡ ਫੇਰ ਦਿੱਤਾ ਸੀ, ਜਿਸ ਨਾਲ ਉਸਦੀ ਜੀਭ ਕੱਟੀ ਗਈ। ਅਜਿਹੀਆਂ ਘਟਨਾਵਾਂ ਸਕੂਲਾਂ ਵਿਚ ਹੀ ਨਹੀਂ, ਘਰਾਂ ਵਿਚ ਵੀ ਘਟ ਸਕਦੀਆਂ ਹਨ। ਬੱਚਿਆਂ ਦੇ ਮਨ ਹਰ ਇਕ ਕੰਮ ਵਿਚੋਂ, ਹਰ ਇਕ ਚੀਜ਼ ਵਿਚੋਂ ਖੇਡ ਲੱਭ ਲੈਂਦੇ ਹਨ ਅਤੇ ਸ਼ਰਾਰਤ ਵੀ, ਪ੍ਰੰਤੂ ਇਹ ਪਤਾ ਨਹੀਂ ਹੁੰਦਾ ਕਿ ਉਹ ਚੰਗੀ ਹੈ ਜਾਂ ਮਾੜੀ ਤੇ ਉਸਦੇ ਨਤੀਜੇ ਕੀ ਨਿਕਲਣਗੇ।

ਬਚਪਨ ਵਿਚ ਗਲੀ ਦੇ ਪੰਜ ਬੱਚੇ ਪੰਮੇ, ਇੰਦਰਜੀਤ, ਵੱਡਾ ਹੈਪੀ, ਛੋਟਾ ਹੈਪੀ ਅਤੇ ਮੈਂ ਬੜਾ ਹੀ ਖੇਡਦੇ। ਗਲੀ ਵਿਚ ਸਾਡੇ ਸਭ ਦਾ ਭਤੀਜਾ ਲੱਗਦਾ ਇਕ ਢਾਈ ਕੁ ਸਾਲ ਦਾ ਬੋਨੀ ਸੀ, ਜਿਸ ਨੂੰ ਅਸੀਂ ਸਭ ਬਹੁਤ ਖਿਡਾਉਂਦੇ, ਪ੍ਰੰਤੂ ਕਈ ਵਾਰ ਉਹ ਸਾਨੂੰ ਬੜਾ ਹੀ ਤੰਗ ਕਰਦਾ। ਗਲੀ ਲੰਘ ਕੇ ਵੱਡਾ ਸਾਰਾ ਗਰਾਊਂਡ ਸੀ। ਉਸ ਵਿਚ ਕੁਝ ਦਰਖ਼ਤ ਤੇ ਕੁਝ ਟੋਏ ਸਨ। ਬੋਨੀ ਇਕ ਦਿਨ ਸਾਨੂੰ ਖੇਡਣ ਨਾ ਦੇਵੇ ਤੇ ਰੁੜ੍ਹਦਾ-ਰੁੜ੍ਹਦਾ ਟੋਇਆਂ ਕੋਲ ਚਲਾ ਜਾਵੇ। ਅਸੀਂ ਭੱਜ ਕੇ ਉਸ ਨੂੰ ਮੋੜ ਕੇ ਲੈ ਆਈਏ, ਖ਼ਬਰੇ ਕਿਤੇ ਟੋਏ ਵਿਚ ਹੀ ਨਾ ਡਿੱਗ ਪਵੇ। ਅੰਤ ਅਸੀਂ ਅੱਕ ਗਏ, ਮੇਰੇ ਸ਼ੈਤਾਨ ਮਨ ਨੇ ਕਾਢ ਕੱਢੀ ਕਿ ਕਿਉਂ ਨਾ ਇਹਨੂੰ ਟੋਏ ਵਿਚ ਹੀ ਬਿਠਾ ਦਿੱਤਾ ਜਾਵੇ? ਸਭ ਤਿਆਰ ਹੋ ਗਏ। ਟੋਇਆ ਜੋ ਮੰਜੇ ਕੁ ਜਿੰਨੇ ਥਾਂ 'ਚ ਸੀ, ਸਾਫ਼ ਕਰਕੇ ਬੋਨੀ ਨੂੰ ਵਿਚ ਬਿਠਾ ਦਿੱਤਾ ਤੇ ਅਸੀਂ ਮਸਤ ਹੋ ਕੇ ਖੇਡਦੇ ਰਹੇ। ਅੰਤ ਜਦੋਂ ਥੋੜ੍ਹਾ ਦਿਨ ਛਿਪਣ ਵਾਲਾ ਸੀ ਤਾਂ ਅਸੀਂ ਸਭ ਘਰੇ ਆ ਗਏ। ਮੂੰਹ ਹਨੇਰੇ ਬੋਨੀ ਦੀ ਦਾਦੀ ਸਾਡੇ ਘਰ ਬੋਨੀ ਬਾਰੇ ਪੁੱਛਣ ਆਈ।

ਬੋਨੀ ਦੀ ਦਾਦੀ ਨੇ ਆਵਾਜ਼ ਮਾਰ ਕੇ ਪੁੱਛਿਆ। ਤਦ ਮੈਨੂੰ ਯਾਦ ਆਇਆ ਕਿ ਅਸੀਂ ਤਾਂ ਉਸਨੂੰ ਟੋਏ ਵਿਚ ਹੀ ਭੁੱਲ ਆਏ ਹਾਂ। ਮੈਂ ਬਿਨਾ ਕੋਈ ਆਵਾਜ਼ ਦਿੱਤਿਆਂ ਉਧਰ ਭੱਜੀ ਤਾਂ ਵੇਖਿਆ ਬੋਨੀ ਟੋਏ ਵਿਚ ਸੁੱਤਾ ਪਿਆ ਸੀ। 'ਬੋਨੀ' ਤਾਂ ਘਰੇ ਪਹੁੰਚਾ ਦਿੱਤਾ, ਪਰ ਜੋ ਸਾਡੇ ਪੰਜਾਂ ਨਾਲ ਹੋਈ, ਉਹ ਅਸੀਂ ਹੀ ਜਾਣਦੇ ਹਾਂ। ਅਸੀਂ ਮੁਆਫੀ ਮੰਗ ਮਸਾਂ ਖਹਿੜਾ ਛੁਡਾਇਆ ਅਤੇ ਕਿਹਾ ਅੱਗੇ ਤੋਂ ਕਦੇ ਅਜਿਹੀ ਗਲਤੀ ਨਹੀਂ ਕਰਾਂਗੇ।

ਵੈਸੇ ਤਾਂ ਬੱਚੇ ਰੱਬ ਦਾ ਰੂਪ ਹੁੰਦੇ ਨੇ, ਪ੍ਰੰਤੂ ਜਦੋਂ ਕਦੇ ਇਨ੍ਹਾਂ ਹੱਥੋਂ ਅਣਜਾਣੇ ਵਿਚ ਅਜਿਹੀ ਘਟਨਾ ਹੋ ਜਾਂਦੀ ਹੈ ਤਾਂ ਇਹ ਸ਼ੈਤਾਨ ਲੱਗਦੇ ਹਨ, ਕਿਉਂਕਿ ਅਜਿਹੀ ਘਟਨਾ ਉਨ੍ਹਾਂ ਕੋਲੋਂ ਜ਼ਿਆਦਾਤਰ ਅਣਜਾਣੇ ਵਿਚ ਹੁੰਦੀ ਹੈ, ਇਸ ਲਈ ਸਮਝਾ-ਬੁਝਾਅ ਕੇ ਉਨ੍ਹਾਂ ਨੂੰ ਮੁਆਫ ਕਰ ਦੇਣਾ ਚਾਹੀਦਾ ਹੈ।

# ਤਾਏ ਸੰਤੇ-ਬੰਤੇ ਦੀ ਜੋੜੀ ਅਤੇ ਬਦਰੂ ਰਾਮ

ਰੰਗ-ਬੇਰੰਗ

ਮੈਂ ਮੌਜਦੀਨ ਸਕੂਲ ਵਿਚ ਮਿਡਲ ਤੱਕ ਪੜ੍ਹਿਆ ਅਤੇ ਉਸ ਤੋਂ ਬਾਅਦ ਸਿਰਸੇ ਸ਼ਹਿਰ ਆਪਣੇ ਵਕੀਲ ਚਾਚੇ ਪਾਸ ਆ ਗਿਆ। ਮੇਰੇ ਨਾਲ ਤੇ ਮੇਰੇ ਅੱਗੇ ਪਿਛੇ ਪੜ੍ਹਦੇ ਮੁੰਡਿਆਂ ਵਿਚੋਂ ਸ਼ਾਇਦ ਦੋ ਜਾਂ ਤਿੰਨ ਜਣੇ ਕਾਲਜ ਤੱਕ ਪਹੁੰਚੇ ਅਤੇ ਬਹੁਤੇ ਹਾਈ ਸਕੂਲ ਕਰਕੇ ਜਾਂ ਵਾਰ ਵਾਰ ਫੇਲ੍ਹ ਹੋਣ ਪਿਛੋਂ ਵਿਚੋਂ ਹੀ ਹਟ ਗਏ। ਇਨ੍ਹਾਂ ਵਿਚ ਰਾਏ ਸਿੱਖਾਂ ਦਾ ਮੁੰਡਾ ਬਚਨ ਵੀ ਹੁੰਦਾ ਸੀ ਜੋ ਸੱਤਵੀਂ ਵਿਚ ਦੋ ਵਾਰ ਫੇਲ੍ਹ ਹੋ ਕੇ ਮੇਰਾ ਜਮਾਤੀ ਬਣਿਆ। ਉਮਰ ਵਿਚ ਮੇਰੇ ਤੋਂ ਕਾਫੀ ਵੱਡਾ ਸੀ ਅਤੇ ਉਦੋਂ ਹੀ ਉਸ ਦੀ ਦਾਹੜੀ ਆਈ ਹੋਈ ਸੀ। ਉਸ ਦਾ ਅੰਗਰੇਜ਼ੀ ਅਤੇ ਹਿਸਾਬ ਪੱਖੋਂ ਤਾਂ ਹੱਥ ਤੰਗ ਹੈ ਹੀ ਸੀ ਪਰ ਉਸ ਨੂੰ ਡਰਾਇੰਗ ਬਿਲਕੁਲ

**ਅਮੋਲਕ ਸਿੰਘ ਜੰਮੂ**

ਨਹੀਂ ਸੀ ਆਉਂਦੀ। ਇਕ ਦਿਨ ਡਰਾਇੰਗ ਤੋਂ ਮਲੂਕ ਜਿਹੇ ਮਾਸਟਰ ਮੋਹਣ ਸਿੰਘ ਨੇ ਬਚਨ ਨੂੰ ਡੰਡੇ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ। ਬਚਨ ਨੇ ਹੱਥ ਅੱਗੇ ਕਰ ਕੇ ਕਹਿ ਦਿੱਤਾ, 'ਹੋਰ ਮਾਰ ਲੈ, ਜਿੰਨਾ ਮਾਰਨਾ।' ਮਾਸਟਰ ਨੂੰ ਗੁੱਸਾ ਚੜ੍ਹਿਆ ਅਤੇ ਪੰਜ-ਛੇ ਡੰਡੇ ਉਸ ਹੋਰ ਮਾਰ ਦਿੱਤੇ ਪਰ ਜਦੋਂ ਆਪਣੇ ਹੱਥ ਵੇਖੇ ਤਾਂ ਹੱਥਾਂ ਵਿਚੋਂ ਜਿਵੇਂ ਲਹੂ ਸਿਮ ਆਇਆ ਸੀ। ਕਹਿਣ ਲੱਗਾ, 'ਜਿਥੇ ਮਰਜੀ ਮਰ, ਤੇਰੇ ਨਾਲੋਂ ਤਾਂ ਡੰਗਰ ਨੂੰ ਕੁੱਟ ਲੈਣਾ ਵੀ ਚੰਗਾ।' ਇਸ ਪਿਛੋਂ ਡਰਾਇੰਗ ਮਾਸਟਰ ਨੇ ਬਚਨ ਨੂੰ ਕਦੇ ਕੁਝ ਨਾ ਕਿਹਾ।

ਸਾਡਾ ਪਰਿਵਾਰ ਪਿੰਡ ਵਿਚ ਪੜ੍ਹਾਈ ਪੱਖੋਂ ਸਭ ਤੋਂ ਅੱਗੇ ਸੀ, ਬਲਕਿ ਘੱਗਰ ਦੇ ਉਤਰ ਵੱਲ ਵੱਸੇ ਵੀਹ ਪੱਚੀ ਪਿੰਡਾਂ ਵਿਚ ਹੀ ਸਾਡਾ ਪਰਿਵਾਰ ਸਭ ਤੋਂ ਅੱਗੇ ਸੀ। ਮੇਰੇ ਪਿਤਾ ਜੀ ਪਾਕਿਸਤਾਨ ਵਿਚ ਹੀ ਮੈਟ੍ਰਿਕ ਪਾਸ ਸਨ। ਚਾਚਾ ਵਕੀਲ ਬਣ ਗਿਆ ਸੀ ਅਤੇ ਤਾਏ ਦਾ ਇਕ ਪੁੱਤ ਬੀ.ਏ. ਕਰ ਗਿਆ ਸੀ। ਸਾਡੇ ਘਰ ਤੋਂ ਇਲਾਵਾ ਇਕ ਹੋਰ ਘਰ ਦੇ ਬੱਚੇ ਪੜ੍ਹੇ। ਖਾਲਸਾ ਕਾਲਜ ਅੰਮ੍ਰਿਤਸਰ ਵਿਚ ਲੰਮਾ ਸਮਾਂ ਰਿਲੀਜੀਅਸ ਸਟੱਡੀਜ਼ ਪੜ੍ਹਾਉਂਦੇ ਰਹੇ ਪ੍ਰੋ. ਸੂਬਾ ਸਿੰਘ ਉਨ੍ਹਾਂ ਵਿਚੋਂ ਇਕ ਸਨ। ਸੂਬਾ ਸਿੰਘ ਦੇ ਦੋ ਛੋਟੇ ਭਰਾ ਕੁਲਵੰਤ ਅਤੇ ਕਸ਼ਮੀਰ ਵੀ ਸਾਡੇ ਨਾਲ ਹੀ ਪੜ੍ਹਦੇ ਸਨ ਪਰ ਉਨ੍ਹਾਂ ਵਿਚੋਂ ਕਸ਼ਮੀਰ ਹੀ ਡਿੱਗ-ਢੱਠ ਕੇ ਬੀ.ਏ. ਕਰ ਸਕਿਆ। ਕੁਲਵੰਤ ਵਿਚਾਰਾ ਇਮਤਿਹਾਨਾਂ ਦੇ ਨੇੜੇ ਆ ਕੇ ਪੜ੍ਹਾਈ ਉਤੇ ਘੱਟ ਅਤੇ ਪਾਸ ਹੋਣ ਲਈ ਗੁਰੂ ਮਹਾਰਾਜ ਦੀ ਅਰਦਾਸ ਉਤੇ ਵੱਧ ਜ਼ੋਰ ਲਾ ਦਿੰਦਾ।

ਮੇਰੇ ਪਿੰਡ ਦੀ ਗੱਲ ਅਧੂਰੀ ਰਹੇਗੀ ਜੇ ਮੈਂ ਇਸ ਪਿੰਡ ਦੀਆਂ ਕੁਝ ਹਸਤੀਆਂ ਦਾ ਜ਼ਿਕਰ ਨਾ ਕਰਾਂ। ਇਹ ਹਸਤੀਆਂ ਕੋਈ ਕਲਿੰਟਨ ਜਾਂ ਓਬਾਮਾ ਵਰਗੀਆਂ ਨਹੀਂ ਸਨ ਪਰ ਆਪਣੇ ਆਪ ਵਿਚ ਪਿੰਡ ਦੇ ਲੋਕਾਂ ਦਾ ਕੇਂਦਰ ਬਿੰਦੂ ਜ਼ਰੂਰ ਸਨ। ਤੁਸੀਂ ਇਨ੍ਹਾਂ ਨੂੰ ਨਮੂਨੇ ਜਾਂ ਜੋ ਮਰਜੀ ਆਖ ਲਓ। ਇਨ੍ਹਾਂ ਵਿਚ ਮੇਰੇ ਦੋ ਤਾਏ ਸੰਤਾ ਸਿੰਘ ਅਤੇ ਬਲਵੰਤ ਸਿੰਘ ਵੀ ਸ਼ਾਮਲ ਹਨ। ਹੁਣ ਦੋਵੇਂ ਫੌਤ ਪਾ ਚੁੱਕੇ ਹਨ। ਦੋਵੇਂ ਜੌੜੇ ਸਨ ਅਤੇ ਪਿੰਡ ਵਾਲਿਆਂ ਨੂੰ ਕਈ ਵਾਰ ਪਹਿਚਾਨਣ ਵਿਚ ਵੀ ਮੁਸ਼ਕਲ ਆਉਂਦੀ ਸੀ। ਖੁਸ਼ਵੰਤ ਸਿੰਘ ਦੇ ਸੰਤੇ-ਬੰਤੇ ਵਾਂਗ ਪਿੰਡ ਵਾਸੀਆਂ ਨੇ ਉਨ੍ਹਾਂ ਦਾ ਨਾਂ ਵੀ ਸੰਤਾ-ਬੰਤਾ ਹੀ ਰੱਖਿਆ ਹੋਇਆ ਸੀ। ਪੜ੍ਹਾਈ ਵਲੋਂ ਦੋਵੇਂ ਕੋਰੇ ਅਨਪੜ੍ਹ ਸਨ ਪਰ ਕੰਮ ਵਲੋਂ ਪਿੰਡ ਵਿਚ ਉਨ੍ਹਾਂ ਦਾ ਕੋਈ ਸਾਨੀ ਨਹੀਂ ਸੀ। ਲੋਕ ਮਖੌਲ ਕਰਦੇ ਕਿ ਇਹ ਕੋਈ ਬੰਦੇ ਥੋੜ੍ਹੇ ਹਨ ਇਹ ਤਾਂ ਮਸ਼ੀਨਾਂ ਨੇ। ਤਾਇਆ ਬਲਵੰਤ ਸਿੰਘ ਜੋ ਕਿ ਛੜਾ ਸੀ, ਖੇਤਾਂ ਵਿਚ ਰਹਿ ਕੇ ਹੀ ਖੁਸ਼ ਰਹਿੰਦਾ। ਬਸ ਉਸ ਨੂੰ ਚਾਹ ਦਾ ਮਸਾਲਾ ਉਥੇ ਮਿਲਦਾ ਰਹਿਣਾ ਚਾਹੀਦਾ ਹੈ, ਰੋਟੀ ਮਿਲੇ ਭਾਵੇਂ ਨਾ। ਜੇ ਉਹ ਗੰਨਾ ਪੀੜਨ ਲਈ ਵੇਲਣਾ ਜੋੜਦਾ ਤਾਂ ਤਿੰਨ ਤਿੰਨ ਦਿਨ ਘਰ ਨਾ ਮੁੜਦਾ। ਰੋਟੀ ਆਈ ਜਾਂ ਨਹੀਂ ਉਸ ਨੂੰ ਪਰਵਾਹ ਨਾ ਹੁੰਦੀ। ਬੋਤਾ ਵੇਲਣੇ ਜੋੜ ਲੈਂਦਾ ਅਤੇ ਉਸ ਨੂੰ ਨਾਲ ਬਸ ਗੰਨਾ ਵੇਲਣੇ 'ਚ ਲਾਉਣ ਵਾਲਾ ਇਕ ਬੰਦਾ ਹੀ ਹੋਰ ਚਾਹੀਦਾ ਸੀ, ਉਹ ਸਾਡਾ ਇਕ ਸੀਰੀ ਬੁੜਾ ਬਿਸ਼ਨਾ ਅਮਲੀ ਹੁੰਦਾ ਹੀ ਸੀ। ਦੋਹਾਂ ਦੀ ਨਿਭਦੀ ਵੀ ਚੰਗੀ ਸੀ। ਬਿਸ਼ਨੇ ਅਮਲੀ ਨੂੰ ਅਸੀਂ ਬਾਪੂ ਬਿਸ਼ਨਾ ਕਹਿੰਦੇ। ਤਾਏ ਦੀ ਚਾਹ ਵਾਂਗ ਉਸਦਾ ਸਹਾਰਾ ਘਰ ਦੀ ਕੱਢੀ ਬੋਤਲ ਹੁੰਦੀ ਸੀ ਜਿਹੜੀ ਉਹ ਆਪ ਕੱਢ ਲੈਂਦਾ ਜਾਂ ਫਿਰ ਰਾਏ ਸਿੱਖਾਂ ਤੋਂ ਲੈ ਲੈਂਦਾ। ਉਹ ਆਪ ਵੀ ਰਾਏ ਸਿੱਖ ਹੀ ਸੀ। ਦੋਵੇਂ ਵੇਲਣੇ ਤੇ ਹੁੰਦੇ ਤਾਂ ਗੁੜ ਅਤੇ ਸ਼ਕਰ ਦੇ ਢੇਰ ਲਾ-ਲਾ ਰਖੀ ਜਾਂਦੇ। ਗੁੜ ਨਿਖਰਿਆ ਹੋਇਆ ਤੇ ਸ਼ਕਰ ਬੂਰੇ ਵਰਗੀ। ਸਾਡਾ ਪਰਿਵਾਰ ਸਾਂਝਾ ਸੀ। ਤਾਏ ਚਾਚੇ ਦੇ ਅਸੀਂ ਸੱਤ-ਅੱਠ ਪੁੱਤ-ਭਰਾ ਸਾਂ। ਤਾਏ ਬਲਵੰਤ ਸਿੰਘ ਨੂੰ ਕਿਸੇ ਦਾ ਨਾਂ ਠੀਕ ਤਰ੍ਹਾਂ ਯਾਦ ਨਾ ਰਹਿੰਦਾ। ਉਸ ਨੇ ਜੇ ਇਕ ਨੂੰ ਬੁਲਾਉਣਾ ਹੁੰਦਾ ਤਾਂ ਆਵਾਜ਼ ਕੁਝ ਇਸ ਤਰ੍ਹਾਂ ਮਾਰਨੀ, 'ਬਚਨ, ਕਾਲਿਆ, ਚੰਨਿਆ, ਘੁੱਗੀ, ਛਿੰਦਿਆ, ਚੂੜ ਤੇਰਾ ਨਾਂ ਕੀ ਆ ਓਏ ਗੁਰਦਿਆਲ ਆ ਜ਼ਰਾ ਨਲਕਾ ਗੇੜ ਮੈਂ ਨਹਾ ਲਵਾਂ।' ਜਿਸ ਨਿਆਣੇ ਨੇ ਤਾਏ ਨੂੰ ਨਹਾਉਣ ਲਈ ਨਲਕਾ ਗੇੜਨ ਲੱਗਣਾ ਉਸ ਦਾ ਤਾਏ ਨੇ ਰੋਣ ਕਢਾ ਕੇ ਹੀ ਛੱਡਣਾ। ਜਿਉਂ ਲਾਉਣਾ ਨਲਕਾ ਗੇੜਨ ਤੇ ਕਹੀ ਜਾਣਾ ਜ਼ਰਾ ਜ਼ੋਰ ਨਾਲ, ਪਾਣੀ ਠੰਢਾ ਕੱਢ ਅਤੇ ਅਖੀਰ ਜਦੋਂ ਨਹਾਉਣ ਦੇ ਨੇੜੇ ਪਹੁੰਚ ਜਾਣਾ ਤਾਂ ਝਿੜਕ ਕੇ ਕਹਿਣਾ ਜਾ ਦਫੇ ਹੋ ਨਲਕਾ ਗੇੜਨ ਨੂੰ ਕਿਹਾ ਸੀ, ਉਹ ਵੀ ਨ੍ਹੀਂ ਗੇੜ ਹੁੰਦਾ ਤੇ ਫਿਰ ਆਪ ਹੀ ਨਲਕੇ ਥੱਲੇ ਵੜ੍ਹ ਕੇ ਇਕ ਹੱਥ ਨਾਲ ਹੱਥੀ ਚਲਾਉਣ ਲੱਗ ਪੈਣਾ। ਨਿਆਣਿਆਂ ਨੇ ਖੇਡ-ਧੁੰਮੀ ਪਾਈ ਹੋਣੀ ਤਾਂ ਤਾਏ ਨੇ ਕਹਿਣਾ, 'ਓ ਪਰਾਂ ਦਫੇ ਹੋ, ਲੱਗਾ ਸੀ ਮੇਰੀਆਂ ਨਾਸਾਂ 'ਚ ਮਾਰਨ।' ਚਾਚੇ ਗੁਰਜੀਤ ਸਿੰਘ ਨੇ ਕਈ ਵਾਰ ਟੋਕਣਾ, 'ਭਾਊ ਤੇਰੀਆਂ ਨਾਸਾਂ ਆ ਕਿ ਕੜਾਹਾ?'

ਇਸੇ ਤਰ੍ਹਾਂ ਇਕ ਦਿਨ ਤਾਇਆ ਬਲਵੰਤ ਸਿੰਘ ਨਿਆਣਿਆਂ 'ਤੇ ਖਫਾ ਹੋਇਆ ਆਖ ਰਿਹਾ ਸੀ, 'ਅੱਜ ਕੱਲ੍ਹ ਦੇ ਨਿਆਣੇ ਕਾਹਦੇ ਆ ਇਲਤਾਂ ਆ ਨਿਰੀਆ ਇਲਤਾਂ, ਨਿਰੀਆ ਗਦੂਦਾਂ।' ਸਾਡੀ ਦਾਦੀ ਨੇ ਜਦੋਂ ਸੁਣਿਆ ਤਾਂ ਉਸ ਘੁਰਕੀ ਦਿੱਤੀ, 'ਆਪਣੇ ਤੂੰ ਦਿਨ ਭੁੱਲ ਗਿਆ ਜਦੋਂ ਮਿੱਠੇ ਚੌਲਾਂ ਦੀ ਘਰੋੜੀ ਖਾਣ ਲਈ ਪਤੀਲੇ 'ਚ ਸਿਰ ਫਸਾ ਲਿਆ ਸੀ।' ਫਿਰ ਦਾਦੀ ਨੇ ਸਾਨੂੰ ਉਹ ਸਾਰੀ ਕਹਾਣੀ ਸੁਣਾਈ ਕਿ ਕਿਵੇਂ ਤਾਏ ਨੇ ਪਤੀਲੇ ਵਿਚੋਂ ਥੱਲੇ ਲੱਗੇ ਚੌਲਾਂ ਦੀ ਘਰੋੜੀ ਖੁਰਚ ਕੇ ਪਤੀਲਾ ਉਤਾਂਹ ਨੂੰ ਕਰਕੇ ਚੌਲ ਸਿੱਧੇ ਮੂੰਹ ਵਿਚ ਪਾਉਣ ਲਈ ਪਤੀਲਾ ਸਿਰ ਵੱਲ ਨੂੰ ਕੀਤਾ ਤੇ ਹੱਥੋਂ ਛੁਟ ਕੇ ਪਤੀਲਾ ਤਾਏ ਦੇ ਸਿਰ ਉਤੇ ਫਿੱਟ ਹੋ ਗਿਆ। ਤਾਇਆ ਉਦੋਂ ਗਿਆਰਾਂ ਸਾਲ ਦਾ ਹੋਵੇਗਾ। ਇਸ ਪਿਛੋਂ ਜਦੋਂ ਕਦੀ ਵੀ ਤਾਏ ਨੇ ਨਿਆਣਿਆਂ ਨੂੰ ਝਿੜਕਣਾ ਕਿਸੇ ਨਾ ਕਿਸੇ ਨੇ ਕਹਿ ਦੇਣਾ, 'ਤਾਇਆ ਆਪਣਾ ਚੇਤਾ ਈ ਜਦੋਂ ਪਤੀਲੇ 'ਚ ਸਿਰ ਫਸਾ ਲਿਆ ਸੀ।' ਇਹ ਵੀ ਗੱਲ ਦਿਲਚਸਪ ਸੀ ਕਿ ਤਾਇਆ ਨਾ ਕਦੀ ਬਿਮਾਰ ਹੋਇਆ ਅਤੇ ਨਾ ਹੀ ਡਾਕਟਰ ਕੋਲ ਗਿਆ। ਸਿਰ ਪੀੜ ਕਰਦਾ ਹੋਣਾ ਜਾਂ ਢਿੱਡ ਪੀੜ ਕਰਦਾ ਹੋਵੇ ਉਸ ਨੂੰ ਚਾਹ ਦਾ ਗੜਵਾ ਭਰ ਕੇ ਦੇ ਦਿਓ, ਤਾਇਆ ਖੁਸ਼। ਤਾਏ ਦੀ ਖੁਰਾਕ ਦੀ ਵੀ ਸੁਣ ਲਓ। ਸਵੇਰੇ ਉਠ ਕੇ ਉਸ ਨੂੰ ਚਾਹ ਦਾ ਡੇਢ ਕਿਲੋ ਦਾ ਵੱਡਾ ਗੜਵਾ ਚਾਹੀਦਾ ਹੁੰਦਾ ਸੀ। ਥੋੜ੍ਹੀ ਨਾਲ ਉਸ ਦਾ ਗੁਜ਼ਾਰਾ ਨਹੀਂ ਸੀ। ਚਾਹ ਵੀ ਗੁੜ ਦੇ ਗੂੜ੍ਹੇ ਮਿੱਠੇ ਅਤੇ ਚੰਗੇ ਚੋਖੇ ਦੁੱਧ ਵਾਲੀ। ਰੋਟੀ ਨਾ ਮਿਲੇ, ਦੋ ਦਿਨ ਨਾ ਮਿਲੇ ਤਾਏ ਨੂੰ ਕੋਈ ਸ਼ਿਕਾਇਤ ਨਹੀਂ। ਜਦੋਂ ਖਾਣਾ ਤਾਂ ਰੱਜ ਕੇ। ਕੋਈ ਤਿੰਨ ਕਿਲੋ ਲੱਸੀ ਦਾ ਕੁੱਜਾ ਜਾਂ ਡੋਲ ਉਹ ਇਕੋ ਡੀਕ ਨਾਲ ਪੀ ਜਾਂਦਾ। ਕਦੀ ਸਰਸੇ ਸ਼ਹਿਰ ਗੱਡਾ ਲੈ ਕੇ ਜਾਂਦਾ ਤਾਂ ਮੁੜਦਾ ਹੋਇਆ ਚਾਰ ਸੇਰ ਲੱਡੂ ਤੁਲਵਾ ਲੈਂਦਾ। ਛੇ-ਸੱਤ ਘੰਟਿਆਂ ਦੇ ਸਫਰ ਵਿਚ ਲੱਡੂ ਬੰਨੇ।

ਘੱਟ ਮੇਰਾ ਦੂਜਾ ਤਾਇਆ ਸੰਤਾ ਸਿੰਘ ਵੀ ਨਹੀਂ ਸੀ। ਪਰ ਉਹ ਲੜਾਕਾ ਘੱਟ ਸੀ। ਨਿਆਣਿਆਂ ਨਾਲ ਉਸ ਦੀ ਚੰਗੀ ਬਣਦੀ ਸੀ। ਕਹੀ ਵਾਹੁਣ ਦਾ ਕੰਮ ਕਰਨ ਲੱਗਦਾ ਤਾਂ ਵੱਡੇ ਵੱਡੇ ਜਵਾਨ ਹੰਭ ਜਾਂਦੇ ਪਰ ਤਾਇਆ ਸੰਤਾ ਕਦੇ ਨਾ ਹੰਭਦਾ। ਦੋਹਾਂ ਭਰਾਵਾਂ ਦੀ ਆਪਸ ਵਿਚ ਬਹੁਤੀ ਸੁਰ ਨਹੀਂ ਸੀ ਰਲਦੀ। ਘੱਟ ਹੀ ਕਦੇ 'ਕੱਠੇ ਬਹਿੰਦੇ। ਉਂਜ ਦੋਹੇਂ ਬਾਰ ਦੀਆਂ ਗੱਲਾਂ ਤੇ ਮੌਜਾਂ ਦੀ ਗੱਲ ਕਰਦਿਆਂ ਕਦੇ ਨਾ ਥੱਕਦੇ। ਮੇਰੇ ਭਾਪਾ ਜੀ ਕਦੇ ਟੋਕਦੇ, "ਕੀ ਸੀ ਉਥੇ ਸਿਵਾਏ ਗੁਲਾਮੀ ਤੋਂ", ਤਾਂ ਦੋਹੇਂ ਖਾਣ ਨੂੰ ਪੈਂਦੇ। ਮੁਸਲਮਾਨਾਂ ਨਾਲ ਭਾਈਚਾਰੇ ਦੀਆਂ ਬਾਤਾਂ ਪਾਉਂਦੇ ਤਾਂ ਮੇਰੇ ਭਾਪਾ ਜੀ ਟੋਕ ਦਿੰਦੇ, "ਤਾਂ ਫਿਰ ਉਜਾੜੇ ਵੇਲੇ ਪਿੰਡੋਂ ਤੁਰਨ ਲੱਗਿਆਂ ਮੌਲਵੀਆਂ ਦੇ ਜੁੰਮੇ ਨੂੰ ਕਿਉਂ ਮਾਰ ਕੇ ਆਏ ਸੀ?" ਦੋਵੇਂ ਨਿਰਉਤਰ ਹੋ ਜਾਂਦੇ।

ਘੱਟ ਬਦਰੂ ਰਾਮ ਅਤੇ ਉਸ ਦੀ ਦੂਜੀ ਪਤਨੀ ਸੂਬਾਂ ਵੀ ਨਹੀਂ ਸਨ। ਬਦਰੂ ਰਾਮ ਦੇ ਪਹਿਲੇ ਵਿਆਹ ਵਿਚੋਂ ਚਾਰ ਪੁੱਤਰ ਸਨ। ਘਰ ਵਾਲੀ ਦੀ ਮੌਤ ਤੋਂ ਬਾਅਦ ਉਸ ਨੇ ਹੋਰ ਵਿਆਹ ਕਰਵਾ ਲਿਆ ਜਿਸ ਵਿਚੋਂ ਛੇ ਪੁੱਤ ਅਤੇ ਦੋ ਧੀਆਂ ਹੋਈਆਂ। ਬਦਰੂ ਰਾਮ ਦਾ ਟੱਬਰ ਇਸਾਈਆਂ ਦਾ ਟੱਬਰ ਵੱਜਦਾ ਸੀ ਅਤੇ ਮੁਰਦਾ ਡੰਗਰ ਢੋਣ ਅਤੇ ਖੱਲਾਂ ਲਾਹੁਣ ਦਾ ਕੰਮ ਕਰਦਾ ਸੀ। ਘੱਗਰ ਵਿਚ ਹੜ ਆਉਣ ਕਰਕੇ ਫਸਲਾਂ ਤਬਾਹ ਹੋ ਗਈਆਂ। ਸਰਕਾਰ ਨੇ ਸਭ ਨੂੰ ਕਰਜ਼ੇ ਦੇਣ ਦੀ ਸਕੀਮ ਚਲਾਈ ਜਿਸ ਨੂੰ ਤਕਾਵੀ ਕਿਹਾ ਜਾਂਦਾ ਸੀ। ਤਹਿਸੀਲਦਾਰ ਪਿੰਡ ਆਇਆ ਸੀ ਅਤੇ ਜੀਆਂ ਦੇ ਹਿਸਾਬ ਫੈਸਲਾ ਕਰ ਰਿਹਾ ਸੀ ਕਿ ਬੇਜ਼ਮੀਨੇ ਲੋਕਾਂ ਨੂੰ ਕਿੰਨਾ ਕਰਜ਼ਾ ਦਿੱਤਾ ਜਾਵੇ। ਜਦੋਂ ਬਦਰੂ ਰਾਮ ਨੂੰ ਪੁੱਛਿਆ, 'ਤੇਰੇ ਕਿੰਨੇ ਬੱਚੇ ਹਨ?' ਬਦਰੂ ਰਾਮ ਦਾ ਜਵਾਬ ਸੀ, 'ਜਨਾਬ ਠਹਿਰੋ, ਮੈਂ ਘਰੋਂ ਪੁੱਛੀ ਆਵਾਂ।'

ਉਸ ਦੀ ਪਤਨੀ ਸੂਬਾਂ ਇਸ ਗੱਲ ਦਾ ਦੂਜਾ ਸਿਰਾ ਸੀ। ਸਾਰਾ ਪਿੰਡ ਉਸ ਨੂੰ ਮਾਸੀ ਸੂਬਾਂ ਕਹਿੰਦਾ ਹੁੰਦਾ ਸੀ। ਪਿੰਡ ਵਿਚ ਵੱਸਦੇ ਕੋਈ 350 ਘਰਾਂ ਦੇ ਕਰੀਬ ਕਰੀਬ ਸਭ ਦੇ ਜੀਆਂ ਦਾ ਉਸ ਨੂੰ ਪਤਾ ਸੀ ਕਿ ਕਿਸ ਦੇ ਕਿੰਨੇ ਨਿਆਣੇ ਹਨ। ਨਿਆਣਿਆਂ ਨੂੰ ਨਹਿਰ ਵਿਚ ਨਹਾਉਣ ਤੋਂ ਉਹ ਅਕਸਰ ਵਰਜਦੀ ਰਹਿੰਦੀ ਕਿ ਕੋਈ ਡੁੱਬ ਨਾ ਜਾਵੇ। ਜਦੋਂ ਇਕ ਨਿਆਣੇ ਨੇ ਉਚੀ ਆਵਾਜ਼ ਵਿਚ ਕਹਿਣਾ, "ਮਾਸੀ ਸੂਬਾਂ ਆ ਗਈ", ਬਸ ਬਾਕੀ ਸਭ ਨੇ ਨਹਿਰ ਵਿਚੋਂ ਨਿਕਲ ਕੇ ਆਪੋ ਆਪਣੇ ਕੱਪੜੇ ਚੁੱਕਣੇ ਅਤੇ ਥੁੱਕ-ਮੁੱਠੀ ਹੋ ਜਾਣਾ। ਕਈਆਂ ਦੇ ਤਾਂ ਹੱਥ ਵਿਚ ਕੱਛੀਆਂ ਹੀ ਹੁੰਦੀਆਂ। ਨਿੱਕੇ ਵੱਡੇ ਨਾਲ ਹੱਸ ਕੇ ਅਤੇ ਟਿੱਚਰ ਨਾਲ ਗੱਲ ਕਰਨੀ ਉਸ ਦਾ ਸੁਭਾਅ ਸੀ। ਉਸ ਨੂੰ ਇਹ ਵੀ ਪਤਾ ਹੁੰਦਾ ਕਿ ਪਿੰਡ ਵਿਚ ਕਿਹੜਾ ਮੁੰਡਾ ਕਿਹੜੀ ਗਲੀ ਦਾ ਚੱਕਰ ਮਾਰਦਾ ਹੈ ਅਤੇ ਕਿਹੜਾ ਬੰਦਾ ਕਿਹੜੀ ਕੰਧ ਉਤੋਂ ਝਾਕਦਾ ਹੈ। ਗੱਲ ਕੀ ਉਹ ਸਾਰੇ ਪਿੰਡ ਦੀ ਰਾਜ਼ਦਾਰ ਸੀ। ਪਿੰਡ ਦੀ ਪਰ੍ਹੇ ਪੰਚਾਇਤ ਵਿਚ ਵੀ ਉਹ ਪੂਰੇ ਹੁੱਬ ਨਾਲ ਜਾਂਦੀ ਅਤੇ ਹੁੱਬ ਨਾਲ ਹੀ ਗੱਲ ਕਰਦੀ। ਪਿੰਡ ਦੇ ਕਿਸੇ ਮੁੰਡੇ ਵਲੋਂ ਕਿਸੇ ਕੁੜੀ ਨਾਲ ਛੇੜਖਾਨੀ ਕੀਤੇ ਜਾਣ ਤੋਂ ਪਿੰਡ ਦੀ ਪੰਚਾਇਤ ਜੁੜੀ ਹੋਈ ਸੀ। ਸਭ ਆਪੋ ਆਪਣੀਆਂ ਰਾਵਾਂ ਦੇ ਰਹੇ ਸਨ। ਕਹੀ ਵਾਲਿਆਂ ਦਾ ਬੁੜ੍ਹਾ ਬੋਲਿਆ, "ਇਕ ਤੇ ਇਹ ਸੂਬਾਂ ਸਾਰੇ ਪਿੰਡ ਨੂੰ ਖਰਾਬ ਕਰੀ ਜਾਂਦੀ ਐ..." ਗੱਲ ਅਜੇ ਉਸ ਦੇ ਮੂੰਹ ਵਿਚ ਹੀ ਸੀ ਕਿ ਮਾਸੀ ਬੜ੍ਹਕ ਪਈ, "ਤੇਰਾ ਮਤਲਬ ਕੀ ਬਈ ਭਾਈਆ ਇਹ ਗੱਲ ਕਰਨ ਦਾ, ਜਿੱਡਾ ਕੁ ਦੁੱਧ ਧੋਤਾ ਤੂੰ ਐਂ ਸਾਰਾ ਪਿੰਡ ਜਾਣਦਾ? ਇਹ ਦੱਸਾਂ ਕਿ ਖੇਤ ਗਈਆਂ ਬਾਜੀਗਰਨੀਆਂ ਨੂੰ ਤੂੰ ਕੀ ਸੈਨਤਾਂ ਮਾਰਦਾਂ ਜਾਂ ਇਹ ਦੱਸਾਂ ਕਿ ਤੇਰੀ ਨੂੰਹ ਕਿਹੜੀ ਕੰਧ ਤੋਂ ਝਾਕਦੀ ਐ...।" ਬਸ ਮਾਸੀ ਦੇ ਇੰਨਾ ਕਹਿਣ ਦੀ ਦੇਰ ਸੀ ਕਿ ਸਾਰੀ ਪੰਚਾਇਤ ਇਕੋ ਸਾਹ ਬੋਲ ਪਈ, "ਬੱਸ ਬਈ ਬੱਸ ਗੁੱਸਾ ਨਹੀਂ ਕਰਨਾ। ਸੂਬਾਂ ਤਾਂ ਪਿੰਡ ਦੀ ਇੱਜਤ ਦੀ ਰਾਖਣ ਹੈ।"

ਹੁਣ ਰਾਮੂ ਡੀ.ਸੀ. ਦੀ ਗੱਲ ਸੁਣ ਲਓ। ਉਸ ਨੂੰ ਪਿੰਡ ਦੀ ਹਰ ਗੱਲ ਵਿਚ ਦਖਲ ਦੇਣ ਦੀ ਆਦਤ ਸੀ। ਕਿਸੇ ਦੇ ਝਗੜਾ ਹੋਇਆ ਹੁੰਦਾ, ਕਿਸੇ ਦੇ ਵੰਡ ਵੰਡਾਈ ਦਾ ਮਾਮਲਾ ਹੁੰਦਾ ਜਾਂ ਪੰਚਾਇਤ ਜੁੜੀ ਹੁੰਦੀ, ਰਾਮ ਚੰਦ ਜ਼ਰੂਰ ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ ਵਾਂਗ ਜਾ ਦਖ਼ਲ ਦਿੰਦਾ। ਉਸ ਨੂੰ ਫਿਰ ਇਹ ਵੀ ਝੱਲ ਸੀ ਕਿ ਉਸ ਦੀ ਗੱਲ ਮੰਨੀ ਵੀ ਜਾਵੇ। ਇਸੇ ਤਰ੍ਹਾਂ ਦੋ ਭਰਾਵਾਂ ਦੇ ਝਗੜੇ ਵਿਚ ਰਾਮ ਚੰਦ ਨੇ ਜਾ ਦਖ਼ਲ ਦਿਤਾ। ਦੋਹਾਂ ਵਿਚੋਂ ਕੋਈ ਵੀ ਉਸ ਦੀ ਮੰਨਣ ਲਈ ਤਿਆਰ ਨਹੀਂ ਸੀ। ਜਦੋਂ ਰਾਮ ਚੰਦ ਨੇ ਜ਼ਿਆਦਾ ਹੀ ਜ਼ੋਰ ਪਾਇਆ ਤਾਂ ਇਕ ਭਰਾ ਬੋਲਿਆ, "ਚਾਚਾ ਤੂੰ ਡੀ.ਸੀ. ਲੱਗਿਐਂ, ਜਿਹੜਾ ਐਡਾ ਹੁਕਮ ਚਾੜ੍ਹੀ ਜਾਨੈਂ।" ਬਸ ਉਸ ਦਿਨ ਤੋਂ ਰਾਮ ਚੰਦ ਦਾ ਨਾਂ ਰਾਮੂ ਡੀ.ਸੀ. ਕਰਕੇ ਮਸ਼ਹੂਰ ਹੋ ਗਿਆ। ਇਹ ਵੀ ਦਿਲਚਸਪ ਗੱਲ ਹੈ ਕਿ ਇਸ ਘਟਨਾ ਤੋਂ ਬਾਅਦ ਲੋਕਾਂ ਦੇ ਮਾਮਲਿਆਂ ਵਿਚ ਖਾਹਮਖਾਹ ਦਖਲ ਦੇਣਾ ਵੀ ਲੱਗਦੀ ਵਾਹ ਉਸ ਘਟਾ ਦਿੱਤਾ ਪਰ ਉਸਦਾ ਨਾਂ ਤਾਂ ਹੁਣ ਪੈ ਚੁਕਾ ਸੀ।

ਮਹਿਰਿਆਂ ਦਾ ਮੁੰਡਾ ਬਾਵਾ ਵੀ ਕੋਈ ਘੱਟ ਦਿਲਚਸਪ ਨਹੀਂ ਸੀ। ਲੋਕਾਂ ਦੇ ਘਰਾਂ ਵਿਚ ਪਾਣੀ ਭਰਨ ਦਾ ਰਿਵਾਜ ਤਾਂ ਕਰੀਬ ਕਰੀਬ ਖਤਮ ਹੋ ਚੁੱਕਾ ਸੀ ਪਰ ਦਿਨ ਸੁਦ ਉਤੇ ਰੋਟੀ-ਪਾਣੀ ਦਾ ਕੰਮ ਮਹਿਰਿਆਂ ਦੇ ਟੱਬਰ ਦੇ ਜੁੰਮੇ ਹੀ ਹੁੰਦਾ। ਇਕੱਠ ਛੋਟਾ ਹੋਵੇ ਜਾਂ ਵੱਡਾ? ਬਾਵੇ ਦੀ ਬਣਾਈ ਰੋਟੀ ਦੀ ਹਰ ਕੋਈ ਤਾਰੀਫ ਕਰਦਾ ਪਰ ਉਸ ਦੀ ਇਕ ਆਦਤ ਨੂੰ ਕਦੇ ਕਿਸੇ ਨੇ ਪ੍ਰਵਾਨ ਨਾ ਕੀਤਾ। ਇਹ ਸੀ ਕਿ ਕਿਸੇ ਟੂਣੇ ਟਾਮਣ 'ਤੇ ਰੱਖੀ ਕੋਈ ਵੀ ਚੀਜ਼ ਚੁੱਕ ਲੈਣੀ। ਜੇ ਕੋਈ ਪੈਸਾ ਟਕਾ ਹੋਣਾ ਜੇਬ ਵਿਚ ਪਾ ਲੈਣਾ, ਖਾਣ ਵਾਲੀ ਚੀਜ਼ ਹੋਣੀ ਤਾਂ ਚੁੱਕ ਕੇ ਨਾਲੇ ਖਾਣੀ ਨਾਲੇ ਆਪਣੇ ਦੋ ਤਿੰਨ ਹਮਜੋਲੀਆਂ ਨੂੰ ਖਵਾਉਣੀ। ਕਈ ਸਾਲ ਬਾਅਦ ਪਰਿਵਾਰਕ ਝਗੜਿਆਂ ਕਰਕੇ ਜਦੋਂ ਬਾਵੇ ਨੇ ਪਿੰਡ ਛੱਡ ਕੇ ਕਿਸੇ ਹੋਰ ਥਾਂ ਵੱਸਣ ਦਾ ਫੈਸਲਾ ਕੀਤਾ ਤਾਂ ਪਿੰਡ ਦੇ ਬਹੁਤੇ ਲੋਕਾਂ ਦੀ ਜ਼ੁਬਾਨ ਉਤੇ ਸੀ, "ਲੋਕਾਂ ਦੇ ਟੂਣੇ ਉਲੰਘਣ ਦਾ ਨਤੀਜਾ ਤਾਂ ਇਹੋ ਹੋਣਾ ਸੀ। ਪਤਾ ਨਹੀਂ ਕੀਹਦੀ ਕੀਹਦੀ ਬਲਾ ਇਹਨੂੰ ਚੰਬੜੀ ਹੋਊ।" ਬਲਾ ਤਾਂ ਪਤਾ ਨਹੀਂ ਕੋਈ ਚੰਬੜੀ ਜਾਂ ਨਹੀਂ ਪਰ ਵਿਚਾਰੇ ਬਾਵੇ ਦਾ ਪਿੰਡ ਛੱਡ ਕੇ ਦੂਜੇ ਥਾਂ ਕਦੇ ਕੰਮ ਸੂਤ ਨਾ ਆਇਆ ਅਤੇ ਉਹ ਕਦੇ ਇਕ ਪਿੰਡ, ਕਦੇ ਦੂਜੇ ਫਿਰਦਾ ਹੀ ਰਿਹਾ।

ਮੇਰੇ ਪਿੰਡ ਦੀਆਂ ਕੁਝ ਹੋਰ ਵੀ ਸ਼ਖਸੀਅਤਾਂ ਸਨ, ਜਿਨ੍ਹਾਂ ਵਿਚ ਮਾਈ ਗੁਰੋ ਅਤੇ ਬਾਬਾ ਵਸਤੀ ਰਾਮ ਵੀ ਸ਼ਾਮਲ ਸਨ, ਵਜ਼ੀਰ ਚੰਦ ਅਤੇ ਤਾਈ ਜਗਤੋ ਵੀ, ਬੂਟਾ ਸਿੰਘ ਕਹੀ ਵਾਲਾ ਅਤੇ ਬੂਟਾ ਸਿੰਘ ਕੁਹਾੜੀ ਵਾਲਾ ਵੀ। ਇਨ੍ਹਾਂ ਸਭਨਾਂ ਦੀ ਬਾਤ ਮੈਂ ਕਦੀ ਫਿਰ ਪਾਵਾਂਗਾ। ਇਕ ਗੱਲ ਹੋਰ ਵੀ ਰਾਜ ਦੀ ਦੱਸ ਦਿਆਂ ਕਿ ਸਾਡੇ ਇਸ ਪਿੰਡ ਵਿਚ ਕਤਲ ਬਹੁਤ ਹੁੰਦੇ ਰਹੇ ਹਨ। ਉਹ ਕਹਾਣੀ ਵੀ ਕਦੀ ਫਿਰ।

# ਪੰਜਾਬ ਦੀਆਂ ਰੀਸਾਂ ਕੌਣ ਕਰੇ

**ਬਰਿਸ਼ ਭਾਨ ਘਲੋਟੀ**

ਮੈਨੂੰ ਵੀ ਜੁੰਡਲੀ 'ਚ ਖ਼ਬਰਾਂ ਸੁਣਾਉਣ ਦਾ ਚਸਕਾ ਜਿਹਾ ਪੈ ਗਿਆ ਹੈ। ਅੱਜ ਬੈਠੇ ਤਾਂ ਜੁੰਡੀ ਦੇ ਯਾਰ ਆਖਣ ਲਗੇ, 'ਬਹਿ ਜਾ, ਸੁਣਾ ਫੇਰ ਅੱਜ ਦੀ ਕੋਈ ਚੋਂਦੀ ਚੋਂਦੀ ਖ਼ਬਰ, ਪੈਂਦੀ ਸੱਟੇ ਹੀ ਗੁੱਦੜਾਂ ਦਾ ਹਰਨਾਮ ਸਿਉਂ ਬੋਲਿਆ। ਮੈਂ ਕਿਹਾ, 'ਖ਼ਬਰਾਂ ਤਾਂ ਬਾਅਦ 'ਚ ਦੱਸਦਾਂ, ਪਹਿਲਾਂ ਅੱਜ ਪਹਿਲੇ ਸਫ਼ੇ 'ਤੇ ਛਪੀ ਆਹ ਫੋਟੋ ਤੇ ਇਸ਼ਤਿਹਾਰ ਦੇਖ ਲੋ।' ਸਾਰੇ ਮੇਰੇ ਦੁਆਲੇ ਹੋ ਕੇ ਉਹ ਫੋਟੋ ਤੇ ਇਸ਼ਤਿਹਾਰ ਨੂੰ ਗਹੁ ਨਾਲ ਦੇਖਣ ਲੱਗੇ।

'ਇਹ ਤਾਂ ਆਪਣੇ ਮੁੱਖ ਮੰਤਰੀ ਸਾਹਿਬ ਕਿਸੇ ਨੂੰ ਇਨਾਮ-ਸ਼ੁਨਾਮ ਦਿੰਦੇ ਲੱਗਦੇ ਆਂ, ਤੇਜਾ ਸਿਉਂ ਬੋਲਿਆ, 'ਬਈ ਬਾਬਿਉ ਪੰਜਾਬ ਦੇਸ਼ ਦਾ ਇਕ ਨੰਬਰ ਸੂਬਾ ਬਣ ਗਿਆ ਹੈ। ਪੰਜਾਬ ਦੀ ਸਰਦਾਰੀ ਦਾ ਸਿੱਕਾ ਪੂਰੇ ਭਾਰਤ 'ਚ ਮੰਨਿਆ ਗਿਆ ਹੈ ਤੇ ਆਹ ਫੋਟੋ 'ਚ ਮੁੱਖ ਮੰਤਰੀ ਸਾਹਿਬ ਪਹਿਲੇ ਨੰਬਰ 'ਤੇ ਆਉਣ ਕਰ ਕੇ ਟਰਾਫੀ ਪ੍ਰਾਪਤ ਕਰ ਰਹੇ ਨੇ। ਮੈਂ ਫੋਟੋ ਤੇ ਇਸ਼ਤਿਹਾਰ ਦੀ ਵਿਆਖਿਆ ਕੀਤੀ।

"ਉਹ ਕਾਹਦੇ 'ਚ ਨੰਬਰ ਇਕ ਸੂਬਾ ਬਣ ਗਿਆ ਆਪਣਾ ਪੰਜਾਬ?" ਦੂਰ ਬੈਠਾ ਕਮਿਕਰ ਸਿਉਂ ਜਾਨਣ ਲਈ ਕਾਹਲਾ ਜਾਪਿਆ।

'ਬਣ ਗਿਆ ਬਈ ਲੁੱਟਾਂ-ਖੋਹਾਂ 'ਚ, ਭਰੂਣ-ਹੱਤਿਆਂ 'ਚ, ਨਸ਼ਿਆਂ 'ਚ, ਬੇਰੁਜ਼ਗਾਰੀ 'ਚ, ਖੁਦਕੁਸ਼ੀਆਂ 'ਚ, ਜ਼ਮੀਨਾਂ ਦੱਬਣ 'ਚ ਸਰਕਾਰੀ ਜ਼ਮੀਨਾਂ ਵੇਚਣ 'ਚ, ਵਿਦੇਸ਼ੋਂ ਆਏ ਭਰਾਵਾਂ ਨੂੰ ਕਤਲ ਕਰਨ 'ਚ, ਟੀ.ਵੀ. ਚੈਨਲਾਂ 'ਤੇ ਕਬਜ਼ੇ 'ਚ, ਬੱਸਾਂ ਦੇ ਰੂਟ ਪਰਮਿਟ ਹਥਿਆਉਣ 'ਚ। ਹੋਰ ਕਾਹਦੇ 'ਚ ਭਾਲਦੇ ਹੋ ਤੁਸੀਂ?" ਜਗੀਰ ਸਿਉਂ ਨੇ ਦਰਵਾਜ਼ੇ 'ਚ ਪਲ ਭਰ ਲਈ ਚੁੱਪ ਵਰਤਾ 'ਤੀ।

'ਅੱਗੇ ਤਾਂ ਸੁਣ ਲੋ ਜਾਂ ਆਪਣੀਆਂ ਹੀ ਮਾਰੀ ਜਾਉਂਗੇ', ਕੋਲ ਬੈਠਾ ਕਰਮਾਂ ਬੋਲਿਆ।

'ਇਸ਼ਤਿਹਾਰ 'ਚ ਲਿਖਿਆ ਪੰਜਾਬ ਦੇਸ਼ ਦਾ ਸਰਵੋਤਮ ਸੂਬਾ ਬਣ ਗਿਆ, ਮੈਂ ਅੱਗੇ ਪੜ੍ਹਦਿਆਂ ਕਿਹਾ।

'ਸਰਵੋਤਮ ਕੀ ਹੁੰਦਾ ਮਾਸਟਰਾ?' ਰਣਜੀਤ ਸਿਉਂ ਨੇ ਪੁੱਛਿਆ।

'ਸਭ ਤੋਂ ਵਧੀਆ, ਉੱਤਮ, ਯਾਨਿ ਸਭ ਤੋਂ ਉੱਪਰ', ਮੇਰਾ ਜਵਾਬ ਸੀ।

ਸਭ ਤੋਂ ਉੱਪਰ ਤਾਂ ਹੈ ਹੀ। ਦੂਜੇ ਸੂਬਿਆਂ 'ਚ ਤਾਂ ਛੋਟੇ-ਮੋਟੇ ਬਾਬੂ ਜਾਂ ਮਾਸਟਰ-ਮੂਸਟਰ ਹੀ ਕੁੱਟੇ ਜਾਂਦੇ ਨੇ। ਇਥੇ ਤਾਂ ਅਗਲਿਆਂ ਨੇ ਬੜੇ ਤਹਿਸੀਲਦਾਰ ਨੂੰ ਕੁੱਟ-ਕੁੱਟ ਕੇ ਨੰਗਾ ਕਰ ਤਾ, ਪਸਤੌਲ ਖੋਹ ਲਿਆ ਤੇ ਸੁਣਿਆ ਉਹਦੀ ਪੱਗ ਵੀ ਲੈ ਗੇ। ਉ ਸਹੁਰਿਉ ਐਨਾ ਤਾਂ ਰਹਿਮ ਕਰਦੇ ਅਗਲੇ ਦੀ ਇੱਜ਼ਤ ਤਾਂ ਮੋੜ ਦਿੰਦੇ। ਕਹਿੰਦੇ ਅਜੇ ਤਕ ਸਰਕਾਰ ਨੂੰ ਉਹ ਪੱਗ ਨੀ ਲੱਭੀ।' ਨਰਿੰਦਰ ਸਿਉਂ ਤੋਂ ਜਾਣੋਂ ਚੁੱਪ ਹੀ ਨਾ ਰਿਹਾ ਗਿਆ।

ਮੈਂ ਮੁਸ਼ਕਿਲ ਨਾਲ ਉਸ ਨੂੰ ਚੁੱਪ ਕਰਾਉਂਦੇ ਤੇ ਲਗਪਗ ਘੂਰਦੇ ਹੋਏ ਕਿਹਾ 'ਪੂਰੀ ਗੱਲ ਤਾਂ ਸੁਣ ਲਈਦੀ ਆ।' 'ਸਾਡਾ ਸੂਬਾ ਖੇਤੀਬਾੜੀ ਵਿਚ ਸਭ ਤੋਂ ਮੋਹਰੀ ਯਾਨਿ ਅੱਗੇ ਹੋ ਗਿਆ', ਮੈਂ ਸਮਝਾਉਣ ਦਾ ਯਤਨ ਕਰਦੇ ਹੋਏ ਕਿਹਾ।

ਓ ਯਾਰ ਆੜ੍ਹਤੀਏ, ਬੀਆਂ ਆਲੇ ਤੇ ਖਾਦਾਂ ਆਲੇ ਸਾਡੇ ਗਲਾਮਿਉਂ ਹੱਥ ਨੀ ਛੱਡਦੇ, ਜੱਟ ਡਰਦੇ ਮਾਰੇ ਖੁਦਕੁਸ਼ੀਆਂ ਕਰਦੇ ਨੇ, ਮੁੰਡੇ ਖੇਤ ਵੜ ਕੇ ਰਾਜੀ ਨੀ, ਕਹਿੰਦੇ ਸਾਥੋਂ ਨੀ ਹੁੰਦੀ ਖੇਤੀ ਖੂਤੀ, ਬਿਹਾਰੀ ਮਜ਼ਦੂਰਾਂ ਆਸਰੇ ਖੇਤੀ ਕਰ ਕੇ ਦਿਨ ਕਟੀ ਕਰਦੇ ਆਂ, ਸਾਨੂੰ ਤਾਂ ਡਰ ਆ ਕਿ ਸਾਡੀਆਂ ਆਉਣ ਆਲੀਆਂ ਪੀੜ੍ਹੀਆਂ ਨੂੰ ਸਾਡੇ ਖੇਤਾਂ ਦੀ ਨਿਸ਼ਾਨਦੇਹੀ ਬਿਹਾਰੀ ਮਜ਼ਦੂਰ ਈ ਕਰਵਾਇਆ ਕਰਨਗੇ ਤੇ ਕਿਹਾ ਕਰਨਗੇ 'ਸਰਦਾਰ ਜੀ ਯੇਹ ਤੁਮਾਰਾ ਖੇਤ ਹੈ' ਤੇ ਸਰਕਾਰ ਕਹਿੰਦੀ ਹੈ ਪੰਜਾਬ ਖੇਤੀ 'ਚ ਨੰਬਰ ਇਕ ਸੂਬਾ ਬਣ ਗਿਆ' ਨਿਸ਼ਾਨ ਸਿਉਂ ਸੱਚੋ ਸੱਚ 'ਤੇ ਉੱਤਰ ਆਇਆ ਸੀ।

ਹੋਰ ਤਾਂ ਹੋਰ ਪੰਜਾਬ ਹੁਣ ਬੁਨਿਆਦੀ ਢਾਂਚੇ ਵਿਚ ਸਭ ਤੋਂ ਅੱਗੇ ਹੋ ਗਿਆ ਤੇ ਬੁਨਿਆਦੀ ਢਾਂਚੇ ਦੇ ਵਿਕਾਸ ਦੀ ਰਫ਼ਤਾਰ ਸਾਰੇ ਸੂਬਿਆਂ ਨਾਲੋਂ ਤੇਜ਼ ਮਾਪੀ ਗਈ ਹੈ, ਮੈਂ ਅਗਲਾ ਨੁਕਤਾ ਦੱਸਦਿਆਂ ਕਿਹਾ। 'ਬੁਨਿਆਦੀ ਢਾਂਚਾ ਬਣਵਾਇਆ ਕਿੱਥੋਂ ਹੈ ਸਰਕਾਰ ਨੇ', ਜਾਗਰ ਸਿਉਂ ਜਾਣੋਂ ਅਸਲੋਂ ਅਣਜਾਣ ਸੀ ਜਾਂ ਖਚਰਾ ਬਣਨ ਦਾ ਡਰਾਮਾ ਕਰਦਾ ਸੀ।

'ਬੁਨਿਆਦੀ ਢਾਂਚਾ ਸੜਕਾਂ, ਪੁਲਾਂ, ਰੇਲਾਂ, ਬੱਸਾਂ, ਬਿਜਲੀ, ਬੈਂਕਾਂ, ਟੈਲੀਫੋਨਾਂ ਵਿਚ ਹੋਈ ਤਰੱਕੀ ਨੂੰ ਕਹਿੰਦੇ ਨੇ', ਮੈਂ ਮੋਟਾ ਮੋਟਾ ਮਤਲਬ ਜੋ ਉਨ੍ਹਾਂ ਦੇ ਸਮਝ ਵਿਚ ਆ ਜਾਵੇ ਦੱਸਦੇ ਹੋਏ ਕਿਹਾ।

'ਮਾਸਟਰਾ, ਸਰਕਾਰਾਂ ਚਲਦੀਆਂ ਨੇ ਹੈਲੀਕਾਪਟਰਾਂ ਜਾਂ ਜਹਾਜ਼ਾਂ 'ਚ। ਇਨ੍ਹਾਂ ਨੇ ਕਿਹੜਾ ਸੜਕਾਂ 'ਤੇ ਚਲਣਾ ਜੋ ਇਨ੍ਹਾਂ ਨੂੰ ਸੜਕਾਂ ਦੀ ਹਾਲਤ ਦਾ ਪਤਾ ਲੱਗ ਜੂ। ਬਿਜਲੀ ਦਾ ਰੱਬ ਈ ਰਾਖਾ। ਹੁਣ ਏਹ ਕੋਈ ਨੀ ਕਹਿੰਦਾ ਕਿ ਬਈ ਕਿੰਨੇ ਘੰਟੇ ਦਾ ਕੱਟ ਆ। ਬਸ ਆਉਣ ਦਾ ਟੈਮ ਦਸਦਾ। ਬਿਜਲੀ ਕਿੰਨੇ ਘੰਟੇ ਆਊਗੀ, ਹੁਣ ਤਾਂ ਇਹ ਬਿਜਲੀ ਬੋਰਡ ਆਲਿਆਂ ਨੂੰ ਵੀ ਨ੍ਹੀਂ ਪਤਾ ਹੁੰਦਾ। ਬਾਕੀ ਰਹੀ ਤਰੱਕੀ ਦੀ ਰਫਤਾਰ ਦੀ ਗੱਲ ਮੈਂ ਉਦੋਂ 45 ਕੁ ਸਾਲਾਂ ਦਾ ਸੀ ਜਦੋਂ ਕਹਿੰਦੇ ਹੁੰਦੇ ਸੀ ਕਿ ਲੁਧਿਆਣੇ ਪੁਰਾਣੀਆਂ ਕਚਹਿਰੀਆਂ ਕੋਲ ਰੇਲ ਲਾਈਨਾਂ 'ਤੇ ਪੁਲ ਬਣਨਾ ਤੇ ਖੰਨੇ ਲਲਹੇੜੀ ਆਲੀ ਸੜਕ 'ਤੇ ਲੁਧਿਆਣੇ ਆਲੇ ਉੱਚੇ ਪੁਲ ਅਰਗਾ ਪੁਲ ਬਣਨਾ। ਮੈਂ ਪਚਵੰਜਾ ਨੂੰ ਢੁੱਕਦਾ ਹੋ ਗਿਆ ਅੱਜ ਤਕ ਤਾਂ ਬਣਿਆ ਨੀ ਕਹਿੰਦੇ ਪੁਲ। ਅਸ਼ਕੇ ਜਾਈਏ ਸਰਕਾਰਾਂ ਦੀ ਰਫ਼ਤਾਰ ਦੇ, ਗੁਰਬਖਸ਼ ਨੇ ਜਾਣੋ ਨੇਤਾ ਨੰਗੇ ਈ ਕਰਤੇ।

'ਉ ਐਵੇਂ ਨਾ ਮਾਰੀ ਜਾਇਆ ਕਰ ਬਖਸ਼ਿਆ', ਗੁਰਬਖਸ਼ ਨੂੰ ਬਖਸ਼ਿਆ ਕਹਿ ਕੇ ਬੁਲਾਉਂਦਾ ਧੀਰਾ ਬੋਲਿਆ 'ਸਰਕਾਰਾਂ ਨੇ ਪਿੰਡ ਪਿੰਡ ਮਿੰਨੀ ਬੱਸਾਂ ਤਾਂ ਪਾ ਈ ਦਿੱਤੀਆਂ।'

ਗਿੰਦਰ ਚੁੱਪ ਤੋੜਦਾ ਕਹਿਣ ਲੱਗਾ ਹਾਂ...ਮਿੰਨੀਆਂ ਆਲੇ ਹਰ ਘਰ ਮੂਹਰੇ ਆ ਕੇ ਹਾਰਨ ਮਾਰਦੇ ਰਹਿੰਦੇ ਨੇ ਤੇ ਰਿਕਸ਼ੇ ਆਲਿਆਂ ਆਂਗੂੰ ਘਰੋਂ ਚੁੱਕ ਕੇ ਲੈ ਜਾਂਦੇ ਨੇ। ਪਿੰਡ ਦੀਆਂ ਬਹੂਆਂ, ਕੁੜੀਆਂ ਤੇ ਗੱਭਰੂ ਸਵੇਰੇ ਈ ਤਿਆਰ ਹੋ ਕੇ ਮਿੰਨੀ ਉਡੀਕਣ ਲੱਗ ਜਾਂਦੇ ਨੇ। ਆੜ੍ਹਤੀਏ ਤੋਂ ਮਿੰਨਤਾਂ ਤਰਲੇ ਕਰ ਕੇ ਮੰਗੇ ਚਾਰ ਪੈਸੇ ਲੈ ਜਾ ਕੇ ਸੂਟ ਖਰੀਦ ਲਿਆਉਂਦੇ ਨੇ ਜਾਂ ਫੋਨਾਂ 'ਚ ਪੈਸੇ ਪੁਆ ਲਿਆਉਂਦੇ ਨੇ। ਇਧਰ ਘਰੇ ਜੇ ਕੋਈ ਪ੍ਰਾਹੁਣਾ ਆ ਜੇ ਤਾਂ ਮੰਜੇ 'ਤੇ ਬੈਠੀ ਬੇਬੇ ਆਏ ਪ੍ਰਾਹੁਣੇ ਨੂੰ ਕਹੂਗੀ "ਵੇ ਭਾਈ ਚਾਹ ਚੂਹ ਜਾਂ ਆਪ ਧਰ ਲੈ ਜਾਂ ਬਹੂ ਨੂੰ ਆ ਲੈਣ ਦੇ ਬੱਸ ਮਿੰਨੀ ਦਾ ਟਾਈਮ ਹੋਇਆ ਈ ਹੋਇਆ।"

'ਊਂ ਬਜ਼ੁਰਗੋ ਹੇਠਾਂ ਇਹ ਵੀ ਲਿਖਿਆ ਹੋਇਆ ਕਿ ਨਹੀਂ ਰੀਸਾਂ ਪੰਜਾਬ ਦੀਆਂ' ਮੈਂ ਉਨ੍ਹਾਂ ਨੂੰ ਵਾਪਸ ਫੋਟੋ ਤੇ ਇਸ਼ਤਿਹਾਰ ਦੇ ਮੁੱਦੇ 'ਤੇ ਲਿਆਉਂਦਿਆਂ ਖੁੰਢ ਚਰਚਾ ਖਤਮ ਕਰਨ ਦੇ ਇਰਾਦੇ ਨਾਲ ਕਿਹਾ।

ਪੰਜਾਬ ਦੀਆਂ ਰੀਸਾਂ ਤਾਂ ਆਪ ਈ ਨੀ-ਪੰਜਾਬ ਵਿਚੋਂ ਪੰਜਾਬੀ ਗਾਇਬ ਹੋ ਰਹੀ ਆ, ਪੰਜਾਬ ਵਿਚੋਂ ਪੰਜਾਬੀ ਖਾਣੇ ਤੇ ਬਾਣੇ ਗਾਇਬ ਹੋ ਰਹੇ ਨੇ। ਹਰ ਕੋਈ ਖੁੰਬਾਂ ਵਾਂਗ ਖੁੱਲ੍ਹ ਰਹੀਆਂ ਆਈਲੈਟਸ, ਜੀ.ਆਰ.ਈ. ਤੇ ਟੋਫਲ ਦੀਆਂ ਦੁਕਾਨਾਂ ਤੋਂ ਬੈਂਡ ਲੈ ਕੇ, ਜ਼ਮੀਨ ਵੇਚ ਕੇ ਜਾਂ ਰਿਸ਼ਤਿਆਂ ਨੂੰ ਸ਼ਰਮਸਾਰ ਕਰ ਕੇ ਵੀਜ਼ਾ ਲਗਵਾ ਕੇ ਵਿਦੇਸ਼ੀ ਉਡਾਰੀ ਮਾਰਨ ਦੇ ਚੱਕਰ ਵਿਚ ਹੈ" ਸਵਰਨਜੀਤ ਨੇ ਜਾਣੋ ਕਿੱਸਾ ਖੋਲ੍ਹ ਦਿੱਤਾ।

# ਬੜੀ ਮੁਸ਼ਕਿਲ ਵਿਚ ਹੈ ਮੀਰਾ



ਇਨ੍ਹੀਂ ਦਿਨੀਂ ਹੀਰੋਇਨ ਮੀਰਾ ਬਹੁਤ ਮੁਸ਼ਕਿਲ ਵਿਚ ਹੈ, ਉਸ ਦੇ ਸ਼ੌਹਰ ਅਤੀਕੁਰ ਰਹਿਮਾਨ ਹਰ ਦੂਜੇ ਚੌਥੇ ਦਿਨ ਮੀਰਾ ਦੇ ਖ਼ਿਲਾਫ਼ ਕੋਈ ਨਵਾਂ ਦਸਤਾਵੇਜ਼ ਮੀਡੀਆ ਨੂੰ ਪਹੁੰਚਾ ਦਿੰਦਾ ਹੈ ਅਤੇ ਮੀਰਾ ਦੇ ਕੋਲ ਇਸਦੇ ਇਲਾਵਾ ਹੋਰ ਕੁਝ ਕਹਿਣਾ ਬਚਿਆ ਨਹੀਂ ਕਿ ਉਹ ਪਾਕਿਸਤਾਨ ਦੀ ਵੱਡੀ ਅਦਾਕਾਰਾ ਹੈ ਅਤੇ ਉਸਦੇ ਖਿਲਾਫ ਸਾਜ਼ਿਸ਼ ਰਚੀ ਜਾ ਰਹੀ ਹੈ। ਇਸ ਵਾਰ ਅਤੀਕੁਰ ਰਹਿਮਾਨ ਨੇ ਟੀ.ਵੀ. ਚੈਨਲਾਂ ਨੂੰ ਮੀਰਾ ਦੀ ਉਹ ਈਮੇਲ ਦਿੱਤੀ ਹੈ, ਜੋ ਉਹ ਉਸਨੂੰ ਕਰਦੀ ਰਹੀ ਹੈ। ਈਮੇਲ ਵਿਚ ਮੀਰਾ ਖੁਦ ਨੂੰ ਉਸਦੀ ਖੂਬਸੂਰਤ ਪਤਨੀ ਕਹਿ ਕੇ ਮੁਖਾਤਿਬ ਕਰਦੀ ਹੈ। ਕਈ ਥਾਂ ਅਤੀਰਕੁਰ ਨੂੰ ਜਾਨ ਵੀ ਕਹਿ ਰਹੀ ਹੈ ਅਤੇ ਫਰਮਾਇਸ਼ ਕਰ ਰਹੀ ਹੈ ਕਿ ਅਤੀਰਕ ਜਲਦੀ ਨਾਲ ਵਤਨ ਵਾਪਸ ਆ ਜਾਵੇ, ਕਿਉਂਕਿ ਉਸਦੀ ਖੂਬਸੂਰਤ ਬੀਵੀ ਹੁਣ ਉਸਦੀ ਜੁਦਾਈ ਬਰਦਾਸ਼ਤ ਨਹੀਂ ਕਰ ਸਕਦੀ।

ਅਤੀਰਕੁਰ ਰਹਿਮਾਨ ਨੇ ਸਾਰੇ ਟੀ.ਵੀ. ਚੈਨਲਾਂ ਨੂੰ ਇਹ ਈਮੇਲ ਰਿਕਾਰਡ ਉਪਲਬਧ ਕਰਵਾਏ ਹਨ। ਇਸ ਨਾਲ ਇਹ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਮੀਰਾ ਦੀ ਅੰਗਰੇਜ਼ੀ ਬੇਹੱਦ ਖਰਾਬ ਹੈ ਅਤੇ ਦੂਜਾ ਇਹ ਕਿ ਮੀਰਾ ਅਤੀਰਕ ਦੀ ਪਤਨੀ ਹੈ ਅਤੇ ਉਸਨੂੰ ਹੱਦ ਤੋਂ ਵਧ ਪਿਆਰ ਕਰਦੀ ਹੈ। ਇਕ ਈਮੇਲ ਵਿਚ ਅਤੀਰਕ ਨੂੰ ਮੀਰਾ ਤੋਂ ਇਹ ਸ਼ਿਕਾਇਤ ਕਰਦੇ ਦਿਖਾਇਆ ਗਿਆ ਹੈ ਕਿ ਮੀਰਾ ਨੇ ਉਸਨੂੰ ਜਾਨ ਤੋਂ ਮਾਰਨ ਦੀ ਤਿਆਰੀ ਕਰ ਰੱਖੀ ਹੈ ਅਤੇ ਲਾਹੌਰ ਪਹੁੰਚਦੇ ਹੀ ਉਹ ਉਸਨੂੰ ਖਤਮ ਕਰਵਾ ਦੇਵੇਗੀ। ਜਵਾਬ ਵਿਚ ਮੀਰਾ ਨੇ ਲਿਖਿਆ ਹੈ ਕਿ ਜਾਨੀ ਮੈਂ ਇਦਾਂ ਸੋਚ ਵੀ ਨਹੀਂ ਸਕਦੀ, ਮੈਂ ਤਾਂ ਤੇਰੇ ਨਾਲ ਬਹੁਤ ਪਿਆਰ ਕਰਦੀ ਹਾਂ ਅਤੇ ਮੈਂ ਬਹੁਤ ਹੀ ਕੂਲ ਲੜਕੀ ਹਾਂ। ਤੁਸੀਂ ਆ ਜਾਵੋ, ਅਸੀਂ ਸਾਰਾ ਮਾਮਲਾ ਤੈਅ ਕਰ ਲਵਾਂਗੇ। ਮੀਰਾ ਦੀ ਮੁਸ਼ਕਿਲ ਵਿਚ ਉਦੋਂ ਦੋਹਰਾ ਇਜ਼ਾਫਾ ਹੋ ਗਿਆ, ਜਦ ਇਸ ਸਕੈਂਡਲ ਦਾ ਮਾਸਟਰ ਮਾਈਂਡ ਉਸ ਨੇ ਹਾਲੀਵੁੱਡ ਦੇ ਇਕ ਫਿਲਮਸਾਜ਼ ਫੈਜ਼ਲ ਸੈਫ ਨੂੰ ਕਰਾਰ ਦਿੱਤਾ। ਜਦੋਂ ਮੀਡੀਆ ਨੇ ਫੈਜ਼ਲ ਸੈਫ ਨਾਲ ਇਸ ਬਾਰੇ ਮੁਲਾਕਾਤ ਕੀਤੀ, ਤਾਂ ਉਸ ਨੇ ਮੀਰਾ ਦਾ ਇਹ ਇਲਜ਼ਾਮ ਸਖਤੀ ਨਾਲ ਨਕਾਰ ਦਿੱਤਾ। ਉਸ ਨੇ ਕਿਹਾ ਕਿ ਮੀਰਾ ਨੇ ਉਸਨੂੰ ਇਸ ਮਾਮਲੇ ਵਿਚ ਬੇਵਜ੍ਹਾ ਘਸੀਟਿਆ ਹੈ ਅਤੇ ਉਸਨੂੰ ਅੰਡਰਵਰਲਡ ਦਾ ਡਾਨ ਕਰਾਰ ਦਿੱਤਾ ਹੈ। ਫੈਜ਼ਲ ਨੇ ਕਿਹਾ ਕਿ ਉਹ ਇਸ ਸਿਲਸਿਲੇ ਵਿਚ ਮੀਰਾ ਦੇ ਖਿਲਾਫ ਲੀਗਲ ਐਕਸ਼ਨ ਲੈਣਗੇ ਅਤੇ ਹਾਲੀਵੁੱਡ ਦੇ ਪ੍ਰੋਡਿਊਸਰਾਂ ਅਤੇ ਡਾਇਰੈਕਟਰਾਂ ਨੂੰ ਕਹਿ ਕੇ ਮੀਰਾ ਦੀ ਹਾਲੀਵੁੱਡ ਵਿਚ ਐਂਟਰੀ ਬੰਦ ਕਰਵਾ ਦੇਣਗੇ। ਉਨ੍ਹਾਂ ਕਿਹਾ ਕਿ 'ਮਰਡਰ ਐਟ ਫਾਰਮ ਹਾਊਸ' ਵਿਚ ਉਨ੍ਹਾਂ ਨੇ ਮੀਰਾ ਨੂੰ ਕਾਸਟ ਕੀਤਾ ਸੀ ਪਰ ਸ਼ੂਟਿੰਗ ਸ਼ੁਰੂ ਹੁੰਦੇ ਹੀ ਮੀਰਾ ਨੇ ਉਨ੍ਹਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ, ਜਿਸਦੀ ਵਜ੍ਹਾ ਨਾਲ ਹਮੇਸ਼ਾ ਉਸ ਨਾਲ ਲੜਾਈ ਹੁੰਦੀ ਰਹਿੰਦੀ ਸੀ। ਪਰ ਇਹ ਝਗੜੇ ਇੰਨੇ ਖਤਰਨਾਕ ਨਹੀਂ ਸਨ ਕਿ ਉਹ ਮੀਰਾ ਦੇ ਖ਼ਿਲਾਫ਼ ਸ਼ਾਦੀ ਦਾ ਸਕੈਂਡਲ ਜਾਂ ਮੀਡੀਆ ਟ੍ਰਾਇਲ ਸ਼ੁਰੂ ਕਰਵਾ ਦੇਣ।

ਇਥੇ ਅਸੀਂ ਇਕ ਵਾਰ ਫਿਰ ਮੀਰਾ ਦੇ ਬਾਲੀਵੁੱਡ ਵਾਲੇ ਦੋਸਤ ਮਹੇਸ਼ ਭੱਟ ਦੇ ਉਸ ਮਸ਼ਵਰੇ ਦਾ ਜ਼ਿਕਰ ਕਰਾਂਗੇ, ਜਿਸ ਵਿਚ ਉਨ੍ਹਾਂ ਨੇ ਮੀਰਾ ਨੂੰ ਸੱਚ ਦਾ ਸਹਾਰਾ ਲੈਣ ਵਿਚ ਮਸ਼ਵਰਾ ਦਿੱਤਾ ਹੈ ਅਤੇ ਕਿਹਾ ਹੈ ਕਿ ਜੇਕਰ ਉਹ ਅਤੀਰਕੁਰ ਨਾਲ ਸੱਚਮੁੱਚ ਹੀ ਵਿਆਹ ਕਰ ਚੁੱਕੀ ਹੈ ਤਾਂ ਉਸਨੂੰ ਕਬੂਲ ਕਰ ਲੈਣਾ ਚਾਹੀਦਾ ਹੈ। ਮੀਰਾ ਦਾ ਕਹਿਣਾ ਹੈ ਕਿ ਮੀਡੀਆ ਸਿਰਫ ਉਸਦੇ ਖਿਲਾਫ ਖਬਰਾਂ ਨਸ਼ਰ ਕਰ ਰਿਹਾ ਹੈ। ਮੀਰਾ ਚਾਹੁੰਦੀ ਹੈ ਕਿ ਅਤੀਰਕ ਨੂੰ ਵੀ ਬਦਨਾਮ ਕੀਤਾ ਜਾਵੇ। ਟੀ.ਵੀ. ਦੀ ਇਕ ਰਿਕਾਰਡਿੰਗ ਵਿਚ ਪਿਛਲੇ ਦਿਨੀਂ ਉਨ੍ਹਾਂ ਨੇ ਆਪਣੇ ਪਾਸਿਓਂ ਕੈਮਰਾ ਬੰਦ ਕਰਵਾ ਦਿੱਤਾ, ਪਰ ਗਲਤੀ ਨਾਲ ਕੈਮਰਾ ਖੁਲ੍ਹਾ ਰਹਿ ਗਿਆ ਅਤੇ ਮੀਰਾ ਦੀਆਂ ਸਾਰੀਆਂ ਆਫ ਦਾ ਰਿਕਾਰਡ ਗੱਲਾਂ ਕਰੋੜਾਂ ਲੋਕਾਂ ਤੱਕ ਪਹੁੰਚ ਗਈਆਂ। ਮੀਰਾ ਕਹਿ ਰਹੀ ਸੀ ਕਿ ਜੇਕਰ ਮੈਂ ਝੂਠ ਬੋਲਾਂ, ਤਾਂ ਮੇਰੀ ਮਾਂ ਮਰ ਜਾਵੇ, ਮੇਰਾ ਭਰਾ ਮਰ ਜਾਵੇ, ਮੈਂ ਬਰਬਾਦ ਹੋ ਜਾਵਾਂ।

ਬਹਰਹਾਲ, ਮੀਰਾ ਦੇ ਮਸਲੇ ਦਾ ਊਠ ਹਾਲੇ ਤੱਕ ਕਰਵਟਾਂ ਬਦਲ ਰਿਹਾ ਹੈ ਅਤੇ ਅਗਲੇ ਹਫਤੇ ਤੱਕ ਉਸਦਾ ਮਾਮਲਾ ਹੱਲ ਹੋਵੇਗਾ ਜਾਂ ਨਹੀਂ ਇਸ ਬਾਰੇ ਯਕੀਨ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਉਂਜ ਮੀਰਾ ਨੂੰ ਖ਼ਬਰਾਂ ਵਿਚ ਰਹਿਣ ਦੀ ਜਾਚ ਵੀ ਆਉਂਦੀ ਹੈ। ਇਹ ਸਾਰਾ ਮਸਲਾ ਸ਼ਾਇਦ ਉਸ ਦਾ ਖਬਰਾਂ ਵਿਚ ਰਹਿਣ ਦਾ ਜ਼ਰੀਆ ਹੀ ਹੋਵੇ। ਫਿਲਮੀ ਸਿਤਾਰੇ ਅਕਸਰ ਹੀ ਅਜਿਹੇ ਚੋਚਲੇ ਕਰਦੇ ਰਹਿੰਦੇ ਹਨ।

## ਆਤਮ ਹੱਤਿਆ ਕਰ ਸਕਦੀ ਹਾਂ, ਵਿਆਹ ਨਹੀਂ-ਮੈਡੋਨਾ



ਮਸ਼ਹੂਰ ਪੌਪ ਸਟਾਰ ਮੈਡੋਨਾ ਨੇ ਵਿਆਹ ਕੀਤੇ ਜਾਣ ਦੀਆਂ ਖਬਰਾਂ ਨੂੰ ਸਿਰੇ ਤੋਂ ਖਾਰਿਜ ਕਰਦੇ ਹੋਏ ਕਿਹਾ ਹੈ ਕਿ ਉਹ ਗੱਡੀ ਦੇ ਅੱਗੇ ਛਾਲ ਮਾਰ ਕੇ ਮਰਨਾ ਪਸੰਦ ਕਰੇਗੀ ਪਰ ਵਿਆਹ ਨਹੀਂ ਕਰੇਗੀ।

ਕਾਂਟੈਕਟ ਮਿਊਜ਼ਿਕ ਦੇ ਮੁਤਾਬਕ ਮੈਡੋਨਾ ਨੇ ਉਨ੍ਹਾਂ ਖ਼ਬਰਾਂ ਨੂੰ ਖਾਰਿਜ ਕੀਤਾ ਜਿਨ੍ਹਾਂ ਵਿਚ ਕਿਹਾ ਗਿਆ ਸੀ ਉਹ ਆਪਣੇ 22 ਸਾਲ ਦੇ ਬੁਆਏਫ੍ਰੈਂਡ ਜਿਸਸ ਲੁਜ਼ ਨਾਲ ਵਿਆਹ ਕਰਾਉਣ ਜਾ ਰਹੀ ਹੈ। ਮੈਡੋਨਾ ਦਾ ਕਹਿਣਾ ਹੈ ਕਿ ਵਿਆਹ ਉਸ ਦੇ ਦਿਮਾਗ ਵਿਚ ਆਉਣ ਵਾਲੀ ਆਖਰੀ ਚੀਜ਼ ਹੈ। ਉਸ ਨੇ ਇਕ ਇੰਟਰਵਿਊ ਵਿਚ ਕਿਹਾ ਹੈ ਕਿ ਗੱਡੀ ਅੱਗੇ ਛਾਲ ਮਾਰ ਕੇ ਜਾਨ ਦੇਣਾ ਪਸੰਦ ਕਰੇਗੀ ਪਰ ਵਿਆਹ ਨਹੀਂ ਕਰੇਗੀ।

## ਦੀਆ ਮਿਰਜ਼ਾ
# ਵਿਹਲਾ ਮਨ ਸ਼ੈਤਾਨ ਦਾ ਘਰ

ਜਦ ਵਿਹਲੇ ਹੋਈਏ ਤਦ ਮਨ 'ਚ ਸ਼ੈਤਾਨੀਆਂ ਆਉਂਦੀਆਂ ਹਨ। ਹਾਲਾਂਕਿ ਦੀਆ ਮਿਰਜ਼ਾ ਪੂਰੀ ਤਰ੍ਹਾਂ ਵਿਹਲੀ ਨਹੀਂ ਹੈ, ਫਿਰ ਵੀ ਸ਼ੈਤਾਨੀਆਂ ਕਰ ਲੈਂਦੀ ਹੈ। ਹੁਣੇ ਹੁਣੇ ਫ਼ਿਲਮ 'ਕਿਸਾਨ' ਨੇ ਦੀਆ ਨੂੰ ਚਰਚਾ ਵੀ ਦਿੱਤੀ ਹੈ। ਦੀਆ ਦਾ ਆਖਣਾ ਹੈ ਕਿ ਕੰਮ ਨਾਲੋਂ ਜ਼ਿਆਦਾ ਉਸ ਲਈ ਉਸ ਦਾ



ਦਿਲ ਹੈ। ਕਵਿੱਤਰੀ ਤੇ ਲੇਖਿਕਾ ਦੀਆ ਮਿਰਜ਼ਾ ਦੇ ਮਨ 'ਚ ਅਕਸਰ ਪਿਆਰ ਦੇ ਅੰਸ਼ ਕੁਤਕੁਤੀ ਕਰਦੇ ਰਹਿੰਦੇ ਹਨ। ਕਾਫ਼ੀ ਦੇਰ ਬੰਟੀ ਸਚਦੇਵਾ ਨਾਲ ਦੀਆ ਪਿਆਰ ਦੀਆਂ ਡੋਰਾਂ ਮਜ਼ਬੂਤ ਕਰਦੀ ਰਹੀ ਹੈ ਪਰ ਇਹ ਡੋਰਾਂ ਕੱਚੀਆਂ ਹੀ ਬਣੀਆਂ ਤੇ ਦੀਆ ਦਾ ਬੰਟੀ ਸਚਦੇਵਾ ਨਾਲ ਰਿਸ਼ਤਾ ਆਖ਼ਿਰ ਟੁੱਟ ਗਿਆ। ਦੀਆ ਨੇ ਕਦੇ ਵੀ ਰਿਸ਼ਤੇ ਬਹੁਤੀ ਦੇਰ ਤੱਕ ਨਹੀਂ ਨਿਭਾਏ। ਅਪੂਰਵ ਲਖੀਆ ਨੂੰ ਜਾਨ ਕਹਿਣ ਵਾਲੀ ਦੀਆ ਉਸ ਤੋਂ ਵੀ ਖਫ਼ਾ ਹੋ ਗਈ ਤੇ ਉਸ ਨੂੰ ਛੱਡ ਕੇ ਕੁਨਾਲ ਕਪੂਰ ਨਾਲ ਦੀਆ ਨੇ ਦੋਸਤੀ ਕਰ ਲਈ। ਇਸ ਤੋਂ ਬਾਅਦ ਕੁਨਾਲ ਵੀ ਉਸ ਦੇ ਦਿਲ 'ਚੋਂ ਲਹਿ ਗਿਆ। ਫਿਰ ਦੀਆ ਨੇ ਨਿਰਦੇਸ਼ਕ ਸੰਜੇ ਗੁਪਤਾ ਨਾਲ ਪ੍ਰੇਮ ਨਾਟਕ ਖੇਡਿਆ। ਹੁਣ ਇਨ੍ਹਾਂ ਸਾਰਿਆਂ ਨੂੰ ਛੱਡ ਚੁੱਕੀ ਦੀਆ ਇਮਾਰਤਾਂ ਦੇ ਇਕ ਠੇਕੇਦਾਰ ਸੁਨੇਹਲ ਨਾਲ ਪਿਆਰ ਕਰ ਰਹੀ ਹੈ। ਸੁਨੇਹਲ ਵੀ ਦੀਆ ਨਾਲ ਫ਼ਿਲਮੀ ਪਾਰਟੀਆਂ ਤੇ ਪ੍ਰੀਮੀਅਰ 'ਚ ਆਉਂਦਾ-ਜਾਂਦਾ ਰਹਿੰਦਾ ਹੈ। ਅਕਸਰ ਰਾਤ ਦਾ ਖਾਣਾ ਦੀਆ ਮਿਰਜ਼ਾ ਰੈਸਟੋਰੈਂਟ 'ਚ ਸੁਨੇਹਲ ਨਾਲ ਖਾਂਦੀ ਹੈ। ਹੁਣ ਇਹ ਨਹੀਂ ਪਤਾ ਕਿ ਦੀਆ ਦਾ ਨਵਾਂ ਪ੍ਰੇਮ ਕਿੰਨੀ ਦੇਰ ਚੱਲੇਗਾ।



## ਕੋਈ ਨੇਤਾ ਪਸੰਦ ਨਹੀਂ ਇਮਰਾਨ ਹਾਸ਼ਮੀ ਨੂੰ

ਚੁੰਮਣਾਂ ਦਾ ਬਾਦਸ਼ਾਹ ਇਮਰਾਨ ਹਾਸ਼ਮੀ ਅਕਸਰ ਵਿਵਾਦਾਂ ਦੇ ਘੇਰੇ ਵਿਚ ਰਹਿੰਦਾ ਹੈ। ਹੁਣੇ ਜਿਹੇ ਹੀ ਮੁੰਬਈ ਵਿਖੇ ਇਕ ਧਾਰਮਿਕ ਵਿਵਾਦ ਤੋਂ ਮਸੀਂ-ਮਸੀਂ ਬਚੇ ਇਮਰਾਨ ਨੇ ਇਹ ਗੱਲ ਕਹਿ ਦੇ ਵਿਵਾਦ ਮੁੱਲ ਲੈ ਲਿਆ ਹੈ ਕਿ ਉਸ ਨੂੰ ਕੋਈ ਵੀ ਪਾਰਟੀ ਤੇ ਰਾਜਨੇਤਾ ਪਸੰਦ ਨਹੀਂ ਹੈ। ਇਮਰਾਨ ਹਾਸ਼ਮੀ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਹੈ ਕਿ ਸਾਰੇ ਰਾਜਨੇਤਾ ਉਸ ਦੇ ਖਿਆਲ 'ਚ ਗੱਲਾਂ ਨਾਲ ਪਹਾੜ ਬਣਾਉਣ ਵਾਲੇ ਹੁੰਦੇ ਹਨ। ਮੁੰਬਈ 'ਚ ਇਸ ਸਮੇਂ ਵਿਧਾਨ ਸਭਾ ਚੋਣਾਂ ਦੀ ਗਹਿਮਾ-ਗਹਿਮੀ ਹੈ ਤੇ ਇਸ ਮੌਕੇ ਇਮਰਾਨ ਹਾਸ਼ਮੀ ਵਲੋਂ ਰਾਜਨੇਤਾਵਾਂ ਦੇ ਖਿਲਾਫ ਇਹੋ ਜਿਹੀ ਗੱਲ ਕਹਿਣੀ ਖਾਹਮਖਾਹ ਬਿਪਤਾ ਸਹੇੜਨ ਵਾਲੀ ਗੱਲ ਹੈ। ਇਮਰਾਨ ਹਾਸ਼ਮੀ ਨੂੰ ਹੁਣ ਕੌਣ ਸਮਝਾਏ ਕਿ ਵਿਵਾਦਾਂ 'ਚੋਂ ਉਸ ਨੂੰ ਰਾਜਨੇਤਾ ਨੇ ਹੀ ਕੱਢਿਆ ਸੀ ਵਰਨਾ ਉਸ ਦੀ ਜ਼ਮਾਨਤ ਹੀ ਨਾ ਹੁੰਦੀ।

## ਰਾਣੀ ਨੇ ਆਖਿਰ ਕਿਹਾ, 'ਆਡੀ ਨਾਲ ਖਾਸ ਰਿਸ਼ਤਾ ਹੈ ਮੇਰਾ'

ਰਾਣੀ ਮੁਖਰਜੀ ਨੇ ਇਕ ਇੰਟਰਵਿਊ ਵਿਚ ਕਈ ਗੁੱਝੇ ਮਾਮਲਿਆਂ 'ਤੇ ਆਪਣੀ ਚੁੱਪ ਤੋੜ ਦਿੱਤੀ ਹੈ। ਉਸ ਨੇ ਪਹਿਲੀ ਵਾਰ ਆਡੀ ਨਾਲ ਆਪਣੇ ਰਿਸ਼ਤੇ ਬਾਰੇ ਗੱਲ ਕੀਤੀ ਹੈ। ਇਸ ਸਿਲਸਿਲੇ ਵਿਚ ਉਸ ਨੇ ਆਪਣੇ ਵਿਆਹ ਬਾਰੇ ਅਟਕਲਾਂ ਅਤੇ ਯਸ਼ ਰਾਜ ਫਿਲਮਜ਼ ਦੀ ਪਸੰਦੀਦਾ ਅਦਾਕਾਰਾ ਹੋਣ ਬਾਰੇ ਵੀ ਖੁਲਾਸਾ ਕਰ ਦਿੱਤਾ ਹੈ। ਆਡੀ ਬਾਰੇ ਉਸ ਨੇ ਕਿਹਾ, ''ਮੇਰਾ ਉਸ ਨਾਲ ਬੜਾ ਖਾਸ ਰਿਸ਼ਤਾ ਹੈ। ਉਹ ਅਜਿਹਾ ਸ਼ਖਸ ਹੈ, ਜਿਸ ਦੀ ਮੈਂ ਪੂਰੀ ਸਿਫਤ ਅਤੇ ਆਦਰ ਕਰਦੀ ਹਾਂ। ਉਸ ਨੇ ਸ਼ੁਰੂ ਤੋਂ ਹੀ ਮੇਰੇ 'ਤੇ ਭਰੋਸਾ ਕੀਤਾ ਹੈ। ਉਹ ਮੈਨੂੰ 'ਰਾਜਾ ਕੀ ਆਏਗੀ ਬਾਰਾਤ' 'ਚ ਦੇਖਣ ਵਾਲਿਆਂ ਵਿਚੋਂ ਇਕ ਹੈ, ਜਿਸ ਪਿਛੋਂ ਉਸ ਨੇ ਕਰਨ ਜੌਹਰ ਦੀ 'ਕੁਛ ਕੁਛ ਹੋਤਾ ਹੈ' ਲਈ ਮੇਰੀ ਸਿਫਾਰਸ਼ ਕੀਤੀ ਸੀ। ਕਰਨ ਦਾ ਮੇਰੇ ਬਾਰੇ ਨਜ਼ਰੀਆ ਬਦਲਣ ਵਿਚ ਸ਼ਾਹਰੁਖ ਅਤੇ ਉਸ ਦੀ ਅਹਿਮ ਭੂਮਿਕਾ ਸੀ। ਕਰਨ ਦਾ ਵਿਚਾਰ ਸੀ ਕਿ ਮੈਂ ਉਸ ਦੀ ਫ਼ਿਲਮ ਵਿਚ ਰੋਲ ਕਰਨ ਦੇ ਫਿੱਟ ਨਹੀਂ ਹਾਂ। ਲੋਕਾਂ ਲਈ ਇਕ ਵਿਚਾਰ ਬਣਾ ਲੈਣਾ ਸੁਖਾਲਾ ਹੁੰਦਾ ਹੈ ਪਰ ਮੈਨੂੰ ਇਸ ਦੀ ਪ੍ਰਵਾਹ ਨਹੀਂ ਕਿਉਂਕਿ ਮੈਂ ਆਪਣੇ ਕੰਮ ਨੂੰ ਮਾਣ ਰਹੀ ਹਾਂ। ਮੈਂ ਹੁਣ ਬਹੁਤ ਖੁਸ਼ ਹਾਂ। ਮੇਰੀ ਫ਼ਿਲਮ ਵੀ ਵਧੀਆ ਚੱਲ ਨਿਕਲੀ ਹੈ। ਮੇਰਾ ਪਰਿਵਾਰ ਇਥੇ ਹੈ, ਮੇਰੇ ਦੋਸਤਾਂ ਨੇ ਵੀ ਮੇਰੇ ਕੰਮ ਦੀ ਸਿਫਤ ਕੀਤੀ ਹੈ। ਯਸ਼ ਰਾਜ ਫਿਲਮਜ਼ ਦੀ ਪਸੰਸੀਦਾ ਅਦਾਕਾਰਾ ਹੋਣ ਬਾਰੇ ਰਾਣੀ ਦਾ ਕਹਿਣਾ ਹੈ, ''ਇਤਫਾਕਨ ਹਾਲ ਹੀ ਵਿਚ ਕੀਤੇ ਗਏ ਮੇਰੇ ਰੋਲ ਇਕੋ ਬੈਨਰ ਤੋਂ ਮਿਲੇ ਹਨ। ਮੈਨੂੰ ਹੋਰ ਕਿਸੇ ਨੇ ਵੀ ਇਨ੍ਹਾਂ ਦੀ ਪੇਸ਼ਕਸ਼ ਕੀਤੀ ਹੁੰਦੀ ਤਾਂ ਵੀ ਮੈਂ ਉਹ ਫ਼ਿਲਮਾਂ ਕਰਨੀਆਂ ਹੀ ਸਨ। ਦਰਅਸਲ ਯਸ਼ ਰਾਜ ਨਾਲ ਕੰਮ ਕਰਨ ਵਿਚ ਮੈਨੂੰ ਸਹਿਜ ਅਨੁਭਵ ਹੁੰਦਾ ਹੈ। ਮੈਂ ਉਨ੍ਹਾਂ ਨਾਲ 12 ਫ਼ਿਲਮਾਂ ਕਰ ਚੁੱਕੀ ਹਾਂ। ਇਹ ਸਹਿਜ ਅਨੁਭਵ ਧਰਮਾ ਪ੍ਰੋਡਕਸ਼ਨਜ਼ (ਕਰਨ ਜੌਹਰ) ਅਤੇ ਰੈੱਡ ਚਿਲੀਜ਼ (ਸ਼ਾਹਰੁਖ ਖਾਨ) ਨਾਲ ਵੀ ਹੁੰਦਾ ਹੈ।



## ਪ੍ਰਿਆਦਰਸ਼ਨ ਨਾਲ ਕੰਮ ਕਰੇਗਾ ਆਮਿਰ ਖ਼ਾਨ



ਉੱਘੇ ਫ਼ਿਲਮਕਾਰ ਪ੍ਰਿਆਦਰਸ਼ਨ ਨੇ ਏਡਜ਼ 'ਤੇ ਬਣਨ ਵਾਲੀ ਆਪਣੀ ਯਥਾਰਥਵਾਦੀ ਫ਼ਿਲਮ ਵਿਚ ਨਾਇਕ ਦੀ ਭੂਮਿਕਾ ਵਾਸਤੇ ਬਾਲੀਵੁਡ ਅਦਾਕਾਰ ਆਮਿਰ ਖ਼ਾਨ ਨੂੰ ਲਿਆ ਹੈ।

ਪ੍ਰਿਆਦਰਸ਼ਨ ਦੀ ਫ਼ਿਲਮ 'ਕਾਂਚੀਵਰਮ' ਨੂੰ ਹਾਲ ਹੀ ਵਿਚ ਕੌਮੀ ਪੁਰਸਕਾਰ ਨਾਲ ਸਨਮਾਨਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਆਮਿਰ ਨੇ ਫ਼ਿਲਮ ਵਿਚ ਕੰਮ ਕਰਨ ਵਾਸਤੇ ਸਹਿਮਤੀ ਦੇ ਦਿੱਤੀ ਹੈ। ਇਹ ਫ਼ਿਲਮ ਏਡਜ਼ ਅਤੇ ਇਸ ਦੇ ਨਾਲ ਜੁੜੇ ਸਮਾਜਿਕ ਕਲੰਕ ਦੇ ਆਲੇ-ਦੁਆਲੇ ਘੁੰਮਦੀ ਹੈ। ਪ੍ਰਿਆਦਰਸ਼ਨ ਨੇ ਦੱਸਿਆ ਕਿ ਮੇਰੀ ਅਗਲੀ ਫ਼ਿਲਮ ਏਡਜ਼ 'ਤੇ ਸਾਰਥਕ ਅਤੇ ਯਥਾਰਥਵਾਦੀ ਫ਼ਿਲਮ ਹੋਵੇਗੀ। ਮੈਂ ਆਮਿਰ ਨੂੰ ਕਹਾਣੀ ਸੁਣਾ ਦਿੱਤੀ ਹੈ ਅਤੇ ਉਸ ਨੂੰ ਇਹ ਸੱਚਮੁਚ ਪਸੰਦ ਆਈ ਹੈ। ਮੈਂ ਹਾਲੇ ਤੱਕ ਉਸ ਨੂੰ ਪਟਕਥਾ ਨਹੀਂ ਦਿੱਤੀ।'' ਇਹ ਪਹਿਲਾ ਮੌਕਾ ਹੋਵੇਗਾ ਜਦੋਂ ਪ੍ਰਿਆਦਰਸ਼ਨ ਤੇ ਆਮਿਰ ਇਕੱਠਿਆਂ ਕੰਮ ਕਰਨਗੇ। ਇਹ ਪੁੱਛੇ ਜਾਣ ਤੇ ਕਿ ਉਹ ਕਿਹੜਾ ਅਦਾਕਾਰ ਹੈ, ਜਿਸ ਨਾਲ ਉਨ੍ਹਾਂ ਦੀ ਕੰਮ ਕਰਨ ਦੀ ਇੱਛਾ ਹੈ ਤਾਂ ਪ੍ਰਿਆਦਰਸ਼ਨ ਨੇ ਤੁਰੰਤ ਕਿਹਾ, ''ਬਿਗ ਬੀ।'' ਉਨ੍ਹਾਂ ਕਿਹਾ, ''ਮੈਂ ਅਮਿਤਾਭ ਨਾਲ ਇਸ਼ਤਿਹਾਰਾਂ ਵਿਚ ਕੰਮ ਕੀਤਾ ਹੈ ਪਰ ਮੈਂ ਉਸ ਨਾਲ ਇਕ ਫੀਚਰ ਫ਼ਿਲਮ ਵੀ ਬਣਾਉਣਾ ਚਾਹੁੰਦਾ ਹਾਂ। ਇਹ ਮਹਾਨ ਅਨੁਭਵ ਹੋਵੇਗਾ।''

ਜ਼ਿਕਰਯੋਗ ਹੈ ਕਿ ਏਡਜ਼ 'ਤੇ ਬਾਲੀਵੁਡ ਵਿਚ ਹਾਲੇ ਤਕ ਕੋਈ ਵੱਡੀ ਫ਼ਿਲਮ ਨਹੀਂ ਬਣੀ। ਹਾਲਾਂਕਿ ਰੇਵਤੀ ਤੇ ਓਨਿਰ ਇਸ ਵਿਸ਼ੇ 'ਤੇ 'ਫਿਰ ਮਿਲੇਂਗੇ' ਅਤੇ 'ਮਾਈ ਬ੍ਰਦਰ ਨਿਖਿਲ' ਜਿਹੀਆਂ ਫ਼ਿਲਮਾਂ ਬਣਾ ਚੁੱਕੇ ਹਨ। 'ਹੇਰਾਫੇਰੀ' ਤੇ 'ਮਾਲਾਮਾਲ ਵੀਕਲੀ' ਜਿਹੀਆਂ ਫ਼ਿਲਮਾਂ ਬਣਾਉਣ ਵਾਲੇ ਪ੍ਰਿਆਦਰਸ਼ਨ ਨੇ ਕਿਹਾ ਕਿ ਪਹਿਲੀ ਵਾਰ ਕੌਮੀ ਪੁਰਸਕਾਰ ਜਿੱਤਣ ਪਿਛੋਂ ਉਨ੍ਹਾਂ ਨੂੰ ਲੀਕ ਨਾਲੋਂ ਹਟ ਕੇ ਫ਼ਿਲਮਾਂ ਬਣਾਉਣ ਦਾ ਖ਼ਤਰਾ ਉਠਾਉਣ ਦੀ ਪ੍ਰੇਰਨਾ ਮਿਲੀ ਹੈ।


ਰਾਜਾ ਸਵੀਟਸ ਦੇ ਗਾਹਕਾਂ ਅਤੇ ਸਰਪ੍ਰਸਤਾਂ ਨੂੰ ਬੰਦੀਛੋੜ
ਦਿਵਸ ਅਤੇ ਦੀਵਾਲੀ ਦੀ ਲਖ ਲਖ ਵਧਾਈ ਹੋਵੇ
AUTHORIZED CATERER BY MOST FIVE STAR HOTELS & HALLS
WHOLESALE RETAIL SWEETS FRESH QUALITY SNACKS & FOOD CATERING ALL OCCASIONS UPTO 10000 GUESTS
Raja SWEETS & CATERING
www.RAJASWEETS.com
ਮਿਠਾਈਆਂ ਤੇ ਕੇਟਰਿੰਗ ਦੇ ਬਾਦਸ਼ਾਹ
LUNCH BUFFET DINNER TAKE OUT CROCKERY RENTAL WAITERS SERVICES BARTENDING D.J.-VIDEO PHOTOGRAPHY
CALL MAKHAN BAINS OR RAVINDER SINGH
TOLL FREE : 1-866-FOR-RAJA
RAVINDER SINGH
MAKHAN BAINS
Raja SWEETS & INDIAN CUISINE
31853 ALVARADO BLVD. UNION CITY, CA. 94587 PH. : (510)489-9100
ਰਾਜਾ ਸਵੀਟਸ
Raja INDIAN CUISINE & BAR
1275 W. WINTON AVE. HAYWARD, CA 94545 PH. : (510)264-9300
Raja SWEETS & INDIAN CUISINE
www.RajaSweets.com
1275 W Winton Ave
Hayward, CA 94545
Call Makhan Bains or Ravinder Singh for your next party
Or visit us: www.rajasweets.com
CALL TOLL FREE 1-866-FOR RAJA
31853 Alvrado Blvd
Union City, CA 94587


HAPPY DIWALI
TRUE ALL IN ONE MACHINE
SMART MONEY EPS.
FREE
TERMINAL
INSTALLATION
PROGRAMMING
24/7 SUPPORT
Agents Wanted
0% Activation Fee
PREPAID MASTER CARD
INTRODUCING CONTACTLESS PIN PAD
VISA
Mini-Bank
FREE ATM PLACEMENT
GIFT AND LOYALTY CARD
Thank You
PREPAID CELLULAR CARD
at&t
Virgin mobile
verizonwireless
T··Mobile···
TracFone nationwide prepaid wireless
boost mobile
O2
túyo mobile
BILL PAYMENT CENTER
PG&E
dish NETWORK
Southern California Gas Company
at&t
bright house networks
SOUTHERN CALIFORNIA EDISON
comcast
T··Mobile···
SMART MONEY EPS & TMS IS A REGISTERED ISO/ISP
FOR HSBC BANK USA, NATIONAL ASSOCIATION BUFFALO, NY
CREDIT & DEBIT CARD,
FOOD STAMP PROCESSING &
CASH BACK OPTION
SMART MONEY EPS.
Cell: 661-364-1942, 661-374-0618, 661-873-8063
Fax: 661-873-8063
sean@smartmoneyeps.com
VISA MasterCard DISCOVER
BAKERSFIELD CA 93306
www.smartmoneyeps.com